

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication    ਨਿਊ ਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 13, April 1, 2023    20451 N. Plum Grove Rd., Palatine, IL 60074    Ph:847-359-0746, Fax:847-705-9388


# ਜਥੇਦਾਰ ਤੇ ਪੰਜਾਬ ਸਰਕਾਰ ਆਹਮੋ-ਸਾਹਮਣੇ

## ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਦਾ ਮਸਲਾ ਭਖਿਆ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਗ੍ਰਿਫਤਾਰੀਆਂ ਲਈ ਚਲਾਏ ਅਪਰੇਸ਼ਨ ਪਿੱਛੋਂ ਪੰਜਾਬ ਦਾ ਮਾਹੌਲ ਭਖਿਆ ਹੋਇਆ ਹੈ। ਪੰਜਾਬ ਅਤੇ ਕੇਂਦਰ ਸਰਕਾਰ ਦੀ ਇਸ ਸਖਤੀ ਖ਼ਿਲਾਫ਼ ਸੂਬੇ ਦੀਆਂ ਸਿਆਸੀ ਧਿਰਾਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਸਵਾਲ ਚੁੱਕੇ ਜਾ ਰਹੇ ਹਨ। ਇਸ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖੁੱਲ੍ਹ ਕੇ ਆਹਮੋ-ਸਾਹਮਣੇ ਆ ਗਏ ਸਨ।

ਦਰਅਸਲ, ਪੰਜਾਬ ਦੇ ਮੌਜੂਦਾ ਹਾਲਾਤ ਅਤੇ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਦੇ ਮੁੱਦੇ ਨੂੰ ਵਿਚਾਰਨ ਲਈ ਅਕਾਲ ਤਖਤ ਸਾਹਿਬ ਉਤੇ ਸੱਦੀ ਮੀਟਿੰਗ ਵਿਚ ਜਥੇਦਾਰ ਵੱਲੋਂ ਪੰਜਾਬ ਸਰਕਾਰ ਨੂੰ 24 ਘੰਟਿਆਂ ਵਿਚ ਨੌਜਵਾਨਾਂ ਤੋਂ ਐਨ.ਐਸ.ਏ. ਹਟਾਉਣ ਅਤੇ ਬੇਕਸੂਰਾਂ ਨੂੰ ਛੱਡਣ ਦਾ ਅਲਟੀਮੇਟਮ ਦਿੱਤਾ ਸੀ। 24 ਘੰਟੇ ਲੰਘਣ ਤੋਂ ਬਾਅਦ ਭਗਵੰਤ ਮਾਨ ਨੇ ਅਲਟੀਮੇਟਮ ਉਤੇ ਅਮਲ ਕਰਨ ਦੀ ਥਾਂ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਤਿੱਖੇ ਸਵਾਲ ਕਰ ਦਿੱਤੇ ਜਿਸ ਪਿੱਛੋਂ ਟਵਿੱਟਰ ਉਤੇ ਦੋਵਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ। ਭਗਵੰਤ ਮਾਨ ਨੇ ਇਥੋਂ ਤੱਕ ਆਖ ਦਿੱਤਾ ਕਿ ਸਾਰਿਆਂ ਨੂੰ ਪਤਾ ਹੈ ਕਿ ਤੁਸੀਂ (ਜਥੇਦਾਰ) ਅਤੇ ਸ਼੍ਰੋਮਣੀ ਕਮੇਟੀ, ਬਾਦਲਾਂ ਦਾ ਪੱਖ ਪੂਰਦੇ ਹੋ; ਇਤਿਹਾਸ ਵੇਖ ਲੋ, ਕਈ ਜਥੇਦਾਰਾਂ ਨੂੰ ਬਾਦਲਾਂ ਨੇ ਆਪਣੇ ਸਵਾਰਥ ਲਈ ਵਰਤਿਆ। ਚੰਗਾ ਹੁੰਦਾ ਜੇ ਤੁਸੀਂ ਅਲਟੀਮੇਟਮ ਬੇਅਦਬੀ ਅਤੇ ਗਾਇਬ ਹੋਏ ਪਾਵਨ ਸਰੂਪਾਂ ਲਈ ਜਾਰੀ ਕਰਦੇ, ਨਾ ਕਿ ਹੱਸਦੇ-ਵੱਸਦੇ ਲੋਕਾਂ ਨੂੰ ਭੜਕਾਉਣ ਲਈ।

ਇਸ ਤੋਂ ਤੁਰੰਤ ਬਾਅਦ ਜਥੇਦਾਰ ਨੇ ਭਗਵੰਤ ਮਾਨ ਨੂੰ ਮੋੜਵਾਂ ਜਵਾਬ ਦਿੰਦੇ ਹੋਏ ਆਖਿਆ ਹੈ ਕਿ ਉਨ੍ਹਾਂ ਨੂੰ ਆਪਣੀ ਕੌਮ ਦੇ ਨਿਰਦੋਸ਼ ਨੌਜਵਾਨਾਂ ਦੇ ਹੱਕਾਂ ਦੀ ਗੱਲ ਕਰਨ ਦਾ ਅਧਿਕਾਰ ਹੈ ਅਤੇ ਉਨ੍ਹਾਂ ਦਾ ਮੇਰਾ ਫਰਜ਼ ਵੀ ਹੈ। ਜਥੇਦਾਰ ਨੇ ਭਗਵੰਤ ਮਾਨ ਨੂੰ ਸੁਚੇਤ ਕਰਦਿਆਂ ਆਖਿਆ ਹੈ ਕਿ ਇਹ ਨਾ ਹੋਵੇ ਕਿ ਪੰਜਾਬ ਨੂੰ ਤੰਦੂਰ ਵਾਂਗ ਮਘਦਾ ਰੱਖਣ

(ਬਾਕੀ ਸਫਾ 6 'ਤੇ)





### ਸਿੱਖਾਂ ਦੀ ਸਾਖ ਨੂੰ ਖੋਰਾ ਲਾਉਣ ਵਾਲਿਆਂ ਨੂੰ ਕਾਨੂੰਨੀ ਨੋਟਿਸ ਭੇਜੇ ਜਾਣ: ਜਥੇਦਾਰ

**ਅੰਮ੍ਰਿਤਸਰ:** ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੋਸ਼ ਲਾਇਆ ਕਿ ਸਰਕਾਰਾਂ ਦੀ ਕਾਰਵਾਈ ਨੇ ਸਿੱਖਾਂ ਦੇ ਕਿਰਦਾਰ ਦਾ ਘਾਣ ਕਰਨ ਦਾ ਯਤਨ ਕੀਤਾ ਹੈ। ਅਜਿਹਾ ਸਭ ਕੁਝ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਇਸੇ ਸਾਜ਼ਿਸ਼ ਹੇਠ ਨੈਸ਼ਨਲ ਮੀਡੀਆ ਨੇ ਸਿੱਖਾਂ ਦੀ ਸਾਖ ਨੂੰ ਖੋਰਾ ਲਾਉਣ ਦਾ ਯਤਨ ਕੀਤਾ ਹੈ। ਇਹ ਗੰਭੀਰ ਮਾਮਲਾ ਹੈ ਅਤੇ ਇਸ ਦਾ ਜਵਾਬ ਉਸੇ ਢੰਗ ਨਾਲ ਦੇਣ ਦੀ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ ਹੁਕਮ ਕੀਤਾ ਕਿ ਉਹ ਸਿੱਖਾਂ ਦੇ ਚਰਿੱਤਰ ਘਾਣ ਅਤੇ ਸਾਖ ਨੂੰ ਖੋਰਾ ਲਾਉਣ ਵਾਲੇ ਮੀਡੀਆ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਨ, ਉਨ੍ਹਾਂ ਨੂੰ ਕਾਨੂੰਨੀ ਨੋਟਿਸ ਭੇਜੇ ਜਾਣ।

# ਸਰਕਾਰਾਂ ਖਿਲਾਫ ਪੰਥਕ ਧਿਰਾਂ ਇਕ ਮੰਚ 'ਤੇ

**ਚੰਡੀਗੜ੍ਹ:** ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਹਾਨੇ ਪੰਜਾਬ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਖ਼ਿਲਾਫ਼ ਪੈਦਾ ਹੋਏ ਰੋਸ ਨੇ ਲੰਮੇ ਸਮੇਂ ਬਾਅਦ ਪੰਥਕ ਜਥੇਬੰਦੀਆਂ ਨੂੰ ਸਾਂਝੇ ਮੰਚ ਉਤੇ ਲੈ ਆਂਦਾ ਹੈ। ਇਸ ਮਸਲੇ ਉਤੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਸੱਦੀ ਇਕੱਤਰਤਾ ਵਿਚ ਵੱਡੀ ਗਿਣਤੀ ਸਿੱਖ ਜਥੇਬੰਦੀਆਂ, ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਤੇ ਨਿਹੰਗ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ ਤੇ ਇਕਮਤ ਹੋ ਕੇ ਸਿੱਖੀ ਦੇ ਪ੍ਰਚਾਰ ਤੇ ਸਿੱਖਾਂ ਖ਼ਿਲਾਫ਼ ਵਧੀਕੀਆਂ ਰੋਕਣ ਲਈ ਰਣਨੀਤੀ ਬਣਾਉਣ ਲਈ ਹਾਮੀ ਭਰੀ।

ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਬਲਜੀਤ ਸਿੰਘ ਦਾਦੂਵਾਲ ਵੀ ਪੁੱਜੇ ਸਨ। ਇਕੱਤਰਤਾ 'ਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਜਥੇਦਾਰ ਬਲਬੀਰ ਸਿੰਘ ਅਕਾਲੀ 96 ਕਰੋੜੀ, ਦਲ ਪੰਥ ਬਾਬਾ ਬਿਧੀ ਚੰਦ ਤੋਂ ਬਾਬਾ ਅਵਤਾਰ ਸਿੰਘ ਸੁਰ ਸਿੰਘ, ਬਾਬਾ ਜੋਗਾ ਸਿੰਘ ਤਰਨਾ ਦਲ, ਭਾਈ ਜਸਬੀਰ ਸਿੰਘ ਰੋਡੇ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਹਰਿਸਿਮਰਨ ਸਿੰਘ, ਸੰਤ ਅਮੀਰ ਸਿੰਘ ਜਵੱਦੀ ਟਕਸਾਲ, ਮਨਜੀਤ ਸਿੰਘ ਜੀ.ਕੇ. ਸਮੇਤ ਹੋਰ ਪੰਥਕ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਸ਼ਿਰਕਤ ਕੀਤੀ।



ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਦੀ ਸਿੱਖਾਂ ਨੂੰ ਬਦਨਾਮ ਕਰਨ ਦੀ ਨਿੰਦਾ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਖ਼ਾਲਸਾ ਸਰਕਾਰਾਂ ਨੂੰ ਕੋਈ ਬੇਨਤੀ ਨਹੀਂ ਕਰਦਾ ਬਲਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਰਕਾਰਾਂ ਨੂੰ ਆਦੇਸ਼ ਦੇਣੇ ਚਾਹੀਦੇ ਹਨ। ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਸਰਕਾਰਾਂ ਵੱਲੋਂ ਆਉਂਦੀਆਂ 2024 ਦੀਆਂ ਚੋਣਾਂ ਨੂੰ ਲੈ ਕੇ ਵੋਟਾਂ ਬਟੋਰਨ ਲਈ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਦਿੱਲੀ ਤੋਂ ਆਏ ਸਿੱਖ ਆਗੂ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਪੰਜਾਬ ਵਿਚ ਅਣਐਲਾਨੀ ਐਮਰਜੈਂਸੀ ਵਰਗੇ ਹਾਲਾਤ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਦੇ ਜਬਰ ਦਾ ਸ਼ਿਕਾਰ ਹੋਏ ਸਿੱਖ ਨੌਜਵਾਨਾਂ ਅਤੇ ਜਿਨ੍ਹਾਂ ਨੌਜਵਾਨਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਲਗਾਇਆ ਗਿਆ ਹੈ, ਨੂੰ ਰੱਦ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਚਾਰਾਜੋਈ ਵਾਸਤੇ ਵਕੀਲਾਂ ਦੇ ਪੈਨਲ ਦਾ ਵੀ ਐਲਾਨ ਕੀਤਾ ਗਿਆ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਇਕੱਤਰਤਾ


(ਬਾਕੀ ਸਫਾ 6 'ਤੇ)




TBF
THE BAINS FIRM
Manpreet S. Bains
Personal Injury and Wrongful Death Attorneys
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Personal Injury and Wrongful Death Attorneys

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury



WILLIAM E. WEISS
Of Counsel

Offices in San Francisco and Union City



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਅੰਮ੍ਰਿਤਪਾਲ ਦੇ ਬਹਾਨੇ ਸਿੱਖਾਂ ਖਿਲਾਫ ਪ੍ਰਚਾਰ ਤੋਂ ਜਥੇਬੰਦੀਆਂ ਖਫਾ

**ਅੰਮ੍ਰਿਤਸਰ:** ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖਿਲਾਫ ਚੱਲ ਰਹੀ ਪੁਲਿਸ ਕਾਰਵਾਈ ਦੌਰਾਨ ਸੋਸ਼ਲ ਮੀਡੀਆ 'ਤੇ ਸਿੱਖ ਧਰਮ ਅਤੇ ਸਿੱਖ ਸੰਸਥਾਵਾਂ ਖਿਲਾਫ ਨਫਰਤ ਭਰਿਆ ਝੂਠਾ ਪ੍ਰਚਾਰ ਤੇਜ ਹੋ ਗਿਆ ਹੈ। ਇਸ ਵਿਚ ਸਿੱਖ ਧਾਰਮਿਕ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਲਗਾਤਾਰ ਵਧ ਰਹੇ ਇਸ ਨਫਰਤੀ ਪ੍ਰਚਾਰ ਦਾ ਸਖਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਈਚਾਰਕ ਸਾਂਝ ਵਿਚ ਤਰੇੜ ਪਾਉਣ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ ਕਾਰਵਾਈ ਕਰੇ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸੋਸ਼ਲ ਮੀਡੀਆ 'ਤੇ ਅਜਿਹੀਆਂ ਨਫਰਤ ਭਰੇ ਪ੍ਰਚਾਰ ਵਾਲੀਆਂ ਪੋਸਟਾਂ ਦੀ ਸ਼ਨਾਖਤ ਕੀਤੀ ਹੈ ਜਿਨ੍ਹਾਂ ਦਾ ਹਵਾਲਾ ਦਿੰਦੇ ਹੋਏ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਨੂੰ ਅਜਿਹੀਆਂ ਪੋਸਟਾਂ ਪਾਉਣ ਵਾਲਿਆਂ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਹੈ। ਅਜਿਹੀ ਹੀ ਇਕ ਪੋਸਟ ਪਾਉਣ ਵਾਲੇ ਨੇ ਗੁਰਬਾਣੀ ਦੀਆਂ ਤੁਕਾਂ ਦੀ ਪ੍ਰਸੰਗ ਤੋਂ ਬਾਹਰ ਜਾ ਕੇ ਤੋੜ ਮਰੋੜ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਅਜਿਹੇ ਸ਼ਰਾਰਤੀ ਅਨਸਰ ਇਨ੍ਹਾਂ ਪੋਸਟਾਂ ਦੇ ਰਾਹੀ ਸਿੱਖ ਭਾਵਨਾਵਾਂ ਨੂੰ ਭੜਕਾਉਣ ਦਾ ਯਤਨ ਕਰ ਰਹੇ ਹਨ। ਇਕ ਪੋਸਟ ਵਿਚ ਵਾਰਿਸ ਪੰਜਾਬ ਦੇ ਜਥੇਬੰਦੀ ਨੂੰ 'ਵਾਇਰਸ ਪੰਜਾਬ ਦੇ' ਆਖਿਆ ਗਿਆ ਹੈ। ਉਨ੍ਹਾਂ ਕਿਹਾ ਸੀ ਕਿ ਇਹ ਵਰਤਾਰਾ ਵਿਸ਼ਵ ਲਈ ਬੇਹੱਦ ਖਤਰਨਾਕ ਹੈ।



ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਪੁਲਿਸ ਵੱਲੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਦੇ ਸਮਰਥਕਾਂ ਕੋਲੋਂ ਬਰਾਮਦ ਕੀਤਾ ਗਿਆ ਝੰਡਾ ਖਾਲਿਸਤਾਨ ਦਾ ਨਹੀਂ, ਸਗੋਂ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਹੈ ਤੇ ਦਲ ਖਾਲਸਾ ਵੱਲੋਂ 18 ਸਾਲ ਪਹਿਲਾਂ 26 ਜਨਵਰੀ 2005 ਨੂੰ ਵੀ ਇਹ ਝੰਡਾ ਝੁਲਾਇਆ ਗਿਆ ਸੀ। ਦਲ ਖਾਲਸਾ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਪੋਸਟ ਵਿਚ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਦਲ ਖਾਲਸਾ ਵੱਲੋਂ ਅੰਮ੍ਰਿਤਸਰ ਸਥਿਤ ਗੁਰਦੁਆਰਾ ਬੀ ਬਲਾਕ ਵਿਚ ਇਹ ਝੰਡਾ ਝੁਲਾਇਆ ਗਿਆ ਸੀ ਤੇ ਬੰਦੂਕਾਂ ਨਾਲ ਸਲਾਮੀ ਵੀ ਦਿੱਤੀ ਗਈ ਸੀ।

ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਕੁਝ ਦਿਨਾਂ ਤੋਂ ਸੂਬੇ ਅੰਦਰ ਕੇਂਦਰ ਤੇ ਪੰਜਾਬ ਸਰਕਾਰਾਂ ਵੱਲੋਂ ਸਿਰਜੇ ਜਾ ਰਹੇ ਮਹੌਲ ਦੇ ਨਾਲ ਆਮ ਲੋਕਾਂ ਦੇ ਵਿਚ ਡਰ ਅਤੇ ਭੈਅ ਦਾ ਮਾਹੌਲ ਬਣ ਚੁੱਕਾ ਹੈ। ਸਰਕਾਰਾਂ ਤੇ ਤਿੱਖੀ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ 'ਤੇ ਕੌਮੀ ਸੁਰੱਖਿਆ ਐਕਟ ਲਗਾਉਣਾ ਸਰਾਸਰ ਗਲਤ ਹੈ। ਸੂਬੇ ਤੋਂ ਬਾਹਰ ਦੀਆਂ ਜੇਲ੍ਹਾਂ ਵਿਚ ਭੇਜੇ ਪੰਜਾਬੀ ਨੌਜਵਾਨਾਂ ਨੂੰ ਜਲਦ ਵਾਪਸ ਪੰਜਾਬ ਲਿਆਂਦਾ ਜਾਵੇ ਅਤੇ ਐਨ.ਐਸ.ਐਸ. ਵਰਗੀ ਸਖਤ ਧਾਰਾ ਨੂੰ ਵੀ ਹਟਾਇਆ ਜਾਵੇ। ਉਨ੍ਹਾਂ ਕਿਹਾ ਕਿ ਗਿਆਨੀ ਅੰਮ੍ਰਿਤਪਾਲ ਸਿੰਘ ਦੇ ਨਾਲ ਫੋਟੋਆਂ ਖਿਚਵਾਉਣ ਵਾਲੇ ਨੌਜਵਾਨਾਂ ਨੂੰ ਵੀ ਜਿਸ ਤਰ੍ਹਾਂ ਫੜ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ, ਉਸ ਨਾਲ ਆਮ ਲੋਕਾਂ ਵਿਚ ਡਰ ਅਤੇ ਸਹਿਮ ਦਾ ਮਾਹੌਲ ਬਣਿਆ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਕੋਈ ਵੀ ਅਜਿਹਾ ਕਸੂਰ ਨਹੀਂ ਕੀਤਾ ਕੇ ਉਨ੍ਹਾਂ ਉੱਪਰ ਇੰਨੀਆਂ ਸਖਤ ਧਾਰਾਵਾਂ ਲਗਾਈਆਂ ਜਾਣ ਤੇ ਭਗੌੜਾ ਐਲਾਨਿਆਂ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਨੂੰ ਮਾੜੇ ਦੌਰ ਵਿਚ ਧੱਕਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਇਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

## ਪੰਜਾਬ ਦਾ ਮਾਹੌਲ ਖਰਾਬ ਨਾ ਕੀਤਾ ਜਾਵੇ: ਮੰਡ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੂਬੇ ਦਾ ਮਾਹੌਲ ਖਰਾਬ ਨਾ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਠੰਢੇ ਬਸਤੇ 'ਚ ਪਾਉਣ ਲਈ ਸੂਬੇ ਦੀ ਸ਼ਾਂਤੀ ਭੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੌਮਾਂਤਰੀ ਮੰਚ 'ਤੇ ਜੋਰ ਫੜ ਰਹੀ ਸੀ, ਜਿਸ ਕਾਰਨ ਭਾਰਤ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਸੀ।

## ਸਿੱਖ ਰਿਆਸਤਾਂ ਦੇ ਝੰਡਿਆਂ ਨੂੰ ਖਾਲਿਸਤਾਨੀ ਝੰਡੇ ਦੱਸਣਾ ਸਾਜ਼ਿਸ਼: ਲੌਂਗੋਵਾਲ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਸਰਕਾਰੀ ਏਜੰਸੀਆਂ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਹੱਦੋਂ ਪਾਰ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਵੱਲੋਂ ਵੱਖ-ਵੱਖ ਲੋਗੋ ਅਤੇ ਝੰਡੇ ਵਿਖਾ ਕੇ ਇਨ੍ਹਾਂ ਨੂੰ ਖਾਲਿਸਤਾਨੀ ਝੰਡੇ ਅਤੇ ਖਾਲਿਸਤਾਨੀ ਲੋਗੋ ਦੱਸਿਆ ਜਾ ਰਿਹਾ ਹੈ। ਲੌਂਗੋਵਾਲ ਨੇ ਕਿਹਾ ਕਿ ਇਹ ਖਾਲਿਸਤਾਨੀ ਝੰਡੇ ਨਹੀਂ ਹਨ ਸਗੋਂ ਲਾਹੌਰ ਦੇ ਸ਼ਾਹੀ ਕਿਲ੍ਹੇ ਉਤੇ 50 ਸਾਲ ਝੂਲਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਰਾਜ ਦਾ ਝੰਡਾ ਹੈ। ਇਸੇ ਤਰ੍ਹਾਂ ਇਨ੍ਹਾਂ ਏਜੰਸੀਆਂ ਵੱਲੋਂ ਸਿੱਖ ਰਿਆਸਤ ਫਰੀਦਕੋਟ ਅਤੇ ਸਿੱਖ ਰਿਆਸਤ ਜੀਂਦ ਦੇ ਝੰਡੇ ਨੂੰ ਖਾਲਿਸਤਾਨੀ ਝੰਡੇ ਵਜੋਂ ਪ੍ਰਚਾਰਿਆ ਗਿਆ ਹੈ।

## ਯੂਨਾਈਟਿਡ ਦਲ ਨੇ ਅੰਮ੍ਰਿਤਪਾਲ ਬਾਰੇ ਸਪੱਸ਼ਟੀਕਰਨ ਮੰਗਿਆ

**ਬਠਿੰਡਾ:** ਯੂਨਾਈਟਿਡ ਅਕਾਲੀ ਦਲ ਦੇ ਚੇਅਰਮੈਨ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਸਪੱਸ਼ਟ ਕਰੇ ਕਿ ਅੰਮ੍ਰਿਤਪਾਲ ਸਿੰਘ ਪੁਲਿਸ ਹਿਰਾਸਤ ਵਿਚ ਹੈ ਜਾਂ ਫਰਾਰ ਹੋ ਗਿਆ ਹੈ। ਉਨ੍ਹਾਂ ਇਹ ਵੀ ਖਦਸ਼ਾ ਜ਼ਾਹਿਰ ਕੀਤਾ ਕਿ ਉਸ ਨੂੰ ਗ੍ਰਿਫਤਾਰ ਕਰ ਕੇ ਕੋਈ ਹੋਰ ਭਾਣਾ ਵਰਤਾ ਦਿੱਤਾ ਗਿਆ ਹੈ। ਗੁਰਦੀਪ ਸਿੰਘ ਬਠਿੰਡਾ ਨੇ ਚਿਤਾਵਨੀ ਦਿੱਤੀ ਕਿ ਯੂਨਾਈਟਿਡ ਅਕਾਲੀ ਦਲ ਸਰਕਾਰ ਦਾ ਵਿਰੋਧ ਕਰੇਗਾ। ਉਨ੍ਹਾਂ ਇਸ ਸਬੰਧੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਆਪਣਾ ਪੱਖ ਸਪਸ਼ਟ ਕਰਨ ਦੀ ਅਪੀਲ ਕੀਤੀ।

# ਅੰਮ੍ਰਿਤਪਾਲ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ ਤਾਂ ਸਮਰਪਣ ਕਰੇ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਇਕ ਵੀਡੀਓ ਸੁਨੇਹਾ ਜਾਰੀ ਕਰਦਿਆਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ ਤਾਂ ਪੁਲਿਸ ਅੱਗੇ ਆਤਮ-ਸਮਰਪਣ ਕਰ ਦੇਵੇ ਤੇ ਪੁਲਿਸ ਦੀ ਜਾਂਚ ਵਿਚ ਸਹਿਯੋਗ ਦੇਵੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦਾ ਮਾਮਲਾ ਇਸ ਵੇਲੇ ਸਮੁੱਚੀ ਦੁਨੀਆਂ ਦੇ ਸਿੱਖਾਂ ਲਈ ਇਕ ਵੱਡਾ ਸਵਾਲ ਬਣਿਆ ਹੋਇਆ ਹੈ। ਜੇਕਰ ਸਰਕਾਰ ਨੇ ਉਸ ਨੂੰ ਗ੍ਰਿਫਤਾਰ ਕੀਤਾ ਹੈ ਤਾਂ ਇਸ ਬਾਰੇ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ ਅਤੇ ਜੇਕਰ ਅੰਮ੍ਰਿਤਪਾਲ ਹਾਲੇ ਵੀ ਪੁਲਿਸ ਦੀ ਗ੍ਰਿਫਤ 'ਚੋਂ ਬਾਹਰ ਹੈ ਤਾਂ ਉਸ ਨੂੰ ਆਤਮ-ਸਮਰਪਣ ਕਰ ਕੇ ਇਸ ਜਾਂਚ ਵਿਚ ਸਹਿਯੋਗ ਕਰਨਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਵੀ ਨੌਜਵਾਨਾਂ 'ਤੇ ਲੋੜੋਂ ਵੱਧ ਸੰਗੀਨ ਜੁਰਮਾਂ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ ਜਦਕਿ ਇਨ੍ਹਾਂ ਨੌਜਵਾਨਾਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਜਥੇਦਾਰ ਨੇ ਕਿਹਾ ਕਿ ਪੁਲਿਸ ਅੰਮ੍ਰਿਤਪਾਲ ਬਾਰੇ ਸੋਸ਼ਲ ਮੀਡੀਆ 'ਤੇ ਕੁਝ ਵੀ ਸਾਂਝਾ ਕਰਨ ਵਾਲਿਆਂ ਦੇ ਘਰਾਂ ਵਿਚ ਵੀ ਜਾ ਰਹੀ ਹੈ ਜੋ ਕਿ ਵਿਚਾਰਾਂ ਦੀ ਆਜ਼ਾਦੀ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੁਲਿਸ ਨੂੰ ਅਜਿਹੀ ਕਾਰਵਾਈ ਕਰਨ ਤੋਂ ਰੋਕੇ।

# ਸਰਕਾਰੇ-ਦਰਬਾਰੇ ਹੱਥ ਜੋੜਨ ਦੀ ਥਾਂ ਅਰਦਾਸ ਕਰਾਂਗੇ: ਬਲਕੌਰ ਸਿੰਘ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੇ ਘਰ ਵਿਚ ਮਰਹੂਮ ਗਾਇਕ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਹੁਣ ਆਪਣੇ ਪੁੱਤਰ ਦੇ ਕੇਸ ਵਿਚ ਕਿਸੇ ਕੋਲ ਇਨਸਾਫ ਲਈ ਅਰਜੋਈ ਨਹੀਂ ਕਰਨਗੇ। ਉਨ੍ਹਾਂ ਐਲਾਨ ਕੀਤਾ ਕਿ ਅੱਜ ਤੋਂ ਬਾਅਦ ਉਹ ਸਰਕਾਰੇ-ਦਰਬਾਰੇ ਕਿਤੇ ਵੀ ਹੱਥ ਨਹੀਂ ਜੋੜਨਗੇ, ਸਗੋਂ ਸਿਰਫ ਵਾਹਿਗੁਰੂ ਅੱਗੇ ਅਰਦਾਸ ਕਰਨਗੇ।

ਬਲਕੌਰ ਸਿੱਧੂ ਨੇ ਕਿਹਾ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਮਗਰੋਂ ਹੁਣ ਉਨ੍ਹਾਂ ਦਾ ਘਰੋਂ ਬਾਹਰ ਨਿਕਲਣਾ ਵੀ ਔਖਾ ਹੋ ਗਿਆ ਹੈ।



ਉਨ੍ਹਾਂ ਕਿਹਾ ਕਿ ਸ਼ੁਭਦੀਪ ਦੇ ਕਤਲ ਮਾਮਲੇ ਵਿਚ ਹੁਣ ਤੱਕ ਉਹ ਕਈ ਵਾਰ ਸਰਕਾਰ ਅੱਗੇ ਇਨਸਾਫ ਦੀ ਅਪੀਲ ਕਰ ਚੁੱਕੇ ਹਨ, ਪਰ ਹਾਲੇ ਤੱਕ ਉਨ੍ਹਾਂ ਪੱਲੇ ਕੁਝ ਨਹੀਂ ਪਿਆ। ਦੂਜੇ ਪਾਸੇ ਹੁਣ ਪੰਜਾਬ ਦੇ ਹਾਲਾਤ ਅਜਿਹੇ ਹੋ ਗਏ ਹਨ ਕਿ ਨੌਜਵਾਨਾਂ ਨੂੰ ਐਨ.ਐਸ.ਏ. ਤਹਿਤ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਬਾਹਰ ਉਨ੍ਹਾਂ ਦੇ ਧਰਨੇ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀ ਮਾਰਚ ਮਹੀਨੇ ਵਿਚ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਈ ਜਾਵੇਗੀ, ਜੋ ਅੱਜ ਤੱਕ ਨਹੀਂ ਕਰਵਾਈ ਗਈ।

## ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਤੋਂ ਪੁੱਛ-ਪੜਤਾਲ

**ਅੰਮ੍ਰਿਤਸਰ:** ਇਲਾਕੇ ਦੇ ਪਿੰਡ ਜੱਲੂਪੁਰ ਖੇੜਾ ਵਿਚ ਪੁਲਿਸ ਪਹੁੰਚੀ ਅਤੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੇ ਘਰ ਵਿਚ ਉਸ ਦੇ ਪਰਿਵਾਰਕ ਮੈਂਬਰਾਂ ਤੋਂ ਪੁੱਛ-ਪੜਤਾਲ ਕੀਤੀ। ਇਸ ਮਾਮਲੇ ਵਿਚ ਪੁਲਿਸ ਅਤੇ ਪਰਿਵਾਰਕ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਨਹੀਂ ਕੀਤੀ। ਦੱਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਕੁਝ ਸਮਾਂ ਪਹਿਲਾਂ ਹੀ ਵਿਆਹ ਹੋਇਆ ਹੈ ਅਤੇ ਉਸ ਦੀ ਪਤਨੀ ਐਨ.ਆਰ.ਆਈ. (ਪਰਵਾਸੀ ਭਾਰਤੀ) ਹੈ। ਪੁਲਿਸ ਵੱਲੋਂ ਉਸ ਦੇ ਪਿਛੋਕੜ ਦੀ ਘੋਖ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਅਤੇ ਸੰਸਥਾ 'ਵਾਰਿਸ ਪੰਜਾਬ ਦੇ' ਲਈ ਵਿਦੇਸ਼ਾਂ ਤੋਂ ਫੰਡ ਜੁਟਾਉਣ ਵਿਚ ਕਥਿਤ ਤੌਰ 'ਤੇ ਉਸ ਦਾ ਨਾਂ ਸਾਹਮਣੇ ਆਇਆ ਹੈ।

ਮਿਲੀ ਜਾਣਕਾਰੀ ਮੁਤਾਬਕ ਜਾਂਚ ਟੀਮ ਇਕ ਘੰਟੇ ਤੋਂ ਵੱਧ ਸਮਾਂ ਅੰਮ੍ਰਿਤਪਾਲ ਸਿੰਘ ਦੇ ਘਰ ਵਿਚ ਰਹੀ। ਟੀਮ ਵਿਚ ਮਹਿਲਾ ਪੁਲਿਸ ਅਧਿਕਾਰੀ ਦੀ ਸ਼ਮੂਲੀਅਤ ਤੋਂ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਟੀਮ ਨੇ ਅੰਮ੍ਰਿਤਪਾਲ ਸਿੰਘ ਦੀ ਮਾਤਾ ਅਤੇ ਉਸ ਦੀ ਪਤਨੀ ਤੋਂ ਵੀ ਪੁੱਛ-ਪੜਤਾਲ ਕੀਤੀ ਹੈ। ਇਸ ਮਾਮਲੇ ਬਾਰੇ ਪੁਲਿਸ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਤਰ੍ਹਾਂ ਅੰਮ੍ਰਿਤਪਾਲ ਦੇ ਪਿਤਾ ਅਤੇ ਹੋਰਨਾਂ ਪਰਿਵਾਰਕ ਮੈਂਬਰਾਂ ਨੇ ਮੀਡੀਆ ਨਾਲ ਗੱਲ ਕਰਨ ਤੋਂ ਸੰਕੋਚ ਕੀਤਾ। ਇਸ ਤੋਂ ਪਹਿਲਾਂ ਪਰਿਵਾਰ ਨੂੰ ਇਕ ਹੋਰ ਵਫਦ ਮਿਲਣ ਆਇਆ ਸੀ ਜਿਸ ਨੇ ਘਰ ਵਿਚ ਦੋ ਤੋਂ ਢਾਈ ਘੰਟੇ ਬਿਤਾਏ।

# ਪਾਕਿਸਤਾਨ ਨੂੰ ਜਾਂਦਾ ਪਾਣੀ ਪੰਜਾਬ ਵਿਚ ਰੋਕਣ ਦੀ ਯੋਜਨਾ

**ਪਠਾਨਕੋਟ:** ਪਾਕਿਸਤਾਨ ਨੂੰ ਅਜਾਈਂ ਜਾ ਰਹੇ ਪਾਣੀ ਨੂੰ ਰੋਕਣ ਲਈ ਮਕੌੜਾ ਪੱਤਣ 'ਤੇ ਇਕ ਬੰਨ੍ਹ ਬਣਾਉਣ ਦੀ ਯੋਜਨਾ ਉਤੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਯੋਜਨਾ ਅਨੁਸਾਰ ਇਹ ਬੰਨ੍ਹ, ਰਾਵੀ ਤੇ ਉਝ ਦਰਿਆ ਦੇ ਸੰਗਮ ਵਾਲੀ ਥਾਂ- 'ਮਕੌੜਾ ਪੱਤਣ' ਉਤੇ ਬਣਾਇਆ ਜਾਵੇਗਾ।

ਇਸੇ ਰਬੜ ਡੈਮ ਬਣਾਉਣ ਲਈ ਅਨੁਮਾਨਿਤ ਬਜਟ ਤਿਆਰ ਕੀਤਾ ਜਾ ਰਿਹਾ ਹੈ। ਇਸ ਜਗ੍ਹਾ ਦੋਵਾਂ ਦਰਿਆਵਾਂ ਦਾ ਪਾਣੀ ਰੋਕ ਕੇ 7 ਕਿਲੋਮੀਟਰ ਲੰਮੀ ਨਹਿਰ ਕੱਢੀ ਜਾਵੇਗੀ, ਜੋ ਅੱਗੇ ਜਾ ਕੇ ਗਾਹਲੜੀ-ਰਮਦਾਸ-ਕਲਾਨੌਰ ਨਹਿਰ ਵਿਚ ਮਿਲੇਗੀ। ਇਸ ਨਹਿਰ ਦੇ ਪਾਣੀ ਨੂੰ 1 ਲੱਖ ਹੈਕਟੇਅਰ ਭੂਮੀ ਦੀ ਸਿੰਜਾਈ ਕਰਨ ਲਈ ਪੂਰਾ ਸਾਲ ਵਰਤਿਆ ਜਾ ਸਕੇਗਾ। ਇਸ ਤੋਂ ਇਲਾਵਾ ਪਾਣੀ ਨੂੰ ਸਾਫ ਕਰ ਕੇ 450 ਪਿੰਡਾਂ ਨੂੰ ਪੀਣ ਲਈ ਪਾਣੀ ਇਥੋਂ ਦਿੱਤਾ ਜਾਵੇਗਾ। ਜਦਕਿ ਜਲ ਵਾਟਰ ਮਿਸ਼ਨ ਤਹਿਤ ਜ਼ਮੀਨ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਜਗ੍ਹਾ-ਜਗ੍ਹਾ ਬੋਰਵੈੱਲ ਵੀ ਪੁੱਟੇ ਜਾਣਗੇ। ਪੰਜਾਬ ਦਾ ਡਰੇਨੇਜ ਵਿਭਾਗ ਇਸ ਦੀ ਪ੍ਰੀ-ਫਿਜ਼ੀਬਿਲਿਟੀ ਰਿਪੋਰਟ ਤਿਆਰ ਕਰਨ ਵਿਚ ਲੱਗਾ ਹੋਇਆ ਹੈ। ਜਦਕਿ ਇਸ ਹਲਕੇ ਨਾਲ ਸਬੰਧਤ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਇਸ ਬਹੁ-ਮੰਤਵੀ ਪ੍ਰਾਜੈਕਟ ਨੂੰ ਕੌਮੀ ਪ੍ਰੋਜੈਕਟ ਐਲਾਨਣ ਲਈ ਕੇਂਦਰ ਸਰਕਾਰ ਨੂੰ ਅਪੀਲ ਕਰੇਗੀ ਤਾਂ ਜੋ ਇਹ ਜਲਦੀ ਮੁਕੰਮਲ ਹੋ ਸਕੇ ਅਤੇ ਪਾਕਿਸਤਾਨ ਵੱਲ ਅਜਾਈਂ ਜਾ ਰਿਹਾ ਪਾਣੀ ਰੋਕਿਆ ਜਾ ਸਕੇ।



ਮਕੌੜਾ ਪੱਤਣ 'ਤੇ ਪੈਂਟੂਨ ਪੁਲ ਦੇ ਨਾਲ ਪਾਣੀ ਦਾ ਪੱਧਰ ਨੋਟ ਕਰਨ ਲਈ ਗੇਜਾਂ ਲੱਗੀਆਂ ਹੋਈਆਂ ਹਨ ਜੋ ਕਿ ਸੈਂਟਰਲ ਵਾਟਰ ਕਮਿਸ਼ਨ ਦੇ ਜੰਮੂ ਦਫਤਰ ਵੱਲੋਂ ਪਿਛਲੇ ਇਕ ਸਾਲ ਤੋਂ ਲਗਾਈਆਂ ਗਈਆਂ ਹਨ। ਇਕ ਅੰਦਾਜ਼ੇ ਅਨੁਸਾਰ ਵਰਤਮਾਨ 'ਚ 15 ਹਜ਼ਾਰ ਕਿਊਸਿਕ ਦੇ ਕਰੀਬ ਪਾਣੀ ਉਥੋਂ ਚੱਲ ਰਿਹਾ ਹੈ। ਡਰੇਨੇਜ ਵਿਭਾਗ ਦੇ ਨਿਗਰਾਨ ਇੰਜੀਨੀਅਰ ਜਗਦੀਸ਼ ਰਾਜ ਨੇ ਇਸ ਦੀ ਪੁਸ਼ਟੀ ਕੀਤੀ ਤੇ ਦੱਸਿਆ ਕਿ ਸੈਂਟਰਲ ਵਾਟਰ ਕਮਿਸ਼ਨ ਨਾਲ ਉਨ੍ਹਾਂ ਦੀ ਇਸ ਪ੍ਰੋਜੈਕਟ ਬਾਰੇ ਪਹਿਲਾਂ ਮੀਟਿੰਗ ਹੋ ਚੁੱਕੀ ਹੈ ਤੇ ਕੇਂਦਰ ਸਰਕਾਰ ਵੀ ਇਸ ਮਾਮਲੇ 'ਤੇ ਗੰਭੀਰ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੀ ਰਿਪੋਰਟ ਅਪਰੈਲ ਮਹੀਨੇ ਵਿਚ ਹੋਣ ਵਾਲੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇਗੀ।

# ਕੈਨੇਡਾ ਦੇ ਸਾਬਕਾ ਸੰਸਦ ਮੈਂਬਰ ਦੀ ਕੋਠੀ ਤੋਂ ਕਬਜ਼ਾ ਛੁਡਵਾਇਆ

**ਪਟਿਆਲਾ:** ਪਟਿਆਲਾ ਪੁਲਿਸ ਨੇ ਕੈਨੇਡਾ 'ਚ ਚਾਰ ਵਾਰ ਸੰਸਦ ਮੈਂਬਰ ਰਹੀ ਨੀਨਾ ਗਰੇਵਾਲ ਦੇ ਪੇਕਾ ਪਰਿਵਾਰ ਦੀ ਕੋਠੀ 'ਤੇ ਇਕ ਸਿਆਸੀ ਆਗੂ ਦਾ ਢਾਈ ਸਾਲ ਤੋਂ ਕੀਤਾ ਨਾਜਾਇਜ਼ ਕਬਜ਼ਾ 48 ਘੰਟਿਆਂ 'ਚ ਛੁਡਵਾ ਲਿਆ ਹੈ। ਇਸ ਮਗਰੋਂ ਦੇਰ ਸ਼ਾਮ ਪੰਜਾਬ ਦੇ ਪਰਵਾਸੀ ਭਾਰਤੀ ਮਾਮਲੇ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਥੇ ਪੁੱਜ ਕੇ ਇਸ ਕੋਠੀ ਦੇ ਦਸਤਾਵੇਜ਼ ਨੀਨਾ ਗਰੇਵਾਲ ਤੇ ਪਰਿਵਾਰਕ ਮੈਂਬਰਾਂ ਨੂੰ ਸੌਂਪੇ ਹਨ।

ਮੰਤਰੀ ਨੇ ਕਿਹਾ ਕਿ ਪੰਜਾਬ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਰਾਖੀ ਕਰਨ ਸਮੇਤ ਉਨ੍ਹਾਂ ਦੇ ਸਾਰੇ ਮਸਲੇ ਅਤੇ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ। ਕਿਸੇ ਵੀ ਐਨ.ਆਰ.ਆਈ. ਦੀ ਇਕ ਇੱਟ ਵੀ ਦੱਬਣ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨੀਨਾ ਗਰੇਵਾਲ ਦੇ ਪਿਤਾ ਸਵਰਗੀ ਨਿਹਾਲ ਸਿੰਘ ਢਿੱਲੋਂ ਦੇ ਪਰਿਵਾਰ ਦਾ ਇੱਥੇ ਸੇਵਕ ਕਲੋਨੀ ਵਿਚਲਾ ਜੱਦੀ ਘਰ ਢਾਈ ਸਾਲਾਂ ਤੋਂ ਨਾਜਾਇਜ਼ ਕਬਜ਼ੇ ਹੇਠ ਸੀ, ਜਿਸ ਨੂੰ 48 ਘੰਟਿਆਂ 'ਚ ਖਾਲੀ ਕਰਵਾ ਲਿਆ ਹੈ। ਇਸ ਦਾ ਰਸਮੀ ਤੌਰ 'ਤੇ ਕਬਜ਼ਾ ਸ੍ਰੀ ਢਿੱਲੋਂ ਦੀ ਧੀ ਨੀਨਾ ਗਰੇਵਾਲ ਅਤੇ ਪਰਿਵਾਰ ਦੀ ਨੂੰਹ ਨੂੰ ਸੌਂਪ ਦਿੱਤਾ ਗਿਆ ਹੈ।



ਦੱਸਣਯੋਗ ਹੈ ਨੀਨਾ ਗਰੇਵਾਲ ਨੂੰ ਕੈਨੇਡਾ ਦੀ ਪਹਿਲੀ ਸਿੱਖ ਮਹਿਲਾ ਸੰਸਦ ਮੈਂਬਰ ਤੇ ਉਨ੍ਹਾਂ ਦੇ ਪਤੀ ਗੁਰਬੰਤ ਸਿੰਘ ਗਰੇਵਾਲ ਨੂੰ ਉਥੋਂ ਦਾ ਹੀ ਪਹਿਲਾ ਸਿੱਖ ਸੰਸਦ ਮੈਂਬਰ ਬਣਨ ਦਾ ਮਾਣ ਹਾਸਲ ਹੈ। ਇਸੇ ਦੌਰਾਨ ਨੀਨਾ ਗਰੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਮੰਤਰੀ ਕੁਲਦੀਪ ਧਾਲੀਵਾਲ ਸਮੇਤ ਪਟਿਆਲਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਜੱਦੀ ਘਰ ਨਾਜਾਇਜ਼ ਕਬਜ਼ੇ ਹੇਠੋਂ ਛੁਡਵਾਉਣਾ ਵੱਡਾ ਹਾਂ ਪੱਖੀ ਸੁਨੇਹਾ ਹੈ ਕਿ ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਦੀ ਹਰ ਪੱਖੋਂ ਸੁਰੱਖਿਆ ਕਰਨ ਦੀ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਉਨ੍ਹਾਂ ਦੀ ਇਕ ਅਪੀਲ 'ਤੇ ਬਿਨਾਂ ਦੇਰੀ ਢਾਈ ਸਾਲਾਂ ਤੋਂ ਕੀਤਾ ਗਿਆ ਕਬਜ਼ਾ ਛੁਡਵਾ ਕੇ ਘਰ ਉਨ੍ਹਾਂ ਨੂੰ ਵਾਪਸ ਦਿਵਾਉਂਦਿਆਂ ਸਬੰਧਤ ਵਿਅਕਤੀ ਖਿਲਾਫ ਕੇਸ ਵੀ ਦਰਜ ਕੀਤਾ ਹੈ।

# ਖਾਲਿਸਤਾਨ ਪੱਖੀਆਂ ਵੱਲੋਂ ਭਾਰਤੀ ਦੂਤਾਵਾਸਾਂ ਅੱਗੇ ਪ੍ਰਦਰਸ਼ਨ

**ਵਾਸ਼ਿੰਗਟਨ:** ਪੰਜਾਬ ਪੁਲਿਸ ਵੱਲੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਖਿਲਾਫ ਕੀਤੀ ਜਾ ਰਹੀ ਕਰਵਾਈ ਦੇ ਮੱਦੇਨਜ਼ਰ ਵਿਦੇਸ਼ੀ ਸਿੱਖਾਂ ਵਿਚ ਰੋਹ ਹੈ। ਖਾਸਕਰ, ਖਾਲਿਸਤਾਨ ਪੱਖੀਆਂ ਭਾਰਤੀ ਦੂਤਘਰਾਂ ਅੱਗੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਖਾਲਿਸਤਾਨ ਪੱਖੀਆਂ ਦੇ ਇਕ ਸਮੂਹ ਨੇ ਅਮਰੀਕਾ ਵਿਚ ਭਾਰਤੀ ਦੂਤਾਵਾਸ ਸਾਹਮਣੇ ਰੋਸ ਮੁਜ਼ਾਹਰਾ ਕੀਤਾ। ਇਸੇ ਤਰ੍ਹਾਂ ਕੈਨੇਡਾ, ਬਰਤਾਨੀਆ ਸਣੇ ਹੋਰ ਦੇਸ਼ਾਂ ਵਿਚ ਭਾਰਤੀ ਹਾਈ ਕਮਿਸ਼ਨ ਅੱਗੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਅੰਮ੍ਰਿਤਪਾਲ ਖਿਲਾਫ ਕੀਤੀ ਜਾ ਰਹੀ ਕਰਵਾਈ ਦੇ ਮੱਦੇਨਜ਼ਰ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਕਿਹਾ ਕਿ ਪੰਜਾਬ ਵਿਚ ਵਾਪਰ ਰਹੇ ਘਟਨਾਕ੍ਰਮਾਂ 'ਤੇ 'ਬਹੁਤ ਬਾਰੀਕੀ' ਨਾਲ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਹ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਦੂਰ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਗੇ।



ਜੌਲੀ ਸਦਨ ਵਿਚ ਭਾਰਤੀ ਮੂਲ ਦੇ ਕੈਨੇਡਿਆਈ ਸੰਸਦ ਮੈਂਬਰ ਇਕਵਿੰਦਰ ਸਿੰਘ ਗਹੀਰ ਵੱਲੋਂ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਮਿਲੇਨੀ ਜੌਲੀ ਨੇ ਕਿਹਾ, ''ਅਸੀਂ ਪੰਜਾਬ ਵਿਚ ਉੱਭਰੇ ਘਟਨਾਕ੍ਰਮਾਂ ਬਾਰੇ ਜਾਣੂ ਹਾਂ ਅਤੇ ਅਸੀਂ ਇਸ 'ਤੇ ਬਹੁਤ ਬਾਰੀਕੀ ਨਾਲ ਨਜ਼ਰ ਰੱਖੀ ਹੋਈ ਹੈ। ਅਸੀਂ ਹਾਲਾਤ ਮੁੜ ਸਥਿਰ ਹੋਣ ਦੀ ਉਮੀਦ ਕਰਦੇ ਹਾਂ।'' ਉਨ੍ਹਾਂ ਕਿਹਾ, ''ਕੈਨੇਡਿਆਈ ਹਮੇਸ਼ਾ ਵਾਂਗ ਕੈਨੇਡਾ ਸਰਕਾਰ 'ਤੇ ਭਰੋਸਾ ਕਰ ਸਕਦੇ ਹਨ ਕਿ ਅਸੀਂ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਦੀਆਂ ਚਿੰਤਾਵਾਂ ਦੂਰ ਕਰਨਾ ਜਾਰੀ ਰੱਖਾਂਗੇ।'' ਉਧਰ, ਅੰਮ੍ਰਿਤਪਾਲ ਸਿੰਘ ਦੇ ਸਮਰਥਨ ਵਿਚ ਕੁਝ ਪ੍ਰਦਰਸ਼ਨਕਾਰੀ ਲੰਡਨ ਵਿਚ ਪਾਰਲੀਮੈਂਟ ਸਕੇਅਰ 'ਤੇ ਇਕੱਠੇ ਹੋਏ। ਉਨ੍ਹਾਂ ਦੇ ਹੱਥਾਂ ਵਿਚ ਖਾਲਿਸਤਾਨ ਪੱਖੀ ਝੰਡੇ ਤੇ ਬੈਨਰ ਫੜੇ ਹੋਏ ਸਨ। ਇਸ ਤਰ੍ਹਾਂ ਦੇ ਪ੍ਰਦਰਸ਼ਨ ਕੈਨੇਡਾ ਤੇ ਅਮਰੀਕਾ ਵਿਚ ਵੀ ਹੋਏ ਹਨ। ਪ੍ਰਦਰਸ਼ਨਕਾਰੀਆਂ ਨੇ ਟੋਰਾਂਟੋ, ਵੈਨਕੂਵਰ, ਇੰਡੀਆਨਾਪੋਲਿਸ ਅਤੇ ਫਰੈਜਨੋ ਵਿਚ ਵੀ ਰੋਸ ਜ਼ਾਹਿਰ ਕੀਤਾ ਗਿਆ ਹੈ।

ਉਧਰ, ਬਰਤਾਨੀਆ ਦੇ ਵਿਦੇਸ਼ ਮੰਤਰੀ ਜੇਮਸ ਕਲੈਵਰਲੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਖਾਲਿਸਤਾਨ ਹਮਾਇਤੀ ਪ੍ਰਦਰਸ਼ਨਕਾਰੀਆਂ ਦੀਆਂ ਹਿੰਸਕ ਕਾਰਵਾਈਆਂ ਤੋਂ ਬਾਅਦ ਇਥੇ ਭਾਰਤੀ ਹਾਈ ਕਮਿਸ਼ਨ 'ਚ ਸੁਰੱਖਿਆ ਦੀ ਸਮੀਖਿਆ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇਗੀ ਅਤੇ ਅਜਿਹੀਆਂ ਘਟਨਾਵਾਂ ਦਾ ਕਰਾਰਾ ਜਵਾਬ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਦੋ ਹਜ਼ਾਰ ਦੇ ਕਰੀਬ ਮੁਜ਼ਾਹਰਾਕਾਰੀਆਂ ਨੇ ਇੱਥੇ ਭਾਰਤੀ ਮਿਸ਼ਨ ਦੇ ਬਾਹਰ ਪਹੁੰਚ ਕੇ ਖਾਲਿਸਤਾਨ ਦੇ ਝੰਡੇ ਲਹਿਰਾਉਂਦਿਆਂ ਰੋਸ ਮੁਜ਼ਾਹਰਾ ਕੀਤਾ ਅਤੇ ਸਖਤ ਸੁਰੱਖਿਆ ਪ੍ਰਬੰਧਾਂ ਤੇ ਰੋਕਾਂ ਵਿਚਾਲੇ ਚੀਜਾਂ ਸੁੱਟੀਆਂ ਤੇ ਨਾਅਰੇਬਾਜ਼ੀ ਕੀਤੀ। ਬਰਤਾਨੀਆ ਦੇ ਵੱਖ ਵੱਖ ਹਿੱਸਿਆਂ ਤੋਂ ਮਹਿਲਾਵਾਂ, ਬੱਚਿਆਂ ਸਮੇਤ ਪਹੁੰਚੇ ਪ੍ਰਦਰਸ਼ਨਕਾਰੀਆਂ ਨੇ ਖਾਲਿਸਤਾਨ ਪੱਖੀ ਨਾਅਰੇ ਲਾਏ।

## ਭਾਰਤ ਵੱਲੋਂ ਕੈਨੇਡਾ ਦਾ ਰਾਜਦੂਤ ਤਲਬ

**ਨਵੀਂ ਦਿੱਲੀ:** ਭਾਰਤ ਨੇ ਕੈਨੇਡਾ ਦੇ ਰਾਜਦੂਤ ਨੂੰ ਤਲਬ ਕਰ ਕੇ ਖਾਲਿਸਤਾਨ ਪੱਖੀ ਵੱਖਵਾਦੀ ਤੱਤਾਂ ਵੱਲੋਂ ਕੂਟਨੀਤਕ ਮਿਸ਼ਨਾਂ 'ਤੇ ਕੀਤੇ ਜਾ ਰਹੇ ਮੁਜ਼ਾਹਰਿਆਂ ਪ੍ਰਤੀ ਫਿਕਰ ਜ਼ਾਹਿਰ ਕੀਤਾ ਹੈ। ਕੈਮਰੌਨ ਮੈਕੇ ਨੂੰ ਵਿਦੇਸ਼ ਮੰਤਰਾਲੇ ਨੇ ਤਲਬ ਕੀਤਾ ਤੇ ਸਪੱਸ਼ਟੀਕਰਨ ਮੰਗਿਆ ਕਿ ਕਿਵੇਂ 'ਵੱਖਵਾਦੀ ਤੇ ਕੱਟੜਵਾਦੀ' ਤੱਤ ਕੂਟਨੀਤਕ ਮਿਸ਼ਨਾਂ ਤੇ ਕੌਂਸਲੇਟਾਂ ਦੀ ਸੁਰੱਖਿਆ ਤੋੜ ਰਹੇ ਹਨ, ਜਦਕਿ ਉਥੇ ਪੁਲਿਸ ਮੌਜੂਦ ਹੈ। ਕੈਨੇਡਾ 'ਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੂੰ ਬ੍ਰਿਟਿਸ਼ ਕੋਲੰਬੀਆ 'ਚ ਇਕ ਸਮਾਗਮ ਖਾਲਿਸਤਾਨ ਸਮਰਥਕਾਂ ਦੇ ਵਿਰੋਧ ਕਾਰਨ ਛੱਡਣਾ ਪਿਆ ਸੀ।

# ਪਿੰਡ ਜੱਲੂਪੁਰ ਖੇੜਾ 'ਚ ਕਰਵਾਇਆ ਜਾਂਦਾ ਸੀ ਫਾਇਰਿੰਗ ਦਾ ਅਭਿਆਸ



**ਖੰਨਾ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਤੇਜਿੰਦਰ ਸਿੰਘ ਗਿੱਲ ਉਰਫ ਗੋਰਖਾ ਬਾਬਾ ਨੂੰ ਖੰਨਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਜ਼ਿਲ੍ਹਾ ਖੰਨਾ ਦੀ ਐਸ.ਐਸ.ਪੀ. ਅਮਨੀਤ ਕੌਂਡਲ ਨੇ ਦੱਸਿਆ ਕਿ ਗੋਰਖਾ ਬਾਬਾ, ਅੰਮ੍ਰਿਤਪਾਲ ਸਿੰਘ ਦਾ ਨਜ਼ਦੀਕੀ ਸਾਥੀ ਹੈ ਅਤੇ ਉਸ ਦੀ ਸੁਰੱਖਿਆ ਵਿਚ ਤਾਇਨਾਤ ਟੀਮ ਦਾ ਮੈਂਬਰ ਸੀ।

ਇਸ ਤੋਂ ਇਲਾਵਾ ਉਹ ਏ.ਕੇ.ਐਫ. ਦਾ ਵੀ ਮੈਂਬਰ ਸੀ। ਉਨ੍ਹਾਂ ਦੱਸਿਆ ਕਿ 5 ਮਹੀਨੇ ਪਹਿਲਾਂ ਗੋਰਖਾ ਬਾਬਾ ਪਿੰਡ ਜੱਲੂਪੁਰ ਖੇੜਾ ਗਿਆ, ਜਿੱਥੇ ਉਹ ਅੰਮ੍ਰਿਤਪਾਲ ਦੇ ਗੰਨਮੈਨ ਵਜੋਂ ਸ਼ਾਮਲ ਹੋਇਆ। ਉਥੇ ਉਸ ਨੂੰ ਹਥਿਆਰ ਵੀ ਦਿੱਤੇ ਗਏ ਅਤੇ ਗੋਲੀਬਾਰੀ ਦਾ ਅਭਿਆਸ ਵੀ ਕਰਵਾਇਆ ਗਿਆ। ਅਜਨਾਲਾ ਕਾਂਡ ਸਮੇਂ ਵੀ ਉਹ ਅੰਮ੍ਰਿਤਪਾਲ ਨਾਲ ਸੀ। ਐਸ.ਐਸ.ਪੀ ਅਨੁਸਾਰ ਪੁੱਛਗਿੱਛ ਦੌਰਾਨ ਗੋਰਖਾ ਬਾਬਾ ਨੇ ਖੁਲਾਸਾ ਕੀਤਾ ਕਿ ਏ.ਕੇ.ਐਫ (ਆਨੰਦਪੁਰ ਖਾਲਸਾ ਫੋਰਸ) ਦੇ ਸਾਰੇ ਮੈਂਬਰਾਂ ਨੂੰ ਬੈਲਟ ਨੰਬਰ ਦਿੱਤੇ ਗਏ ਸਨ ਅਤੇ ਨਸ਼ਾ ਛੱਡਣ ਆਏ ਨੌਜਵਾਨਾਂ ਨੂੰ ਵੀ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਗੋਰਖਾ ਦੇ ਫੋਨ ਵਿਚੋਂ ਮਿਲੀਆਂ ਫੋਟੋਆਂ ਅਤੇ ਵੀਡੀਓ ਕਲਿੱਪਾਂ ਵਿਚ ਪ੍ਰਸਤਾਵਿਤ ਖਾਲਿਸਤਾਨ ਰਾਜ ਦਾ ਚਿੰਨ੍ਹ, ਪ੍ਰਸਤਾਵਿਤ ਖਾਲਿਸਤਾਨ ਰਾਜ ਵਿਚ ਕਈ ਸੂਬਿਆਂ ਦਾ ਪ੍ਰਤੀਕ, ਪ੍ਰਸਤਾਵਿਤ ਖਾਲਿਸਤਾਨ ਰਾਜ ਦੀ ਮੁਦਰਾ, ਏ.ਕੇ.ਐਫ ਦੇ ਮੈਂਬਰਾਂ ਦੀਆਂ ਹਥਿਆਰਾਂ ਸਮੇਤ ਫੋਟੋਆਂ, ਪਿੰਡ ਜੱਲੂਪੁਰ ਖੇੜਾ ਨਾਲੇ ਵਿਚ ਬਣੀ ਫਾਈਰਿੰਗ ਰੇਂਜ 'ਚ ਗੋਲੀ ਚਲਾਉਣ ਦਾ ਅਭਿਆਸ ਕਰਦਿਆਂ ਦੀਆਂ ਵੀਡੀਓ ਕਲਿੱਪਾਂ ਅਤੇ ਪਾਕਿਸਤਾਨੀ ਨਾਗਰਿਕਤਾ ਦਾ ਡਰਾਈਵਿੰਗ ਲਾਇਸੈਂਸ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਉਪਰੋਕਤ ਦੱਸੀਆਂ ਫੋਟੋਆਂ ਤੇ ਵੀਡੀਓ ਕਲਿੱਪ ਆਨੰਦਪੁਰ ਖਾਲਸਾ ਫੋਰਸ ਦੇ ਮਨਸੂਬਿਆਂ ਨੂੰ ਦਰਸਾਉਂਦੀਆਂ ਹਨ ਅਤੇ ਇਹ ਪੰਜਾਬ ਦੀ ਸ਼ਾਂਤੀ ਤੇ ਰਾਸ਼ਟਰੀ ਸੁਰੱਖਿਆ ਲਈ ਖਤਰੇ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਸਮੇਂ ਸਿਰ ਕੀਤੀ ਕਾਰਵਾਈ ਕਾਰਨ ਸਭ ਟਲ ਗਿਆ ਹੈ। ਗੋਰਖਾ ਬਾਬਾ ਜੋ ਪਾਇਲ ਹਲਕੇ ਦੇ ਪਿੰਡ ਮਾਂਗੇਵਾਲ ਦਾ ਵਸਨੀਕ ਹੈ।

# ਨੌਜਵਾਨਾਂ ਦੀ ਫੜੋ-ਫੜਾਈ ਵਾਲੀ ਮੁਹਿੰਮ 'ਤੇ ਨਰਮ ਪਈ ਸਰਕਾਰ



**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਤੇ ਸਿਆਸੀ ਵਿਰੋਧੀਆਂ ਵੱਲੋਂ ਪਾਏ ਦਬਾਅ ਤੋਂ ਬਾਅਦ ਪੰਜਾਬ ਸਰਕਾਰ ਸਿੱਖ ਨੌਜਵਾਨਾਂ ਦੀ ਫੜੋ-ਫੜੀ ਲਈ ਛੇੜੀ ਮੁਹਿੰਮ ਤੋਂ ਪਿੱਛੇ ਹਟਣ ਲੱਗੀ ਹੈ। ਪੰਜਾਬ ਪੁਲਿਸ ਨੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੇ ਸਰਚ ਅਪਰੇਸ਼ਨ ਦੌਰਾਨ 18 ਮਾਰਚ ਮਗਰੋਂ ਫੜੇ 353 ਨੌਜਵਾਨਾਂ 'ਚੋਂ ਹੁਣ ਤੱਕ 197 ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਹੈ। ਪੁਲਿਸ ਨੇ ਮੁਢਲੀ ਪੜਤਾਲ ਮਗਰੋਂ ਇਨ੍ਹਾਂ ਨੌਜਵਾਨਾਂ ਨੂੰ ਛੱਡਣ ਦਾ ਫੈਸਲਾ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਪੁਲਿਸ ਦੀ ਕਾਰਵਾਈ ਮਗਰੋਂ ਬਹੁਤੇ ਮਾਪਿਆਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਵੀ ਪਹੁੰਚ ਕੀਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਿਸ ਨੂੰ ਹਦਾਇਤਾਂ ਕੀਤੀਆਂ ਹਨ ਕਿ ਅਮਨ-ਸ਼ਾਂਤੀ ਭੰਗ ਕਰਨ ਦੇ ਖਦਸ਼ੇ ਤਹਿਤ ਜਾਂ ਗੰਭੀਰ ਅਪਰਾਧਿਕ ਗਤੀਵਿਧੀਆਂ ਵਿਚ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕੇਸਾਂ ਦੀ ਜਾਂਚ ਦੌਰਾਨ ਸਕਾਰਾਤਮਕ ਪਹੁੰਚ ਅਪਣਾਈ ਜਾਵੇ। ਸੂਬੇ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਸੂਬੇ ਦੇ ਸਾਰੇ ਐਸ.ਐਸ.ਪੀਜ਼ ਅਤੇ ਸੀਪੀਜ਼ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਕਿਸੇ ਵੀ ਬੇਕਸੂਰ ਵਿਅਕਤੀ ਨੂੰ ਤੰਗ-ਪ੍ਰੇਸ਼ਾਨ ਜਾਂ ਗ੍ਰਿਫਤਾਰ ਨਾ ਕੀਤਾ ਜਾਵੇ। ਡੀ.ਜੀ.ਪੀ. ਅੱਗੇ ਕਿਹਾ ਕਿ ਰੋਕਥਾਮ ਦੀਆਂ ਧਾਰਾਵਾਂ ਤਹਿਤ ਗ੍ਰਿਫਤਾਰ ਕੀਤੇ ਗਏ 353 ਵਿਅਕਤੀਆਂ ਤੋਂ ਇਲਾਵਾ 40 ਵਿਅਕਤੀਆਂ ਨੂੰ ਠੋਸ ਅਪਰਾਧਿਕ ਗਤੀਵਿਧੀਆਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਸੱਤ ਵਿਅਕਤੀਆਂ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਹਿਰਾਸਤ 'ਚ ਲਿਆ ਗਿਆ ਹੈ। ਡੀ.ਜੀ.ਪੀ. ਯਾਦਵ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੂਬੇ ਵਿਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਤੇ ਝੂਠੀਆਂ ਖਬਰਾਂ ਤੇ ਅਫਵਾਹਾਂ ਵੱਲ ਕੋਈ ਧਿਆਨ ਨਾ ਦੇਣ। ਉਨ੍ਹਾਂ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਫਵਾਹਾਂ ਤੇ ਝੂਠੀਆਂ ਖਬਰਾਂ ਫੈਲਾਉਣ ਵਾਲੇ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਦਾ ਮਾਹੌਲ ਖਰਾਬ ਨਹੀਂ ਹੋਣ ਦੇਵਾਂਗੇ: ਕੇਜਰੀਵਾਲ

**ਜਲੰਧਰ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੰਮ੍ਰਿਤਪਾਲ ਸਿੰਘ ਦਾ ਨਾਮ ਲਏ ਬਗੈਰ ਕਿਹਾ ਕਿ ਪੰਜਾਬ ਵਿਚ ਕੁਝ ਲੋਕ ਪਿਛਲੇ ਦਿਨਾਂ ਤੋਂ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਕਿਸੇ ਵੀ ਹਾਲਤ ਵਿਚ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ। ਕੇਜਰੀਵਾਲ ਨੇ ਕਿਹਾ ਕਿ ਸਰਕਾਰ ਨੂੰ ਕਈ ਵਾਰ ਸਖਤ ਫੈਸਲੇ ਲੈਣੇ ਪੈਂਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਕੁਝ ਸਖਤ ਫੈਸਲੇ ਵੀ ਲਏ ਹਨ। ਉਨ੍ਹਾਂ ਖੂਨ-ਖਰਾਬੇ ਤੋਂ ਬਗੈਰ ਪੰਜਾਬ ਦਾ ਮਾਹੌਲ ਠੀਕ ਰੱਖਿਆ ਹੋਇਆ। ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪੰਜਾਬ 'ਚੋਂ ਦੌੜ ਰਹੇ ਹਨ।

## ਪੱਪਲਪ੍ਰੀਤ ਮਾਮਲਾ: ਜੋੜਾ ਜੰਮੂ ਤੋਂ ਹਿਰਾਸਤ 'ਚ

**ਜੰਮੂ:** ਭਗੌੜੇ ਪੱਪਲਪ੍ਰੀਤ ਸਿੰਘ ਨਾਲ ਕਥਿਤ ਸਬੰਧਾਂ ਦੇ ਦੋਸ਼ ਹੇਠ ਪੁਲਿਸ ਨੇਂ ਜੰਮੂ ਦੇ ਬਾਹਰਵਾਰ ਆਰ.ਐਸ ਪੁਰਾ ਤੋਂ ਇਕ ਜੋੜੇ ਨੂੰ ਹਿਰਾਸਤ 'ਚ ਲਿਆ ਹੈ। ਅਧਿਕਾਰੀ ਨੇ ਕਿਹਾ ਕਿ ਅਮਰੀਕ ਸਿੰਘ ਤੇ ਉਸ ਦੀ ਪਤਨੀ ਸਰਬਜੀਤ ਕੌਰ ਨੂੰ ਪੰਜਾਬ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖਿਲਾਫ 18 ਮਾਰਚ ਤੋਂ ਸ਼ੁਰੂ ਕੀਤੀ ਗਈ ਕਾਰਵਾਈ ਤੋਂ ਬਾਅਦ ਪੱਪਲਪ੍ਰੀਤ ਤੇ ਅੰਮ੍ਰਿਤਪਾਲ ਸਿੰਘ ਭਗੌੜੇ ਹਨ।

# ਹੁਣ ਅੰਮ੍ਰਿਤਪਾਲ ਸਿੰਘ ਦੇ ਨੇਪਾਲ ਪਹੁੰਚਣ ਦੀਆਂ ਖਬਰਾਂ

**ਚੰਡੀਗੜ੍ਹ:** 'ਵਾਰਿਸ ਪੰਜਾਬ ਦੇ' ਦਾ ਮੁਖੀ ਅੰਮ੍ਰਿਤਪਾਲ ਸਿੰਘ ਭੇਸ ਬਦਲ ਕੇ ਪੰਜਾਬ ਦੀ ਜੂਹ ਛੱਡਣ ਵਿਚ ਕਾਮਯਾਬ ਹੋ ਗਿਆ ਹੈ, ਜਿਸ ਮਗਰੋਂ ਦੂਸਰੇ ਸੂਬਿਆਂ ਦੀ ਪੁਲਿਸ ਨੇ ਵੀ ਅਲਰਟ ਜਾਰੀ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਨੇਪਾਲ ਭੱਜਣ ਵਿਚ ਕਾਮਯਾਬ ਹੋ ਗਿਆ ਹੈ। ਭਾਰਤ ਵੱਲੋਂ ਨੇਪਾਲ ਸਰਕਾਰ ਨੂੰ ਇਸ ਸਬੰਧੀ ਚੌਕਸੀ ਵਰਤਣ ਦੀ ਬੇਨਤੀ ਕੀਤੀ ਹੈ। ਭਾਰਤੀ ਦੂਤਾਵਾਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਅੰਮ੍ਰਿਤਪਾਲ ਨੇਪਾਲ ਤੋਂ ਅੱਗੇ ਕਿਸੇ ਹੋਰ ਦੇਸ਼ ਵਿਚ ਭੱਜਣ ਵਿਚ ਸਫਲ ਨਾ ਹੋ ਜਾਵੇ, ਇਸ ਲਈ ਵੇਖਦੇ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇ।



ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਸ਼ਾਹਕੋਟ ਤੋਂ ਅੰਮ੍ਰਿਤਪਾਲ ਸਿੰਘ ਕਰੀਬ ਛੱਤੀ ਘੰਟਿਆਂ ਵਿਚ ਹਰਿਆਣਾ ਦੇ ਸ਼ਾਹਬਾਦ 'ਚ ਪੁੱਜਿਆ, ਜਿੱਥੇ ਉਸ ਨੇ ਇਕ ਔਰਤ ਬਲਜੀਤ ਕੌਰ ਦੇ ਘਰ 19 ਮਾਰਚ ਦੀ ਰਾਤ ਨੂੰ ਪਨਾਹ ਲਈ ਸੀ। ਦੂਸਰੇ ਦਿਨ ਹੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਪਪਲਪ੍ਰੀਤ ਸਿੰਘ ਨੇ ਸ਼ਾਹਬਾਦ ਤੋਂ ਅੱਗੇ ਚਾਲੇ ਪਾ ਦਿੱਤੇ ਸਨ। ਪੰਜਾਬ ਤੇ ਹਰਿਆਣਾ ਪੁਲਿਸ ਨੇ ਸਾਂਝਾ ਅਪਰੇਸ਼ਨ ਕਰ ਕੇ ਬਲਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਹੈ।

ਵੇਰਵਿਆਂ ਅਨੁਸਾਰ ਬਲਜੀਤ ਕੌਰ ਦੀ ਪੁੱਛ-ਪੜਤਾਲ ਤੋਂ ਸੰਕੇਤ ਮਿਲੇ ਹਨ ਕਿ ਅੰਮ੍ਰਿਤਪਾਲ ਸਿੰਘ ਆਪਣੇ ਸਾਥੀ ਪਪਲਪ੍ਰੀਤ ਸਿੰਘ ਸਮੇਤ ਉੱਤਰਾਖੰਡ 'ਚ ਦਾਖਲ ਹੋਏ, ਜਿਸ ਤੋਂ ਅੱਗੇ ਨੇਪਾਲ ਦਾਖਲ ਹੋ ਸਕਦੇ ਹਨ। ਪਤਾ ਲੱਗਿਆ ਹੈ ਕਿ ਅੱਧੀ ਦਰਜਨ ਸੂਬਿਆਂ 'ਚ ਅਲਰਟ ਜਾਰੀ ਹੋ ਚੁੱਕਿਆ ਹੈ ਤੇ ਅੰਮ੍ਰਿਤਪਾਲ ਖਿਲਾਫ ਲੁੱਕਆਊਟ ਸਰਕੁਲਰ ਵੀ ਪਹਿਲਾਂ ਜਾਰੀ ਹੋਇਆ ਹੈ।

ਕੌਮਾਂਤਰੀ ਭਾਰਤ-ਪਾਕਿ ਸਰਹੱਦ 'ਤੇ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਨਸ਼ਰ ਕਰ ਦਿੱਤੀਆਂ ਗਈਆਂ ਹਨ। ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਖਿਲਾਫ ਅੱਠ ਪੁਲਿਸ ਕੇਸ ਦਰਜ ਕੀਤੇ ਹਨ। ਦੂਸਰੇ ਪਾਸੇ ਸਿਆਸੀ ਤੌਰ 'ਤੇ ਪੰਜਾਬ ਵਿਚ ਸਰਕਾਰ ਪ੍ਰਤੀ ਅਜਿਹਾ ਨਜ਼ਰੀਆ ਬਣਨਾ ਸ਼ੁਰੂ ਹੋ ਗਿਆ ਹੈ ਕਿ ਪੰਜਾਬ ਪੁਲਿਸ ਸੂਬੇ ਦੇ ਬੇਕਸੂਰ ਨੌਜਵਾਨਾਂ ਨੂੰ ਫੜ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬਕਾਇਦਾ ਇਕ ਕਾਨੂੰਨੀ ਟੀਮ ਬਣਾ ਦਿੱਤੀ ਹੈ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਬੇਕਸੂਰ ਨੌਜਵਾਨਾਂ ਦੇ ਹੱਕ ਵਿਚ ਨਾਅਰਾ ਮਾਰਿਆ ਹੈ। ਬੇਸ਼ੱਕ ਪੰਜਾਬ ਵਿਚ ਇਸ ਵੇਲੇ ਅੰਮ੍ਰਿਤਪਾਲ ਸਿੰਘ ਦੇ ਸਮਰਥਨ 'ਚ ਕੋਈ ਧਰਨਾ ਨਜ਼ਰ ਨਹੀਂ ਆ ਰਿਹਾ ਹੈ ਪਰ ਮੌਜੂਦਾ ਸਰਕਾਰ ਖਿਲਾਫ ਸਿਆਸੀ ਬਿਰਤਾਂਤ ਬਣਨ ਲੱਗਾ ਹੈ। ਕਈ ਮਾਪਿਆਂ ਨੇ ਪੁਲਿਸ ਹਿਰਾਸਤ ਨੂੰ ਲੈ ਕੇ ਆਪਣੇ ਬੱਚਿਆਂ ਦੀ ਰਿਹਾਈ ਲਈ ਅਦਾਲਤਾਂ ਤੱਕ ਵੀ ਪਹੁੰਚ ਕੀਤੀ ਹੈ।

## ਪੰਜਾਬ ਨੂੰ ਅਫਗਾਨਿਸਤਾਨ ਨਹੀਂ ਬਣਨ ਦੇਵਾਂਗੇ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੂੰ ਫੜਨ ਲਈ ਚੱਲ ਰਹੇ ਅਪਰੇਸ਼ਨ ਦੌਰਾਨ ਸੂਬੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਨੂੰ ਅਫਗਾਨਿਸਤਾਨ ਨਹੀਂ ਬਣਨ ਦੇਣਗੇ ਤੇ ਨਾ ਹੀ ਪੰਜਾਬ ਵਿਰੋਧੀ ਤਾਕਤਾਂ ਦੇ ਮਨਸੂਬੇ ਕਾਮਯਾਬ ਹੋਣ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਧਰਮ ਦੇ ਨਾਮ 'ਤੇ ਦੁਕਾਨਾਂ ਚਲਾਉਣ ਵਾਲਿਆਂ ਦੇ ਦਿਮਾਗਾਂ 'ਚੋਂ ਗੜਬੜ ਕਰਨ ਦਾ ਭੁਲੇਖਾ ਕੱਢ ਦਿਆਂਗੇ। ਭਗਵੰਤ ਮਾਨ ਨੇ ਲਾਈਵ ਹੋ ਕੇ ਦੇਸ਼ ਵਿਰੋਧੀ ਤਾਕਤਾਂ ਨੂੰ ਤਾੜਿਆ ਹੈ। ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਨੂੰ ਪੁਰਾਣੇ ਦਿਨਾਂ ਵਿਚ ਨਹੀਂ ਜਾਣ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਲੋਕ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਸੂਬੇ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ।

## ਸਰਕਾਰਾਂ ਤਹੱਮਲ ਤੋਂ ਕੰਮ ਲੈਣ: ਬਾਦਲ

**ਚੰਡੀਗੜ੍ਹ:** ਪੰਜਾਬ ਦੇ ਪੰਜ ਵਾਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਅਤੇ ਦੇਸ਼ ਵਿਚ ਪਿਛਲੇ ਕੁਝ ਦਿਨਾਂ ਤੋਂ ਵਾਪਰ ਰਹੇ ਘਟਨਾਕ੍ਰਮ ਉਤੇ ਡੂੰਘੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸੂਬੇ ਵਿਚ ਅਮਨ ਤੇ ਭਾਈਚਾਰਕ ਸਾਂਝ ਬਣਾਏ ਰੱਖਣ ਅਤੇ ਕਿਸੇ ਤਰ੍ਹਾਂ ਦੇ ਸਰਕਾਰੀ ਦਮਨ ਚੱਕਰ ਤੋਂ ਗੁਰੇਜ਼ ਕਰਨ ਦੀ ਲੋੜ ਉਤੇ ਜੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਘੜੀ ਸਰਕਾਰਾਂ ਵੱਲੋਂ ਦੂਰ ਅੰਦੇਸ਼ੀ, ਸੂਝ-ਬੂਝ ਅਤੇ ਤੁਹੱਮਲ ਤੋਂ ਕੰਮ ਲੈਣ ਦੀ ਹੈ। ਸਮੂਹ ਪੰਜਾਬੀਆਂ ਤੇ ਦੇਸ ਵਾਸੀਆਂ ਦੇ ਨਾਮ ਇਥੋਂ ਜਾਰੀ ਇਕ ਸੰਦੇਸ ਵਿਚ ਬਾਦਲ ਨੇ ਕਿਹਾ ਕਿ ਖਾਲਸਾ ਪੰਥ, ਪੰਜਾਬ ਤੇ ਦੇਸ ਇਸ ਵਕਤ ਇਕ ਨਾਜ਼ਕ ਘੜੀ 'ਚੋਂ ਗੁਜਰ ਰਿਹਾ ਹੈ।

# ਪੀ ਸੀ ਐਸ ਦੇ 'ਰੰਗਲਾ ਪੰਜਾਬ 2023' ਦੀ ਹਰ ਪਾਸੇ ਸਿਫ਼ਤ

## ਮਲਵਈ ਗਿੱਧੇ ਨੇ ਲੁੱਟਿਆ ਮੇਲਾ; ਬੱਚਿਆਂ ਦੀਆਂ ਪੇਸ਼ਕਾਰੀਆਂ ਨੇ ਰੰਗ ਬੰਨ੍ਹਿਆ; ਮੇਲਾ ਰਿਹਾ 'ਸੋਲਡ ਆਊਟ'

**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਪੰਜ ਆਬਾਂ, ਗੁਰੂਆਂ-ਪੀਰਾਂ ਤੇ ਮੇਲਿਆਂ-ਤਿਉਹਾਰਾਂ ਦੀ ਧਰਤੀ ਪੰਜਾਬ, ਜਿਸ ਨੂੰ ਵੱਖ-ਵੱਖ ਵੰਨਗੀਆਂ ਕਾਰਨ 'ਰੰਗਲਾ ਪੰਜਾਬ' ਵੀ ਕਿਹਾ ਜਾਂਦਾ ਹੈ, ਦੀ ਸਿਫ਼ਤ 'ਚ ਅਤੇ ਵਿਸਾਖੀ ਮਨਾਉਣ ਲਈ ਸ਼ਿਕਾਗੋ ਦੀ ਮਸ਼ਹੂਰ ਸੰਸਥਾ ਪੰਜਾਬੀ ਕਲਚਰਲ ਸੋਸਾਇਟੀ ਆਫ਼ ਸ਼ਿਕਾਗੋ (ਪੀ ਸੀ ਐੱਸ) ਵਲੋਂ ਹਰ ਸਾਲ 'ਰੰਗਲਾ ਪੰਜਾਬ' ਸਮਾਗਮ ਕਰਵਾਇਆ ਜਾਂਦਾ ਹੈ, ਜਿਸ ਨੂੰ ਸ਼ਿਕਾਗੋ ਖੇਤਰ ਦਾ ਇਕਲੌਤਾ ਸਭ ਤੋਂ ਵੱਡਾ ਸਾਲਾਨਾ ਪੰਜਾਬੀ ਸੱਭਿਆਚਾਰਕ ਸਮਾਗਮ ਹੋਣ ਦਾ ਮਾਣ ਹਾਸਲ ਹੈ। ਐਤਕੀਂ 25 ਮਾਰਚ ਨੂੰ, MAC ਆਡੀਟੋਰੀਅਮ, ਕਾਲਜ ਆਫ਼ ਡੂਪੇਜ, ਗਲੇਨ ਐਲੀਨ, ਇਲੀਨੋਇਸ ਵਿਖੇ ਪੀ ਸੀ ਐੱਸ ਵਲੋਂ 29ਵਾਂ 'ਰੰਗਲਾ ਪੰਜਾਬ' ਸਮਾਗਮ ਕਰਵਾਇਆ ਗਿਆ, ਜਿਸ ਵਿਚ ਸੈਂਕੜੇ ਨਹੀਂ ਸਗੋਂ 1000 ਤੋਂ ਵੱਧ ਦਰਸ਼ਕ ਹਾਜ਼ਰ ਹੋਏ, ਜਿਸ ਤੋਂ ਇਸ ਪ੍ਰੋਗਰਾਮ ਦੀ ਹਰਮਨ-ਪਿਆਰਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਲੀਨੋਇਸ, ਇੰਡਿਆਨਾ ਅਤੇ ਵਿਸਕਾਨਸਿਨ ਦੇ ਲਗਭਗ 260 ਬੱਚਿਆਂ ਅਤੇ ਨੌਜਵਾਨਾਂ ਨੇ ਭੰਗੜੇ ਅਤੇ ਗਿੱਧੇ ਵਿਚ ਧਮਾਲਾਂ ਪਾ ਕੇ ਪੰਜਾਬ ਦੇ ਮੇਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ।




'ਰੰਗਲਾ ਪੰਜਾਬ' ਦੀ ਭਾਈਚਾਰੇ ਦੇ ਲੋਕਾਂ ਨੂੰ ਇੰਨੀ ਬੇਸਬਰੀ ਨਾਲ ਉਡੀਕ ਸੀ ਕਿ ਇਸ ਵਾਰ ਦਾ ਪ੍ਰੋਗਰਾਮ 'ਸੋਲਡ ਆਊਟ' ਰਿਹਾ, ਜਿਸ ਕਾਰਨ ਕਈਆਂ ਨੂੰ ਵਾਪਸ ਮੁੜਨਾ ਪਿਆ ਤੇ ਪ੍ਰਬੰਧਕਾਂ ਨੂੰ ਵੀ ਮੁਆਫੀ ਮੰਗਣੀ ਪਈ। ਮਹਿੰਦਰਜੀਤ ਸਿੰਘ ਸੈਣੀ ਪੀਸੀਐਸ ਬੋਰਡ ਆਫ਼ ਗਵਰਨਰ ਨੇ ਕਿਹਾ, 'ਪੀਸੀਐਸ ਉਨ੍ਹਾਂ ਸਾਰੇ ਕਮਿਊਨਿਟੀ ਮੈਂਬਰਾਂ ਤੋਂ ਮੁਆਫੀ ਮੰਗਦਾ ਹੈ ਜੋ ਅੰਦਰ ਨਹੀਂ ਜਾ ਸਕੇ ਅਤੇ ਉਨ੍ਹਾਂ ਨੂੰ ਵਾਪਸ ਆਉਣਾ ਪਿਆ ਕਿਉਂਕਿ ਸਮਾਗਮ ਪਹਿਲਾਂ ਹੀ ਵਿਕ ਗਿਆ ਸੀ। ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਕਿਰਪਾ ਕਰਕੇ ਅਗਲੀ ਵਾਰ ਰੰਗਲਾ ਪੰਜਾਬ ਵਿਚ ਲਈ ਆਪਣੀਆਂ ਟਿਕਟਾਂ ਪਹਿਲਾਂ ਹੀ ਖਰੀਦ ਲਵੋ'। ਖਚਾ-ਖਚ ਭਰੇ ਹਾਲ ਵਿਚ ਪਹਿਲਾਂ ਹੀ ਦਰਸ਼ਕ ਆਪਣੀਆਂ ਸੀਟਾਂ ਮੱਲ ਕੇ ਬੈਠੇ ਸਨ। ਉਪਰ ਆਡੀਟੋਰੀਅਮ ਵਿਚ ਕਈ ਦਰਸ਼ਕ ਮਰਜ਼ੀ ਨਾਲ ਹੀ ਖੜ੍ਹੇ ਸਨ ਤੇ ਆਪਸ ਵਿਚ ਹਾਸਾ-ਠੱਠਾ ਕਰ ਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਰਹੇ ਸਨ। ਇਹ ਸਮਾਗਮ ਪੀਸੀਐਸ ਅਧਿਕਾਰੀਆਂ ਵਲੋਂ ਬਹੁਤ ਸਾਰੇ ਆਈਟਮ ਕੋਆਰਡੀਨੇਟਰਾਂ, ਵਾਲੰਟੀਅਰਾਂ ਅਤੇ ਕਮਿਊਨਿਟੀ ਸਪਾਂਸਰਾਂ ਦੀ ਮਦਦ ਅਤੇ ਸਮਰਥਨ ਨਾਲ ਕਰਵਾਇਆ ਗਿਆ।




ਸੱਜ-ਫੱਬ ਕੇ ਮੇਲੇ ਵਿਚ ਪੁੱਜੇ ਮੇਲੀ ਤੇ ਮੇਲਣਾਂ, ਭੰਗੜੇ ਤੇ ਗਿੱਧੇ ਵਾਲੀਆਂ ਵਰਦੀਆਂ ਵਿਚ ਘੁੰਮਦੇ ਨਿੱਕੇ ਬੱਚਿਆਂ ਤੋਂ ਲੈ ਕੇ ਗੱਭਰੂ-ਮੁਟਿਆਰਾਂ, ਭੰਗੜੇ ਅਤੇ ਗਿੱਧੇ ਦੀਆਂ ਧੁਨਾਂ, ਝੂਮਰ ਦੀਆਂ ਮਨਮੋਹਕ ਤਾਲਾਂ, ਮਲਵਈ ਗਿੱਧੇ ਵਿਚ ਪੈਂਦੀਆਂ ਬੋਲੀਆਂ ਤੇ ਵੱਜਦੇ ਢੋਲਕੀਆਂ ਤੇ ਬੁਗਚੂ, ਪੰਜਾਬ ਦੇ ਮੌਜੂਦਾ ਹਾਲ ਨੂੰ ਬਿਆਨ ਕਰਦੀ ਕਾਮੇਡੀ ਸਕਿੱਟ, ਸੁਰੀਲੇ ਗੀਤਾਂ ਅਤੇ ਉੱਚ ਪੱਧਰੀ ਪੇਸ਼ਕਾਰੀਆਂ ਨੇ ਇਸ ਨੂੰ ਸੱਚਮੁੱਚ 'ਰੰਗਲੀ ਸ਼ਾਮ' ਬਣਾ ਦਿੱਤਾ। ਚਿੱਟੀਆਂ ਸੱਭਿਆਚਾਰਕ ਪੁਸ਼ਾਕਾਂ ਵਿਚ ਸਜ ਕੇ ਆਏ ਮਲਵਈ ਗਿੱਧੇ ਦੇ ਗੱਭਰੂਆਂ ਨੇ ਜਦੋਂ ਬੋਲੀਆਂ ਪਾਈਆਂ, ਢੋਲ ਵਜਾਏ, ਕਾਟੋ ਨਾਲ ਕਲਾਕਾਰੀਆਂ ਕੀਤੀਆਂ, ਬੁਗਚੂ ਦੇ ਸਾਜ਼ ਵਜਾਏ ਤੇ ਮਸਤੀ 'ਚ ਝੂਮ-ਝੂਮ ਕੇ ਗਿੱਧਾ ਪਾਇਆ ਤਾਂ ਇਹ ਪ੍ਰਗਰਾਮ ਦਾ ਹਾਸਲ ਹੋ ਨਿੱਬੜਿਆ। ਗੱਭਰੂਆਂ ਦੇ ਝੂੰਮਰ ਨੇ ਸਭ ਨੂੰ ਝੂਮਣ ਲਾ ਦਿੱਤਾ।



ਭਾਗ ਲੈਣ ਵਾਲੇ ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਦੇ ਕੋ-ਆਰਡੀਨੇਟਰਾਂ ਤੇ ਮਾਪਿਆਂ ਦਾ ਵੀ ਪੂਰਾ ਜ਼ੋਰ ਲੱਗਿਆ ਹੋਇਆ ਸੀ। ਉਂਝ ਸਾਰੇ ਇਕ-ਦੂਜੇ ਦਾ ਸਹਿਯੋਗ ਕਰਦੇ ਨਜ਼ਰ ਆਏ, ਜੋ ਕਿ ਇਸ ਪ੍ਰੋਗਰਾਮ ਦਾ ਮਕਸਦ ਸੀ। ਬੱਚਿਆਂ ਦੇ ਖਾਣ-ਪੀਣ ਦਾ ਵੀ ਖਾਸ ਧਿਆਨ ਰੱਖਿਆ ਗਿਆ, ਤੇ ਉਨ੍ਹਾਂ ਲਈ ਖਾਸ ਤੌਰ 'ਤੇ ਸਬ-ਵੇਅ ਦਾ ਪ੍ਰਬੰਧ ਸੀ, ਜਿਸ ਤੋਂ ਬੱਚੇ ਖੁਸ਼ ਨਜ਼ਰ ਆਏ, ਉਂਜ ਕਈ ਮਾਪੇ ਘਰੋਂ ਵੀ ਸੁਆਦਲੇ ਖਾਣੇ ਨਾਲ ਲੈ ਕੇ ਆਏ ਸਨ।

ਪ੍ਰਬੰਧਕਾਂ ਅਤੇ ਟੀਮਾਂ ਦੀਆਂ ਕਈ ਮਹੀਨਿਆਂ ਦੀਆਂ ਤਿਆਰੀਆਂ ਮਗਰੋਂ ਅਖੀਰ ਸਾਰੀਆਂ ਪੇਸ਼ਕਾਰੀਆਂ ਬਾ-ਕਮਾਲ ਹੋਈਆਂ, ਜਿਨ੍ਹਾਂ ਨੇ ਦਰਸ਼ਕਾਂ ਨੂੰ ਕੁਰਸੀਆਂ ਨਾਲ ਜੁੜੇ ਰਹਿਣ ਲਈ ਮਜਬੂਰ ਕਰ ਦਿੱਤਾ। ਦਰਸ਼ਕਾਂ ਦੀਆਂ ਤਾੜੀਆਂ, ਕੂਕਾਂ ਤੋਂ ਹੀ ਪ੍ਰੋਗਰਾਮ ਦੇ ਸਫਲ ਰਹਿਣ ਤੇ ਪ੍ਰਬੰਧਕਾਂ ਦੀ ਮਿਹਨਤ ਨੂੰ ਬੂਰ ਪੈਣ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਮਾਪਿਆਂ ਨੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਮੌਕੇ, ਮੁਫ਼ਤ ਕੋਚਿੰਗ ਅਤੇ ਪਲੇਟਫਾਰਮ ਪ੍ਰਦਾਨ ਕਰਨ ਲਈ ਪੀਸੀਐਸ ਦੀ ਪ੍ਰਸ਼ੰਸਾ ਕੀਤੀ।




ਪ੍ਰੋਗਰਾਮ ਵਿਚ ਡਾ. ਭੁਪਿੰਦਰ ਸਿੰਘ ਸੈਣੀ, ਸਾਬਕਾ ਚੇਅਰਮੈਨ ਅਤੇ ਐਡਵਾਂਸਡ ਪੇਨ ਮੈਨੇਜਮੈਂਟ ਦੇ ਸੰਸਥਾਪਕ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਲਾਕੇ ਦੇ ਸਤਿਕਾਰਤ ਵਪਾਰੀ ਤੇ ਪੀਸੀਐਸ ਦੇ ਚੇਅਰਮੈਨ ਸ. ਨਿਕ ਬਲਵਿੰਦਰ ਸਿੰਘ ਨੇ ਆਖਿਆ, 'ਇਹ ਪ੍ਰੋਗਰਾਮ ਸਥਾਨਕ ਭਾਈਚਾਰਕ ਪ੍ਰਤਿਭਾ ਨੂੰ ਉਤਸ਼ਾਹਿਤ ਕਰਦਾ ਹੈ। ਪੰਜਾਬੀ ਕਲਚਰਲ ਸੋਸਾਇਟੀ ਆਫ਼ ਸ਼ਿਕਾਗੋ ਦੇ ਵਾਲੰਟੀਅਰ ਸਥਾਨਕ ਪੰਜਾਬੀ ਕਲਾਕਾਰਾਂ ਨੂੰ ਸਿਖਲਾਈ ਦਿੰਦੇ ਹਨ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਪਲੇਟਫਾਰਮ ਪ੍ਰਦਾਨ ਕਰਦੇ ਹਨ। ਇਸ ਵਿਚ 6 ਤੋਂ 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਤਜਰਬੇਕਾਰ ਕਲਾਕਾਰਾਂ ਨੇ ਭਾਗ ਲਿਆ'। ਪੀ.ਸੀ.ਐਸ. ਦੇ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ ਨੇ ਕਿਹਾ, 'ਰੰਗਲਾ ਪੰਜਾਬ' ਸਮਾਗਮ ਪੰਜਾਬੀ ਨੌਜਵਾਨਾਂ ਨੂੰ ਉਨ੍ਹਾਂ ਦੇ ਵਿਰਸੇ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੋੜਦਾ ਹੈ। ਮੈਨੂੰ ਪੀਸੀਐਸ ਦੀ ਮਿਹਨਤੀ ਅਤੇ ਸਮਰਪਿਤ ਟੀਮ 'ਤੇ ਮਾਣ ਹੈ।'

ਪੀਸੀਐਸ ਦੇ ਮੀਤ ਪ੍ਰਧਾਨ ਮਨਜੀਤ ਸਿੰਘ ਭੱਲਾ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਸ਼ਾਮ ਦੇ ਪ੍ਰੋਗਰਾਮ ਦੀ ਸ਼ੁਰੂਆਤ ਰਾਗਿਨੀ ਸਿੰਘ ਦੁਆਰਾ ਗਾਏ ਯੂ.ਐਸ ਦੇ ਰਾਸ਼ਟਰੀ ਗੀਤ ਨਾਲ ਹੋਈ। ਇਸ ਤੋਂ ਬਾਅਦ ਅਨੀਲ ਸਿੰਘ, ਅਵਰ ਸਿੰਘ ਅਤੇ ਡਾ. ਅੰਮ੍ਰਿਤ ਸਿੰਘ ਆਨੰਦ ਨੇ ਗੁਰਬਾਣੀ ਸ਼ਬਦ ਗਾਇਨ ਕੀਤਾ।




ਪ੍ਰੋਗਰਾਮ ਦੀਆਂ ਕੁਲ 28 ਆਈਟਮਾਂ ਸਨ, ਜੋ ਤਿੰਨ ਭਾਗਾਂ ਵਿਚ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿਚ ਪੰਜਾਬੀ ਲੋਕ ਨਾਚ ਭੰਗੜਾ ਅਤੇ ਗਿੱਧਾ, ਪੰਜਾਬੀ ਲੋਕ ਸੰਗੀਤ ਅਤੇ ਗੀਤ ਅਤੇ ਗੁਰਮੁਖ ਸਿੰਘ ਭੁੱਲਰ ਤੇ ਸਾਥੀਆਂ ਦੀ ਡੂੰਘੇ ਸੰਦੇਸ਼ ਵਾਲੀ ਹਾਸਰਸ ਕਾਮੇਡੀ ਸਕਿੱਟ ਸ਼ਾਮਲ ਸੀ। ਪ੍ਰੋਗਰਾਮ ਦੀ ਸ਼ੁਰੂਆਤ ਰਣਸ਼ੇਰ ਸਿੰਘ ਕਲੇਰ, ਸੀਰਤ ਕੌਰ ਕਲੇਰ, ਗੁਰਲੀਨ ਕੌਰ, ਮਨਪ੍ਰੀਤ ਕੌਰ ਭੱਲਾ ਅਤੇ ਸਿਮਰਨ ਕੌਰ ਭੱਲਾ ਨੇ ਕੀਤੀ। ਗੁਰਲੀਨ ਕੌਰ ਨੇ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਸਟੇਜ ਤੋਂ ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਨੂੰ ਸੰਭਾਲਣ ਦੀ ਗੱਲ ਕਰਦਿਆਂ ਕਿਹਾ,



ਕੋਈ ਨਾ ਜਾਣੇ ਸਾਨੂੰ ਸੱਭਿਆਚਾਰ ਬਿਨਾਂ
ਚਰਖਾ ਰੋਂਦਾ ਵੇਖਿਆ ਮੈਂ ਮੁਟਿਆਰ ਬਿਨਾ।

ਕਰਨ ਪਰਮਾਰ, ਮਨਦੀਪ ਕੁਮਾਰ, ਕਿਰਨ ਭੱਲਾ, ਅਮਨ ਕੁਲਾਰ, ਹਰਜੀਤ ਕੌਰ, ਸਾਨਿਆ



ਮਹਾਜਨ, ਜੀਆ ਧਾਲੀਵਾਲ, ਜੈਸਮੀਨ ਹੁੰਜਨ, ਰਾਜ ਧਾਲੀਵਾਲ, ਪਾਇਲ ਵਿਰਦੀ, ਕਵਲਜੀਤ ਕੌਰ, ਨਵਜੋਧ ਸਿੰਘ ਬਾਜਵਾ, ਨੇਹਾ ਸੋਬਤੀ, ਨਵਤੇਜ ਸੋਹੀ, ਅਵਨੀਤ ਔਜਲਾ, ਰਵਿੰਦਰ ਧਨੇਸਰ, ਗੁਰਮੁੱਖ ਸਿੰਘ ਭੁੱਲਰ, ਸੋਨੀ ਜੱਜ,



ਸੁਖਵੀਰ ਕੌਰ ਢਿੱਲੋਂ ਦੇ ਯਤਨਾਂ ਸਦਕਾ ਡਾਂਸ ਆਈਟਮਾਂ ਤਿਆਰ ਕੀਤੀਆਂ ਗਈਆਂ।

ਪੰਜਾਬੀ ਗੀਤਾਂ ਦੀ ਪੇਸ਼ਕਾਰੀ ਸੋਮੇ ਕਾਂਬਲੀ



ਅਤੇ ਮਿਤੇਸ਼ ਕਾਂਬਲੀ ਨੇ ਕੀਤੀ। ਸ਼ਿਕਾਗੋ ਦੀ ਜਾਣੀ-ਪਛਾਣੀ ਗਾਇਕਾ ਮੋਨਾ ਭੱਲਾ ਨੇ ਲੋਕ ਗੀਤ "ਲੱਠੇ ਦੀ ਚਾਦਰ" ਗਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਉਸ ਨੇ ਹਾਸੇ ਵਿਚ ਦੱਸਿਆ ਕਿ ਉਹ ਵੈਡਿੰਗ ਪਲਾਨਰ ਵੀ ਬਣ ਗਈ ਹੈ, ਤੇ



ਜੇ ਕਿਸੇ ਨੇ ਵਿਆਹ ਕਰਵਾਉਣੈ ਜਾਂ 'ਦੁਬਾਰਾ ਵਿਆਹ' ਕਰਵਾਉਣੈ ਤਾਂ ਉਸ ਨਾਲ ਸੰਪਰਕ ਕਰ ਸਕਦੈ, ਜਿਸ 'ਤੇ ਦਰਸ਼ਕਾਂ 'ਚੋਂ ਕਈਆਂ ਨੇ




ਕਿਹਾ ਕਿ ਉਨ੍ਹਾਂ ਦਾ ਵਿਆਹ ਕਰਵਾ ਦਵੇ।

ਨਵਤੇਜ ਸਿੰਘ ਸੋਹੀ ਅਤੇ ਰਜਿੰਦਰ ਸਿੰਘ ਮਾਗੋ ਨੇ ਮੰਚ ਸੰਚਾਲਨ ਕਰਨ ਵਾਲੀਆਂ ਟੀਮਾਂ, ਐਮਸੀਜ਼ ਅਤੇ ਮੰਚ ਸੰਚਾਲਨ ਨੂੰ ਸਹਿਯੋਗ ਦਿੱਤਾ। ਜਿਗਰਦੀਪ ਸਿੰਘ ਢਿੱਲੋਂ ਨੇ ਸਾਊਂਡ ਅਤੇ ਲਾਈਟ ਟੈਕਨੀਸ਼ੀਅਨ ਦਾ ਸਹਿਯੋਗ ਦਿੱਤਾ ਅਤੇ ਸੁਰੱਖਿਆ ਦੇ ਪ੍ਰਬੰਧ ਕੀਤੇ। ਇਨਾਮਾਂ ਦੀ ਵੰਡ ਭੁਪਿੰਦਰ ਸਿੰਘ ਧਾਲੀਵਾਲ, ਭਿੰਦਰ ਸਿੰਘ ਪੰਮਾ, ਵਿੱਕ ਸਿੰਘ, ਪਰਵਿੰਦਰ ਸਿੰਘ ਨਨੂਆ, ਜਸਬੀਰ ਸਿੰਘ ਪਲੀਆ ਨੇ ਕੀਤੀ। ਬਲਵਿੰਦਰ ਸਿੰਘ ਗਿਰਨ, ਮਹਿੰਦਰਜੀਤ ਸਿੰਘ ਸੈਣੀ, ਗੁਰਪ੍ਰੀਤ ਸਿੰਘ ਸਿੱਧੂ ਨੇ ਟਿਕਟਾਂ ਦੀ ਵਿਕਰੀ ਅਤੇ ਪਰਮਜੋਤ ਪਰਮਾਰ ਨੇ ਸੁਰੱਖਿਆ ਦਾ ਪ੍ਰਬੰਧ ਕੀਤਾ। ਹਰਵਿੰਦਰ ਪਾਲ ਲੈਲ ਨੇ ਸਿੰਘਜ਼ ਕਿਚਨ ਦੁਆਰਾ ਤਿਆਰ ਕੀਤੇ ਗਏ ਲਜ਼ੀਜ਼ ਵੀਆਈਪੀ ਡਿਨਰ ਦਾ ਸੰਚਾਲਨ ਕੀਤਾ।

ਗੁਰਲਾਲ ਸਿੰਘ ਭੱਠਲ ਨੇ ਫਾਇਨਾਂਸ, ਵਿੱਕ ਸਿੰਘ ਨੇ ਭਾਗ ਲੈਣ ਵਾਲਿਆਂ ਅਤੇ ਵਾਲੰਟੀਅਰਾਂ ਦੇ ਭੋਜਨ ਦਾ ਪ੍ਰਬੰਧ ਕੀਤਾ। ਬਲਵਿੰਦਰ ਗਿਰਨ ਅਤੇ ਬਿਕਰਮ ਸੋਹੀ ਪਾਣੀ ਦੀਆਂ ਬੋਤਲਾਂ ਲੈ ਕੇ ਆਏ। ਪਰਵਿੰਦਰ ਨਨੂਆ, ਇਕਬਾਲ ਸਿੰਘ ਸੈਣੀ, ਗੁਰਮੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿਰਨ, ਯਾਦਵਿੰਦਰ ਸਿੰਘ ਗਰੇਵਾਲ ਅਤੇ ਕਈ ਹੋਰ ਵਾਲੰਟੀਅਰਾਂ ਨੇ ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਨੂੰ ਕ੍ਰਮਬੱਧ ਕੀਤਾ। ਮਨਜੀਤ ਸਿੰਘ ਭੱਲਾ ਨੇ



ਲਾਬੀ ਵਿਚ ਵਿਕਰੇਤਾਵਾਂ ਦੇ ਬੂਥਾਂ ਦਾ ਪ੍ਰਬੰਧਨ ਕੀਤਾ, ਜਿਸ ਵਿਚ ਮਿਸ ਮ੍ਰਿਦੂ ਚੰਦਰਾ ਦੁਆਰਾ ਇਕ ਪ੍ਰਦਰਸ਼ਨੀ ਸ਼ਾਮਲ ਸੀ, ਜਿਸ ਰਾਹੀਂ ਦਲੀਪ ਸਿੰਘ ਸੌਂਦ ਬਾਰੇ ਇੱਕ ਦਸਤਾਵੇਜ਼ੀ ਫਿਲਮ ਬਣਾਉਣ ਲਈ ਫੰਡ ਇਕੱਠਾ ਕੀਤਾ ਗਿਆ। ਕਈ



ਹੋਰ ਵਾਲੰਟੀਅਰਾਂ ਨੇ ਪਹਿਰਾਵੇ, ਦਸਤਾਰ ਬੰਨ੍ਹਣ, ਅਤੇ ਪ੍ਰਦਰਸ਼ਨ ਲਾਈਨ-ਅਪਸ ਲਈ ਕਲਾਕਾਰਾਂ ਦੀ ਸਟੇਜ ਤੋਂ ਮਦਦ ਕੀਤੀ। ਸਾਰੇ ਭਾਗੀਦਾਰਾਂ ਨੂੰ ਇਨਾਮ ਅਤੇ ਮੁਫਤ ਭੋਜਨ ਦਿੱਤਾ ਗਿਆ।

ਪੀਸੀਐਸ ਦੇ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ ਨੇ ਹਾਜ਼ਰੀਨ, ਵਿਸ਼ੇਸ਼ ਮਹਿਮਾਨਾਂ ਦਾ ਸਵਾਗਤ ਕੀਤਾ, ਭਾਗ ਲੈਣ ਵਾਲਿਆਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਅਤੇ ਪੀਸੀਐਸ ਬੋਰਡ ਆਫ਼ ਡਾਇਰੈਕਟਰਜ਼, ਐਡਵਾਈਜ਼ਰਾਂ ਅਤੇ ਗਵਰਨਰਾਂ ਅਤੇ ਪੀਸੀਐਸ ਚੇਅਰਮੈਨ ਬਲਵਿੰਦਰ ਸਿੰਘ (ਨਿੱਕ) ਨਾਲ ਜਾਣ-ਪਛਾਣ ਕਰਵਾਈ, ਜਿਨ੍ਹਾਂ



ਨੇ ਕਾਂਸੀ ਅਤੇ ਚਾਂਦੀ ਦੇ ਸਪਾਂਸਰਾਂ ਨੂੰ ਮਾਨਤਾ ਪੱਤਰ ਭੇਟ ਕੀਤੇ।

ਰਜਿੰਦਰ ਸਿੰਘ ਮਾਗੋ ਨੇ ਸ਼ਿਕਾਗੋ ਸਥਿਤ ਭਾਰਤੀ ਕੌਂਸਲੇਟ ਦੇ ਕੌਂਸਲਰ ਰਣਜੀਤ ਸਿੰਘ ਨਾਲ ਜਾਣ-ਪਛਾਣ ਕਰਵਾਈ, ਜਿਨ੍ਹਾਂ ਨੇ



ਪੀ.ਸੀ.ਐਸ. ਦੇ ਸਾਬਕਾ ਪ੍ਰਧਾਨ ਪਰਵਿੰਦਰ ਸਿੰਘ ਨਨੂਆ ਅਤੇ ਸਾਬਕਾ ਚੇਅਰਮੈਨ ਕੇਵਿਨਦੀਪ ਸਿੰਘ ਅਟਵਾਲ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨ ਚਿੰਨ੍ਹ ਭੇਟ ਕੀਤੇ।

ਸ੍ਰੀ ਮਾਗੋ ਨੇ ਮੁੱਖ ਮਹਿਮਾਨ ਡਾ: ਭੁਪਿੰਦਰ ਸਿੰਘ ਸੈਣੀ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ ਗੋਲਡ ਸਪਾਂਸਰਾਂ ਨੂੰ ਪਲੇਕਾਂ ਦੇ ਕੇ ਸਨਮਾਨਿਤ ਕੀਤਾ। ਡਾ. ਸੈਣੀ ਨੇ ਪੰਜਾਬੀ ਸੱਭਿਆਚਾਰ ਅਤੇ ਪਰਫਾਰਮਿੰਗ ਆਰਟਸ ਨੂੰ ਪ੍ਰਫੁੱਲਤ ਕਰਨ ਅਤੇ ਪੀਸੀਐਸ ਟੀਮ ਨੂੰ ਇਸ ਸ਼ਾਨਦਾਰ ਅਤੇ ਸੋਲਡ ਆਊਟ ਸਮਾਗਮ ਲਈ ਵਧਾਈ ਦਿੱਤੀ।

ਪ੍ਰੋਗਰਾਮ ਦੀ ਸਮਾਪਤੀ ਹਾਜ਼ਰੀਨ ਦੇ ਟਿਕਟ ਸਟੱਬਾਂ ਵਿਚੋਂ ਕੱਢੀ ਗਈ ਇੱਕ ਰੈਫਲ ਨਾਲ ਹੋਈ। ਸ੍ਰੀਮਤੀ ਮਾਂਗਟ, ਹਰਜੀਤ ਸਿੰਘ ਗਿੱਲ ਅਤੇ ਲਖਬੀਰ ਸਿੰਘ ਸੰਧੂ ਵੱਲੋਂ ਜੇਤੂਆਂ ਨੂੰ ਆਈ-ਪੈਡ, ਆਈ-ਪੈਡ ਮਿਨੀ ਅਤੇ ਐਪਲ ਘੜੀ ਇਨਾਮ ਵਜੋਂ ਦਿੱਤੇ ਗਏ।

ਪ੍ਰੋਗਰਾਮ ਦੇ ਗ੍ਰੈਂਡ ਸਪਾਂਸਰਾਂ ਵਿਚ ਡਾ. ਭੁਪਿੰਦਰ ਸਿੰਘ ਸੈਣੀ, ਪਲੈਟੀਨਮ ਸਪਾਂਸਰ ਚੇਅਰਮੈਨ ਬਲਵਿੰਦਰ ਸਿੰਘ (ਨਿੱਕ), ਗੋਲਡ ਸਪਾਂਸਰ ਹਰਜਿੰਦਰ ਸਿੰਘ ਖਹਿਰਾ, ਗੁਲਜ਼ਾਰ ਸਿੰਘ ਮੁਲਤਾਨੀ, ਡਾ: ਵਿਕਰਮਜੀਤ ਸਿੰਘ ਗਿੱਲ, ਜਸਕਰਨ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਗੋਲਡੀ, ਰਾਜਪ੍ਰੀਤ ਕੌਰ ਧਾਲੀਵਾਲ, ਕੇਵਿਨਦੀਪ ਸਿੰਘ ਅਟਵਾਲ, ਡਾ: ਅਮਰੀਕ ਸਿੰਘ ਸੋਹੀ, ਜੈਦੇਵ ਸਿੰਘ ਭੱਠਲ, ਸ਼ੇਰ-ਏ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਮਿਡਵੈਸਟ ਸ਼ਾਮਲ ਸਨ।

ਸਿਲਵਰ ਸਪਾਂਸਰ ਪ੍ਰੀਤਮ ਸਿੰਘ ਨਨੂਆ, ਡਾ: ਅੰਮ੍ਰਿਤ ਵਿਰਕ, ਅਮਰੀਕ ਪਾਲ ਸਿੰਘ, ਅੰਮ੍ਰਿਤਪਾਲ ਮਾਂਗਟ, ਅਵਤਾਰ ਸਿੰਘ ਭੌਰਾ, ਲੱਕੀ ਸਹੋਤਾ, ਲਖਬੀਰ ਸਿੰਘ ਸੰਧੂ ਸਨ। ਕਾਂਸੀ ਦੇ ਸਪਾਂਸਰ ਸਨ, ਸਨੋਵਰ ਸੋਹੀ, ਰਜਿੰਦਰ ਸਿੰਘ ਦਿਆਲ, ਇਕਬਾਲ ਸਿੰਘ ਸੈਣੀ, ਅਮੋਲਕ ਸਿੰਘ



ਗਿੱਧਾ, ਹਰਕੇਵਲ ਸਿੰਘ ਲਾਲੀ, ਵਿਪਨ ਕਲੇਰ, ਜੋਰਾਵਰ ਸਿੰਘ ਜਾਰੀਆ, ਸਵੇਰਾ, ਜਗਜੀਤ ਸਿੰਘ ਚੀਡਸਾ, ਦਵਿੰਦਰ ਸਿੰਘ ਰੰਗੀ, ਸਵਰਨ ਸਿੰਘ ਸੇਖੋਂ, ਪੀ.ਐਸ. ਮਾਨ, ਹਰਜਿੰਦਰ ਸਿੰਘ ਕਾਹਲੋਂ ਅਤੇ ਹਾਕ ਟਰੱਕ ਡਰਾਈਵਿੰਗ ਸਕੂਲ।



ਫੋਟੋਗ੍ਰਾਫੀ ਏਸ਼ੀਅਨ ਮੀਡੀਆ ਦੁਆਰਾ ਕੀਤੀ ਗਈ।

ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਇੱਕ ਗੈਰ-ਮੁਨਾਫ਼ਾ ਕਮਿਊਨਿਟੀ ਸੇਵਾ ਸੰਸਥਾ ਹੈ, ਜੋ ਸ਼ਿਕਾਗੋ ਮੈਟਰੋਪੋਲੀਟਨ ਖੇਤਰ ਅਤੇ ਇਸ ਤੋਂ ਬਾਹਰ ਪੰਜਾਬੀ ਸੱਭਿਆਚਾਰ, ਪ੍ਰਦਰਸ਼ਨ ਕਲਾ, ਸਿੱਖਿਆ, ਖੇਡਾਂ ਅਤੇ ਚੰਗੀ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ।



**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਿਲਕੀਸ ਦੀ ਅਰਜ਼ੀ 'ਤੇ ਕੇਂਦਰ ਤੇ ਗੁਜਰਾਤ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ:** ਸਮੂਹਿਕ ਜਬਰ ਜਨਾਹ ਤੇ ਹੱਤਿਆ ਕੇਸ ਵਿਚ ਦੋਸ਼ੀਆਂ ਦੀ ਸਜਾ ਮੁਆਫੀ ਵਿਰੁੱਧ ਪੀੜਤਾ ਬਿਲਕੀਸ ਬਾਨੋ ਵੱਲੋਂ ਦਾਇਰ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਕੇਂਦਰ, ਗੁਜਰਾਤ ਸਰਕਾਰ ਤੇ ਹੋਰਾਂ ਤੋਂ ਜਵਾਬ ਤਲਬ ਕੀਤਾ ਹੈ। ਸੰਨ 2002 ਦੇ ਗੁਜਰਾਤ ਦੰਗਿਆਂ ਤੋਂ ਬਾਅਦ ਇਹ ਜਬਰ ਜਨਾਹ ਤੇ ਹੱਤਿਆ ਦੀਆਂ ਘਟਨਾਵਾਂ ਵਾਪਰੀਆਂ ਸਨ। ਬਾਨੋ ਨੇ ਅਰਜ਼ੀ ਦਾਇਰ ਕਰ ਕੇ ਇਸ ਮਾਮਲੇ ਵਿਚ ਦੋਸ਼ੀਆਂ ਨੂੰ ਮਿਲੀ ਸਜਾ ਮੁਆਫੀ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ 18 ਅਪਰੈਲ ਨੂੰ ਰੱਖੀ ਹੈ। ਬੈਂਚ ਨੇ ਕਿਹਾ ਕਿ ਇਸ ਮਾਮਲੇ ਦੁਆਲੇ ਕਈ ਮੁੱਦੇ ਹਨ, ਜਿਨ੍ਹਾਂ ਉਤੇ ਵਿਸਤਾਰ ਨਾਲ ਸੁਣਵਾਈ ਲੋੜੀਂਦੀ ਹੈ। ਇਸ ਤੋਂ ਬਾਅਦ ਅਦਾਲਤ ਨੇ ਕੇਂਦਰ, ਗੁਜਰਾਤ ਸਰਕਾਰ ਤੇ ਦੋਸ਼ੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ। ਗੁਜਰਾਤ



ਸਰਕਾਰ ਨੂੰ ਅਗਲੀ ਸੁਣਵਾਈ ਵੇਲੇ ਸਜਾ ਮੁਆਫੀ ਵਾਲੀਆਂ ਫਾਈਲਾਂ ਵੀ ਲਿਆਉਣ ਲਈ ਕਿਹਾ ਗਿਆ ਹੈ। ਅਦਾਲਤ ਨੇ ਸੁਣਵਾਈ ਦੌਰਾਨ ਕਿਹਾ ਕਿ ਉਹ ਇਸ ਮਾਮਲੇ ਨੂੰ ਜਜ਼ਬਾਤੀ ਪੱਖ ਤੋਂ ਨਹੀਂ ਬਲਕਿ ਕਾਨੂੰਨ ਮੁਤਾਬਕ ਸੁਣਨਗੇ। ਜ਼ਿਕਰਯੋਗ ਹੈ ਕਿ 4 ਜਨਵਰੀ ਨੂੰ ਸੁਪਰੀਮ ਕੋਰਟ ਦੇ ਇਕ ਬੈਂਚ ਨੇ ਬਾਨੋ ਤੇ ਹੋਰਾਂ ਵੱਲੋਂ ਦਾਇਰ ਪਟੀਸ਼ਨ ਨੂੰ ਸਵੀਕਾਰ ਕੀਤਾ ਸੀ।

# ਫੰਡ ਰੋਕਣ 'ਤੇ ਮਾਨ ਸਰਕਾਰ ਦਾ ਕੇਂਦਰ ਨਾਲ ਗਿਲਾ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸੂਬਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰ ਕੇ ਕੇਂਦਰ ਸਰਕਾਰ ਸੂਬਿਆਂ ਦੇ ਕਾਨੂੰਨੀ ਹੱਕਾਂ ਉਤੇ ਡਾਕੇ ਮਾਰ ਰਹੀ ਹੈ ਅਤੇ ਸੂਬਿਆਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਹ ਇਥੇ ਵੱਖ-ਵੱਖ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਤੇ ਉਦਘਾਟਨ ਕਰਨ ਲਈ ਪਹੁੰਚੇ ਹੋਏ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨਿਯੁਕਤ ਰਾਜਪਾਲ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਦੀ ਆਵਾਜ਼ ਦਬਾਉਣ ਲਈ ਕੰਮ ਕਰ ਰਹੇ ਹਨ ਜਿਹੜਾ ਜਮਹੂਰੀਅਤ ਤੇ ਸੰਘੀ ਢਾਂਚੇ ਲਈ ਨੁਕਸਾਨਦੇਹ ਹੈ ਅਤੇ ਕੇਂਦਰ ਸਰਕਾਰ ਦਾ ਤਾਨਾਸ਼ਾਹੀ ਰਵੱਈਆ ਜਮਹੂਰੀ ਤਾਣੇ-ਬਾਣੇ ਲਈ ਘਾਤਕ ਹੈ।

ਉਨ੍ਹਾਂ ਕਿਹਾ ਕਿ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਦੇ 30 ਹਜ਼ਾਰ ਕਰੋੜ ਰੁਪਏ ਹਾਲੇ ਤੱਕ ਕੇਂਦਰ ਸਰਕਾਰ ਕੋਲ ਬਕਾਇਆ ਹਨ। ਪੰਜਾਬ ਸਰਕਾਰ ਨੇ ਸਾਰੀ ਕਾਗਜ਼ੀ ਕਾਰਵਾਈ ਮੁਕੰਮਲ ਕਰ ਲਈ ਹੈ ਪਰ ਕੇਂਦਰ ਸਰਕਾਰ ਬੇਲੋੜੇ ਅੜਿੱਕੇ ਡਾਹ ਕੇ ਆਰ.ਡੀ.ਐਫ. ਤੇ ਜੀ.ਐਸ.ਟੀ. ਫੰਡਾਂ ਨੂੰ ਰੋਕ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਹੋਰ ਫੈਸਲੇ ਵਿਚ ਕੇਂਦਰ ਵੱਲੋਂ ਪੰਜਾਬ ਨੂੰ ਕੋਲਾ ਸ੍ਰੀਲੰਕਾ ਰਾਹੀਂ ਲਿਆਉਣ ਲਈ ਕਿਹਾ ਗਿਆ ਸੀ। ਅਜਿਹਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਸੀ ਤੇ ਅਜਿਹੇ ਫੈਸਲਿਆਂ ਨਾਲ ਕੇਂਦਰ ਤੇ ਸੂਬਿਆਂ ਦੇ ਰਿਸ਼ਤਿਆਂ ਉਤੇ ਮਾੜਾ ਪ੍ਰਭਾਵ ਪੈਂਦਾ ਹੈ।

## ਭਗਵੰਤ ਮਾਨ ਦੀ ਤਸਵੀਰ ਉਤੇ ਕਾਲਖ ਮਲੀ

**ਬੰਗਾ:** ਪੰਜਾਬ ਸਟੂਡੈਂਟਸ ਯੂਨੀਅਨ ਨੇ ਖਟਕੜ ਕਲਾਂ 'ਚ ਬਣੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਲਾਉਣ ਦੇ ਰੋਸ ਵਿਚ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਦੀਆਂ ਤਸਵੀਰ 'ਤੇ ਕਾਲਖ ਮਲ ਦਿੱਤੀ। ਪੀ.ਐਸ.ਯੂ. ਦੇ ਸੂਬਾ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਤੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰ ਬਣਾਉਣ ਵਾਲੀ 'ਆਪ' ਨੇ ਖਟਕੜ ਕਲਾਂ ਦੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਉਸ ਦੇ ਪਰਿਵਾਰ ਦੀਆਂ ਤਸਵੀਰਾਂ ਹਟਾ ਕੇ ਗਲਤ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਵੋਟਾਂ ਲਈਆਂ ਤੇ ਦੂਜੇ ਪਾਸੇ ਸ਼ਹੀਦਾਂ ਦੇ ਨਾਂ ਹੀ ਮਿਟਾ ਦਿੱਤੇ ਗਏ।

# ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ

**ਨਵੀਂ ਦਿੱਲੀ:** ਸੂਰਤ ਅਦਾਲਤ ਵੱਲੋਂ 2019 ਦੇ ਮਾਣਹਾਨੀ ਕੇਸ 'ਚ ਸਜਾ ਸੁਣਾਏ ਜਾਣ ਦੇ ਅਗਲੇ ਹੀ ਦਿਨ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਠਹਿਰਾਅ ਦਿੱਤਾ ਗਿਆ ਹੈ। ਇਸ ਨਾਲ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਹੋ ਗਈ ਹੈ। ਅਯੋਗ ਠਹਿਰਾਉਣ ਸਬੰਧੀ ਫੈਸਲੇ ਦਾ ਐਲਾਨ ਕਰਦਿਆਂ ਲੋਕ ਸਭਾ ਸਕੱਤਰੇਤ ਨੇ ਇਕ ਨੋਟੀਫਿਕੇਸ਼ਨ 'ਚ ਕਿਹਾ ਹੈ ਕਿ ਰਾਹੁਲ ਨੂੰ ਸਜਾ ਸੁਣਾਏ ਜਾਣ ਵਾਲੇ ਦਿਨ (23 ਮਾਰਚ) ਤੋਂ ਹੀ ਉਸ ਦੀ ਮੈਂਬਰਸ਼ਿਪ ਰੱਦ ਕਰਨ ਦਾ ਅਮਲ ਲਾਗੂ ਹੋ ਗਿਆ ਹੈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ, "ਸੂਰਤ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਵੱਲੋਂ ਸਜਾ ਸੁਣਾਏ ਜਾਣ ਦੇ ਮੱਦੇਨਜਰ ਕੇਰਲਾ ਦੇ ਵਾਇਨਾਡ ਸੰਸਦੀ ਹਲਕੇ ਦੀ ਨੁਮਾਇੰਦਗੀ ਕਰ ਰਹੇ ਰਾਹੁਲ ਗਾਂਧੀ ਨੂੰ 23 ਮਾਰਚ ਤੋਂ ਅਯੋਗ ਠਹਿਰਾਇਆ ਜਾਂਦਾ ਹੈ।"

ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਰਾਹੁਲ ਨੂੰ ਸੰਵਿਧਾਨ ਦੀ ਧਾਰਾ 102 (1) ਅਤੇ ਜਨ ਪ੍ਰਤੀਨਿਧ ਕਾਨੂੰਨ 1951 ਦੀ ਧਾਰਾ 8 ਤਹਿਤ ਅਯੋਗ ਐਲਾਨਿਆ ਗਿਆ ਹੈ। ਭਾਜਪਾ ਵਿਧਾਇਕ ਪੁਰਨੇਸ਼ ਮੋਦੀ ਵੱਲੋਂ ਕੀਤੀ ਗਈ ਸ਼ਿਕਾਇਤ 'ਤੇ ਕਾਂਗਰਸ ਆਗੂ ਨੂੰ ਸਜਾ ਸੁਣਾਈ ਗਈ ਹੈ। ਜੇਕਰ ਉਪਰਲੀ ਅਦਾਲਤ ਸਜਾ 'ਤੇ ਰੋਕ ਨਹੀਂ ਲਾਉਂਦੀ ਹੈ ਤਾਂ ਰਾਹੁਲ ਅੱਠ ਸਾਲਾਂ ਲਈ ਚੋਣ ਨਹੀਂ ਲੜ ਸਕਣਗੇ।

ਜ਼ਿਕਰਯੋਗ ਹੈ ਕਿ ਸੂਰਤ ਦੀ ਇਕ ਅਦਾਲਤ ਨੇ ਮੋਦੀ ਉਪਨਾਮ ਸਬੰਧੀ ਟਿੱਪਣੀ ਨੂੰ ਲੈ ਕੇ ਕਾਂਗਰਸ ਆਗੂ ਰਾਹੁਲ ਗਾਂਧੀ ਖ਼ਿਲਾਫ਼ 2019 'ਚ ਦਰਜ ਅਪਰਾਧਿਕ ਮਾਣਹਾਨੀ ਦੇ ਇਕ ਮਾਮਲੇ 'ਚ ਉਨ੍ਹਾਂ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਹੈ। ਉਂਜ ਅਦਾਲਤ ਨੇ ਰਾਹੁਲ ਨੂੰ ਜ਼ਮਾਨਤ ਦੇ ਦਿੱਤੀ ਸੀ ਅਤੇ ਸਜਾ ਦੇ ਅਮਲ 'ਤੇ 30 ਦਿਨਾਂ ਤੱਕ ਲਈ ਰੋਕ ਲਗਾ ਦਿੱਤੀ ਹੈ ਤਾਂ ਜੋ ਉਹ ਉਪਰਲੀ ਅਦਾਲਤ 'ਚ ਫੈਸਲੇ ਖ਼ਿਲਾਫ਼ ਅਪੀਲ ਦਾਖਲ ਕਰ ਸਕਣ।

# ਜਥੇਦਾਰ ਤੇ ਪੰਜਾਬ ਸਰਕਾਰ ਆਹਮੋ-ਸਾਹਮਣੇ

*(ਪਹਿਲੇ ਸਫੇ ਦੀ ਬਾਕੀ)*

ਲਈ ਤੁਹਾਡੇ ਵਰਗੇ ਸਿਆਸੀ ਲੋਕਾਂ ਨੂੰ ਸਿਆਸੀ ਲੋਕ ਹੀ ਵਰਤ ਜਾਣ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਨੇ ਵੀ ਜਥੇਦਾਰ ਨੂੰ ਮੋੜਵੇਂ ਜਵਾਬ ਦੇਣੇ ਸ਼ੁਰੂ ਕਰ ਦਿੱਤੇ। ਉਧਰ, ਅਕਾਲੀ ਦਲ (ਬਾਦਲ) ਨੇ ਜਥੇਦਾਰ ਬਾਰੇ ਭਗਵੰਤ ਮਾਨ ਦੀ ਸ਼ਬਦਾਵਲੀ ਉਤੇ ਸਖਤ ਇਤਰਾਜ਼ ਜਤਾਇਆ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਖਤ ਲਹਿਜ਼ੇ ਵਿਚ ਆਖਿਆ ਹੈ ਕਿ ਉਨ੍ਹਾਂ ਨੂੰ ਯਕੀਨ ਨਹੀਂ ਆ ਰਿਹਾ ਕਿ ਕਠਪੁਤਲੀ ਮੁੱਖ ਮੰਤਰੀ ਝੂਠੀ ਸਰਕਾਰੀ ਤਾਕਤ ਦੇ ਨਸ਼ੇ ਵਿਚ ਇੰਨਾ ਅੰਨ੍ਹਾ ਹੋ ਗਿਆ ਹੈ ਕਿ ਦਿੱਲੀ ਬੈਠੀ ਸਿੱਖ ਵਿਰੋਧੀ ਲਾਬੀ ਦੀ ਸ਼ਹਿ ਅਤੇ ਬੇਗਾਨਿਆਂ ਦੀ ਚੁੱਕ ਵਿਚ ਆ ਕੇ ਉਹ ਗੁਰੂ ਘਰ ਨਾਲ ਹੀ ਮੱਥਾ ਲਾਉਣ ਦੀ ਹਿਕਾਮਤ ਕਰ ਬੈਠਾ ਹੈ। ਇਸ ਦਾ ਹਸ਼ਰ ਵੀ ਉਹੀ ਹੋਵੇਗਾ ਜੋ ਸਿੱਖ ਇਤਿਹਾਸ ਵਿਚ ਗੁਰੂ ਘਰਾਂ ਵਿਰੁੱਧ ਜੰਗ ਛੇੜਨ ਵਾਲਿਆਂ ਦਾ ਹੁੰਦਾ ਆਇਆ ਹੈ। ਭਗਵੰਤ ਮਾਨ ਆਪਣੀ ਇਸ ਅਵੱਗਿਆ 'ਤੇ ਪਛਤਾਵੇ ਵਜੋਂ ਬਿਨਾ ਦੇਰੀ ਤੇ ਬਿਨਾ ਸ਼ਰਤ ਸ੍ਰੀ ਅਕਾਲ ਤਖਤ ਸਾਹਿਬ ਉਤੇ ਪੇਸ਼ ਹੋ ਕੇ ਮੁਆਫੀ ਮੰਗ ਲਵੇ। ਅਕਾਲੀ ਦਲ ਦੇ ਇਸ ਸਖਤ ਲਹਿਜ਼ੇ ਤੋਂ ਜਾਪ ਰਿਹਾ ਹੈ ਕਿ ਪੰਥਕ ਜਥੇਬੰਦੀਆਂ ਵੱਲੋਂ ਮਾਨ ਸਰਕਾਰ ਦੀ ਜਥੇਦਾਰ ਬਾਰੇ ਟਿੱਪਣੀਆਂ ਉਤੇ ਵੀ ਘੇਰੇਬੰਦੀ ਕਰਨ ਦੀ ਤਿਆਰੀ ਹੈ।

ਯਾਦ ਰਹੇ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕੇਂਦਰੀ ਬਲਾਂ ਦੀ ਮਦਦ ਨਾਲ ਵੱਡੀ ਕਾਰਵਾਈ ਸ਼ੁਰੂ ਕੀਤੀ ਹੋਈ ਸੀ। ਅੰਮ੍ਰਿਤਪਾਲ ਸਿੰਘ ਤਾਂ ਪੁਲਿਸ ਦੇ ਹੱਥ ਨਹੀਂ ਲੱਗਾ ਪਰ ਉਸ ਦੀ ਹਮਾਇਤ ਦੇ ਦੋਸ਼ ਵਿਚ 300 ਤੋਂ ਵੱਧ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਚੁਫੇਰਿਉਂ ਦਬਾਅ ਕਾਰਨ ਭਾਵੇਂ ਕਾਫੀ ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ ਪਰ ਇਨ੍ਹਾਂ ਵਿਚੋਂ 8 ਉਤੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਵਰਗੇ ਸਖਤ ਕਾਨੂੰਨ ਲਾ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਹੈ। ਜਥੇਦਾਰ ਨੇ ਮੰਗ ਕੀਤੀ ਸੀ ਕਿ ਪੰਜਾਬ ਤੋਂ ਬਾਹਰ ਭੇਜੇ ਨੌਜਵਾਨਾਂ ਨੂੰ ਛੱਡਿਆ ਜਾਵੇ, ਹਾਲਾਂਕਿ ਮੁੱਖ ਮੰਤਰੀ ਦੇ ਲਹਿਜ਼ੇ ਤੋਂ ਲੱਗਦਾ ਹੈ ਕਿ ਉਹ ਇਸ ਪਾਸੇ ਅਮਲ ਕਰਨ ਦੇ ਮੂਡ ਵਿਚ ਨਹੀਂ ਹਨ।

ਸ੍ਰੀ ਅਕਾਲ ਤਖਤ ਦੇ ਜ਼ਮੀਨਦੋਜ਼ ਹਾਲ ਦੇ ਬਾਹਰ ਵੱਡੀ ਗਿਣਤੀ ਵਿਚ ਸਿੱਖ ਸੰਗਤ ਅਤੇ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਦੇ ਰਿਸ਼ਤੇਦਾਰ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਰੋਸ ਜਤਾਇਆ। ਮੀਟਿੰਗ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੰਦੇ ਹੋਏ ਗ੍ਰਿਫਤਾਰ ਕੀਤੇ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਤਾੜਨਾ ਕੀਤੀ ਹੈ। ਅਜਿਹਾ ਨਾ ਹੋਣ 'ਤੇ ਖਾਲਸਾ ਵਹੀਰ ਆਰੰਭ ਕਰਨ ਦਾ ਐਲਾਨ ਵੀ ਕੀਤਾ ਗਿਆ ਜੋ ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਲੋਕਾਂ ਅੱਗੇ ਸਰਕਾਰ ਦੇ ਸਿੱਖ ਵਿਰੋਧੀ ਚਿਹਰੇ ਨੂੰ ਨੰਗਾ ਕਰੇਗੀ। ਇਹ ਵਹੀਰ ਸਿਰਫ ਪੰਜਾਬ ਵਿਚ ਹੀ ਨਹੀਂ ਸਗੋਂ ਮੁਲਕ ਭਰ ਵਿਚ ਚਲਾਈ ਜਾਵੇਗੀ। ਇਹ ਫੈਸਲਾ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਅਤੇ ਨਿਹੰਗ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਸਾਂਝੀ ਮੀਟਿੰਗ ਵਿਚ ਕੀਤਾ ਗਿਆ। ਲਗਭਗ ਤਿੰਨ ਘੰਟੇ ਚੱਲੀ ਮੀਟਿੰਗ ਵਿਚ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਇਸ ਮੁੱਦੇ 'ਤੇ ਆਪਣੇ ਸੁਝਾਅ ਦਿੱਤੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਉਹ ਗ੍ਰਿਫਤਾਰ ਕੀਤੇ ਗਏ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਨੂੰ 24 ਘੰਟਿਆਂ ਵਿਚ ਰਿਹਾਅ ਕਰੇ, ਸਿੱਖ ਨੌਜਵਾਨਾਂ 'ਤੇ ਲਾਏ ਗਏ ਕੌਮੀ ਸੁਰੱਖਿਆ ਐਕਟ ਨੂੰ ਤੁਰੰਤ ਹਟਾਇਆ ਜਾਵੇ, ਹਰੀਕੇ ਹੈੱਡ ਵਰਕਸ 'ਤੇ ਸ਼ਾਂਤਮਈ ਧਰਨਾ ਦੇ ਰਹੇ ਸਿੱਖਾਂ ਦੇ ਜ਼ਬਤ ਕੀਤੇ ਵਾਹਨ ਤੁਰੰਤ ਛੱਡੇ ਜਾਣ ਅਤੇ ਬੰਦ ਕੀਤੇ ਗਏ ਵੈੱਬ ਚੈਨਲ ਤੇ ਸੋਸ਼ਲ ਮੀਡੀਆ ਖਾਤੇ ਵੀ ਤੁਰੰਤ ਚਾਲੂ ਕੀਤੇ ਜਾਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਸ੍ਰੀ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਨੂੰ ਨਾਲ ਲੈ ਕੇ ਖਾਲਸਾ ਵਹੀਰ ਆਰੰਭ ਕੀਤੀ ਜਾਵੇਗੀ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਰਾਜਸੀ ਮਾਮਲਿਆਂ ਦੀ ਮੀਟਿੰਗ ਵਿਚ ਲੋਕ ਸਭਾ ਮੈਂਬਰ ਅਤੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਰੇਸ਼ਾਨ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਇਸ ਅਮਲ ਨੂੰ ਤੁਰਤ ਬੰਦ ਕਰਨ ਅਤੇ ਗ੍ਰਿਫ਼ਤਾਰ ਨੌਜਵਾਨਾਂ ਨੂੰ ਬਿਨਾ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ। ਉਨ੍ਹਾਂ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੂੰ ਅਸਾਮ ਲਿਜਾ ਕੇ ਐਨ.ਐਸ.ਏ. ਲਗਾਉਣ ਦੀ ਆਲੋਚਨਾ ਕੀਤੀ। ਪਾਰਟੀ ਦੇ ਮੁੱਖ ਬੁਲਾਰੇ ਇਕਬਾਲ ਸਿੰਘ ਟਿਵਾਣਾ ਨੇ ਦੱਸਿਆ ਕਿ ਮੀਟਿੰਗ ਵਿਚ ਜਲੰਧਰ ਦੀ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਪਾਰਟੀ ਵੱਲੋਂ ਮਜ਼ਬੂਤ ਉਮੀਦਵਾਰ ਅੱਗੇ ਲਿਆਉਣ ਦਾ ਫੈਸਲਾ ਕੀਤਾ ਗਿਆ।

# ਅਮਰੀਕਾ: ਸਕੂਲ 'ਚ ਗੋਲੀਬਾਰੀ ਵਿਚ ਹਮਲਾਵਰ ਮਹਿਲਾ ਸਣੇ 7 ਮੌਤਾਂ

**ਨੈਸਵਿਲ (ਅਮਰੀਕਾ):** ਅਮਰੀਕਾ ਵਿਚ ਸਕੂਲ ਵਿਚ ਗੋਲੀਬਾਰੀ ਦਾ ਸਿਲਸਿਲਾ ਜਾਰੀ ਹੈ ਅਤੇ ਹੁਣ ਨੈਸਵਿਲ ਦੇ ਨਿੱਜੀ ਕ੍ਰਿਸ਼ਚੀਅਨ ਸਕੂਲ ਵਿਚ ਔਰਤ ਨੇ ਤਿੰਨ ਨੌਂ ਸਾਲਾ ਵਿਦਿਆਰਥੀਆਂ ਅਤੇ ਤਿੰਨ ਸੀਨੀਅਰ ਨਾਗਰਿਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਮਹਿਲਾ ਨੂੰ ਗੋਲੀ ਮਾਰ ਦਿੱਤੀ। ਉਸ ਕੋਲ ਤਿੰਨ ਅਸਾਲਟ ਸਟਾਈਲ ਰਾਈਫਲਾਂ ਅਤੇ ਇਕ ਪਿਸਤੌਲ ਸਨ। ਮੰਨਿਆ ਜਾਂਦਾ ਹੈ ਕਿ ਉਹ ਨੈਸਵਿਲ ਵਿਚ ਕਾਨਵੈਂਟ ਸਕੂਲ ਦੀ ਸਾਬਕਾ ਵਿਦਿਆਰਥਣ ਸੀ।

## ਸਰਕਾਰਾਂ ਖਿਲਾਫ ਪੰਥਕ ਧਿਰਾਂ ਇਕ ਮੰਚ 'ਤੇ

*(ਪਹਿਲੇ ਸਫੇ ਦੀ ਬਾਕੀ)*

ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਕੇਂਦਰ ਤੇ ਸੂਬੇ ਦੀ ਰਾਜ ਸਰਕਾਰ ਨੇ ਸਾਡੇ ਲਈ ਇਕ ਜਾਲ (ਟਰੈਪ) ਵਿਛਾਇਆ ਹੈ ਤੇ ਅਸੀਂ ਉਸ 'ਟਰੈਪ' ਦਾ ਸ਼ਿਕਾਰ ਹੋ ਗਏ ਹਾਂ। ਇਸ 'ਟਰੈਪ' ਵਿਚੋਂ ਕਿਵੇਂ ਨਿਕਲਣਾ ਹੈ, ਇਸੇ ਲਈ ਵਿਚਾਰ ਕਰਨ ਲਈ ਇਕੱਠੇ ਹੋਏ ਹਾਂ। ਸਿੱਖਾਂ ਖ਼ਿਲਾਫ਼ ਸਟੇਟ ਵਲੋਂ ਬੜੀ ਕੂਟਨੀਤਕ ਘੇਰਾਬੰਦੀ ਕੀਤੀ ਜਾ ਰਹੀ ਹੈ ਜਿਸ ਦਾ ਜਵਾਬ ਵੀ ਸਾਨੂੰ ਹਿੰਸਕ ਨਾ ਹੋ ਕੇ ਕੂਟਨੀਤਕ ਤੌਰ ਉਤੇ ਦੇਣ ਲਈ ਸਿੱਖਾਂ ਅੰਦਰ ਸਮਰੱਥਾ ਪੈਦਾ ਕਰਨ ਦੀ ਲੋੜ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਾਵਧਾਨ: ਨਸ਼ਿਆਂ ਨੇ ਪੱਟ ਲਏ ਪੰਜਾਬੀ ਗੱਭਰੂ...

**ਚੰਡੀਗੜ੍ਹ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਦਸ ਲੱਖ ਲੋਕ ਨਸ਼ੇ ਦੇ ਆਦੀ ਹਨ। ਇਸ ਦਾ ਅਰਥ ਹੈ ਕਿ ਸੂਬੇ ਦੀ ਲਗਭਗ 3.17 ਕਰੋੜ ਦੀ ਆਬਾਦੀ ਵਿਚੋਂ ਤਿੰਨ ਫੀਸਦੀ ਤੋਂ ਵੱਧ ਲੋਕ ਨਸ਼ਿਆਂ ਦਾ ਸੇਵਨ ਕਰਦੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ 2.62 ਲੱਖ ਅਤੇ ਪ੍ਰਾਈਵੇਟ ਕਲੀਨਿਕਾਂ ਵਿਚ 6.12 ਲੱਖ ਨਸ਼ੇ ਤੋਂ ਪੀੜਤ ਭਰਤੀ ਹਨ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸਰਕਾਰ ਵੱਲੋਂ ਨਸ਼ੇ ਛੱਡਣ ਵਾਲਿਆਂ ਦਾ ਮੁੜ-ਵਸੇਬਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਓਟ ਕੇਂਦਰਾਂ ਆਦਿ ਵਿਚ ਨਸ਼ਾ ਛੁਡਾਉਣ ਵਾਸਤੇ ਦਿੱਤੀ ਜਾਂਦੀ ਗੋਲੀ ਦਾ 2019 ਵਿਚ ਖਰਚਾ 15 ਕਰੋੜ ਸੀ ਜੋ ਕਿ ਹੁਣ 51 ਕਰੋੜ ਹੋ ਗਿਆ ਹੈ। ਵੱਧ ਡੋਜ਼ ਵਾਲੀ ਗੋਲੀ ਉਤੇ ਵੀ 51 ਕਰੋੜ ਦਾ ਸਲਾਨਾ ਖਰਚਾ ਆ ਰਿਹਾ ਹੈ। ਮਤਲਬ ਕਿ ਨਸ਼ਾ ਛੁਡਾਊ ਗੋਲੀ 'ਤੇ ਸਰਕਾਰ ਸਲਾਨਾ 100 ਕਰੋੜ ਰੁਪਏ ਖਰਚ ਰਹੀ ਹੈ।

ਸਿਹਤ ਮੰਤਰੀ ਦਾ ਬਿਆਨ ਸਥਿਤੀ ਦੀ ਗੰਭੀਰਤਾ ਵੱਲ ਧਿਆਨ ਦਿਵਾਉਂਦਾ ਹੈ। ਸਦਨ ਵਿਚ ਦੱਸਿਆ ਗਿਆ ਹੈ ਕਿ ਸੂਬੇ ਵਿਚ ਤਕਰੀਬਨ



10 ਲੱਖ ਵਿਅਕਤੀ ਨਸ਼ਿਆਂ ਦੇ ਆਦੀ ਹਨ ਜਿਨ੍ਹਾਂ ਵਿਚੋਂ 2.62 ਲੱਖ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ ਜਦੋਂਕਿ 6.12 ਲੱਖ ਨਿੱਜੀ ਖੇਤਰ ਦੇ ਹਸਪਤਾਲਾਂ ਦੀਆਂ ਸੇਵਾਵਾਂ ਲੈ ਰਹੇ ਹਨ। ਸਿਹਤ ਮੰਤਰੀ ਮੁਤਾਬਕ ਨਸ਼ੇ ਦੇ ਆਦੀ ਵਿਅਕਤੀਆਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਇਸ ਤੋਂ ਇਹ ਚਿੰਤਾ ਪੈਦਾ ਹੁੰਦੀ ਹੈ ਕਿ ਇਲਾਜ ਕਰਵਾਉਣ ਦੇ ਬਾਵਜੂਦ ਨਸ਼ਿਆਂ ਤੋਂ ਛੁਟਕਾਰਾ ਪਾਉਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਪੰਜਾਬ 'ਚ 528 ਆਊਟ ਪੇਸ਼ੈਂਟ ਓਪੀਓਇਡ ਅਸਿਸਟਡ ਟਰੀਟਮੈਂਟ ਸੈਂਟਰ (ਓਟ ਕਲੀਨਿਕ) ਅਤੇ 36 ਸਰਕਾਰੀ ਤੇ 185 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਬਾਵਜੂਦ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਇਸ 'ਚ ਕਮੀ ਨਹੀਂ ਆ ਰਹੀ। ਇਨ੍ਹਾਂ ਤੋਂ ਇਲਾਵਾ 19 ਸਰਕਾਰੀ ਅਤੇ ਨਿੱਜੀ ਖੇਤਰ ਦੇ 74 ਮੁੜਵਸੇਬਾ ਸੈਂਟਰ ਹਨ। ਇਹ ਦੇਖਿਆ ਗਿਆ ਹੈ ਕਿ ਮੁੱਢਲੇ ਇਲਾਜ ਤੋਂ ਬਾਅਦ ਜ਼ਿਆਦਾਤਰ ਮਰੀਜ਼ ਮੁੜ ਨਸ਼ੇ ਕਰਨ ਦੇ ਰਾਹ ਪੈ ਜਾਂਦੇ ਹਨ।

ਨਸ਼ਿਆਂ ਤੋਂ ਛੁਟਕਾਰੇ ਲਈ ਨਵੀਂ ਪਹੁੰਚ ਅਪਣਾਉਣ 'ਤੇ ਜੋਰ ਦਿੰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਨਸ਼ਿਆਂ ਕਾਰਨ ਲੋਕ ਮਰਦੇ ਹਨ ਪਰ ਗਲਤ ਸਰਕਾਰੀ ਨੀਤੀਆਂ ਉਸ ਤੋਂ ਵੀ ਵੱਧ ਲੋਕਾਂ ਦੀ ਜਾਨ ਲੈ ਲੈਂਦੀਆਂ ਹਨ; ਨਸ਼ਿਆਂ ਦੇ ਆਦੀ ਵਿਅਕਤੀਆਂ ਨੂੰ ਜੇਲ੍ਹ ਨਹੀਂ ਭੇਜਿਆ ਜਾਣਾ ਚਾਹੀਦਾ, ਸਗੋਂ ਉਨ੍ਹਾਂ ਦਾ ਸਹੀ ਢੰਗ ਨਾਲ ਇਲਾਜ ਕਰਵਾਉਣ ਦੀ ਜਰੂਰਤ ਹੈ। ਪੰਜਾਬ 'ਚ 2014 ਦੀਆਂ ਲੋਕ ਸਭਾ ਚੋਣਾਂ ਮੌਕੇ ਨਸ਼ਿਆਂ ਦੇ ਆਦੀ ਵਿਅਕਤੀਆਂ ਦੇ ਡਰਾਉਣੇ ਅੰਕੜੇ ਸਾਹਮਣੇ ਆਏ ਸਨ। ਉਸ ਵੇਲੇ ਪੰਜਾਬ ਦੀਆਂ ਜੇਲ੍ਹਾਂ ਨੌਜਵਾਨਾਂ ਨਾਲ ਭਰ ਦਿੱਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਬਹੁਤੇ ਅਪਰਾਧੀ ਨਹੀਂ ਸਗੋਂ ਗੁੰਮਰਾਹ ਹੋ ਕੇ ਮਾਮੂਲੀ ਨਸ਼ਾ ਕਰਨ ਵਾਲੇ ਸਨ।

## ਤਿੰਨ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ

**ਲੁਧਿਆਣਾ:** ਕਮਿਸ਼ਨਰੇਟ ਪੁਲਿਸ ਨੇ ਸ਼ਹਿਰ ਦੇ ਤਿੰਨ ਨਸ਼ਾ ਤਸਕਰਾਂ ਦੀ ਤਕਰੀਬਨ 1.63 ਕਰੋੜ ਦੀ ਜਾਇਦਾਦ ਜ਼ਬਤ ਕਰ ਲਈ ਹੈ। ਇਸ 'ਚ ਚਾਰ ਰਿਹਾਇਸ਼ੀ ਮਕਾਨਾਂ ਦੇ ਨਾਲ ਚਾਰ ਦੁਕਾਨਾਂ ਸ਼ਾਮਲ ਹਨ। ਇਹ ਕਾਰਵਾਈ ਪੁਲਿਸ ਨੇ ਥਾਣਾ ਸਦਰ 'ਚ ਦਰਜ ਦੋ ਤੇ ਥਾਣਾ ਡਾਬਾ ਵਿਚ ਦਰਜ ਇਕ ਮਾਮਲੇ 'ਚ ਕੀਤੀ ਹੈ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਇਨ੍ਹਾਂ ਵਿਚ ਸਤਨਾਮ ਸਿੰਘ ਦੀਆਂ ਦੋ ਦੁਕਾਨਾਂ, ਵਿਕਾਸ ਕੁਮਾਰ ਦਾ ਮਕਾਨ ਤੇ ਹੁਸ਼ਿਆਰ ਸਿੰਘ ਦੇ ਦੋ ਮਕਾਨ ਤੇ ਇਕ ਦੁਕਾਨ ਜ਼ਬਤ ਕੀਤੀ ਗਈ ਹੈ।

## ਸੰਦੀਪ ਸਿੰਘ ਦਾ 'ਝੂਠ ਫੜਨ ਵਾਲਾ ਟੈਸਟ' ਕਰਵਾਉਣ ਦੀ ਮੰਗ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਮਹਿਲਾ ਕੋਚ ਦੇ ਜਿਨਸੀ ਸ਼ੋਸ਼ਣ ਕੇਸ ਵਿਚ ਹਰਿਆਣਾ ਦੇ ਸਾਬਕਾ ਖੇਡ ਮੰਤਰੀ ਸੰਦੀਪ ਸਿੰਘ ਦਾ 'ਝੂਠ ਫੜਨ ਵਾਲਾ ਟੈਸਟ' ਕਰਵਾਉਣ ਦੀ ਮੰਗ ਕੀਤੀ ਹੈ। ਸੰਦੀਪ ਸਿੰਘ ਕੋਲ ਇਸ ਸਮੇਂ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਦੀ ਜ਼ਿੰਮੇਵਾਰੀ ਹੈ।

ਵਿਸ਼ੇਸ਼ ਜਾਂਚ ਟੀਮ ਨੇ ਚੰਡੀਗੜ੍ਹ ਕੋਰਟ ਵਿਚ ਦਾਇਰ ਅਰਜ਼ੀ ਵਿਚ ਦਾਅਵਾ ਕੀਤਾ ਹੈ ਕਿ ਸੰਦੀਪ ਸਿੰਘ ਦੇ ਬਿਆਨਾਂ ਵਿਚ ਕਥਿਤ ਕਈ ਉਕਾਈਆਂ ਹਨ। ਸਿਟ ਨੇ ਦਾਅਵਾ ਕੀਤਾ ਕਿ ਮੰਤਰੀ ਨੇ ਚੰਡੀਗੜ੍ਹ ਦੇ ਸੈਕਟਰ 7 ਸਥਿਤ ਆਪਣੀ ਰਿਹਾਇਸ਼ 'ਤੇ ਪੀੜਤ ਮਹਿਲਾ ਦੀ ਠਹਿਰ ਨੂੰ ਲੈ ਕੇ ਜੋ ਬਿਆਨ ਦਿੱਤਾ ਸੀ, ਉਹ ਤੱਥਾਂ ਨਾਲ ਮੇਲ ਨਹੀਂ ਖਾਂਦਾ। ਸੰਦੀਪ ਸਿੰਘ ਨੇ ਪੁੱਛ-ਪੜਤਾਲ ਦੌਰਾਨ ਮੰਨਿਆ ਸੀ ਕਿ ਸ਼ਿਕਾਇਤਕਰਤਾ ਉਸ ਦੀ ਰਿਹਾਇਸ਼ ਉਤੇ ਆਈ ਸੀ, ਪਰ ਉਸ ਦੀ ਠਹਿਰ ਦੇ ਅਰਸੇ ਬਾਰੇ ਮੰਤਰੀ ਦੇ ਦਾਅਵੇ ਸ਼ਿਕਾਇਤਕਰਤਾ ਦੇ ਯਾਤਰਾ ਰਿਕਾਰਡ ਦੇ ਉਲਟ ਹਨ।

# ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਜੇਲ੍ਹ 'ਚੋਂ ਰਿਹਾਅ

**ਪਟਿਆਲਾ:** ਕਾਂਗਰਸ ਸਰਕਾਰ ਦੌਰਾਨ ਖੁਰਾਕ ਤੇ ਸਿਵਲ ਸਪਲਾਈ ਵਰਗੇ ਅਹਿਮ ਵਿਭਾਗ ਦੇ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਮਗਰੋਂ ਕੇਂਦਰੀ ਜੇਲ੍ਹ ਪਟਿਆਲਾ ਵਿਚੋਂ ਰਿਹਾਅ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭਾਰਤ ਭੂਸ਼ਣ ਅਧੀਨ ਰਹੇ ਵਿਭਾਗ ਵਿਚ ਟਰਾਂਸਪੋਰਟ ਟੈਂਡਰ ਘੁਟਾਲੇ ਸਬੰਧੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ 16 ਅਗਸਤ 2022 ਨੂੰ ਕੇਸ ਦਰਜ ਕੀਤਾ ਗਿਆ ਸੀ, ਜਿਸ ਤਹਿਤ ਉਹ ਪਿਛਲੇ ਸੱਤ ਮਹੀਨਿਆਂ ਤੋਂ ਇਥੇ ਬੰਦ ਸਨ।

ਰਿਹਾਈ ਮਗਰੋਂ ਜੇਲ੍ਹ ਤੋਂ ਬਾਹਰ ਆਉਣ ਉਤੇ ਪੰਜਾਬ ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਣੇ ਵੱਡੀ ਗਿਣਤੀ ਪਾਰਟੀ ਕਾਰਕੁਨਾਂ ਤੇ ਸਮਰਥਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ, ਜਿਸ ਮਗਰੋਂ ਉਹ ਇੱਥੇ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਰਾਜਾ ਵੜਿੰਗ ਨੇ ਕਿਹਾ ਕਿ ਸਰਕਾਰ ਨੇ ਤਾਂ ਜੋ ਕਰਨਾ ਸੀ ਕਰ ਲਿਆ, ਪਰ ਉਨ੍ਹਾਂ ਨੂੰ



ਨਿਆਪਾਲਿਕਾ 'ਤੇ ਪੂਰਾ ਭਰੋਸਾ ਹੈ ਕਿ ਸ੍ਰੀ ਆਸ਼ੂ ਦੇ ਮਾਮਲੇ 'ਚ ਇਨਸਾਫ਼ ਹੋਵੇਗਾ।

ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਭੰਗ ਕਰਨ ਦੀ ਸਖਤ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਨੂੰ ਸਜਾ ਹੋਣ 'ਤੇ ਮੁਅੱਤਲ ਕੀਤਾ ਜਾਂਦਾ ਹੈ ਤੇ ਕਿਸੇ ਨੂੰ ਤੋਹਫੇ ਵਜੋਂ ਮੰਤਰੀ ਬਣਾ ਦਿੱਤਾ ਜਾਂਦਾ ਹੈ।

ਅੰਮ੍ਰਿਤਪਾਲ ਸਿੰਘ ਦੇ ਮਾਮਲੇ ਨੂੰ ਉਨ੍ਹਾਂ ਸਰਕਾਰ ਅਤੇ ਖੁਫੀਆ ਏਜੰਸੀਆਂ ਦੀ ਅਸਫਲਤਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਿਹੜਾ ਕੁਝ ਹੁਣ ਪ੍ਰਚਾਰਿਆ ਜਾ ਰਿਹਾ ਹੈ ਕਿ ਹਥਿਆਰ ਤੇ ਜੈਕੇਟਾਂ ਆਦਿ ਮਿਲ ਰਹੀਆਂ ਹਨ, ਇਸ ਬਾਰੇ ਸਰਕਾਰਾਂ ਨੂੰ ਪਹਿਲਾਂ ਕਿਉਂ ਨਹੀਂ ਪਤਾ ਲੱਗਿਆ। ਭਾਰੀ ਪੁਲਿਸ ਫੋਰਸ ਲਾਉਣ ਦੇ ਬਾਵਜੂਦ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਨਾ ਹੋਣ 'ਤੇ ਵੀ ਉਨ੍ਹਾਂ ਸਰਕਾਰ 'ਤੇ ਨਿਸ਼ਾਨਾ ਸੇਧਿਆ।

## ਸਮਰਥਕ ਖੁਸ਼...

ਲੁਧਿਆਣਾ: ਰਿਹਾਈ ਬਾਰੇ ਸੂਚਨਾ ਮਿਲਦਿਆਂ ਹੀ ਉਨ੍ਹਾਂ ਦੇ ਘਰ ਦੇ ਬਾਹਰ ਸਮਰਥਕਾਂ ਦਾ ਇਕੱਠ ਹੋ ਗਿਆ। ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸੋਸ਼ਲ ਮੀਡੀਆ 'ਤੇ ਆਸ਼ੂ ਦੀ ਫੋਟੋ ਪਾ ਕੇ 'ਸਚਾਈ ਦੀ ਜਿੱਤ' ਲਿਖਿਆ ਹੈ। ਆਸ਼ੂ ਦੀ ਪਤਨੀ ਮਮਤਾ ਆਸ਼ੂ ਵੀ ਨੇ ਕਿਹਾ ਕਿ ਇਹ ਸਚਾਈ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਵਿਰੋਧੀਆਂ ਨੇ ਜੋ ਵੀ ਕੀਤਾ, ਉਸ ਦਾ ਜਵਾਬ ਲੋਕ ਹੀ ਦੇਣਗੇ। ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾੜ ਨੇ ਕਿਹਾ ਕਿ ਆਸ਼ੂ ਬਾਹਰ ਆ ਕੇ ਕਾਂਗਰਸੀ ਵਰਕਰਾਂ ਦਾ ਮਾਰਗ ਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਵਿਰੋਧੀਆਂ ਨੇ ਬਿਨਾਂ ਕਾਰਨ ਉਨ੍ਹਾਂ ਨੂੰ ਤੰਗ ਕੀਤਾ ਹੈ। ਇਸ ਦਾ ਜਵਾਬ ਉਨ੍ਹਾਂ ਨੂੰ ਆਉਣ ਵਾਲੇ ਸਮੇਂ 'ਚ ਲੋਕ ਦੇਣਗੇ।

# ਕੈਬਨਿਟ ਮੰਤਰੀ ਹਰਜੋਤ ਬੈਂਸ ਵਿਆਹ ਬੰਧਨ 'ਚ ਬੱਝੇ




**ਨੰਗਲ:** ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਆਈ.ਪੀ.ਐਸ. ਅਧਿਕਾਰੀ ਜਯੋਤੀ ਯਾਦਵ ਦੇ ਅਨੰਦ ਕਾਰਜ ਇਤਿਹਾਸਕ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਸੰਪੂਰਨ ਹੋਏ। ਇਸ ਮੌਕੇ 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਆਪੋ-ਆਪਣੇ ਪਰਿਵਾਰਾਂ ਸਮੇਤ ਵਿਆਹ ਸਮਾਰੋਹ ਵਿਚ ਸ਼ਾਮਲ ਹੋਏ।

ਜਾਣਕਾਰੀ ਅਨੁਸਾਰ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਅਨੰਦ ਕਾਰਜ ਦੀ ਰਸਮ ਵੇਲੇ ਭਾਈ ਕਰਮਜੀਤ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਕੀਤਾ। ਇਸ ਵਿਆਹ ਸਮਾਗਮ ਵਿਚ ਸਿਰਫ ਪਰਿਵਾਰਕ ਮੈਂਬਰ ਅਤੇ ਨੇੜਲੇ ਰਿਸ਼ਤੇਦਾਰ ਹੀ ਸ਼ਾਮਲ ਹੋਏ। ਲੜਕੀ ਦੇ ਪਰਿਵਾਰ ਵੱਲੋਂ ਮਾਤਾ ਸਰੋਜ ਯਾਦਵ, ਪਿਤਾ ਰਾਕੇਸ਼ ਯਾਦਵ ਤੇ ਹੋਰ ਰਿਸ਼ਤੇਦਾਰ ਸ਼ਾਮਲ ਹੋਏ, ਜਦਕਿ ਲਾੜੇ ਦੇ ਪਰਿਵਾਰ ਵੱਲੋਂ ਮਾਤਾ ਬਲਵਿੰਦਰ ਕੌਰ ਬੈਂਸ ਤੇ ਪਿਤਾ ਸੋਹਣ ਸਿੰਘ ਬੈਂਸ ਤੋਂ ਇਲਾਵਾ ਨੇੜਲੇ ਰਿਸ਼ਤੇਦਾਰ ਸ਼ਾਮਲ ਸਨ। ਡਿਪਟੀ ਕਮਿਸ਼ਨਰ ਰੂਪਨਗਰ ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਰੂਪਨਗਰ ਵਿਵੇਕਸ਼ੀਲ ਸੋਨੀ ਸੁਰੱਖਿਆ ਪ੍ਰਬੰਧਾਂ ਦੀ ਦੇਖ-ਰੇਖ ਕਰ ਰਹੇ ਸਨ। ਆਨੰਦ ਕਾਰਜ ਦੀ ਰਸਮ ਮਗਰੋਂ ਕੈਬਨਿਟ ਮੰਤਰੀ ਪਰਿਵਾਰ ਸਮੇਤ ਆਪਣੇ ਜੱਦੀ ਪਿੰਡ ਗੰਭੀਰਪੁਰ ਪਹੁੰਚੇ, ਜਿੱਥੇ ਮਾਤਾ ਬਲਵਿੰਦਰ ਕੌਰ ਨੇ ਨਵੀਂ ਵਿਆਹੀ ਜੋੜੀ ਦੇ ਸਵਾਗਤ ਦੀਆਂ ਰਸਮਾਂ ਨਿਭਾਈਆਂ। ਦੁਪਹਿਰ ਦੇ ਭੋਜਨ ਦਾ ਪ੍ਰਬੰਧ ਸਤਲੁਜ ਸਦਨ ਵਿਚ ਕੀਤਾ ਗਿਆ, ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪੋ-ਆਪਣੀਆਂ ਪਤਨੀਆਂ ਸਣੇ ਸ਼ਾਮਲ ਹੋਏ। ਇਸ ਮੌਕੇ ਭਗਵੰਤ ਸਿੰਘ ਤੇ ਹਰਜੋਤ ਬੈਂਸ ਨੇ ਪਤਨੀਆਂ ਸਮੇਤ ਬੂਟੇ ਵੀ ਲਗਾਏ। ਸ਼ਾਮ ਦੇ ਭੋਜਨ ਲਈ ਨੈਸ਼ਨਲ ਫਰਟੀਲਾਈਜ਼ਰ ਲਿਮਟਡ ਦੇ ਮੈਦਾਨ ਵਿਚ 15 ਹਜ਼ਾਰ ਵਿਅਕਤੀਆਂ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ।

# ਮਾਨ ਤੇ ਕੇਜਰੀਵਾਲ ਨੇ ਬੱਲਾਂ 'ਚ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦਾ ਰੱਖਿਆ ਨੀਂਹ ਪੱਥਰ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਾਲ ਡੇਰਾ ਸੱਚਖੰਡ ਬੱਲਾਂ ਵਿਖੇ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕੇਂਦਰ 'ਤੇ ਕੰਮ ਸ਼ੁਰੂ ਕਰਨ ਲਈ 25 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਸੰਤ ਨਿਰੰਜਨ ਦਾਸ ਨੂੰ ਸੌਂਪੀ। ਦੋਵੇਂ ਆਗੂਆਂ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਮੱਥਾ ਟੇਕਿਆ ਅਤੇ ਡੇਰੇ ਦੇ ਮੁਖੀ ਸੰਤ ਨਿਰੰਜਨ ਦਾਸ ਤੋਂ ਆਸ਼ੀਰਵਾਦ ਲਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਉਮੀਦ ਜਤਾਈ ਕਿ ਇਹ ਸਿੱਖਿਆ ਕੇਂਦਰ ਸ੍ਰੀ ਗੁਰੂ ਰਵਿਦਾਸ ਦੀ ਬਾਣੀ ਬਾਰੇ ਵਿਆਪਕ ਖੋਜ ਅਤੇ ਅਧਿਐਨ ਕਰਨ ਲਈ ਮੀਲ ਪੱਥਰ ਸਾਬਤ ਹੋਵੇਗਾ।




ਉਨ੍ਹਾਂ ਕਿਹਾ ਕਿ ਇਹ ਕੇਂਦਰ ਭਗਤੀ ਲਹਿਰ ਦੇ ਮੋਹਰੀ ਸ੍ਰੀ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਦੁਨੀਆ ਦੇ ਕੋਨੇ-ਕੋਨੇ ਵਿਚ ਪ੍ਰਚਾਰਨ ਵਿਚ ਵੀ ਸਹਾਈ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਵੱਡੇ-ਵੱਡੇ ਦਮਗਜੇ ਮਾਰਨ ਵਿਚ ਵਿਸ਼ਵਾਸ ਨਹੀਂ ਰੱਖਦੇ, ਸਗੋਂ ਸਮਾਜ ਲਈ ਜੋ ਚੰਗਾ ਹੋਵੇ, ਉਹ ਕੰਮ ਕਰਦੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਇਸ ਵੱਕਾਰੀ ਪ੍ਰੋਜੈਕਟ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਡਿਪਟੀ ਕਮਿਸ਼ਨਰ ਦੇ ਖਾਤੇ ਵਿਚ ਪੈਸੇ ਤਬਦੀਲ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਲੋਕਾਂ ਨੂੰ ਚੇਤੇ ਕਰਵਾਇਆ ਕਿ ਪਿਛਲੀਆਂ ਸਰਕਾਰਾਂ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਪੈਸੇ ਹੜੱਪ ਕੇ ਗਰੀਬ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਕਰ ਦਿੱਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਕਮੇਟੀ ਵੱਲੋਂ ਇਸ ਮੰਤਵ ਲਈ ਲੋੜੀਂਦੀ ਜਮੀਨ ਦੀ ਖਰੀਦ ਸਮੇਤ ਕੇਂਦਰ ਦੇ ਵਿਕਾਸ ਸਬੰਧੀ ਅੱਗੇ ਦੀ ਕਾਰਵਾਈ ਬਾਰੇ ਫੈਸਲਾ ਕੀਤਾ ਜਾਵੇਗਾ।

# ਰਾਜਨਾਥ ਦੀ ਰਾਧਾ ਸਵਾਮੀ ਮੁਖੀ ਨਾਲ ਬੰਦ ਕਮਰਾ ਮੀਟਿੰਗ ਨੇ ਚਰਚਾ ਛੇੜੀ

**ਅੰਮ੍ਰਿਤਸਰ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਬਿਆਸ ਵਿਖੇ ਡੇਰਾ ਰਾਧਾ ਸਵਾਮੀ ਦਾ ਦੌਰਾ ਕਰਕੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਰੱਖਿਆ ਮੰਤਰੀ ਲਗਭਗ ਡੇਢ ਘੰਟਾ ਡੇਰੇ 'ਚ ਰਹੇ। ਉਨ੍ਹਾਂ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ।

ਮੀਟਿੰਗ ਦੇ ਵੇਰਵੇ ਜਨਤਕ ਨਹੀਂ ਕੀਤੇ ਗਏ ਹਨ। ਉਹ ਸਤਿਸੰਗ ਸਥਾਨ ਉਤੇ ਵੀ ਗਏ। ਇਸ ਮੌਕੇ ਡੇਰਾ ਮੁਖੀ ਬਾਬਾ ਢਿੱਲੋਂ ਵੱਲੋਂ ਰਾਜਨਾਥ ਸਿੰਘ ਨੂੰ ਡੇਰੇ ਦੇ ਵੱਖ-ਵੱਖ ਸਥਾਨਾਂ ਅਤੇ ਗਤੀਵਿਧੀਆਂ ਬਾਰੇ ਜਾਣੂ ਕਰਾਇਆ ਗਿਆ। ਇਸ ਤੋਂ ਪਹਿਲਾਂ ਡੇਰਾ ਮੁਖੀ ਨੇ ਰੱਖਿਆ ਮੰਤਰੀ ਦਾ ਡੇਰਾ ਬਿਆਸ ਪੁੱਜਣ ਤੇ ਨਿੱਘਾ ਸਵਾਗਤ ਕੀਤਾ। ਰਾਜਨਾਥ ਸਿੰਘ ਨੇ ਡੇਰੇ ਵੱਲੋਂ ਲੋਕ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਰੱਖਿਆ ਮੰਤਰੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੇ, ਜਿਥੇ ਭਾਜਪਾ ਆਗੂ ਜੀਵਨ ਗੁਪਤਾ, ਰਾਜ ਸਭਾ ਦੇ ਸਾਬਕਾ ਮੈਂਬਰ ਸਵੇਤ ਮਲਿਕ, ਸਾਬਕਾ ਵਿਧਾਇਕ ਰਾਜ ਕੁਮਾਰ ਵੇਰਕਾ ਅਤੇ ਹੋਰ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਭਾਜਪਾ ਦੇ ਸੀਨੀਅਰ ਆਗੂ ਰਾਜਨਾਥ ਸਿੰਘ ਦੇ ਇਸ ਦੌਰੇ ਨੂੰ ਸਿਆਸਤ ਅਤੇ 2024 ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਭਾਜਪਾ ਆਪਣੇ ਆਪ ਨੂੰ ਵਧੇਰੇ ਮਜ਼ਬੂਤ ਕਰਨ ਦੇ ਯਤਨ ਕਰ ਰਹੀ ਹੈ ਅਤੇ ਭਵਿੱਖ ਵਿਚ ਉਹ ਇਕੱਲਿਆਂ ਹੀ ਚੋਣਾਂ ਲੜਨ ਦੇ ਰੌਅ 'ਚ ਹੈ। ਉਸ ਵੱਲੋਂ ਪਿੰਡਾਂ ਵਿਚ ਵੀ ਆਧਾਰ ਬਣਾਇਆ ਜਾ ਰਿਹਾ ਹੈ। ਡੇਰਾ ਬਿਆਸ ਦਾ ਪਿੰਡਾਂ ਅਤੇ ਸ਼ਹਿਰਾਂ ਤੋਂ ਇਲਾਵਾ ਹੋਰ ਸੂਬਿਆਂ ਵਿਚ ਵੀ ਚੰਗਾ ਪ੍ਰਭਾਵ ਹੈ। ਦੱਸਣਯੋਗ ਹੈ ਕਿ ਹਿਮਾਚਲ ਵਿਧਾਨ ਸਭਾ ਚੋਣਾਂ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੇਰਾ ਰਾਧਾ ਸੁਆਮੀ ਦਾ ਦੌਰਾ ਕੀਤਾ ਸੀ। ਪ੍ਰਧਾਨ ਮੰਤਰੀ ਵੀ ਡੇਰਾ ਬਿਆਸ ਵੱਲੋਂ ਕੀਤੇ ਜਾਂਦੇ ਲੋਕ ਕਲਿਆਣ ਦੇ ਕਾਰਜਾਂ ਅਤੇ ਉਸ ਦੀ ਕਾਰਜ ਪ੍ਰਣਾਲੀ ਤੋਂ ਪ੍ਰਭਾਵਿਤ ਹੋਏ ਸਨ।



ਉਧਰ, ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਭਾਜਪਾ ਜਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਸਾਬਕਾ ਪ੍ਰਧਾਨ ਹਰਦਿਆਲ ਸਿੰਘ ਔਲਖ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਮੀਟਿੰਗ 'ਚ ਤਾਰਾਂ ਤੋਂ ਪਾਰ ਕਿਸਾਨਾਂ ਨੂੰ ਖੇਤੀ ਕਰਨ ਲਈ ਵੱਧ ਸਮਾਂ ਦਿੱਤੇ ਜਾਣ, ਜੰਗਲੀ ਜਾਨਵਰਾਂ ਤੋਂ ਫਸਲਾਂ ਦੇ ਬਚਾਅ ਲਈ ਪ੍ਰਬੰਧ ਕਰਨ, ਸਮੇਂ-ਸਮੇਂ 'ਤੇ ਮੁਆਵਜ਼ਾ ਦੇਣ ਅਤੇ ਪਾਕਿਸਤਾਨ ਤੋਂ ਡਰੋਨ ਰਾਹੀਂ ਆ ਰਹੇ ਨਸ਼ੇ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਕੀਤੀ ਗਈ। ਮੀਟਿੰਗ ਮਗਰੋਂ ਔਲਖ ਨੇ ਕਿਹਾ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਰਹੱਦੀ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਬੜੇ ਹੀ ਧਿਆਨ ਨਾਲ ਸੁਣਿਆ ਅਤੇ ਇਸ ਸਬੰਧੀ ਤੁਰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।

# ਐਸ.ਵਾਈ.ਐਲ: ਸੁਪਰੀਮ ਕੋਰਟ ਵੱਲੋਂ ਮਿਲ ਬੈਠ ਕੇ ਹੱਲ ਕੱਢਣ ਦੀ ਸਲਾਹ



**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਸਤਲੁਜ ਯਮੁਨਾ ਲਿੰਕ ਨਹਿਰ ਵਿਵਾਦ ਦੇ ਹੱਲ ਲਈ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਮੁੜ ਮਿਲ ਬੈਠ ਕੇ ਹੱਲ ਕੱਢਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਅਤੇ ਕੇਂਦਰ ਸਰਕਾਰ ਨੂੰ ਇਸ ਵਿਵਾਦ ਦੇ ਹੱਲ ਲਈ ਉਸਾਰੂ ਭੂਮਿਕਾ ਨਿਭਾਉਣ ਦੀ ਹਦਾਇਤ ਕੀਤੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 4 ਅਕਤੂਬਰ 'ਤੇ ਪਾ ਦਿੱਤੀ ਗਈ ਹੈ। ਕੇਂਦਰ ਸਰਕਾਰ ਨੇ 16 ਮਾਰਚ ਨੂੰ ਇਸ ਕੇਸ ਸਬੰਧੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਐਡਵੋਕੇਟ ਰਾਕੇਸ਼ ਦਿਵੇਦੀ ਪੇਸ਼ ਹੋਏ।

ਵੇਰਵਿਆਂ ਅਨੁਸਾਰ ਸੁਪਰੀਮ ਕੋਰਟ ਨੇ ਕਿਹਾ ਕਿ ਦੋਵੇਂ ਸੂਬਿਆਂ ਨੂੰ ਗੱਲਬਾਤ ਲਈ ਮੁੜ ਬੈਠਣਾ ਚਾਹੀਦਾ ਹੈ ਤੇ ਕੇਂਦਰ ਸਰਕਾਰ ਨੇ ਵੀ 16 ਮਾਰਚ ਨੂੰ ਦਾਇਰ ਕੀਤੇ ਹਲਫ਼ੀਆ ਵਿਚ ਇਹ ਗੱਲ ਆਖੀ ਸੀ ਕਿ ਦੋਵੇਂ ਸੂਬੇ ਮੁੜ ਗੱਲਬਾਤ ਕਰਨ ਲਈ ਰਾਜ਼ੀ ਹਨ।

ਹਰਿਆਣਾ ਸਰਕਾਰ ਨੇ ਸਿਖਰਲੀ ਅਦਾਲਤ ਵਿਚ ਕਿਹਾ ਕਿ ਪਹਿਲਾਂ ਹੀ ਮੀਟਿੰਗਾਂ ਬੇਸਿੱਟਾ ਰਹੀਆਂ ਹਨ ਤੇ ਭਵਿੱਖ 'ਚ ਵੀ ਕੋਈ ਨਤੀਜਾ ਨਿਕਲਣ ਦੀ ਆਸ ਨਹੀਂ ਹੈ। ਹਰਿਆਣਾ ਨੇ ਇਸ ਮੁੱਦੇ 'ਤੇ ਸੁਪਰੀਮ ਕੋਰਟ ਨੂੰ ਹੀ ਫੈਸਲਾ ਲੈਣ ਦੀ ਅਪੀਲ ਕੀਤੀ। ਸੁਪਰੀਮ ਕੋਰਟ ਨੇ ਕਿਹਾ ਕਿ ਦੋਵੇਂ ਸੂਬਿਆਂ ਨੂੰ ਗੱਲਬਾਤ ਤੋਂ ਅੱਗੇ ਹੱਲ ਕੱਢਣ ਵੱਲ ਵਧਣਾ ਚਾਹੀਦਾ ਹੈ। ਹਰਿਆਣਾ ਨੇ ਇਸ ਗੱਲ 'ਤੇ ਵੀ ਇਤਰਾਜ਼ ਕੀਤਾ ਕਿ ਕੇਂਦਰ ਸਰਕਾਰ ਨੇ ਹਲਫ਼ੀਆ ਬਿਆਨ 'ਚ ਗ਼ਲਤ ਬਿਆਨ ਕੀਤਾ ਹੈ ਕਿ ਦੋਵੇਂ ਸੂਬੇ ਮਿਲ ਬੈਠਣ ਲਈ ਰਾਜ਼ੀ ਹਨ, ਜਦਕਿ ਪੰਜਾਬ ਤਾਂ ਇਸ ਲਈ ਤਿਆਰ ਹੀ ਨਹੀਂ ਹੈ।

ਪੰਜਾਬ ਨੇ ਆਪਣਾ ਪੁਰਾਣਾ ਪੱਖ ਦੁਹਰਾਇਆ ਕਿ ਜਦੋਂ ਪਾਣੀਆਂ ਦਾ ਬਟਵਾਰਾ ਹੀ ਠੀਕ ਨਹੀਂ ਤਾਂ ਨਹਿਰ ਦੀ ਗੱਲ ਤਾਂ ਬਾਅਦ ਵਿਚ ਆਉਂਦੀ ਹੈ। ਪੰਜਾਬ ਸਰਕਾਰ ਨੇ ਪਹਿਲਾਂ ਪਾਣੀਆਂ ਦੀ ਮੌਜੂਦਾ ਉਪਲਬਧਤਾ ਦੇ ਆਧਾਰ 'ਤੇ ਵੰਡ ਕੀਤੇ ਜਾਣ 'ਤੇ ਜ਼ੋਰ ਪਾਇਆ। ਸਿੰਜਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਕਾਨੂੰਨੀ ਟੀਮ ਨਾਲ ਸੁਪਰੀਮ ਕੋਰਟ ਵਿਚ ਹਾਜ਼ਰ ਰਹੇ।

ਦੱਸਣਯੋਗ ਹੈ ਕਿ ਸੁਪਰੀਮ ਕੋਰਟ ਨੇ 6 ਸਤੰਬਰ 2022 ਨੂੰ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਐਸ.ਵਾਈ.ਐਲ. ਦੇ ਮਾਮਲੇ 'ਤੇ ਦੋਵੇਂ ਸੂਬਿਆਂ ਨਾਲ ਆਪਸੀ ਗੱਲਬਾਤ ਕਰਾਉਣ ਤੇ ਉਸ ਦੀ ਪ੍ਰਗਤੀ ਰਿਪੋਰਟ ਚਾਰ ਮਹੀਨਿਆਂ ਵਿਚ ਪੇਸ਼ ਕਰਨ ਦੀ ਹਦਾਇਤ ਕੀਤੀ ਸੀ, ਜਿਸ ਬਾਰੇ ਪ੍ਰਗਤੀ ਰਿਪੋਰਟ 16 ਮਾਰਚ ਨੂੰ ਦਾਖਲ ਕਰ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 14 ਅਕਤੂਬਰ 2022 ਚੰਡੀਗੜ੍ਹ ਵਿਚ ਇਸ ਮੁੱਦੇ 'ਤੇ ਮੀਟਿੰਗ ਵੀ ਕੀਤੀ ਸੀ, ਜੋ ਬੇਨਤੀਜਾ ਰਹੀ ਸੀ। ਫਿਰ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਦੀ ਅਗਵਾਈ ਹੇਠ 4 ਜਨਵਰੀ ਨੂੰ ਦਿੱਲੀ 'ਚ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਹੋਈ ਸੀ, ਜੋ ਬੇਸਿੱਟਾ ਰਹੀ।

## ਜਹਾਜ਼ ਟਕਰਾਉਣ ਤੋਂ ਬਚੇ

**ਕਾਠਮੰਡੂ:** ਨੇਪਾਲ ਵਿਚ ਏਅਰ ਇੰਡੀਆ ਤੇ ਨੇਪਾਲ ਏਅਰਲਾਈਨਜ਼ ਦੇ ਜਹਾਜ਼ਾਂ ਵਿਚਾਲੇ ਟੱਕਰ ਹੋਣ ਤੋਂ ਵਾਲ-ਵਾਲ ਬਚਾਅ ਹੋ ਗਿਆ। ਜਦੋਂ ਵਾਰਨਿੰਗ ਸਿਸਟਮ ਨੇ ਪਾਇਲਟਾਂ ਨੂੰ ਸੁਚੇਤ ਕਰ ਦਿੱਤਾ ਅਤੇ ਉਨ੍ਹਾਂ ਦੇ ਤੁਰਤ ਹਰਕਤ ਵਿਚ ਆਉਣ ਨਾਲ ਇਕ ਵੱਡਾ ਹਾਦਸਾ ਹੋਣੋਂ ਟਲ ਗਿਆ। ਨੇਪਾਲ ਦੀ ਸਿਵਲ ਏਵੀਏਸ਼ਨ ਅਥਾਰਿਟੀ ਦੇ ਤਰਜਮਾਨ ਜਗਨਨਾਥ ਨਿਰੌਲਾ ਅਨੁਸਾਰ ਸੀ.ਏ.ਏ.ਐਨ. ਨੇ ਲਾਪਰਵਾਹੀ ਦੇ ਦੋਸ਼ ਹੇਠ ਹਵਾਈ ਕੰਟਰੋਲਰ ਵਿਭਾਗ ਦੇ ਦੋ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਮਲੇਸ਼ੀਆ ਦੇ ਕੁਆਲਾਲੰਪੁਰ ਤੋਂ ਕਾਠਮੰਡੂ ਆ ਰਹੇ ਨੇਪਾਲ ਏਅਰਲਾਈਨਜ਼ ਦੇ ਜਹਾਜ਼ ਅਤੇ ਨਵੀਂ ਦਿੱਲੀ ਤੋਂ ਕਾਠਮੰਡੂ ਆ ਰਹੇ ਏਅਰ ਇੰਡੀਆ ਦੇ ਜਹਾਜ਼ ਦੀ ਟੱਕਰ ਹੋਣ ਵਾਲੀ ਸੀ। ਨਿਰੌਲਾ ਨੇ ਕਿਹਾ ਕਿ ਏਅਰ ਇੰਡੀਆ ਦਾ ਜਹਾਜ਼ 19 ਹਜ਼ਾਰ ਫੁੱਟ ਦੀ ਉਚਾਈ ਤੋਂ ਥੋੜ੍ਹਾ ਥੱਲੇ ਆ ਰਿਹਾ ਸੀ, ਜਦਕਿ ਨੇਪਾਲ ਏਅਰਲਾਈਨਜ਼ ਦਾ ਜਹਾਜ਼ ਉਸੇ ਸਮੇਂ 15 ਹਜ਼ਾਰ ਫੁੱਟ ਦੀ ਉਚਾਈ 'ਤੇ ਉੱਡ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਰਾਡਾਰ 'ਤੇ ਦੇਖਿਆ ਕਿ ਦੋਵੇਂ ਜਹਾਜ਼ ਇਕ-ਦੂਜੇ ਦੇ ਨੇੜੇ ਹਨ ਤਾਂ ਨੇਪਾਲ ਏਅਰਲਾਈਨਜ਼ ਦਾ ਜਹਾਜ਼ ਥੱਲੇ ਉਤਰ ਕੇ ਸੱਤ ਹਜ਼ਾਰ ਫੁੱਟ ਦੀ ਉਚਾਈ 'ਤੇ ਆ ਗਿਆ।

## ਇਸਰੋ ਨੇ 36 ਉਪਗ੍ਰਹਿ ਨਿਰਧਾਰਤ ਪੰਧ 'ਤੇ ਭੇਜੇ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਸਭ ਤੋਂ ਭਾਰੀ ਐਲ.ਵੀ.ਐਮ3 ਰਾਕੇਟ ਰਾਹੀਂ ਬਰਤਾਨੀਆ ਸਥਿਤ ਵਨਵੈੱਬ ਸਮੂਹ ਕੰਪਨੀ ਦੇ 36 ਉਪਗ੍ਰਹਿ ਸਫਲਤਾਪੂਰਵਕ ਉਨ੍ਹਾਂ ਦੇ ਨਿਰਧਾਰਤ ਪੰਧ ਵਿਚ ਸਥਾਪਤ ਕਰ ਕੇ ਇਕ ਹੋਰ ਉਪਲਬਧੀ ਹਾਸਲ ਕਰ ਲਈ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਉਪਲਬਧੀ ਲਈ ਇਸਰੋ ਦੀ ਸ਼ਲਾਘਾ ਕੀਤੀ।



ਇਸਰੋ ਦੇ 43.5 ਮੀਟਰ ਲੰਬੇ ਰਾਕੇਟ ਨੂੰ 24.30 ਵਜੇ ਦੀ ਉਲਟੀ ਗਿਣਤੀ ਸਮਾਪਤ ਹੋਣ ਤੋਂ ਬਾਅਦ ਚੇਨੱਈ ਤੋਂ ਕਰੀਬ 135 ਕਿਲੋਮੀਟਰ ਦੂਰ ਸਤੀਸ਼ ਧਵਨ ਪੁਲਾੜ ਕੇਂਦਰ ਵਿਚ ਦੂਜੇ ਲਾਂਚ ਪੈਡ ਤੋਂ ਲਾਂਚ ਕੀਤਾ ਗਿਆ। ਇਹ ਇਸਰੋ ਦੀ ਵਪਾਰਕ ਇਕਾਈ ਨਿਊਸਪੇਸ ਇੰਡੀਆ ਲਿਮਿਟਡ (ਐਨ.ਐਸ.ਆਈ.ਐਲ.) ਦਾ ਦੂਜਾ ਮਿਸ਼ਨ ਹੈ। ਇਸਰੋ ਨੇ ਧਰਤੀ ਦੇ ਹੇਠਲੇ ਪੰਧ (ਐਲ.ਈ.ਓ.) ਵਿਚ 72 ਉਪਗ੍ਰਹਿ ਭੇਜਣ ਲਈ ਬਰਤਾਨੀਆ ਦੀ ਨੈੱਟਵਰਕ ਐਕਸੈੱਸ ਐਸੋਸੀਏਟਸ ਲਿਮਿਟਡ (ਵਨਵੈੱਬ ਗਰੁੱਪ ਕੰਪਨੀ) ਨਾਲ ਇਕ ਸਮਝੌਤਾ ਕੀਤਾ ਸੀ। ਇਸ ਸਮਝੌਤੇ ਤਹਿਤ ਇਹ ਵਨਵੈੱਬ ਲਈ ਦੂਜਾ ਲਾਂਚ ਸੀ। ਇਸ ਤੋਂ ਪਹਿਲਾਂ ਕੰਪਨੀ ਲਈ ਪਹਿਲੇ 36 ਉਪਗ੍ਰਹਿ 23 ਅਕਤੂਬਰ 2022 ਨੂੰ ਲਾਂਚ ਕੀਤੇ ਗਏ ਸਨ।

ਵਨਵੈੱਬ ਪੁਲਾੜ ਤੋਂ ਸੰਚਾਲਿਤ ਇਕ ਵਿਸ਼ਵ ਪੱਧਰੀ ਸੰਚਾਰ ਨੈੱਟਵਰਕ ਹੈ ਜੋ ਕਿ ਸਰਕਾਰਾਂ ਤੇ ਉਦਯੋਗਾਂ ਨੂੰ ਸੰਪਰਕ ਦੀ ਸੁਵਿਧਾ ਮੁਹੱਈਆ ਕਰਾਉਂਦਾ ਹੈ। ਇਸਰੋ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਕਿਹਾ, "ਐਲ.ਵੀ.ਐਮ3-ਐਮ3/ਵਨਵੈੱਬ ਇੰਡੀਆ-2 ਮਿਸ਼ਨ ਪੂਰਾ ਹੋ ਗਿਆ ਹੈ। ਸਾਰੇ 36 ਵਨਵੈੱਬ ਜੈੱਨ-1 ਉਪਗ੍ਰਹਿ ਨਿਰਧਾਰਤ ਪੰਧਾਂ ਵਿਚ ਸਥਾਪਤ ਕਰ ਦਿੱਤੇ ਗਏ ਹਨ। ਐਲ.ਵੀ.ਐਮ3 ਆਪਣੇ ਲਗਾਤਾਰ ਛੇਵੇਂ ਲਾਂਚ ਵਿਚ 5,805 ਕਿੱਲੋ ਪੇਅਲੋਡ ਲੈ ਕੇ ਗਿਆ।" ਇਸਰੋ ਦੇ ਪ੍ਰਧਾਨ ਐੱਸ ਸੋਮਨਾਥ ਨੇ ਐਲ.ਵੀ.ਐਮ3-ਐਮ3-ਵਨਵੈੱਬ ਇੰਡੀਆ-2 ਮਿਸ਼ਨ ਦੇ ਸਫਲ ਲਾਂਚ ਲਈ ਐਨ.ਐਸ.ਆਈ.ਐਲ, ਇਸਰੋ ਤੇ ਵਨਵੈੱਬ ਨੂੰ ਵਧਾਈ ਦਿੱਤੀ।

## ਢੀਂਡਸਾ ਦੀ ਅਗਵਾਈ ਹੇਠ ਰਾਜਪਾਲ ਕੋਲ ਪਹੁੰਚ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਇਕ ਵਫਦ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮਿਲਿਆ। ਵਫਦ 'ਚ ਸ਼ਾਮਲ ਮੈਂਬਰਾਂ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਿੰਤਾ ਜ਼ਾਹਿਰ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਸਟਿਸ ਨਿਰਮਲ ਸਿੰਘ (ਸੇਵਾਮੁਕਤ), ਕਰਨੈਲ ਸਿੰਘ ਪੰਜੋਲੀ ਤੇ ਹੋਰਨਾਂ ਨੇ ਰਾਜਪਾਲ ਨੂੰ ਇਕ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ ਪੰਜਾਬ ਪੁਲਿਸ ਝੂਠੇ ਤੇ ਸੰਗੀਨ ਕੇਸਾਂ ਵਿਚ ਫਸਾਏ ਗਏ ਸਿੱਖ ਨੌਜਵਾਨਾਂ ਨੂੰ ਤੁਰਤ ਰਿਹਾਅ ਕਰੇ। ਸ੍ਰੀ ਢੀਂਡਸਾ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਦਮਨਕਾਰੀ ਨੀਤੀਆਂ ਤਹਿਤ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਕੇ ਗੈਰ-ਸੰਵਿਧਾਨਕ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ 'ਚ ਅਮਨ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਥਾਂ ਦੇਸ਼ ਭਗਤ ਸਿੱਖ ਕੌਮ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਗਲਤ ਵਤੀਰੇ ਕਰ ਕੇ ਹੀ ਸੂਬੇ ਦੀ

## 'ਬੀ' ਵੀਜ਼ੇ ਦੌਰਾਨ ਦਿੱਤੀ ਜਾ ਸਕਦੀ ਹੈ ਨੌਕਰੀ ਲਈ ਅਰਜ਼ੀ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਸੰਘੀ ਏਜੰਸੀ ਨੇ ਕਿਹਾ ਕਿ ਵਪਾਰ ਜਾਂ ਸੈਲਾਨੀ ਵੀਜ਼ਾ ਬੀ-1, ਬੀ-2 ਉਤੇ ਦੇਸ਼ 'ਚ ਰਹਿਣ ਵਾਲਾ ਵਿਅਕਤੀ ਨਵੀਂ ਨੌਕਰੀ ਲਈ ਅਤੇ ਇੰਟਰਵਿਊ ਵੀ ਦੇ ਸਕਦਾ ਹੈ। ਏਜੰਸੀ ਨੇ ਨਾਲ ਹੀ ਕਿਹਾ ਕਿ ਸੰਭਾਵੀ ਕਰਮਚਾਰੀ ਨੂੰ ਨਵੀਂ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਵੀਜ਼ਾ 'ਚ ਤਬਦੀਲੀ ਯਕੀਨੀ ਬਣਾਉਣੀ ਪਵੇਗੀ।

ਬੀ-1 ਤੇ ਬੀ-2 ਵੀਜ਼ਾ ਨੂੰ ਆਮ ਤੌਰ 'ਤੇ 'ਬੀ ਵੀਜ਼ਾ' ਵਜੋਂ ਜਾਣਿਆ ਜਾਂਦਾ ਹੈ। ਬੀ-1 ਵੀਜ਼ਾ ਮੁੱਖ ਤੌਰ 'ਤੇ ਘੱਟ ਸਮੇਂ ਦੀ ਵਪਾਰਕ ਯਾਤਰਾ ਲਈ ਜਾਰੀ ਕੀਤਾ ਜਾਂਦਾ ਹੈ ਜਦਕਿ ਬੀ-2 ਵੀਜ਼ਾ ਮੁੱਖ ਤੌਰ 'ਤੇ ਸੈਰ-ਸਪਾਟੇ ਦੇ ਮਕਸਦ ਲਈ ਜਾਰੀ ਕੀਤਾ ਜਾਂਦਾ ਹੈ।

ਅਮਰੀਕੀ ਨਾਗਰਿਕ ਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐਸ.ਸੀ.ਆਈ.ਐਸ) ਨੇ ਇਕ ਪੱਤਰ ਤੇ ਲੜੀਵਾਰ ਟਵੀਟ 'ਚ ਕਿਹਾ ਕਿ ਜਦੋਂ ਗੈਰ-ਪਰਵਾਸੀ ਵਰਕਰ ਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ ਤਾਂ ਉਸ ਨੂੰ ਹੋਰ ਬਦਲਾਂ ਬਾਰੇ ਪਤਾ ਨਹੀਂ ਹੁੰਦਾ ਅਤੇ ਕੁਝ ਮਾਮਲਿਆਂ 'ਚ ਗਲਤ ਢੰਗ ਨਾਲ ਉਹ ਇਹ ਸਮਝ ਲੈਂਦੇ ਹਨ ਕਿ ਉਨ੍ਹਾਂ ਕੋਲ 60 ਦਿਨ ਅੰਦਰ ਦੇਸ਼ ਛੱਡਣ ਤੋਂ ਇਲਾਵਾ ਕੋਈ ਹੋਰ ਰਾਹ ਨਹੀਂ ਹੈ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ 60 ਦਿਨ ਦੀ ਇਹ ਮਿਆਦ ਰੁਜ਼ਗਾਰ ਖਤਮ ਹੋਣ ਦੇ ਅਗਲੇ ਦਿਨ ਤੋਂ ਸ਼ੁਰੂ ਹੁੰਦੀ ਹੈ। ਜਦੋਂ ਕਿਸੇ ਗੈਰ-ਪਰਵਾਸੀ ਵਰਕਰ ਦਾ ਰੁਜ਼ਗਾਰ ਸਵੈ-ਇੱਛਾ ਜਾਂ ਬਿਨਾ ਇੱਛਾ ਤੋਂ ਖਤਮ ਹੋ ਜਾਂਦਾ ਹੈ ਤਾਂ ਉਹ ਆਮ ਤੌਰ 'ਤੇ ਅਮਰੀਕਾ 'ਚ ਅਧਿਕਾਰਤ ਤੌਰ 'ਤੇ ਰਹਿਣ ਦਾ ਪਾਤਰ ਬਣਨ ਲਈ ਕਈ ਬਦਲ ਅਪਣਾ ਸਕਦਾ ਹੈ।

## ਆਸਟਰੇਲੀਆ: ਨਿਊ ਸਾਊਥ ਵੇਲਜ ਦੀਆਂ ਚੋਣਾਂ 'ਚ ਲੇਬਰ ਪਾਰਟੀ ਜੇਤੂ

**ਸਿਡਨੀ:** ਆਸਟਰੇਲੀਆ ਦੀ ਸਭ ਤੋਂ ਵੱਧ ਵਸੋਂ ਵਾਲਾ ਸੂਬਾ ਨਿਊ ਸਾਊਥ ਵੇਲਜ ਦੀਆਂ ਸਟੇਟ ਪਾਰਲੀਮੈਂਟ ਚੋਣਾਂ ਵਿਚ ਲੇਬਰ ਪਾਰਟੀ ਨੇ ਜਿੱਤ ਪ੍ਰਾਪਤ ਕੀਤੀ ਹੈ। ਲੇਬਰ ਪਾਰਟੀ 12 ਸਾਲਾਂ ਬਾਅਦ ਸੱਤਾ ਵਿਚ ਵਾਪਸ ਆਈ ਹੈ।

ਇਸ ਚੋਣ ਵਿਚ ਦੋ ਭਾਰਤੀ ਮੂਲ ਦੇ ਪਿਛੋਕੜ ਵਾਲੇ ਉਮੀਦਵਾਰ ਚੁਣੇ ਗਏ ਹਨ। ਪੰਜਾਬੀ ਵਸੋਂ ਵਾਲਾ ਕਸਬਾ ਵੂਲਗੂਲਗਾ ਦੀ ਕੌਫਸ ਹਾਰਬਰ ਸੀਟ ਤੋਂ ਦੂਜੀ ਵਾਰ ਗੁਰਮੇਸ ਸਿੰਘ ਸਿੱਧੂ ਨੈਸ਼ਨਲ ਪਾਰਟੀ ਆਫ ਆਸਟਰੇਲੀਆ ਤੇ ਸਿਡਨੀ ਦੇ ਲਿਵਰਪੂਲ ਹਲਕੇ ਤੋਂ ਕਰਿਸ਼ਮਾ ਕਲਿਯਾਂਡਾ ਨੇ ਆਸਟਰੇਲੀਅਨ ਲੇਬਰ ਪਾਰਟੀ ਵੱਲੋਂ ਪਹਿਲੀ ਵਾਰ ਚੋਣ ਜਿੱਤੀ ਹੈ। ਸਿੱਧੂ ਆਪਣੇ ਆਸਟਰੇਲਿਆਈ ਪਰਿਵਾਰ ਦੀ ਚੌਥੀ ਪੀੜ੍ਹੀ ਵਿਚੋਂ ਹਨ ਅਤੇ ਉਹ ਬਲੂ ਬੈਰੀ ਦੇ ਕਾਸਤਕਾਰ ਵਿਚੋਂ ਪ੍ਰਮੁੱਖ ਹਨ। ਮਿਸ ਕਰਿਸ਼ਮਾ ਬੰਗਲੌਰ ਤੋਂ ਹਨ। ਉਹ ਛੋਟੀ ਉਮਰ ਵਿਚ ਪਰਿਵਾਰ ਸਮੇਤ ਆਸਟਰੇਲੀਆ ਆਏ ਸਨ ਅਤੇ ਆਈ.ਟੀ. ਖੇਤਰ ਵਿਚ ਹਨ। ਇਸ ਤੋਂ ਇਲਾਵਾ ਡੈਨੀਅਲ ਮੂਕੇ ਵੀ ਪੰਜਾਬੀ ਪਿਛੋਕੜ ਤੋਂ ਹਨ, ਜੋ ਸੂਬੇ ਦੇ ਉੱਪਰਲੇ ਸਦਨ ਵਿਚ ਲੇਬਰ ਦੇ ਪਹਿਲਾਂ ਤੋਂ ਹੀ ਸੰਸਦ ਮੈਂਬਰ ਹਨ ਤੇ ਸੂਬੇ ਦੇ ਖਜਾਨਚੀ ਬਣਨ ਦੀ ਤਿਆਰੀ ਵਿਚ ਹਨ।

ਲੇਬਰ ਪਾਰਟੀ ਨੇ ਸੱਤਾਧਾਰੀ ਲਿਬਰਲ-ਨੈਸ਼ਨਲ ਕੁਲੀਸ਼ਨ ਗੱਠਜੋੜ ਨੂੰ ਹਰਾਇਆ ਹੈ। ਲੇਬਰ ਦੇ ਨੇਤਾ ਕ੍ਰਿਸ ਮਿਨਸ ਸੂਬੇ ਦੇ ਪ੍ਰੀਮੀਅਰ ਹੋਣਗੇ। ਪ੍ਰਧਾਨ ਮੰਤਰੀ ਐਂਥਨੀ ਅਲਬਨੀਜ ਨੇ ਸੂਬਾਈ ਚੋਣ ਵਿਚ ਲੇਬਰ ਪਾਰਟੀ ਦੀ ਜਿੱਤ ਦਾ ਜਸ਼ਨ ਸਿਡਨੀ ਵਿਚ ਮਨਾਇਆ। ਉਨ੍ਹਾਂ ਨਵੇਂ ਪ੍ਰੀਮੀਅਰ ਕ੍ਰਿਸ ਨੂੰ ਲੋਕਾਂ ਦਾ ਹਰਮਨ ਪਿਆਰਾ ਇਮਾਨਦਾਰ ਅਤੇ ਨਿਰਪੱਖ ਨੇਤਾ ਦੱਸਦਿਆਂ ਵਧਾਈ ਦਿੱਤੀ।

## ਲਹਿੰਦੇ ਪੰਜਾਬ ਵਿਚ ਚੋਣਾਂ ਅਕਤੂਬਰ ਤੱਕ ਮੁਲਤਵੀ

**ਲਾਹੌਰ:** ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਸਿਆਸੀ ਤੌਰ 'ਤੇ ਅਹਿਮ ਪੰਜਾਬ ਦੀਆਂ ਚੋਣਾਂ ਪੰਜ ਮਹੀਨੇ ਲਈ ਅੱਗੇ ਪਾ ਦਿੱਤੀਆਂ। ਸਾਬਕਾ ਪ੍ਰਧਾਨ ਮੰਤਰੀ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ.ਟੀ.ਆਈ.) ਦੇ ਚੇਅਰਮੈਨ ਇਮਰਾਨ ਖਾਨ ਨੇ ਚੋਣ ਕਮਿਸ਼ਨ ਦੇ ਇਸ ਕਦਮ ਦੀ ਆਲੋਚਨਾ ਕੀਤੀ ਹੈ।

ਚੋਣ ਕਮਿਸ਼ਨ ਅਨੁਸਾਰ, ਇਸ ਕੋਲ ਪੁੱਜੀਆਂ ਰਿਪੋਰਟਾਂ ਦੇ ਮੁਲਾਂਕਣ ਮਗਰੋਂ ਇਹ ਨਤੀਜਾ ਕੱਢਿਆ ਗਿਆ ਕਿ 30 ਅਪਰੈਲ ਨੂੰ ਹੋਣ ਵਾਲੀਆਂ ਚੋਣਾਂ ਨਿਰਪੱਖ ਅਤੇ ਸੰਵਿਧਾਨਮੁਤਾਬਕ ਕਰਵਾਉਣੀਆਂ ਅਸੰਭਵ ਹਨ। ਹੁਣ 8 ਅਕਤੂਬਰ ਨੂੰ ਵੋਟਾਂ ਦੀ ਤਰੀਕ ਨਾਲ ਨਵਾਂ ਪ੍ਰੋਗਰਾਮ ਜਾਰੀ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਤਤਕਾਲੀ ਪੀ.ਟੀ.ਆਈ. ਸਰਕਾਰਾਂ ਵੱਲੋਂ ਪੰਜਾਬ ਤੇ ਖੈਬਰ ਪਖਤੂਨਖਵਾ ਸੂਬਿਆਂ ਵਿਚ ਕ੍ਰਮਵਾਰ 14 ਤੇ 18 ਜਨਵਰੀ ਨੂੰ ਵਿਧਾਨ ਸਭਾਵਾਂ ਭੰਗ ਕਰ ਦਿੱਤੀਆਂ ਗਈਆਂ ਸਨ।

ਚੋਣ ਕਮਿਸ਼ਨ ਨੇ ਦੱਸਿਆ ਕਿ 9 ਮਾਰਚ ਦੀ ਮੀਟਿੰਗ ਲਈ ਗ੍ਰਹਿ ਮੰਤਰੀ ਅਤੇ ਵਿੱਤ ਮੰਤਰੀ ਨਾਲ ਸੰਪਰਕ ਕੀਤਾ ਸੀ। ਇਸ ਦੌਰਾਨ ਗ੍ਰਹਿ ਵਿਭਾਗ ਦੇ ਵਿਸ਼ੇਸ਼ ਸਕੱਤਰ ਨੇ ਦੱਸਿਆ ਕਿ ਕਾਨੂੰਨ ਵਿਵਸਥਾ ਦੀ ਵਿਗੜ ਰਹੀ ਸਥਿਤੀ, ਖਰਾਬ ਸਿਆਸੀ ਮਾਹੌਲ ਅਤੇ ਸਿਆਸੀ ਆਗੂਆਂ ਨੂੰ ਮਿਲ ਰਹੀਆਂ ਗੰਭੀਰ ਧਮਕੀਆਂ ਕਾਰਨ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਵਕ ਚੋਣਾਂ ਕਰਵਾਉਣੀਆਂ ਸੰਭਵ ਨਹੀਂ ਹਨ। ਵਿੱਤ ਸਕੱਤਰ ਨੇ ਵੀ ਦੇਸ਼ ਵਿਚ ਆਰਥਿਕ ਸੰਕਟ ਤੇ ਚੋਣਾਂ ਲਈ ਫੰਡਾਂ ਦੀ ਘਾਟ ਦਾ ਹਵਾਲਾ ਦਿੱਤਾ ਸੀ।

## ਦੁਨੀਆ ਦੀ 26 ਫੀਸਦੀ ਆਬਾਦੀ ਪੀਣਯੋਗ ਸਾਫ ਪਾਣੀ ਨੂੰ ਤਰਸੀ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਦੁਨੀਆ ਦੀ 26 ਫੀਸਦੀ ਆਬਾਦੀ ਕੋਲ ਪੀਣਯੋਗ ਸਾਫ ਪਾਣੀ ਨਹੀਂ ਹੈ, ਜਦੋਂਕਿ 46 ਫੀਸਦੀ ਲੋਕ ਬੁਨਿਆਦੀ ਸਫਾਈ ਸਹੂਲਤਾਂ ਤੋਂ ਵਾਂਝੇ ਹਨ। ਇਹ ਰਿਪੋਰਟ ਸੰਯੁਕਤ ਰਾਸ਼ਟਰ ਦੀ 45 ਸਾਲਾਂ ਤੋਂ ਵੱਧ ਸਮੇਂ ਮਗਰੋਂ ਪਾਣੀ ਬਾਰੇ ਹੋਣ ਵਾਲੀ ਪਹਿਲੀ ਵੱਡੀ ਕਾਨਫਰੰਸ ਦੀ ਪੂਰਬ ਸੰਧਿਆ 'ਤੇ ਜਾਰੀ ਕੀਤੀ ਗਈ। ਸੰਯੁਕਤ ਰਾਸ਼ਟਰ ਵਿਸ਼ਵ ਜਲ ਵਿਕਾਸ ਰਿਪੋਰਟ-2023 ਵਿਚ ਸਾਲ 2030 ਤੱਕ ਸਾਰੇ ਲੋਕਾਂ ਦੀ ਸਾਫ ਪਾਣੀ ਅਤੇ ਸਵੱਛਤਾ ਤੱਕ ਪਹੁੰਚ ਯਕੀਨੀ ਬਣਾਉਣ ਦੇ ਯੂਐੱਨ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਚੁੱਕੇ ਜਾਣ ਵਾਲੇ ਜਰੂਰੀ ਕਦਮਾਂ ਬਾਰੇ ਵੀ ਸਪੱਸ਼ਟ ਤਸਵੀਰ ਪੇਸ਼ ਕੀਤੀ ਗਈ ਹੈ। ਰਿਪੋਰਟ ਦੇ ਐਡੀਟਰ-ਇਨ-ਚੀਫ ਰਿਚਰਡ ਕੌਨਰ ਨੇ ਨਿਊਜ ਕਾਨਫਰੰਸ ਦੌਰਾਨ ਕਿਹਾ ਕਿ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਦਾ ਪ੍ਰਤੀ ਸਾਲ 600 ਅਰਬ ਅਮਰੀਕੀ ਡਾਲਰ ਤੋਂ ਇੱਕ ਖਰਬ ਅਮਰੀਕੀ ਡਾਲਰ ਤੱਕ ਦਾ ਖਰਚਾ ਹੈ। ਕੌਨਰ ਨੇ ਕਿਹਾ ਕਿ ਇਸ ਸਬੰਧੀ ਸਭ ਤੋਂ ਅਹਿਮ ਨਿਵੇਸ਼ਕਾਂ, ਫਾਇਨਾਂਸਰਾਂ, ਸਰਕਾਰਾਂ ਅਤੇ ਜਲਵਾਯੂ ਤਬਦੀਲੀ ਇਕਾਈਆਂ ਨਾਲ ਭਾਈਵਾਲੀ ਕਾਇਮ ਕਰਨਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੈਸਾ ਵਾਤਾਵਰਨ ਨੂੰ ਕਾਇਮ ਰੱਖਣ ਦੇ ਢੰਗ-ਤਰੀਕਿਆਂ ਵਿੱਚ ਲਗਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੋ ਅਰਬ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜਿਨ੍ਹਾਂ ਕੋਲ ਪੀਣਯੋਗ ਸਾਫ ਪਾਣੀ ਨਹੀਂ ਹੈ।



# ਅਦਾਲਤ 'ਚ ਬਾਦਲਾਂ ਦੀ ਪੇਸ਼ੀ ਮੌਕੇ ਅਕਾਲੀ ਦਲ ਵੱਲੋਂ ਸ਼ਕਤੀ ਪ੍ਰਦਰਸ਼ਨ

**ਫ਼ਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਿੱਜੀ ਤੌਰ 'ਤੇ ਸਥਾਨਕ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਹਾਈ ਕੋਰਟ ਦੇ ਹੁਕਮਾਂ 'ਤੇ ਦੋਵੇਂ ਬਾਦਲਾਂ ਨੂੰ 5-5 ਲੱਖ ਦੇ ਜ਼ਮਾਨਤਨਾਮੇ ਭਰਨ ਤੋਂ ਬਾਅਦ ਚੱਲਦੇ ਮੁਕੱਦਮੇ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ 7 ਹਜ਼ਾਰ ਪੰਨਿਆਂ ਦੇ ਚਲਾਨ ਦੀ ਨਕਲ ਵੀ ਸੌਂਪੀ ਹੈ। ਦੋ ਘੰਟੇ ਦੇਰੀ ਨਾਲ ਅਦਾਲਤ ਵਿਚ ਪੁੱਜੇ ਬਾਦਲਾਂ ਦੀ ਪੇਸ਼ੀ ਸਮੇਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ।

ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਪੇਸ਼ੀ ਮੌਕੇ ਅਕਾਲੀ ਦਲ ਨੇ ਸ਼ਕਤੀ ਪ੍ਰਦਰਸ਼ਨ ਕੀਤਾ। ਬਾਦਲਾਂ ਦੇ ਫ਼ਰੀਦਕੋਟ ਪਹੁੰਚਣ ਤੋਂ ਪਹਿਲਾਂ ਅਦਾਲਤ ਦੇ ਬਾਹਰ ਦੋ ਹਜ਼ਾਰ ਤੋਂ ਵੱਧ ਅਕਾਲੀ ਵਰਕਰ ਸੜਕਾਂ ਦੇ



ਦੋਵੇਂ ਪਾਸੇ ਇਕੱਠੇ ਹੋ ਗਏ ਸਨ, ਜਿਨ੍ਹਾਂ ਨੇ ਬਾਦਲਾਂ ਦੇ ਪਹੁੰਚਣ 'ਤੇ ਨਾਅਰੇ ਲਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਅਕਾਲੀ ਵਰਕਰ ਅਦਾਲਤੀ ਕੰਪਲੈਕਸ ਦੇ ਅੰਦਰ ਨਹੀਂ ਗਏ ਜਦੋਂ ਕਿ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਦਾਲਤ ਦੇ ਬਾਹਰ ਹੀ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ। ਅਕਾਲੀ ਦਲ ਨੇ ਇਕੱਠੇ ਹੋਏ ਹਜ਼ਾਰਾਂ ਵਰਕਰਾਂ ਦੀ ਆਓ ਭਗਤ ਲਈ ਕਚਹਿਰੀ ਰੋਡ 'ਤੇ ਚਾਰ ਵੱਡੇ ਬੂਥ ਵੀ ਲਾਏ ਸਨ ਜਿਥੇ ਲੰਗਰ ਅਤੇ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ। ਯੂਥ ਅਕਾਲੀ ਦਲ ਦੇ ਸੂਬਾ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਸਮੁੱਚੇ ਸਮਾਗਮ ਦੀ ਅਗਵਾਈ ਕਰ ਰਹੇ ਸਨ। ਬਾਦਲ ਪਰਿਵਾਰ ਅਤੇ ਅਕਾਲੀ ਦਲ ਦੀ ਕੋਰ ਕਮੇਟੀ ਨੇ ਅਦਾਲਤੀ ਸੁਣਵਾਈ ਖਤਮ ਹੋਣ ਤੋਂ ਬਾਅਦ ਬੰਟੀ ਰੋਮਾਣਾ ਦੇ ਘਰ ਦੁਪਹਿਰ ਦਾ ਖਾਣਾ ਵੀ ਖਾਧਾ। ਪ੍ਰਕਾਸ਼ ਸਿੰਘ ਬਾਦਲ ਕਰੀਬ 35 ਮਿੰਟ ਅਦਾਲਤ ਵਿਚ ਰਹੇ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੇ ਕਿਸੇ ਵੀ ਵਿਅਕਤੀ ਨਾਲ ਕੋਈ ਗੱਲਬਾਤ ਨਹੀਂ ਕੀਤੀ।

ਉਧਰ, ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਫਰੀਦਕੋਟ ਦੇ ਸਾਬਕਾ ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਵੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਇਨ੍ਹਾਂ ਦੋਵਾਂ ਨੂੰ ਵੀ 5-5 ਲੱਖ ਦੇ ਮੁਚੱਲਕੇ ਭਰਨ ਤੋਂ ਬਾਅਦ ਜ਼ਮਾਨਤ ਦੇ ਦਿੱਤੀ। ਅਦਾਲਤ ਦੇ ਹੁਕਮ ਦੇ ਬਾਵਜੂਦ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਡੀ.ਆਈ.ਜੀ. ਅਮਰ ਸਿੰਘ ਚਾਹਲ ਅਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ।

ਅਦਾਲਤ ਨੇ ਪੇਸ਼ ਨਾ ਹੋਣ ਵਾਲੇ ਮੁਲਜ਼ਮਾਂ ਨੂੰ ਦੁਬਾਰਾ ਨੋਟਿਸ ਜਾਰੀ ਕੀਤਾ ਹੈ ਅਤੇ ਇਸ ਕੇਸ ਦੀ ਅਗਲੀ ਤਰੀਕ 12 ਅਪਰੈਲ ਨਿਸ਼ਚਿਤ ਕੀਤੀ ਹੈ। ਇਸੇ ਦਰਮਿਆਨ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਸਾਬਕਾ ਡੀ.ਜੀ.ਪੀ. ਸੈਣੀ, ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ ਵੀ ਫਰੀਦਕੋਟ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀ ਸ਼ਹਾਦਤ ਨੂੰ ਸਿਜਦਾ

**ਬੰਗਾ:** ਮੁੱਖ ਮੰਤਰੀ ਭਗਵੰਤ ਮਾਨ ਖਟਕੜ ਕਲਾਂ ਵਿਚ ਕਰਵਾਏ ਗਏ ਸੂਬਾ ਪੱਧਰੀ ਸ਼ਹੀਦੀ ਸਮਾਗਮ ਵਿਚ ਸ਼ਾਮਲ ਹੋਏ ਤੇ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀ ਯਾਦਗਾਰ 'ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸ਼ਹੀਦ ਭਗਤ ਸਿੰਘ ਦੇ ਸੁਫਨਿਆਂ ਦਾ ਸਮਾਜ ਸਿਰਜਣ ਲਈ ਅੱਗੇ ਆਉਣ। ਸ਼ਹੀਦ-ਏ-ਆਜ਼ਮ ਦੇ ਜੱਦੀ ਪਿੰਡ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਦਿਨ ਸਾਨੂੰ ਧਰਤੀ ਮਾਂ ਦੇ ਸੱਚੇ ਸਪੂਤ ਵੱਲੋਂ ਦੇਸ਼ ਖਾਤਰ ਦਿੱਤੇ ਮਹਾਨ ਬਲੀਦਾਨ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਬੇਇਨਸਾਫ਼ੀ, ਜ਼ੁਲਮ ਤੇ ਦਮਨ ਖ਼ਿਲਾਫ਼ ਖੜ੍ਹੇ ਹੋਣ ਲਈ ਪ੍ਰੇਰਦੀ ਰਹੇਗੀ।



ਭਗਵੰਤ ਮਾਨ ਨੇ ਕਿਹਾ ਕਿ ਸਾਡਾ ਨੈਤਿਕ ਫਰਜ਼ ਬਣਦਾ ਹੈ ਕਿ ਸਮਾਜ ਵਿਚ ਫੈਲੀਆਂ ਕੁਰੀਤੀਆਂ ਵਿਰੁੱਧ ਜੰਗ ਛੇੜੀਏ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਸੂਬਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਪੰਜਾਬ ਮੁਲਕ ਭਰ ਵਿਚੋਂ ਮੋਹਰੀ ਸੂਬਾ ਬਣ ਕੇ ਉਭਰੇਗਾ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਫ਼ਿਰੋਜ਼ਪੁਰ ਨੂੰ ਟੂਰਿਸਟ ਹੱਬ ਵਜੋਂ ਵਿਕਸਤ ਕਰਨ ਦਾ ਐਲਾਨ ਕੀਤਾ। ਇਥੇ ਹੁਸੈਨੀਵਾਲਾ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਕਿਹਾ ਕਿ ਹੁਸੈਨੀਵਾਲਾ ਦੇ ਵਿਆਪਕ ਵਿਕਾਸ ਲਈ ਖਾਕਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਇਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਸਹੂਲਤਾਂ ਮਿਲ ਸਕਣ। ਮੁੱਖ ਮੰਤਰੀ ਨੇ ਇਥੇ ਜੰਗੀ ਯਾਦਗਾਰ ਦਾ ਨੀਂਹ ਪੱਥਰ ਵੀ ਰੱਖਿਆ। ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਮਿਆਰੀ ਤਕਨੀਕੀ ਸਿੱਖਿਆ ਮੁਹੱਈਆ ਕਰਨ ਲਈ ਫ਼ਿਰੋਜ਼ਪੁਰ ਵਿਚ ਤਕਨੀਕੀ ਯੂਨੀਵਰਸਿਟੀ ਦੀ ਸਥਾਪਨਾ ਕਰਨ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਜਲਦੀ ਹੀ ਹੁਸੈਨੀਵਾਲਾ ਟੈਂਟ ਸਿਟੀ ਦਾ ਨਿਰਮਾਣ ਕਰੇਗੀ ਤੇ ਹੁਸੈਨੀਵਾਲਾ ਅਜਾਇਬ ਘਰ ਦੀ ਕਾਇਆ ਕਲਪ ਦੀ ਯੋਜਨਾ ਵੀ ਵਿਚਾਰ ਅਧੀਨ ਹੈ।

**'ਸਰਾਭਾ ਕੌਮਾਂਤਰੀ ਹਵਾਈ ਅੱਡਾ' ਬਣਾਉਣ ਲਈ ਮਤਾ ਪਾਸ: ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਇੰਡੀਅਨ ਏਅਰ ਫੋਰਸ ਸਟੇਸ਼ਨ ਹਲਵਾਰਾ, ਲੁਧਿਆਣਾ ਵਿਚ ਬਣਨ ਵਾਲੇ ਕੌਮਾਂਤਰੀ ਹਵਾਈ ਅੱਡੇ ਦਾ ਨਾਮ 'ਸ਼ਹੀਦ ਕਰਤਾਰ ਸਿੰਘ ਸਰਾਭਾ ਅੰਤਰਰਾਸ਼ਟਰੀ ਹਵਾਈ ਅੱਡਾ' ਰੱਖਣ ਦੀ ਬੇਨਤੀ ਕੀਤੀ ਹੈ। ਮੁੱਖ ਮੰਤਰੀ ਨੇ ਇਸ ਮਹਾਨ ਸ਼ਹੀਦ ਦੇ ਸ਼ਹੀਦੀ ਦਿਵਸ ਮੌਕੇ 16 ਨਵੰਬਰ ਨੂੰ ਛੁੱਟੀ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਨੇ ਇਹ ਐਲਾਨ ਵੀ ਕੀਤਾ ਕਿ ਹਲਵਾਰਾ ਹਵਾਈ ਅੱਡੇ ਦੇ ਸਿਵਲ ਏਅਰ ਟਰਮੀਨਲ ਦੀ ਉਸਾਰੀ ਦਾ ਕੰਮ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ ਅਤੇ ਇਥੋਂ ਮਈ ਦੇ ਅਖੀਰ ਜਾਂ ਜੂਨ ਤੱਕ ਘਰੇਲੂ ਉਡਾਣਾਂ ਸ਼ੁਰੂ ਹੋ ਜਾਣਗੀਆਂ। ਮੁੱਖ ਮੰਤਰੀ ਨੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ 'ਭਾਰਤ ਰਤਨ' ਐਵਾਰਡ ਦੇਣ ਦੀ ਪੈਰਵੀ ਕੀਤੀ।

## ਖਟਕੜ ਕਲਾਂ ਵਿਚ ਉਸਾਰੀ ਜਾਵੇਗੀ ਵਿਰਾਸਤੀ ਗਲੀ

**ਬੰਗਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿੰਡ ਵਿਚ ਵਿਰਾਸਤੀ ਗਲੀ ਦੇ ਨਿਰਮਾਣ ਦਾ ਫੈਸਲਾ ਕੀਤਾ ਹੈ ਤਾਂ ਕਿ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਤੇ ਪੰਜਾਬ ਦੇ ਸ਼ਾਨਮੱਤੇ ਯੋਗਦਾਨ ਨੂੰ ਦਰਸਾਇਆ ਜਾ ਸਕੇ। ਉਨ੍ਹਾਂ ਕਿਹਾ ਕਿ 850 ਮੀਟਰ ਲੰਮੀ ਇਹ ਵਿਰਾਸਤੀ ਗਲੀ ਖਟਕੜ ਕਲਾਂ ਵਿਚ ਅਜਾਇਬ ਘਰ ਤੋਂ ਸ਼ਹੀਦ ਭਗਤ ਸਿੰਘ ਦੇ ਘਰ ਤੱਕ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਗਲੀ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਸੂਬੇ ਵੱਲੋਂ ਪਾਏ ਮਹਾਨ ਯੋਗਦਾਨ ਨੂੰ ਦਰਸਾਏਗੀ ਤੇ ਨੌਜਵਾਨਾਂ ਨੂੰ ਦੇਸ਼ ਲਈ ਤਨਦੇਹੀ ਨਾਲ ਕੰਮ ਕਰਨ ਲਈ ਵੀ ਪ੍ਰੇਰਨਾ ਦੇਵੇਗੀ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਅਜਾਇਬ ਘਰ ਵਿਚ ਅਦਾਲਤ ਦਾ ਫਾਈਵ-ਡੀ ਸੈੱਟਅੱਪ ਤਿਆਰ ਕੀਤਾ ਜਾਵੇਗਾ, ਜਿਸ ਵਿਚ ਭਗਤ ਸਿੰਘ ਨੂੰ ਫਾਂਸੀ ਦੀ ਸਜਾ ਸੁਣਾਏ ਜਾਣ ਦੇ ਦ੍ਰਿਸ਼ ਨੂੰ ਦਰਸਾਇਆ ਜਾਵੇਗਾ।

# ਨਾਭਾ ਜੇਲ੍ਹ ਬਰੇਕ ਕਾਂਡ ਦੇ 20 ਦੋਸ਼ੀਆਂ ਨੂੰ ਦਸ-ਦਸ ਸਾਲ ਕੈਦ

**ਪਟਿਆਲਾ:** ਨਾਭਾ ਸਥਿਤ ਜੇਲ੍ਹ ਵਿਚੋਂ ਲਗਭਗ ਛੇ ਸਾਲ ਪਹਿਲਾਂ ਗੈਂਗਸਟਰ ਪਲਵਿੰਦਰ ਪਿੰਦੀ ਦੀ ਅਗਵਾਈ ਹੇਠ ਦਰਜਨ ਹਥਿਆਰਬੰਦ ਵਿਅਕਤੀਆਂ ਵੱਲੋਂ ਪੁਲਿਸ ਦੀ ਵਰਦੀ ਪਾ ਕੇ ਚਾਰ ਗੈਂਗਸਟਰਾਂ ਅਤੇ ਦੋ ਖਾੜਕੂਆਂ ਨੂੰ ਛੁਡਾ ਕੇ ਲਿਜਾਣ ਦੇ ਮਾਮਲੇ ਵਿਚ ਪਟਿਆਲਾ ਦੇ ਵਧੀਕ ਸੈਸ਼ਨਜ਼ ਜੱਜ ਐਚ.ਐਸ. ਗਰੇਵਾਲ ਦੀ ਅਗਵਾਈ ਹੇਠਲੀ ਅਦਾਲਤ ਨੇ 20 ਮੁਲਜ਼ਮਾਂ ਨੂੰ ਸਜਾਵਾਂ ਸੁਣਾਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਹੇਠਲੀ ਅਦਾਲਤ ਵੱਲੋਂ ਬੀਤੀ 21 ਮਾਰਚ ਨੂੰ ਕੁੱਲ 28 ਮੁਲਜ਼ਮਾਂ ਵਿਚੋਂ 22 ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ, ਜਿਨ੍ਹਾਂ ਵਿਚੋਂ 20 ਨੂੰ ਸਜਾ ਸੁਣਾਈ ਗਈ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਦੋਸ਼ੀਆਂ ਵਿਚੋਂ ਗੁਰਪ੍ਰੀਤ ਸਿੰਘ ਮਾਂਗੇਵਾਲ ਨੂੰ ਪੰਜ ਸਾਲ ਤੇ ਸੁਨੀਲ ਕਾਲੜਾ ਨੂੰ ਤਿੰਨ ਸਾਲ ਦੀ ਸਜਾ ਹੋਈ ਹੈ, ਜਦਕਿ ਸਹਾਇਕ ਜੇਲ੍ਹ ਸੁਪਰਡੈਂਟ ਭੀਮ ਸਿੰਘ, ਜੇਲ੍ਹ ਮੁਲਾਜ਼ਮ ਜਗਮੀਤ ਸਿੰਘ ਤੇ ਜੇਲ੍ਹ 'ਚੋਂ ਫਰਾਰ ਹੋਏ ਗੈਂਗਸਟਰ ਗੁਰਪ੍ਰੀਤ ਸੇਖੋਂ, ਕੁਲਪ੍ਰੀਤ ਨੀਟਾ ਦਿਓਲ ਤੇ ਅਮਨਦੀਪ ਢੋਟੀਆਂ ਸਮੇਤ ਪਲਵਿੰਦਰ ਪਿੰਦਾ, ਅਮਨਦੀਪ ਮਨੀ ਸੇਖੋਂ, ਸੁਲੱਖਣ ਬੱਬਰ, ਜਗਤਵੀਰ ਜਗਤਾ, ਰਵਿੰਦਰ ਗਿਆਨਾ, ਰਾਜਵਿੰਦਰ ਰਾਜੂ, ਕੁਲਵਿੰਦਰ ਟਿੰਬਰੀ, ਗੁਰਜੀਤ ਲਾਡਾ, ਗੁਰਪ੍ਰੀਤ ਗੋਪੀ, ਹਰਜੋਤ ਸਿੰਘ, ਕਿਰਨਪਾਲ ਸਿੰਘ, ਮਨਜਿੰਦਰ ਸਿੰਘ, ਸੁਰਜੀਤ ਸਿੰਘ, ਬਿੱਕਰ ਸਿੰਘ ਤੇ ਸੁਖਚੈਨ ਸਿੰਘ ਆਦਿ ਨੂੰ ਦਸ-ਦਸ ਸਾਲ



ਕੈਦ ਦੀ ਸਜਾ ਸੁਣਾਈ ਗਈ ਹੈ।

ਬਿੱਕਰ ਤੇ ਸੁਖਚੈਨ ਨੂੰ ਨਸ਼ਾ ਤਸਕਰੀ ਦੀਆਂ ਧਾਰਾਵਾਂ ਅਧੀਨ ਦਸ-ਦਸ ਸਾਲ ਦੀ ਹੋਰ ਸਜਾ ਵੀ ਹੋਈ ਹੈ ਤੇ ਛੇ ਜਣੇ ਇਸ ਕੇਸ ਵਿੱਚੋਂ ਬਰੀ ਕੀਤੇ ਗਏ ਹਨ। ਗੁਰਪ੍ਰੀਤ ਸਿੰਘ ਮਾਂਗੇਵਾਲ ਤੇ ਸੁਨੀਲ ਕਾਲੜਾ ਪਹਿਲਾਂ ਹੀ ਇਸ ਤੋਂ ਵੱਧ ਸਜਾ ਭੁਗਤ ਚੁੱਕੇ ਹਨ, ਜਿਸ ਕਰਕੇ ਇਸ ਕੇਸ ਵਿਚ ਇਨ੍ਹਾਂ ਦੀ ਜਲਦ ਰਿਹਾਈ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ 27 ਨਵੰਬਰ 2016 ਨੂੰ ਉਕਤ ਮੁਲਜ਼ਮ ਮੈਕਸੀਮਮ ਸਕਿਉਰਿਟੀ ਜੇਲ੍ਹ ਨਾਭਾ ਵਿਚੋਂ ਫਿਲਮੀ ਅੰਦਾਜ਼ 'ਚ ਚਾਰ ਗੈਂਗਸਟਰਾਂ ਤੇ ਦੋ ਖਾੜਕੂਆਂ ਨੂੰ ਛੁਡਾ ਕੇ ਲੈ ਗਏ ਸਨ। ਪੁਲਿਸ ਦੀ ਵਰਦੀ 'ਚ ਆਏ ਪਿੰਦੀ ਤੇ ਉਸ ਦੇ ਸਾਥੀਆਂ ਨੇ ਆਪਣੇ ਹੀ ਕੁਝ ਸਾਥੀਆਂ ਨੂੰ ਹਥਕੜੀਆਂ ਲਾਈਆਂ ਹੋਈਆਂ ਸਨ, ਜਿਨ੍ਹਾਂ ਨੂੰ ਜੇਲ੍ਹ ਵਿਚ ਛੱਡਣ ਦੀ ਗੱਲ ਕਹਿ ਕੇ ਉਹ ਅੰਦਰ ਦਾਖਲ ਹੋਏ ਸਨ।

ਥਾਣਾ ਕੋਤਵਾਲੀ ਨਾਭਾ 'ਚ ਕੇਸ ਸਬੰਧੀ ਦਰਜ ਹੋਏ ਮਾਮਲੇ 'ਚ ਕੁੱਲ 36 ਜਣਿਆਂ ਦੇ ਨਾਮ ਹਨ। ਨਾਮਜ਼ਦ ਮੁਲਜ਼ਮਾਂ ਵਿਚੋਂ ਮਿੰਟੂ, ਵਿੱਕੀ ਗੌਂਡਰ ਤੇ ਲਾਹੌਰੀਆ ਤੋਂ ਇਲਾਵਾ ਚਰਨਪ੍ਰੀਤ ਚੰਨਾ ਦੀ ਮੌਤ ਹੋ ਚੁੱਕੀ ਹੈ। ਫਰਾਰ ਹੋਇਆ ਕਸ਼ਮੀਰਾ ਸਿੰਘ ਗਲਵੱਡੀ ਹਾਲੇ ਵੀ ਪੁਲਿਸ ਹੱਥ ਨਹੀਂ ਲੱਗਿਆ ਹੈ। ਕੈਦੀਆਂ ਨੂੰ ਭਜਾਉਣ 'ਚ ਸ਼ਾਮਲ ਰਹੇ ਹੈਰੀ ਚੱਠਾ ਤੇ ਗੋਪੀ ਘਣਸ਼ਾਮਪੁਰੀਆ ਵੀ ਹਾਲੇ ਫਰਾਰ ਹਨ, ਜਦਕਿ ਵਿਦੇਸ਼ ਤੋਂ ਫੰਡ ਭੇਜਣ ਤੇ ਸਾਜ਼ਿਸ਼ ਰਚਣ ਵਾਲਾ ਰਮਨਦੀਪ ਰੋਮੀ ਹਾਂਗਕਾਂਗ ਜੇਲ੍ਹ 'ਚ ਹੈ, ਜਿਸ ਨੂੰ ਹਵਾਲਗੀ ਅਧੀਨ ਲਿਆਉਣ ਲਈ ਨੋਡਲ ਅਫਸਰ ਵਜੋਂ ਐਸ.ਪੀ. ਹਰਵਿੰਦਰ ਵਿਰਕ ਦੀ ਟੀਮ ਲਗਾਤਾਰ ਚਾਰਾਜੋਈ ਕਰ ਰਹੀ ਹੈ।

# ਕਿਸਾਨਾਂ ਦੀ ਆਮਦਨ ਵਧਾਉਣ ਤੇ ਖੇਤੀ ਵੰਨ-ਸਵੰਨਤਾ 'ਤੇ ਕੇਂਦਰਿਤ ਹੋਵੇਗੀ ਨਵੀਂ ਨੀਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ 'ਨਵੀਂ ਖੇਤੀ ਨੀਤੀ-2023' ਕਿਸਾਨਾਂ ਦੀ ਆਮਦਨ ਵਧਾਉਣ ਤੇ ਖੇਤੀ ਵਿਭਿੰਨਤਾ 'ਤੇ ਕੇਂਦਰਿਤ ਹੋਵੇਗੀ। ਇਸੇ ਦੌਰਾਨ ਸਹਾਇਕ ਧੰਦਿਆਂ ਉਤੇ ਵੀ ਜ਼ੋਰ ਦਿੱਤਾ ਜਾਵੇਗਾ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਵਿਸਾਖੀ ਦੇ ਦਿਹਾੜੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਵੀਂ ਖੇਤੀ ਨੀਤੀ ਜਾਰੀ ਕੀਤੀ ਜਾ ਸਕਦੀ ਹੈ।

ਕਰਜ਼ੇ ਕਾਰਨ ਖ਼ੁਦਕੁਸ਼ੀ ਦੇ ਵਧਦੇ ਰੁਝਾਨ ਨੂੰ ਵੀ ਠੱਲ੍ਹਣ 'ਤੇ ਨਵੀਂ ਨੀਤੀ ਵਿਚ ਧਿਆਨ ਦਿੱਤਾ ਜਾਵੇਗਾ। ਕਿਸਾਨਾਂ ਨੂੰ ਝੋਨੇ ਦੀ ਥਾਂ ਬਾਸਮਤੀ ਤੇ ਹੋਰ ਬਦਲਵੀਆਂ ਫਸਲਾਂ ਲਈ ਪ੍ਰੇਰਿਆ ਜਾਵੇਗਾ। ਸੋਇਆਬੀਨ ਅਤੇ ਮੱਕੀ ਹੇਠ ਰਕਬੇ ਵਿਚ ਵਾਧੇ ਦੀ ਗੱਲ ਵੀ ਕਹੀ ਜਾ ਰਹੀ ਹੈ। ਪੰਜਾਬ ਦੇ ਕਈ ਹਿੱਸਿਆ 'ਚ ਸਰ੍ਹੋਂ ਦੀ ਕਾਸ਼ਤ 'ਚ ਵਾਧਾ ਕਰਨ ਦੀ ਯੋਜਨਾਬੰਦੀ ਹੋਵੇਗੀ ਤੇ ਕਣਕ ਦੀਆਂ ਰਵਾਇਤੀ ਕਿਸਮਾਂ ਨੂੰ ਅਪਣਾਏ ਜਾਣ ਦੇ ਸੁਝਾਅ ਵੀ ਮਿਲੇ ਹਨ, ਜਿਨ੍ਹਾਂ ਲਈ ਮੰਡੀਕਰਨ ਦੇ ਵੱਖਰੇ ਪ੍ਰਬੰਧ ਹੋਣੇ ਚਾਹੀਦੇ ਹਨ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇੱਥੇ ਪੰਜਾਬ ਭਵਨ ਵਿਚ ਨਵੀਂ ਖੇਤੀਬਾੜੀ ਨੀਤੀ ਸਬੰਧੀ ਇਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਖੇਤੀ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਮਾਹਿਰਾਂ ਦੀ ਟੀਮ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਮੀਟਿੰਗ ਵਿਚ ਉਘੇ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼ ਅਤੇ ਡਾ. ਬੀ.ਐਸ. ਗਿੱਲ ਵੀ ਸ਼ਾਮਲ ਹੋਏ। ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਸੁਖਪਾਲ ਸਿੰਘ ਦੀ ਅਗਵਾਈ ਹੇਠ



ਮਾਹਿਰਾਂ ਦੀ ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ 'ਤੇ ਸਹਿਮਤੀ ਵੀ ਬਣੀ ਹੈ। ਮੀਟਿੰਗ ਵਿੱਚ ਡਾ. ਗੁਰਦੇਵ ਸਿੰਘ ਖੁਸ਼ ਤੇ ਡਾ. ਬਿਕਰਮ ਸਿੰਘ ਗਿੱਲ ਨੇ ਵਾਤਾਵਰਨ ਪ੍ਰਤੀ ਸੰਵੇਦਨਸ਼ੀਲ ਫਸਲਾਂ ਨੂੰ ਹੁਲਾਰਾ ਦੇਣ ਵਾਲੀ ਨੀਤੀ ਤਿਆਰ ਕਰਨ ਲਈ ਵਿਚਾਰ ਪੇਸ਼ ਕੀਤੇ।

ਦੱਸਣਯੋਗ ਹੈ ਕਿ ਪੰਜਾਬ ਵਿਚ ਔਸਤਨ ਪ੍ਰਤੀ ਕਿਸਾਨ ਪਰਿਵਾਰ ਦੇ ਸਿਰ ਦੋ ਲੱਖ ਰੁਪਏ ਦਾ ਕਰਜ਼ਾ ਹੈ, ਜਦਕਿ ਕੌਮੀ ਔਸਤ 74 ਹਜ਼ਾਰ ਰੁਪਏ ਤੋਂ ਵੱਧ ਹੈ।

ਪੰਜਾਬ 'ਚ 2012 ਤੋਂ 2023 ਤੱਕ 1403 ਕਿਸਾਨ ਤੇ 403 ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ, ਜਿਨ੍ਹਾਂ 'ਚੋਂ 939 ਪਰਿਵਾਰਾਂ ਨੂੰ ਮੁਆਵਜ਼ਾ ਮਿਲਿਆ ਹੈ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਥੇ ਕਿਹਾ ਕਿ ਨਵੀਂ ਖੇਤੀ ਨੀਤੀ ਲਈ ਕੌਮਾਂਤਰੀ ਪ੍ਰਸਿੱਧੀ ਵਾਲੇ ਵਿਗਿਆਨੀਆਂ ਦੀ ਸਲਾਹ ਲਈ ਜਾ ਰਹੀ ਹੈ ਤੇ ਨਵੀਂ ਖੇਤੀ ਨੀਤੀ ਨੂੰ ਅੱਜ ਦੇ ਯੁੱਗ ਦੀ ਹਾਣ ਦਾ ਬਣਾਇਆ ਜਾਵੇਗਾ ਤਾਂ ਜੋ ਪੰਜਾਬ ਦੀ ਨਵੀਂ ਪੀੜ੍ਹੀ ਵਿਦੇਸ਼ ਜਾਣ ਦੀ ਥਾਂ ਖੇਤੀ ਨੂੰ ਤਰਜੀਹ ਦੇਵੇ।

# ਰੁਜ਼ਗਾਰ ਮਾਮਲੇ ਵਿਚ ਮਾਨ ਸਰਕਾਰ ਵੀ ਲਾਰਿਆਂ ਨਾਲ ਬੁੱਤਾ ਸਾਰਨ ਵਾਲੇ ਰਾਹ

**ਚੰਡੀਗੜ੍ਹ:** ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਰੁਜ਼ਗਾਰ ਦੇਣ ਨੂੰ ਆਪਣੀ ਇਕ ਵੱਡੀ ਪ੍ਰਾਪਤੀ ਵਜੋਂ ਉਭਾਰਿਆ ਜਾ ਰਿਹਾ ਹੈ। ਕਾਰਜਕਾਲ ਦੇ ਪਹਿਲੇ ਵਰ੍ਹੇ ਹੀ ਧੜਾ-ਧੜ ਨੌਕਰੀਆਂ ਕੱਢੇ ਜਾਣ ਦਾ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ, ਹਾਲਾਂਕਿ 'ਆਪ' ਸਰਕਾਰ ਦੇ ਕਾਰਜਕਾਲ ਦੇ ਪਹਿਲੇ ਵਰ੍ਹੇ ਦੌਰਾਨ ਪ੍ਰਕਾਸ਼ਿਤ ਅਸਾਮੀਆਂ ਵਿਚੋਂ ਸਿਰਫ 17 ਫੀਸਦੀ ਨੂੰ ਹੀ ਨਿਯੁਕਤੀ ਪੱਤਰ ਜਾਰੀ ਹੋਏ ਹਨ। ਸਰਕਾਰ ਨੇ 5 ਮਈ 2022 ਨੂੰ ਸੂਬੇ ਦੇ ਵੱਖ-ਵੱਖ 25 ਵਿਭਾਗਾਂ 'ਚ 26,454 ਅਸਾਮੀਆਂ ਦਾ ਇਕ ਸਾਂਝਾ ਇਸ਼ਤਿਹਾਰ ਦਿੱਤਾ ਸੀ।

ਇਨ੍ਹਾਂ ਅਸਾਮੀਆਂ 'ਚੋਂ 57 ਫੀਸਦੀ ਵਾਸਤੇ ਤਾਂ ਹਾਲੇ ਤੱਕ ਕੋਈ ਪ੍ਰੀਖਿਆ ਵੀ ਨਹੀਂ ਹੋਈ ਹੈ, ਜਦੋਂਕਿ 13,981 ਅਸਾਮੀਆਂ ਲਈ ਪ੍ਰੀਖਿਆ ਹੋ ਚੁੱਕੀ ਹੈ। ਜਿਨ੍ਹਾਂ ਅਸਾਮੀਆਂ ਦੀ ਪ੍ਰੀਖਿਆ ਹੋ ਚੁੱਕੀ ਹੈ, ਉਨ੍ਹਾਂ 'ਚੋਂ ਸਿਰਫ 40 ਫੀਸਦੀ ਦਾ ਨਤੀਜਾ ਐਲਾਨਿਆ ਗਿਆ ਹੈ, ਜੋ ਕਿ 5478 ਅਸਾਮੀਆਂ ਦਾ ਬਣਦਾ ਹੈ। ਅੱਗੇ 5478 ਅਸਾਮੀਆਂ ਦੇ ਐਲਾਨੇ ਨਤੀਜੇ 'ਚੋਂ 4588 ਨਿਯੁਕਤੀ ਪੱਤਰ ਦਿੱਤੇ ਗਏ ਹਨ। ਕੁਲ 25 ਵਿਭਾਗਾਂ ਦੀਆਂ ਅਸਾਮੀਆਂ ਪ੍ਰਕਾਸ਼ਿਤ ਹੋਈਆਂ ਸਨ, ਜਿਨ੍ਹਾਂ 'ਚੋਂ 10 ਵਿਭਾਗਾਂ ਦੀ ਪ੍ਰਕਿਰਿਆ ਹੀ ਸ਼ੁਰੂ ਨਹੀਂ ਹੋਈ ਹੈ। ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਇਹ ਉਕਤ ਜਾਣਕਾਰੀ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਦਿੱਤੀ ਹੈ। ਸੂਤਰ ਆਖਦੇ ਹਨ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਤਰਸ ਦੇ ਆਧਾਰ 'ਤੇ ਵੱਖ-ਵੱਖ ਵਿਭਾਗਾਂ ਦੇ ਨਿਯੁਕਤੀ ਪੱਤਰ ਮੁੱਖ ਮੰਤਰੀ ਤੇ ਵਜ਼ੀਰਾਂ ਨੇ ਲੰਘੇ ਇਕ ਵਰ੍ਹੇ ਦੌਰਾਨ ਵੰਡੇ ਹਨ। ਪੰਜਾਬ ਚੋਣਾਂ 2022 ਲਈ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਜੋ ਭਰਤੀ ਪ੍ਰਕਿਰਿਆ ਅਧੀਨ ਸੀ, ਉਸ 'ਚੋਂ ਵੀ ਕਾਫੀ ਅਸਾਮੀਆਂ ਭਰੀਆਂ ਗਈਆਂ ਹਨ।



'ਆਪ' ਸਰਕਾਰ ਵੱਲੋਂ ਪ੍ਰਕਾਸ਼ਿਤ ਸਾਂਝੇ ਇਸ਼ਤਿਹਾਰ ਦੀਆਂ 26,454 ਅਸਾਮੀਆਂ 'ਚੋਂ ਇਸ ਵੇਲੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੀਆਂ 230 ਅਸਾਮੀਆਂ ਅਤੇ ਗ੍ਰਹਿ ਵਿਭਾਗ ਦੀਆਂ 4588 ਅਸਾਮੀਆਂ ਲਈ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ। ਇਹ ਸਾਰੀਆਂ ਅਸਾਮੀਆਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਐਸ.ਐਸ.ਐਸ. ਬੋਰਡ ਤੇ ਵਿਭਾਗੀ ਕਮੇਟੀਆਂ ਵੱਲੋਂ ਭਰੀਆਂ ਜਾ ਰਹੀਆਂ ਹਨ।

ਬਿਜਲੀ ਵਿਭਾਗ 'ਚ ਸਹਾਇਕ ਲਾਈਨਮੈਨਾਂ ਦੀਆਂ 1690 ਅਸਾਮੀਆਂ ਲਈ 30 ਸਤੰਬਰ 2022 ਨੂੰ ਟੈਸਟ ਹੋਇਆ ਸੀ ਪਰ ਕਰੀਬ ਛੇ ਮਹੀਨੇ ਮਗਰੋਂ ਵੀ ਇਸ ਦਾ ਨਤੀਜਾ ਨਹੀਂ ਐਲਾਨਿਆ ਗਿਆ। ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀਆਂ 95 ਅਸਾਮੀਆਂ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ 24 ਸਤੰਬਰ 2022 ਨੂੰ ਪ੍ਰੀਖਿਆ ਲਈ ਗਈ ਸੀ ਪਰ ਨਤੀਜਾ ਨਹੀਂ ਐਲਾਨਿਆ ਗਿਆ। ਇਸੇ ਤਰ੍ਹਾਂ 1156 ਸਿਪਾਹੀਆਂ, 560 ਸਬ-ਇੰਸਪੈਕਟਰਾਂ ਅਤੇ 787 ਹੌਲਦਾਰਾਂ ਦੀ ਭਰਤੀ ਲਈ ਪ੍ਰੀਖਿਆ 14 ਅਕਤੂਬਰ ਤੋਂ 16 ਅਕਤੂਬਰ 2022 ਤੱਕ ਹੋ ਚੁੱਕੀ ਹੈ ਪਰ ਇਸ ਦਾ ਨਤੀਜਾ ਵੀ ਉਡੀਕਿਆ ਜਾ ਰਿਹਾ ਹੈ। 200 ਜੰਗਲਾਤ ਗਾਰਡਾਂ ਦੀ ਪ੍ਰੀਖਿਆ 13 ਨਵੰਬਰ 2022 ਨੂੰ ਹੋਈ ਸੀ, ਜਿਸ ਦਾ ਨਤੀਜਾ ਵੀ ਆ ਚੁੱਕਾ ਹੈ ਪਰ ਇਨ੍ਹਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲੇ। ਸਹਿਕਾਰਤਾ ਵਿਭਾਗ ਵਿਚ ਰੱਖੇ ਜਾਣ ਵਾਲੇ 738 ਕਲਰਕਾਂ ਲਈ ਪ੍ਰੀਖਿਆ ਲੰਮੇ ਸਮੇਂ ਮਗਰੋਂ 12 ਮਾਰਚ ਨੂੰ ਹੋਈ ਹੈ।

ਸਾਬਕਾ ਉੱਪ ਮੁੱਖ ਮੰਤਰੀ ਅਤੇ ਮੌਜੂਦਾ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਸੀ ਕਿ ਸਰਕਾਰ ਨੇ ਖੁਦ ਹੀ ਸਾਫ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਪਹਿਲੇ ਵਰ੍ਹੇ ਵਿਚ 4588 ਉਮੀਦਵਾਰਾਂ ਨੂੰ ਹੀ ਨਿਯੁਕਤੀ ਪੱਤਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨੌਕਰੀਆਂ ਦੇਣ ਲਈ ਪ੍ਰਚਾਰ ਕਰਨ 'ਤੇ ਹੀ ਸਾਰਾ ਜ਼ੋਰ ਲਗਾ ਦਿੱਤਾ, ਜਦੋਂ ਕਿ ਇਨ੍ਹਾਂ ਅਸਾਮੀਆਂ ਲਈ ਪ੍ਰੀਖਿਆ ਅਤੇ ਇੰਟਰਵਿਊ ਲੈਣ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਜੋ ਪ੍ਰਕਿਰਿਆ ਆਖਰੀ ਪੜਾਅ 'ਤੇ ਸੀ, ਉਨ੍ਹਾਂ ਨੂੰ ਹੀ ਨਿਯੁਕਤੀ ਪੱਤਰ ਵੰਡੇ ਹਨ।

## ਪ੍ਰਤਾਪ ਬਾਜਵਾ ਵੱਲੋਂ 'ਆਪ ਹਟਾਓ, ਪੰਜਾਬ ਬਚਾਓ' ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਛੇਤੀ ਹੀ 'ਆਪ ਹਟਾਓ, ਪੰਜਾਬ ਬਚਾਓ' ਦੇ ਨਾਅਰੇ ਨਾਲ ਸੂਬੇ ਵਿਚ ਮੁਹਿੰਮ ਸ਼ੁਰੂ ਕਰੇਗੀ। ਸ੍ਰੀ ਬਾਜਵਾ ਨੇ ਕਿਹਾ ਕਿ 'ਕੇਜਰੀਵਾਲ ਹਟਾਓ, ਦਿੱਲੀ ਬਚਾਓ' ਵਾਲੇ ਬੈਨਰ ਤੇ ਪੋਸਟਰ ਪਹਿਲਾਂ ਹੀ ਦਿੱਲੀ ਵਿਚ ਵੱਡੀ ਗਿਣਤੀ 'ਚ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਾਸੀਆਂ ਦਾ ਇਕ ਵੱਡਾ ਹਿੱਸਾ ਨਹੀਂ ਚਾਹੁੰਦਾ ਕਿ ਕੇਜਰੀਵਾਲ ਮੁੱਖ ਮੰਤਰੀ ਬਣੇ ਰਹਿਣ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਕਰੋੜਾਂ ਰੁਪਏ ਦੇ ਇਸ਼ਤਿਹਾਰਾਂ ਨਾਲ ਸਿਰਫ ਪ੍ਰਚਾਰ ਦੇ ਆਧਾਰ 'ਤੇ ਦਿੱਲੀ ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦਾ।

## ਚੀਫ ਖਾਲਸਾ ਦੀਵਾਨ ਦਾ 157 ਕਰੋੜ ਦਾ ਬਜਟ ਪਾਸ

**ਅੰਮ੍ਰਿਤਸਰ:** ਪੁਰਾਤਨ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਇਥੇ ਹੋਏ ਸਾਲਾਨਾ ਬਜਟ ਇਜਲਾਸ ਦੌਰਾਨ ਦੀਵਾਨ ਵੱਲੋਂ ਆਪਣੇ ਸਮੂਹ ਵਿਦਿਅਕ ਅਤੇ ਸਮਾਜ ਸੇਵੀ ਅਦਾਰਿਆਂ ਦਾ ਸਾਲ 2023-24 ਲਈ 157 ਕਰੋੜ 35 ਲੱਖ ਰੁਪਏ ਦਾ ਅਨੁਮਾਨਤ ਬਜਟ ਹਾਜਰ ਮੈਂਬਰਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ।

ਕਾਰਜ ਸਾਧਕ ਕਮੇਟੀ ਦੀ ਇਕੱਤਰਤਾ ਉਪਰੰਤ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਹੋਏ ਜਨਰਲ ਹਾਊਸ, ਬਜਟ ਇਜਲਾਸ ਦੀ ਪ੍ਰਧਾਨਗੀ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਜੋ ਕੈਬਨਿਟ ਮੰਤਰੀ ਪੰਜਾਬ ਵੀ ਹਨ, ਨੇ ਕੀਤੀ। ਇਜਲਾਸ ਦੌਰਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਬਜਟ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਾਰ ਦੀਵਾਨ ਦਾ ਸਾਲ 2023-24 ਲਈ ਅਨੁਮਾਨਤ ਬਜਟ 157 ਕਰੋੜ 35 ਲੱਖ ਰੁਪਏ ਰੱਖਿਆ ਗਿਆ ਹੈ।

# ਐਨ.ਆਈ.ਏ. ਵੱਲੋਂ ਲਾਰੈਂਸ ਤੇ ਗੋਲਡੀ ਸਣੇ 12 ਖਿਲਾਫ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਸਣੇ ਦਰਜਨ ਵਿਅਕਤੀਆਂ ਖ਼ਿਲਾਫ਼ ਨਵੀਆਂ ਚਾਰਜਸ਼ੀਟਾਂ ਦਾਖਲ ਕੀਤੀਆਂ ਹਨ। ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿਚ ਨਾਮਜ਼ਦ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਮਸ਼ਹੂਰ ਵਿਅਕਤੀਆਂ ਦੇ ਕਤਲ ਕਰਵਾਉਣ ਦੀ ਸਾਜ਼ਿਸ਼ ਰਚਣ ਅਤੇ ਅਤਿਵਾਦ ਫੈਲਾਉਣ ਦੇ ਦੋਸ਼ ਆਇਦ ਕਰ ਦਿੱਤੇ ਗਏ ਹਨ।

ਅਤਿਵਾਦ ਵਿਰੋਧੀ ਸੰਘੀ ਏਜੰਸੀ ਨੇ ਕਿਹਾ ਕਿ ਇਨ੍ਹਾਂ ਦੇ ਪਾਬੰਦੀਸ਼ੁਦਾ ਬੱਬਰ ਖਾਲਸਾ ਇੰਟਰਨੈਸ਼ਨਲ ਤੇ ਹੋਰ ਦੂਜੇ ਖਾਲਿਸਤਾਨੀ ਪੱਖੀ ਦਹਿਸ਼ਤੀ ਸੰਗਠਨਾਂ ਨਾਲ ਸਬੰਧ ਹਨ। ਅਤਿਵਾਦੀਆਂ ਤੇ ਗੈਂਗਸਟਰਾਂ ਦੇ ਗੱਠਜੋੜ ਨਾਲ ਸਬੰਧਤ ਤਿੰਨ ਮਾਮਲਿਆਂ ਵਿਚ ਇਹ ਦੂਜੀ ਚਾਰਜਸ਼ੀਟ ਦਾਖਲ ਹੋਈ ਹੈ। ਇਨ੍ਹਾਂ ਮਾਮਲਿਆਂ ਦੀ ਜਾਂਚ ਐਨ.ਆਈ.ਏ. ਵੱਲੋਂ ਕੀਤੀ ਜਾ ਰਹੀ ਹੈ। ਐਨ.ਆਈ.ਏ. ਮੁਤਾਬਕ ਸਾਰੇ 14 ਮੁਲਜ਼ਮਾਂ ਖ਼ਿਲਾਫ਼ ਦਹਿਸ਼ਤ ਫੈਲਾਉਣ ਅਤੇ ਉੱਘੇ ਵਿਅਕਤੀਆਂ ਦੇ ਮਿੱਥ ਕੇ ਕਤਲਾਂ ਦੀ ਸਾਜ਼ਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ।



ਬਿਸ਼ਨੋਈ ਅਤੇ ਬਰਾੜ ਤੋਂ ਇਲਾਵਾ ਜਿਨ੍ਹਾਂ ਹੋਰਨਾਂ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ, ਉਨ੍ਹਾਂ ਵਿਚ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ, ਸਚਿਨ ਥਾਪਨ ਉਰਫ ਸਚਿਨ ਬਿਸ਼ਨੋਈ, ਅਨਮੋਲ ਬਿਸ਼ਨੋਈ ਉਰਫ ਭਾਨੂ, ਵਿਕਰਮਜੀਤ ਸਿੰਘ ਉਰਫ ਵਿਕਰਮ ਬਰਾੜ, ਸੰਦੀਪ ਝੰਜੇੜੀਆ ਉਰਫ ਕਾਲਾ ਜਥੇਦਾਰ ਸ਼ਾਮਲ ਹਨ।

ਪ੍ਰਤਾਪ ਸਿੰਘ ਉਰਫ ਕਾਲਾ ਰਾਣਾ, ਜੋਗਿੰਦਰ ਸਿੰਘ, ਰਾਜੇਸ਼ ਕੁਮਾਰ ਉਰਫ ਰਾਜੂ ਮੋਟਾ, ਰਾਜ ਕੁਮਾਰ ਉਰਫ ਰਾਜੂ/ਰਾਜੂ ਬਸੋਦੀ, ਅਨਿਲ ਉਰਫ ਚਿੱਪੀ, ਨਰੇਸ਼ ਯਾਦਵ ਉਰਫ ਸੇਠ ਅਤੇ ਸ਼ਾਹਬਾਜ਼ ਅੰਸਾਰੀ ਉਰਫ ਸ਼ਾਹਬਾਜ਼ ਸ਼ਾਮਲ ਹਨ।

# ਮੂਸੇਵਾਲਾ ਲਈ ਇਨਸਾਫ ਦਾ ਮੁੱਦਾ ਸੰਸਦ 'ਚ ਉਠਾਵਾਂਗੇ: ਹਰਸਿਮਰਤ

**ਮਾਨਸਾ:** ਸਾਬਕਾ ਕੇਂਦਰੀ ਮੰਤਰੀ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨੂੰ ਮਿਲਣ ਉਨ੍ਹਾਂ ਦੇ ਘਰ ਪਹੁੰਚੇ। ਇਥੇ ਮਰਹੂਮ ਗਾਇਕ ਦੇ ਮਾਪਿਆਂ ਨਾਲ ਦੁੱਖ ਸਾਂਝਾ ਕਰਦਿਆਂ ਉਨ੍ਹਾਂ ਭਰੋਸਾ ਦਿਵਾਇਆ ਕਿ ਹੁਣ ਜਦੋਂ ਪੰਜਾਬ ਸਰਕਾਰ ਮੂਸੇਵਾਲਾ ਕਤਲ ਮਾਮਲੇ ਵਿਚ ਇਨਸਾਫ਼ ਨਹੀਂ ਦੇ ਰਹੀ ਤਾਂ ਉਹ ਸੰਸਦ ਵਿਚ ਇਸ ਸਬੰਧੀ ਆਵਾਜ਼ ਉਠਾਉਣਗੇ।

ਬੀਬੀ ਬਾਦਲ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਨੇ ਛੋਟੀ ਉਮਰ ਵਿਚ ਵੱਡਾ ਨਾਮਣਾ ਖੱਟ ਕੇ ਪੰਜਾਬੀਅਤ ਦੀ ਸੇਵਾ ਕੀਤੀ ਹੈ ਤੇ ਇਸ ਖੇਤਰ ਦਾ ਨਾਂ ਦੇਸ਼-ਵਿਦੇਸ਼ਾਂ ਵਿਚ ਪਹੁੰਚਾਇਆ। ਉਨ੍ਹਾਂ ਕਿਹਾ ਕਿ ਇਹ ਕਤਲ ਸਰਕਾਰ ਦੀ ਲਾਪਰਵਾਹੀ ਕਾਰਨ ਹੋਇਆ ਹੈ, ਪਰ ਸਰਕਾਰ ਹਾਲੇ ਵੀ ਪਰਿਵਾਰ ਨੂੰ ਸਿਰਫ ਦਿਲਾਸਾ ਦੇ ਰਹੀ ਹੈ ਤੇ ਉਸ ਨੂੰ ਇਨਸਾਫ ਦੇਣ ਵਾਸਤੇ ਸੰਜੀਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲਗਾਤਾਰ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ ਅਤੇ ਅਮਨ-ਕਾਨੂੰਨ ਦੀ ਸਥਿਤੀ ਵੀ ਡਾਵਾਂਡੋਲ ਹੈ। ਸਾਬਕਾ ਕੇਂਦਰੀ ਮੰਤਰੀ ਨੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ, ਮਾਤਾ ਚਰਨ ਕੌਰ ਨਾਲ ਦੁੱਖ ਸਾਂਝਾ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਕਤਲ ਕਾਂਡ ਵਿਚ ਪਰਿਵਾਰ ਨੂੰ ਇਨਸਾਫ਼ ਨਾ ਮਿਲਣ ਦਾ ਮੁੱਦਾ ਲੋਕ ਸਭਾ ਵਿਚ ਉਠਾਉਣਗੇ ਅਤੇ ਪੰਜਾਬ ਦੇ ਹਾਲਾਤ ਤੋਂ ਕੇਂਦਰ ਸਰਕਾਰ ਨੂੰ ਜਾਣੂ ਕਰਵਾਉਣਗੇ।



## ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਮੁੜ ਮਿਲੀ ਧਮਕੀ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਇਕ ਵਾਰ ਫਿਰ ਈਮੇਲ ਰਾਹੀਂ ਧਮਕੀ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਜਲਦੀ ਹੀ ਮਾਰ ਦਿੱਤਾ ਜਾਵੇਗਾ। ਮੂਸੇਵਾਲਾ ਦੇ ਪਿਤਾ ਨੇ ਦੋਸ਼ ਲਗਾਇਆ, 'ਮੈਨੂੰ ਰਾਜਸਥਾਨ ਤੋਂ ਈਮੇਲ 'ਤੇ ਧਮਕੀ ਮਿਲੀ ਹੈ ਕਿ ਮੈਨੂੰ ਜਲਦੀ ਹੀ ਮਾਰ ਦਿੱਤਾ ਜਾਵੇਗਾ, ਇਸ ਲਈ ਲਾਰੈਂਸ ਬਿਸ਼ਨੋਈ ਦਾ ਨਾਮ ਨਾ ਲਓ।' ਇਸ ਤੋਂ ਪਹਿਲਾਂ ਵੀ ਬਲਕੌਰ ਸਿੰਘ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ ਜਿਸ ਵਿਚ ਕਿਹਾ ਗਿਆ ਸੀ ਕਿ ਉਸ ਨੂੰ 25 ਅਪਰੈਲ ਤੋਂ ਪਹਿਲਾਂ ਮਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਕੀ ਗਲਤ ਕਰ ਰਿਹਾ ਹੈ। ਕੀ ਉਸ ਨੂੰ ਆਪਣੇ ਪੁੱਤਰ ਦਾ ਕੇਸ ਨਹੀਂ ਲੜਨਾ ਚਾਹੀਦਾ।

## ਲਿੰਗ ਅਨੁਪਾਤ ਸੁਧਾਰਨ ਲਈ ਸਖਤੀ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਿਹਤ ਅਧਿਕਾਰੀਆਂ ਨੂੰ ਸੂਬੇ ਵਿਚ ਲਿੰਗ ਅਨੁਪਾਤ ਵਿਚ ਸੁਧਾਰ ਕਰਨ ਲਈ ਢੁਕਵੇਂ ਕਦਮ ਉਠਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਪ੍ਰੀ-ਕਨਸੈਪਸ਼ਨ ਤੇ ਪ੍ਰੀ-ਨੈਟਲ ਡਾਇਗਨੋਸਟਿਕ ਤਕਨੀਕ ਐਕਟ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਦੇ ਹੁਕਮਾਂ 'ਤੇ ਵਿਭਾਗ ਦੇ ਡਾਇਰੈਕਟਰ ਡਾ. ਰਵਿੰਦਰ ਪਾਲ ਕੌਰ ਨੇ ਸੂਬੇ 'ਚ ਪੀਸੀ-ਪੀ.ਐਨ.ਡੀ.ਟੀ. ਐਕਟ ਨੂੰ ਲਾਗੂ ਕਰਨ ਲਈ ਅੰਤਰ-ਜ਼ਿਲ੍ਹਾ ਟੀਮ ਬਣਾਈ ਹੈ। ਉਨ੍ਹਾਂ ਲਿੰਗ ਅਨੁਪਾਤ ਦੇ ਮਾਮਲੇ ਵਿਚ ਮਾੜੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਾ ਗੁਰਦਾਸਪੁਰ 'ਚ ਅਲਟਰਾਸਾਊਂਡ ਸਕੈਨ ਸਹੂਲਤਾਂ ਦਾ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਪੰਜਾਬ ਵਿਚ ਸਸਤੇ ਰੇਤੇ ਲਈ 50 ਹੋਰ ਜਨਤਕ ਖੱਡਾਂ ਸ਼ੁਰੂ ਹੋਣਗੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਜਲਦੀ ਹੀ 50 ਨਵੀਆਂ ਜਨਤਕ ਖੱਡਾਂ ਸ਼ੁਰੂ ਕਰਨ ਜਾ ਰਹੀ ਹੈ। ਇਹ ਫੈਸਲਾ ਮਾਈਨਿੰਗ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਪ੍ਰਧਾਨਗੀ ਹੇਠ ਹੋਈ ਉੱਚ ਪੱਧਰੀ ਮੀਟਿੰਗ ਦੌਰਾਨ ਲਿਆ ਗਿਆ।

ਰੇਤੇ ਦੀਆਂ ਜਨਤਕ ਖੱਡਾਂ ਦੇ ਕੰਮਕਾਜ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਮੀਤ ਹੇਅਰ ਨੇ ਕਿਹਾ ਕਿ ਇਸ ਸਮੇਂ ਸੂਬੇ ਵਿਚ 32 ਜਨਤਕ ਖੱਡਾਂ ਚੱਲ ਕਰ ਰਹੀਆਂ ਹਨ ਤੇ ਜਲਦੀ ਹੀ ਇਨ੍ਹਾਂ ਖੱਡਾਂ ਦੀ ਗਿਣਤੀ ਵਧਾਈ ਜਾਵੇਗੀ ਕਿਉਂਕਿ ਸੂਬਾ ਸਰਕਾਰ ਵੱਲੋਂ ਸੂਬੇ ਭਰ ਵਿਚ 50 ਹੋਰ ਜਨਤਕ ਖੱਡਾਂ ਸ਼ੁਰੂ ਕੀਤੀਆਂ ਜਾਣਗੀਆਂ।

ਸ੍ਰੀ ਮੀਤ ਹੇਅਰ ਨੇ ਕਿਹਾ ਕਿ ਜਨਤਕ ਖੱਡਾਂ ਵਿਚ 5.50 ਰੁਪਏ ਪ੍ਰਤੀ ਘਣ ਫੁੱਟ ਦੇ ਹਿਸਾਬ ਨਾਲ ਰੇਤਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਮੰਤਰੀ ਨੇ ਕਿਹਾ ਕਿ ਜਨਤਕ ਖੱਡਾਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਨ੍ਹਾਂ ਨਾਲ ਸਥਾਨਕ ਮਜ਼ਦੂਰਾਂ ਨੂੰ ਵੀ ਕੰਮ ਮਿਲਿਆ ਹੈ, ਜਿਸ ਕਾਰਨ ਕਈ ਨੌਜਵਾਨਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੀ ਗਈ ਨੀਤੀ ਅਨੁਸਾਰ ਵਿਭਾਗ ਵੱਲੋਂ ਹਰ 15 ਦਿਨਾਂ ਬਾਅਦ ਵਪਾਰਕ ਮਾਈਨਿੰਗ ਸਾਈਟਾਂ ਦੇ ਕਲੱਸਟਰਾਂ ਲਈ ਟੈਂਡਰ ਜਾਰੀ ਕੀਤੇ ਜਾਣਗੇ।



ਖਣਨ ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ ਪਹਿਲਾਂ ਹੀ 21 ਮਾਰਚ 2023 ਨੂੰ 14 ਕਲੱਸਟਰਾਂ ਲਈ ਟੈਂਡਰ ਜਾਰੀ ਕੀਤੇ ਜਾ ਚੁੱਕੇ ਹਨ। ਅਗਲੇ ਤਿੰਨ ਮਹੀਨਿਆਂ ਵਿਚ 100 ਦੇ ਕਰੀਬ ਹੋਰ ਕਲੱਸਟਰਾਂ ਲਈ ਟੈਂਡਰ ਮੰਗੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਬਾਕਾਇਦਾ ਲੋਕਾਂ ਤੋਂ ਫੀਡਬੈਕ ਮੰਗ ਰਹੀ ਹੈ ਅਤੇ ਹਰ ਜਨਤਕ ਸਾਈਟ ਦਾ ਸਹੀ ਢੰਗ ਨਾਲ ਕੰਮਕਾਜ ਯਕੀਨੀ ਬਣਾਉਣ ਲਈ ਕੰਮ ਦੀ ਸਮੀਖਿਆ ਕਰ ਰਹੀ ਹੈ।

# ਮਾਨ ਸਰਕਾਰ ਵੱਲੋਂ ਫਸਲ ਖਰਾਬੇ ਲਈ ਮੁਆਵਜ਼ੇ 'ਚ 25 ਫੀਸਦੀ ਵਾਧਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਬੇਮੌਸਮੇ ਮੀਂਹ ਅਤੇ ਝੱਖੜ ਕਾਰਨ ਸੂਬੇ ਵਿਚ ਨੁਕਸਾਨੀ ਫਸਲ ਦਾ ਜਾਇਜ਼ਾ ਲੈਣ ਲਈ ਪ੍ਰਭਾਵਿਤ ਖੇਤਾਂ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਜ਼ਿਲ੍ਹਾ ਮੋਗਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਦਾ ਦੌਰਾ ਕਰਕੇ ਪੀੜਤ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਫਸਲੀ ਖਰਾਬੇ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਮੁਆਵਜ਼ਾ ਰਾਸ਼ੀ ਵਿਚ 25 ਫੀਸਦੀ ਵਾਧੇ ਦਾ ਐਲਾਨ ਵੀ ਕੀਤਾ।



ਉਨ੍ਹਾਂ ਐਲਾਨ ਕੀਤਾ ਕਿ 10 ਦਿਨਾਂ ਦੇ ਅੰਦਰ-ਅੰਦਰ ਮੁਆਵਜ਼ੇ ਦੀ ਰਾਸ਼ੀ ਕਿਸਾਨ ਦੇ ਖਾਤਿਆਂ 'ਚ ਪਾ ਦਿੱਤੀ ਜਾਵੇਗੀ। ਕਿਸਾਨਾਂ ਨੂੰ ਪ੍ਰਤੀ ਏਕੜ 12 ਹਜ਼ਾਰ ਰੁਪਏ ਮੁਆਵਜ਼ਾ ਰਾਜ ਆਫਤ ਰਾਹਤ ਫੰਡ ਵਿਚੋਂ ਦਿੱਤਾ ਜਾਵੇਗਾ ਅਤੇ ਪੰਜਾਬ ਸਰਕਾਰ ਇਸ ਵਿਚ ਤਿੰਨ ਹਜ਼ਾਰ ਰੁਪਏ ਦਾ ਹੋਰ ਯੋਗਦਾਨ ਪਾਵੇਗੀ। ਫਸਲ ਦਾ ਜਾਇਜ਼ਾ ਲੈਣ ਲਈ ਹੈਲੀਕਾਪਟਰ ਰਾਹੀਂ ਮਲੋਟ ਨੇੜਲੇ ਪਿੰਡ ਡੱਬਵਾਲੀ ਢਾਬ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਲੰਬੀ ਦੇ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਵੀ ਹਾਜਰ ਸਨ। ਇਸੇ ਤਰ੍ਹਾਂ ਉਨ੍ਹਾਂ ਮੋਗਾ ਜ਼ਿਲ੍ਹੇ ਦੀ ਸਬ ਡਿਵੀਜ਼ਨ ਨਿਹਾਲ ਸਿੰਘ ਵਾਲਾ ਅਧੀਨ ਪੈਂਦੇ ਪਿੰਡ ਖਾਈ ਦਾ ਦੌਰਾ ਕਰਕੇ ਨੁਕਸਾਨੀਆਂ ਫਸਲਾਂ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ 75 ਤੋਂ 100 ਫ਼ੀਸਦੀ ਨੁਕਸਾਨੀਆਂ ਫਸਲਾਂ ਲਈ ਪ੍ਰਤੀ ਏਕੜ 15 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 33 ਤੋਂ 75 ਫੀਸਦੀ ਨੁਕਸਾਨੀ ਫਸਲ ਲਈ 6,750 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ। ਇਸੇ ਤਰ੍ਹਾਂ ਪੂਰੀ ਤਰ੍ਹਾਂ ਨੁਕਸਾਨੇ ਗਏ ਮਕਾਨ ਲਈ 95,100 ਰੁਪਏ ਅਤੇ ਘਰਾਂ ਦੇ ਮਾਮੂਲੀ ਨੁਕਸਾਨ ਲਈ 5200 ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਭਗਵੰਤ ਮਾਨ ਨੇ ਮਜ਼ਦੂਰਾਂ ਨੂੰ ਵੀ 10 ਫ਼ੀਸਦੀ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਐਲਾਨ ਕੀਤਾ ਕਿ ਦਸ ਦਿਨਾਂ ਦੇ ਅੰਦਰ-ਅੰਦਰ ਮੁਆਵਜ਼ੇ ਦੀ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿਚ ਪਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮਾਲ ਵਿਭਾਗ ਦੇ ਮੁਲਾਜ਼ਮ ਤੇ ਅਧਿਕਾਰੀ ਪਿੰਡਾਂ ਵਿਚ ਕਿਸੇ ਸਾਂਝੀ ਥਾਂ 'ਤੇ ਬੈਠ ਕੇ ਹੀ ਨੁਕਸਾਨ ਬਾਰੇ ਰਿਪੋਰਟ ਤਿਆਰ ਕਰਨਗੇ। ਭਗਵੰਤ ਮਾਨ ਨੇ ਕਿਹਾ ਕਿ ਫਸਲਾਂ ਦਾ ਝਾੜ ਪ੍ਰਭਾਵਿਤ ਹੋਣ ਕਰਕੇ ਕਿਸਾਨਾਂ ਮਜ਼ਦੂਰਾਂ ਦੀ ਰੋਜ਼ੀ-ਰੋਟੀ 'ਤੇ ਅਸਰ ਪਵੇਗਾ। ਜਾਣਕਾਰੀ ਅਨੁਸਾਰ ਪੰਜਾਬ ਵਿਚ ਪਏ ਬੇਮੌਸਮੇ ਮੀਂਹ ਅਤੇ ਝੱਖੜ ਕਾਰਨ ਕਿਸਾਨਾਂ ਦਾ ਕਰੀਬ ਚਾਰ ਹਜ਼ਾਰ ਕਰੋੜ ਰੁਪਏ ਦਾ ਫਸਲੀ ਨੁਕਸਾਨ ਹੋਇਆ ਹੈ।

ਮੀਂਹ ਅਤੇ ਤੇਜ਼ ਹਵਾਵਾਂ ਨੇ ਕਣਕ ਦੀ ਪੱਕਣ 'ਤੇ ਆਈ ਫਸਲ ਨੂੰ ਵਿਛਾ ਦਿੱਤਾ ਹੈ। ਇਸ ਨਾਲ ਕਰੀਬ 10 ਤੋਂ 17 ਫੀਸਦੀ ਕਣਕ ਦਾ ਝਾੜ ਘਟਣ ਦਾ ਖਦਸ਼ਾ ਹੈ। ਸੂਬੇ ਵਿਚ ਐਤਕੀਂ 34.90 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਈ ਹੋਈ ਹੈ। ਮੁਢਲੇ ਵੇਰਵਿਆਂ ਅਨੁਸਾਰ ਕਰੀਬ 40 ਲੱਖ ਏਕੜ ਕਣਕ ਦੀ ਫਸਲ ਖਰਾਬੇ ਦੀ ਮਾਰ ਹੇਠ ਆ ਗਈ ਹੈ। ਕਿਸਾਨ ਦੱਸਦੇ ਹਨ ਕਿ ਪ੍ਰਤੀ ਏਕੜ ਪੰਜ ਤੋਂ ਸੱਤ ਕੁਇੰਟਲ ਝਾੜ 'ਤੇ ਅਸਰ ਪਵੇਗਾ। ਪੰਜਾਬ ਦੇ ਜ਼ਿਲ੍ਹਾ ਫ਼ਾਜ਼ਿਲਕਾ, ਫ਼ਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮਾਨਸਾ, ਬਰਨਾਲਾ, ਪਟਿਆਲਾ ਤੇ ਮੋਗਾ 'ਚ ਜ਼ਿਆਦਾ ਨੁਕਸਾਨ ਹੋਇਆ ਹੈ। ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਝੱਖੜ ਕਾਰਨ ਜਾਨੀ-ਮਾਲੀ ਤੇ ਘਰਾਂ ਨੂੰ ਵੀ ਕਾਫੀ ਨੁਕਸਾਨ ਪੁੱਜਿਆ ਹੈ। ਜਾਣਕਾਰੀ ਅਨੁਸਾਰ ਰਾਜ ਆਫਤ ਰਾਹਤ ਫੰਡ ਵਿਚ ਵਰ੍ਹਾ 2021-22 ਵਿਚ ਸਮੇਤ ਕੇਂਦਰੀ ਹਿੱਸੇ ਦੇ 528 ਕਰੋੜ ਅਤੇ ਉਸ ਤੋਂ ਪਹਿਲਾਂ 2020-21 ਵਿਚ ਵੀ 528 ਕਰੋੜ ਰੁਪਏ ਐਲੋਕੇਟ ਕੀਤੇ ਗਏ। ਵਰ੍ਹਾ 2023-24 ਲਈ ਕੇਂਦਰ ਸਰਕਾਰ ਨੇ ਕਣਕ ਦਾ ਸਰਕਾਰੀ ਭਾਅ 2125 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਹੈ।

## ਫੀ ਏਕੜ 50 ਹਜ਼ਾਰ ਰੁਪਏ ਮੁਆਵਜ਼ਾ ਮਿਲੇ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੀਂਹ ਤੇ ਗੜਿਆਂ ਕਾਰਨ ਨੁਕਸਾਨੀਆਂ ਫਸਲਾਂ ਬਦਲੇ ਸਰਕਾਰ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ। ਭਾਰੀ ਮੀਂਹ, ਗੜਿਆਂ ਤੇ ਝੱਖੜ ਕਾਰਨ ਫਸਲਾਂ ਦੇ ਹੋਏ ਨੁਕਸਾਨ ਦੀ ਗੱਲ ਕਰਦਿਆਂ ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਇਸ ਕੁਦਰਤੀ ਕਰੋਪੀ ਕਾਰਨ ਸੂਬੇ ਵਿਚ ਲਗਭਗ 50 ਤੋਂ 60 ਫੀਸਦ ਫਸਲਾਂ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨੁਕਸਾਨ ਦਾ ਸ਼ਿਕਾਰ ਬਣੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

# ਉਗਰਾਹਾਂ ਵੱਲੋਂ ਹੱਕਾਂ ਲਈ ਸੰਘਰਸ਼ ਤੇਜ਼ ਕਰਨ ਦਾ ਸੱਦਾ



**ਸੰਗਰੂਰ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਵੱਲੋਂ ਸਥਾਨਕ ਅਨਾਜ ਮੰਡੀ ਲੌਂਗੋਵਾਲ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਕਾਨਫਰੰਸ ਕਰਵਾਈ ਗਈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ 'ਚ ਕਿਸਾਨਾਂ ਤੇ ਬੀਬੀਆਂ ਨੇ ਸ਼ਮੂਲੀਅਤ ਕੀਤੀ। ਕਾਨਫਰੰਸ ਦੌਰਾਨ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪੰਜਾਬ ਨੂੰ ਗੜਬੜ ਵਾਲਾ ਰਾਜ ਬਣਾਉਣ ਦੇ ਯਤਨਾਂ ਦੀ ਨਿਖੇਧੀ ਕਰਦਿਆਂ ਲੋਕ ਪੱਖੀ ਤੇ ਜਮਹੂਰੀ ਤਾਕਤਾਂ ਨੂੰ ਦਹਿਸ਼ਤ ਦੇ ਪਸਾਰੇ ਤੇ ਫਿਰਕਾਪ੍ਰਸਤ ਤਾਕਤਾਂ ਖ਼ਿਲਾਫ਼ ਹੱਕੀ ਲੋਕ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ। ਉਗਰਾਹਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਾਡੇ ਕੌਮੀ ਸ਼ਹੀਦ ਚਾਹੁੰਦੇ ਸਨ ਕਿ ਸਮਾਜ ਅੰਦਰ ਜਾਤ-ਪਾਤ ਖਤਮ ਹੋਵੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੇ ਕੁੱਟ ਬੰਦ ਹੋਵੇ। ਸ਼ਹੀਦ ਭਗਤ ਸਿੰਘ ਨੇ ਦੇਸ਼ ਦੀ ਅਜ਼ਾਦੀ ਲਈ ਆਮ ਲੋਕਾਂ ਨੂੰ ਲਾਮਬੰਦ ਕਰਕੇ ਅੰਗਰੇਜ਼ ਸਾਮਰਾਜ ਵੱਲੋਂ ਲੋਕਾਂ ਉਤੇ ਕੀਤੇ ਜਾਂਦੇ ਜਬਰ ਜ਼ੁਲਮਾਂ ਦਾ ਡਟ ਕੇ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਕੇਂਦਰੀ ਤੇ ਸੂਬਾਈ ਸੱਤਾ 'ਤੇ ਕਾਬਜ਼ ਰਹੀਆਂ ਹਕੂਮਤਾਂ ਨੇ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀ ਸ਼ਹੀਦਾਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਕੋਈ ਕੰਮ ਨਹੀਂ ਕੀਤਾ। ਸ੍ਰੀ ਉਗਰਾਹਾਂ ਨੇ ਕਿਹਾ ਕਿ ਪੰਜਾਬ ਸਮੇਤ ਸਾਰੇ ਭਾਰਤ ਅੰਦਰ ਸਰਕਾਰਾਂ ਨੇ ਮਾਹੌਲ ਨੂੰ ਖਰਾਬ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਐਨ.ਆਈ.ਏ. ਨੂੰ ਪੰਜਾਬ ਭੇਜਣ ਅਤੇ ਐਨ.ਐਸ.ਏ. ਵਰਗੇ ਕਾਨੂੰਨ ਮੜ੍ਹਨ ਦੇ ਹੁਕਮ ਦਿੱਤੇ ਗਏ ਹਨ, ਜਿਨ੍ਹਾਂ ਦਾ ਉਦੇਸ਼ ਪੰਜਾਬ ਨੂੰ ਵੱਡੀ ਗੜਬੜ ਵਾਲਾ ਰਾਜ ਬਣਾਉਣਾ ਹੈ। ਉਗਰਾਹਾਂ ਨੇ ਦੋਸ਼ ਲਾਇਆ ਕਿ ਪੰਜਾਬ ਬਾਰੇ ਗਲਤ ਪੇਸ਼ਕਾਰੀ ਕੀਤੀ ਜਾ ਰਹੀ ਹੈ।

## ਦੇਸ਼ ਦੀਆਂ ਸਮੱਸਿਆਵਾਂ ਦੇ ਹੱਲ ਲਈ ਇਨਕਲਾਬ ਜ਼ਰੂਰੀ: ਖੱਬੀਆਂ ਧਿਰਾਂ

**ਬੰਗਾ:** ਭਾਰਤੀ ਕਮਿਊਨਿਸਟ ਪਾਰਟੀ (ਮਾਰਕਵਾਸੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵੱਲੋਂ ਖਟਕੜ ਕਲਾਂ ਵਿਚ ਸਿਆਸੀ ਕਾਨਫਰੰਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਸਮਾਰਕ ਨੇੜੇ ਕਾਨਫਰੰਸ ਨਾ ਕਰਨ ਦੇਣ ਵਿਰੁੱਧ ਨਿੰਦਾ ਪ੍ਰਸਤਾਵ ਵੀ ਪਾਏ ਗਏ। ਬੁਲਾਰਿਆਂ ਨੇ ਕਿਹਾ ਕਿ ਸੱਤਾ ਅਤੇ ਸੱਤਾਧਾਰੀ ਆਗੂਆਂ ਦੇ ਚਿਹਰੇ ਬਦਲਣ ਨਾਲ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ, ਇਸ ਲਈ ਇਨਕਲਾਬ ਜ਼ਰੂਰੀ ਹੈ।

# ਨਵਜੋਤ ਸਿੱਧੂ ਨੂੰ ਸਾਜ਼ਿਸ਼ ਤਹਿਤ ਜੇਲ੍ਹ ਭੇਜਿਆ: ਨਵਜੋਤ ਕੌਰ

**ਡੇਰਾਬੱਸੀ:** ਕਾਂਗਰਸੀ ਆਗੂ ਨਵਜੋਤ ਸਿੱਧੂ ਦੀ ਪਤਨੀ ਤੇ ਸਾਬਕਾ ਵਿਧਾਇਕ ਨਵਜੋਤ ਕੌਰ ਸਿੱਧੂ ਨੇ ਦਾਅਵਾ ਕੀਤਾ ਕਿ ਸ੍ਰੀ ਸਿੱਧੂ ਨੂੰ ਜਿਸ ਮਾਮਲੇ ਵਿਚ ਅੰਦਰ ਕੀਤਾ ਗਿਆ ਹੈ ਉਸ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੇਵਾ ਕਰਨ ਵਾਲੇ ਵਿਅਕਤੀ ਨੂੰ ਸਾਜ਼ਿਸ਼ ਤਹਿਤ ਅੰਦਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਹ ਸਾਰੀ ਸਾਜ਼ਿਸ਼ ਰਚੀ ਗਈ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਪਤੀ ਦੀ ਬੇਕਸੂਰੀ ਦਾ ਸਬੂਤ ਦੇ ਕੇ ਮੁੱਖ ਮੰਤਰੀ ਨੂੰ ਚਰਿੱਤਰ ਪ੍ਰਮਾਣ ਦੇਣ ਦੀ ਅਪੀਲ ਕੀਤੀ ਸੀ



ਪਰ ਮੁੱਖ ਮੰਤਰੀ ਸਾਹਿਬ ਨੇ ਲਿਖਣ ਦੀ ਥਾਂ ਫਾਈਲ ਹੀ ਗੁੰਮ ਕਰ ਦਿੱਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਨਵਜੋਤ ਸਿੰਘ ਸਿੱਧੂ ਦੇ ਪਹਿਲੀ ਅਪਰੈਲ ਤੱਕ ਪਟਿਆਲਾ ਜੇਲ੍ਹ 'ਚੋਂ ਬਾਹਰ ਆ ਜਾਣ ਦੀ ਆਸ ਹੈ।

# ਸਾਬਕਾ ਅਕਾਲੀ ਵਿਧਾਇਕ ਜਗਬੀਰ ਬਰਾੜ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਜਦੋਂ ਜਲੰਧਰ ਛਾਉਣੀ ਤੋਂ ਸਾਬਕਾ ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਗਬੀਰ ਸਿੰਘ ਬਰਾੜ ਆਪਣੇ ਸਾਥੀਆਂ ਸਣੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਸਿਰੋਪਾਓ ਪਾ ਕੇ ਪਾਰਟੀ ਵਿਚ ਸ਼ਾਮਲ ਕੀਤਾ। ਇਸ ਮੌਕੇ 'ਆਪ' ਪੰਜਾਬ ਦੇ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੀ ਮੌਜੂਦ ਸਨ। 'ਆਪ' ਆਗੂਆਂ ਨੇ ਕਿਹਾ ਕਿ ਸ੍ਰੀ ਬਰਾੜ ਦੇ ਪਾਰਟੀ ਵਿਚ ਸ਼ਾਮਲ ਹੋਣ 'ਤੇ ਉਨ੍ਹਾਂ ਨੂੰ ਜਲੰਧਰ ਜ਼ਿਮਨੀ ਚੋਣ 'ਚ ਹੁਲਾਰਾ ਮਿਲੇਗਾ। ਜਗਬੀਰ ਸਿੰਘ ਬਰਾੜ ਜਲੰਧਰ ਦੇ ਪ੍ਰਭਾਵਸ਼ਾਲੀ ਆਗੂ ਮੰਨੇ ਜਾਂਦੇ ਹਨ। ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਉਨ੍ਹਾਂ ਦੇ ਆਪ ਨਾਲ ਜੁੜਨ 'ਤੇ ਪਾਰਟੀ ਨੂੰ ਅਗਾਮੀ ਜ਼ਿਮਨੀ ਚੋਣ ਲਈ ਮਜ਼ਬੂਤੀ ਮਿਲੀ ਹੈ।

# ਪੰਜਾਬ ਵਿਧਾਨ ਸਭਾ ਵਿਚ ਹਿਮਾਚਲ ਪ੍ਰਦੇਸ਼ ਦੇ ਜਲ ਸੈੱਸ ਖਿਲਾਫ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਬਜਟ ਸੈਸ਼ਨ ਦੇ ਅਖੀਰਲੇ ਦਿਨ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਪਣ ਬਿਜਲੀ ਪ੍ਰੋਜੈਕਟਾਂ 'ਤੇ ਜਲ ਸੈੱਸ ਲਾਉਣ ਦੇ ਫੈਸਲੇ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸਦਨ 'ਚ ਮਤਾ ਪੇਸ਼ ਕਰਨ ਮੌਕੇ ਵਿਰੋਧੀ ਧਿਰ ਕਾਂਗਰਸ ਗੈਰਹਾਜ਼ਰ ਰਹੀ। ਸਿੰਚਾਈ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸਦਨ ਵਿਚ ਮਤਾ ਪੇਸ਼ ਕੀਤਾ ਜਿਸ ਨੂੰ ਬਹਿਸ ਮਗਰੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਸਦਨ ਨੇ ਇਕ ਸੁਰ 'ਚ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਆਰਡੀਨੈਂਸ ਜਾਰੀ ਕਰਕੇ ਲਾਏ ਜਲ ਸੈੱਸ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਅਤੇ ਇਸ ਨੂੰ ਫੌਰੀ ਵਾਪਸ ਲੈਣ ਦੀ ਅਪੀਲ ਕੀਤੀ। ਸਦਨ ਨੇ ਮਤਾ ਪਾਸ ਕਰ ਕੇ ਕੇਂਦਰ ਨੂੰ ਅਪੀਲ ਕੀਤੀ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਆਰਡੀਨੈਂਸ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਜਾਣ। ਚੇਤੇ ਰਹੇ ਕਿ ਹਿਮਾਚਲ ਸਰਕਾਰ ਨੇ 172 ਪਣ ਬਿਜਲੀ ਪ੍ਰੋਜੈਕਟਾਂ 'ਤੇ ਜਲ ਸੈੱਸ ਲਗਾ ਕੇ 4000 ਕਰੋੜ ਰੁਪਏ ਦੀ ਕਮਾਈ ਹੋਣ ਦਾ ਅਨੁਮਾਨ ਲਾਇਆ ਹੈ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਤੋਂ ਇਕ ਦਿਨ ਪਹਿਲਾਂ ਸਦਨ ਵਿਚ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਦੀ ਗੂੰਜ ਪਈ। 'ਆਪ' ਸਰਕਾਰ ਨੇ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ 'ਤੇ ਚਰਚਾ ਕਰ ਕੇ ਜਵਾਨੀ ਨੂੰ ਇੱਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਪਾਰਟੀ ਦੀ ਵਿਚਾਰਧਾਰਾ ਨੂੰ ਵੀ ਅੱਗੇ ਵਧਾਉਣ ਲਈ ਸਿਆਸੀ ਹੰਭਲਾ ਮਾਰਿਆ।

ਹਿਮਾਚਲ ਸਰਕਾਰ ਵੱਲੋਂ ਲਾਏ ਜਲ ਸੈੱਸ ਦੇ ਮਾਮਲੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਹਿਮਾਚਲ ਸਰਕਾਰ ਦਾ ਇਹ ਹੱਲਾ ਬਰਦਾਸ਼ਤ ਨਹੀਂ ਕਰਾਂਗੇ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਵਾਲੀ ਸਰਕਾਰ ਦਾ ਇਹ ਕਦਮ ਗੈਰਕਾਨੂੰਨੀ ਅਤੇ ਤਰਕਹੀਣ ਹੈ।



ਦਰਿਆਈ ਪਾਣੀਆਂ ਉਤੇ ਪੰਜਾਬ ਦਾ ਕਾਨੂੰਨੀ ਹੱਕ ਹੈ ਅਤੇ ਕੋਈ ਵੀ ਸੂਬੇ ਦਾ ਇਹ ਹੱਕ ਨਹੀਂ ਖੋਹ ਸਕਦਾ। ਉਨ੍ਹਾਂ ਕਿਹਾ ਕਿ ਆਪਣੀ ਜ਼ਮੀਨ ਰਾਹੀਂ ਵਹਿ ਰਹੇ ਪਾਣੀ ਉਤੇ ਪੰਜਾਬ ਇਕ ਦੁਆਨੀ ਵੀ ਨਹੀਂ ਦੇਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਦਾ ਇਹ ਕਦਮ 'ਭਾਰਤ ਜੋੜੋ' ਨਹੀਂ, ਸਗੋਂ 'ਭਾਰਤ ਤੋੜੋ' ਮੁਹਿੰਮ ਤਹਿਤ ਚੁੱਕਿਆ ਗਿਆ ਹੈ।

ਕਾਂਗਰਸ ਨੇ ਇਕ ਵਾਰ ਫਿਰ ਪੰਜਾਬ ਖ਼ਿਲਾਫ਼ ਸਾਜ਼ਿਸ਼ ਘੜੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਸੂਬਿਆਂ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ ਅਤੇ ਕੇਂਦਰ ਸੂਬਿਆਂ ਨੂੰ ਆਪਸ ਲੜਾਉਣ ਦੀਆਂ ਚਾਲਾਂ ਚੱਲਦਾ ਹੈ। ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਸੂਬਿਆਂ ਦੀਆਂ ਤਾਕਤਾਂ ਘਟਾਉਣ ਵਾਲੇ ਅਜਿਹੇ ਕਦਮ ਚੁੱਕਣ ਤੋਂ ਸੰਕੋਚ ਕਰਨ ਜਿਸ ਨਾਲ ਕੇਂਦਰ ਨੂੰ ਬੇਲੋੜੀ ਦਖਲਅੰਦਾਜ਼ੀ ਕਰਨ ਦਾ ਮੌਕਾ ਮਿਲਦਾ ਹੋਵੇ। ਸਿੰਚਾਈ ਮੰਤਰੀ ਮੀਤ ਹੇਅਰ ਨੇ ਮਤਾ ਪੇਸ਼ ਕਰਨ ਮਗਰੋਂ ਦੱਸਿਆ ਕਿ ਇਸ ਜਲ ਸੈੱਸ ਨਾਲ 1200 ਕਰੋੜ ਦਾ ਵਾਧੂ ਵਿੱਤੀ ਬੋਝ ਪਵੇਗਾ ਪਰ ਪੰਜਾਬ ਕੋਈ ਪੈਸਾ ਹਿਮਾਚਲ ਨੂੰ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਇਹ ਕਦਮ ਇੰਟਰ ਸਟੇਟ ਵਾਟਰ ਡਿਸਪਿਊਟਸ ਐਕਟ 1956 ਦੀ ਉਲੰਘਣਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ, ਅਕਾਲੀ ਵਿਧਾਇਕ ਮਨਪ੍ਰੀਤ ਇਯਾਲੀ, ਭਾਜਪਾ ਵਿਧਾਇਕ ਜੰਗੀ ਲਾਲ ਮਹਾਜਨ ਨੇ ਵੀ ਬਹਿਸ ਵਿਚ ਹਿੱਸਾ ਲਿਆ। ਸਦਨ ਵਿਚ ਕਈ ਪੇਸ਼ ਬਿੱਲ ਵੀ ਸਰਬਸੰਮਤੀ ਨਾਲ ਪਾਸ ਕੀਤੇ ਗਏ।

ਪੰਜਾਬ ਟਾਈਮਜ਼

*ਸ਼ਨਿੱਚਰਵਾਰ, 1 ਅਪਰੈਲ, 2023*

# ਬਹਾਨਾ ਹੋਰ, ਨਿਸ਼ਾਨਾ ਹੋਰ

'ਅਪਰੇਸ਼ਨ ਅੰਮ੍ਰਿਤਪਾਲ' ਨੇ ਦਰਸਾ ਦਿੱਤਾ ਹੈ ਕਿ ਵੱਖ-ਵੱਖ ਸਿਆਸੀ ਧਿਰਾਂ ਕਿਸ ਤਰ੍ਹਾਂ ਆਪੋ-ਆਪਣੀ ਸਿਆਸਤ ਵਿਚ ਮਸਰੂਫ ਹਨ। ਇੱਥੋਂ ਤੱਕ ਵੀ ਕਿਹਾ ਜਾਣ ਲੱਗਾ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬੇਅਦਬੀ ਅਤੇ ਕੁਝ ਹੋਰ ਕਾਰਨਾਂ ਕਰ ਕੇ ਹਾਸ਼ੀਏ 'ਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਫਾਇਦੇ ਖਾਤਰ ਕੁਝ ਤਿੱਖੇ ਪੈਂਤੜੇ ਮੱਲ ਰਹੇ ਹਨ। ਇਹ ਸਵਾਲ ਵੀ ਉਠ ਰਹੇ ਹਨ ਕਿ ਉਨ੍ਹਾਂ ਅਜਿਹੇ ਪੈਂਤੜੇ ਅਜਨਾਲਾ ਘਟਨਾ ਵੇਲੇ ਕਿਉਂ ਨਾ ਮੱਲੇ ਜਿਸ ਨੂੰ ਆਧਾਰ ਬਣਾ ਕੇ ਕੇਂਦਰ ਸਰਕਾਰ ਅਤੇ ਦਰਬਾਰੀ ਮੀਡੀਆ ਨੇ ਮੁਲਕ ਭਰ ਵਿਚ ਸਿੱਖਾਂ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਨੂੰ ਖਲਨਾਇਕ ਬਣਾ ਕੇ ਪੇਸ਼ ਕਰਨ ਦੀ ਸਿਰ-ਤੋੜ ਕੋਸ਼ਿਸ਼ ਕੀਤੀ। ਦੂਜੇ ਬੰਨੇ, ਇਸ ਸਮੁੱਚੇ ਘਟਨਾਕ੍ਰਮ ਨੂੰ 2024 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਅਸਲ ਵਿਚ ਕਈ ਕਾਰਨਾਂ ਕਰ ਕੇ ਪੰਜਾਬ, ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਏਜੰਡੇ ਉਤੇ ਰਿਹਾ ਹੈ। ਅੱਜ ਸਮੁੱਚੇ ਉਤਰੀ ਭਾਰਤ ਵਿਚ ਪੰਜਾਬ ਹੀ ਇੱਕੋ-ਇੱਕ ਅਜਿਹਾ ਸੂਬਾ ਹੈ ਜਿਥੇ ਸਿਆਸੀ ਧਰੁਵੀਕਰਨਕਰਨਵਿਚਭਾਰਤੀ ਜਨਤਾ ਪਾਰਟੀ ਕਾਮਯਾਬ ਨਹੀਂ ਹੋਈ ਪਰ ਜਦੋਂ ਤੋਂ ਅੰਮ੍ਰਿਤਪਾਲ ਸਿੰਘ ਪੰਜਾਬ ਆਇਆ ਹੈ, ਪੰਜਾਬ ਅੰਦਰ ਧਰੁਵੀਕਰਨ ਦੀ ਸਿਆਸਤਭਖਣੀ ਸ਼ੁਰੂ ਹੋ ਗਈ।ਸ਼ੁਰੂ-ਸ਼ੁਰੂ ਵਿਚ ਜਦੋਂ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਅੰਦਰ ਇਸਾਈਆਂ ਖਿਲਾਫ ਭਾਸ਼ਣ ਦੇਣੇ ਆਰੰਭ ਕੀਤੇ ਤਾਂ ਬਹੁਤੀਆਂ ਧਿਰਾਂ ਹੈਰਾਨ ਹੋਈਆਂ ਕਿਉਂਕਿ ਪੰਜਾਬ ਵਿਚ ਸਿੱਖਾਂ ਅਤੇ ਇਸਾਈਆਂ ਵਿਚਕਾਰ ਕਦੀ ਟਕਰਾਅ ਵਾਲਾ ਮਾਹੌਲ ਨਹੀਂ ਰਿਹਾ।ਕੁਝ ਸਿਆਸੀ ਵਿਸ਼ਲੇਸ਼ਕ ਤਾਂ ਅੰਮ੍ਰਿਤਪਾਲ ਸਿੰਘ ਦੀ ਹੋ ਰਹੀ ਇਸ ਚੜ੍ਹਤ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਦਰ ਹਥਿਆਰਾਂ ਦੀ ਜ਼ਖੀਰੇਬਾਜ਼ੀ ਨਾਲ ਜੋੜ ਕੇ ਵੀ ਦੇਖਦੇ ਹਨ। ਉਦੋਂ ਵੀ ਮੁੱਖ ਸਵਾਲ ਇਹੀ ਸੀ ਕਿ ਖੁਫੀਆ ਏਜੰਸੀਆਂ ਨੇ ਅਜਿਹਾ ਕਿਉਂ ਹੋਣ ਦਿੱਤਾ? ਹੁਣ ਵੀ ਇਹੀ ਸਵਾਲ ਹੈ ਕਿ ਉਸ ਨੂੰ ਇੰਨੀ ਖੁੱਲ੍ਹ ਕਿਉਂ ਅਤੇ ਕਿਸ ਨੇ ਦਿੱਤੀ?

ਅਸਲ ਵਿਚ, ਮੋਦੀ ਸਰਕਾਰ ਨੇ ਪੰਜਾਬ ਵਿਚ ਖਾਲਿਸਤਾਨ ਨੂੰ ਹਊਆ ਬਣਾ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ ਅਤੇ ਅਜਿਹਾ ਕਰਨ ਵਿਚ ਉਹ ਕਿਸੇ ਹੱਦ ਤੱਕ ਕਾਮਯਾਬ ਵੀ ਰਹੀ ਹੈ। ਦੂਜੇ ਬੰਨੇ, ਹਕੀਕਤ ਇਹ ਹੈ ਕਿ ਪੰਜਾਬ ਅੰਦਰ ਜ਼ਮੀਨੀ ਪੱਧਰ 'ਤੇ ਖਾਲਿਸਤਾਨ ਦੀ ਕੋਈ ਲਹਿਰ ਜਾਂ ਸਰਗਰਮੀ ਨਹੀਂ। ਜੇ ਅਜਿਹਾ ਹੁੰਦਾ ਤਾਂ ਅੰਮ੍ਰਿਤਪਾਲ ਸਿੰਘ ਜਿਸ ਤਰ੍ਹਾਂ ਦੀ ਸਿਆਸੀ ਸਰਗਰਮੀ ਕਰਨ ਦਾ ਯਤਨ ਕਰ ਰਿਹਾ ਸੀ, ਉਸ ਨੂੰ ਥੋੜ੍ਹਾ-ਬਹੁਤਾ ਹੁੰਗਾਰਾ ਤਾਂ ਜ਼ਰੂਰ ਹੀ ਮਿਲਦਾ।ਹੁਣ ਤਾਂ ਇਹ ਸੂਚਨਾਵਾਂ ਵੀ ਸਾਹਮਣੇ ਆ ਰਹੀਆਂ ਹਨ ਕਿ ਕੇਂਦਰੀ ਖੁਫੀਆ ਏਜੰਸੀਆਂ ਪੰਜਾਬ ਪੁਲਿਸ ਨਾਲ ਜ਼ਰੂਰੀ ਜਾਣਕਾਰੀ ਵੀ ਸਾਂਝੀਆਂ ਨਹੀਂ ਕਰ ਰਹੀਆਂ ਸਨ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਸਮੁੱਚੀ ਕਾਰਵਾਈ ਦੀ ਕਮਾਨ ਕੇਂਦਰ ਸਰਕਾਰ ਨੇ ਆਪਣੇ ਹੱਥ ਹੇਠ ਰੱਖੀ ਹੋਈ ਹੈ।ਹੋਰ ਸਿਆਸੀ ਧਿਰਾਂ ਸਮੇਤ ਭਾਰਤੀ ਜਨਤਾ ਪਾਰਟੀ ਨੂੰ ਵੀ ਤਾਂ ਇਹ ਖਬਰ ਹੈ ਕਿ ਇਸ ਵਕਤ ਪੰਜਾਬਦੇ ਲੋਕ ਨਵੇਂ ਸਿਆਸੀ ਬਦਲ ਲਈ ਹੱਥ-ਪੈਰਮਾਰ ਰਹੇ ਹਨ। ਆਮ ਆਦਮੀ ਪਾਰਟੀ ਨੇ ਇਹ ਸਿਆਸੀ ਖਲਾਅ ਭਰਨ ਦਾ ਯਤਨ ਤਾਂ ਕੀਤਾ ਪਰ ਇਸ ਦੀਹੁਣਤੱਕਦੀਕਾਰਗੁਜ਼ਾਰੀਨੇਪੰਜਾਬਦੇਲੋਕਾਂਨੂੰ ਨਿਰਾਸ਼ ਹੀ ਕੀਤਾ ਹੈ। ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਚਾਹੁੰਦੀ ਹੈ ਕਿ ਪੰਜਾਬ ਵਿਚ ਵੋਟਾਂ ਦਾ ਪਿੜ ਬੱਝਣ ਦੌਰਾਨ ਕਿਸੇ ਨਾ ਕਿਸੇ ਢੰਗ ਨਾਲ ਆਪਣੀ ਪੈਂਠ ਬਣਾਈ ਜਾਵੇ। ਇਸੇ ਕਰ ਕੇ ਇਸ ਦੀ ਹਰ ਕਵਾਇਦ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾ ਰਹੀ ਹੈ। ਕੇਂਦਰ ਵਿਚ ਸੱਤਾਧਾਰੀ ਹੋਣ ਕਾਰਨ ਅਤੇ ਵੱਖ-ਵੱਖ ਏਜੰਸੀਆਂ ਦੀ ਕਮਾਨ ਹੱਥ ਹੋਣ ਕਾਰਨ ਭਾਰਤੀ ਜਨਤਾ ਪਾਰਟੀ ਦਾ ਹੱਥ ਉਪਰ ਹੀ ਹੈ।

ਇਸ ਮਸਲੇ ਦੀਆਂ ਪਰਤਾਂ ਜਿਉਂ-ਜਿਉਂ ਖੁੱਲ੍ਹ ਰਹੀਆਂ ਹਨ, ਉਨ੍ਹਾਂ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਪੰਜਾਬ ਅੰਦਰ ਪਿਛਲੇ ਸਮੇਂ ਦੌਰਾਨ ਹੋਈਆਂ ਸਰਗਰਮੀਆਂ ਇਕ ਲਿਹਾਜ਼ ਨਾਲ ਮੋਦੀ ਸਰਕਾਰ ਦੇ ਹੱਕ ਵਿਚ ਹੀ ਭੁਗਤ ਰਹੀਆਂ ਹਨ। ਇਸ ਵਕਤ ਸਮੁੱਚੇਮੁਲਕ ਵਿਚ ਭਾਰਤੀ ਜਨਤਾ ਪਾਰਟੀ ਦੇ ਟਾਕਰੇ ਲਈ ਆਪਣੀ ਗੱਠਜੋੜ ਬਣਾਉਣ ਦੀ ਕਵਾਇਦ ਚੱਲ ਰਹੀ ਹੈ ਪਰ ਭਾਰਤੀ ਜਨਤਾ ਪਾਰਟੀ ਦੇ ਆਗੂ ਆਪਣੀਆਂ ਨੀਤੀਆਂ ਅਤੇ ਰਣਨੀਤੀਆਂ ਇਸ ਢੰਗ ਨਾਲ ਅਮਲ ਵਿਚ ਲਿਆ ਰਹੇ ਹਨ ਕਿ ਲੋਕਾਂ ਅੰਦਰ ਖੌਫ ਪੈਦਾ ਕਰ ਕੇ ਵੋਟਾਂ ਦਾ ਧਰੁਵੀਕਰਨ ਕੀਤਾ ਜਾਵੇ। ਭਾਰਤੀ ਜਨਤਾ ਪਾਰਟੀ (ਪਹਿਲਾਂ ਇਸ ਦਾ ਨਾਂ ਜਨ ਸੰਘ ਸੀ) ਅਤੇ ਆਰ.ਐਸ.ਐਸ. ਦਹਾਕਿਆਂ ਤੋਂ ਇਸ ਧਾਰਨਾ ਮੁਤਾਬਿਕ ਕੰਮ ਕਰ ਰਹੀਆਂ ਹਨ ਕਿ ਜਦੋਂ ਵੀ ਹਿੰਦੂ ਵੋਟਾਂ ਦਾ ਧਰੁਵੀਕਰਨ ਹੋ ਗਿਆ, ਜਿੱਤ ਪੱਕੀ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਅਤੇ ਵੱਖ-ਵੱਖ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਇਸ ਨੇ ਇਹੀ ਦਾਈਆ ਖੇਡਿਆ ਹੈ ਅਤੇ ਹੁਣ ਵੀ ਇਹ ਇਹੀ ਸਿਆਸਤ ਖੇਡ ਰਹੀ ਹੈ। ਪੰਜਾਬ ਦੇ ਪ੍ਰਸੰਗ ਵਿਚ ਕੁਝ ਵਿਦਵਾਨਾਂ ਦੀ ਇਸ ਦਲੀਲ ਵਿਚ ਕੋਈ ਵਜ਼ਨ ਨਹੀਂ ਕਿ ਅੰਮ੍ਰਿਤਪਾਲ ਸਿੰਘ ਨੂੰ ਕੇਂਦਰ ਸਰਕਾਰ ਜਾਂ ਕੇਂਦਰੀ ਏਜੰਸੀਆਂ ਚਲਾ ਰਹੀ। ਹਾਂ, ਇਹ ਜ਼ਰੂਰ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਸਰਗਰਮੀਆਂ ਦਾ ਲਾਹਾ ਮੋਦੀ ਸਰਕਾਰ ਭਰਪੂਰ ਵਿਚ ਉਠਾ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਜਦੋਂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਜਾਂ ਫਰਾਰੀ ਦਾ ਮਸਲਾ ਸਪੱਸ਼ਟ ਹੋਇਆ ਤਾਂ ਸਾਫ ਹੋਜਾਵੇਗਾਕਿ ਇਸ ਮਸਲੇ ਵਿਚ ਮੋਦੀ ਸਰਕਾਰ ਦੀ ਸ਼ਮੂਲੀਅਤ ਕਿਸ ਪੱਧਰ ਦੀ ਸੀ। ਨਾਲ ਹੀ ਪੰਜਾਬ ਅੰਦਰ ਉਸ ਸਿਆਸਤ ਦੀ ਗੱਲ ਵੀਜ਼ਰੂਰ ਚੱਲੇਗੀ ਜੋ ਕੱਟੜਪੰਥੀਆਂ ਨੂੰ ਬਨਦੀ ਟੱਕਰ ਦੇ ਸਕੇ। ਸੱਚਮੁੱਚ ਪੰਜਾਬ ਇਸ ਵਕਤ ਸਿਆਸੀ ਤਬਦੀਲੀ ਦੀਆਂ ਪੀੜਾਂ ਹੰਢਾ ਰਿਹਾ ਹੈ। ਚੋਣ ਸਿਆਸਤ ਰਾਹੀਂ ਇਸ ਪੀੜਾ ਤੋਂ ਰਾਹਤ ਮਿਲ ਸਕਦੀ ਹੈ ਜਾਂ ਨਹੀਂ, ਇਹ ਤਾਂ ਵਕਤ ਹੀ ਦੱਸੇਗਾ ਪਰ ਇਹਵੀ ਸੰਭਵ ਹੈ ਕਿ ਕਿਸਾਨ ਅੰਦੋਲਨ ਵਰਗਾ ਕੋਈ ਹੋਰ ਅੰਦੋਲਨ ਪੰਜਾਬ ਦੀ ਪੀੜਾ ਹਰਨ ਦਾ ਯਤਨ ਕਰੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਛੇ ਸਵਾਲ!

ਦੇਖ ਜਿਨ੍ਹਾਂ ਨੂੰ ਲੋਕ ਹੈਰਾਨ ਹੋ ਗਏ, ਕਾਲੇ ਬੱਦਲ ਚੜ੍ਹ ਚਾਣਚੱਕ ਆਏ ਕਿਉਂ ਸੀ?
ਚਲਦਾ ਹੋਵੇ ਜਦ ਕੰਮ 'ਰੁਟੀਨ' ਅੰਦਰ, ਲਾਂਬੂ ਸ਼ਾਂਤ ਮਾਹੌਲ ਵਿੱਚ ਲਾਏ ਕਿਉਂ ਸੀ?
ਕੀਤੇ ਹੋਏ ਕੋਈ ਫੈਸਲੇ ਗੁਪਤ ਜਿਹੜੇ, ਮਨਮਰਜ਼ੀ ਦੇ ਨਾਲ ਪਲਟਾਏ ਕਿਉਂ ਸੀ?
ਖੁਦ ਨੂੰ ਮਾਫਕ ਜਦ ਸਿੱਟੇ ਹੀ ਕੱਢਣੇ ਸੀ, ਬਾਹਰ ਨਾਟਕ ਕਰ 'ਹੋਰ' ਦਿਖਾਏ ਕਿਉਂ ਸੀ?
ਪਹਿਲਾਂ ਖੁੱਲ੍ਹ ਦੇਈ ਰੱਖਣੀ 'ਪਾਲਿਆਂ' ਨੂੰ, ਮਗਰੋਂ 'ਸ਼ਰਾਰਤੀ ਤੱਤ' ਅਖਵਾਏ ਕਿਉਂ ਸੀ?
ਵੇਲਾ ਬੀਤੇ ਤੋਂ ਮਗਰੋਂ ਹੀ ਪਤਾ ਲੱਗੇ, 'ਭੰਬਲਭੂਸੇ' ਹਕੂਮਤਾਂ ਪਾਏ ਕਿਉਂ ਸੀ?

## ਰਾਹੁਲ ਗਾਂਧੀ ਨੂੰ ਸਜ਼ਾ

# ਵਿਰੋਧੀ ਧਿਰਾਂ ਬਾਰੇ ਭਾਜਪਾ ਦੀ ਖਤਰਨਾਕ ਨੀਤੀ

*ਭਾਰਤ ਵਿਚ ਅਗਲੇ ਸਾਲ ਲੋਕ ਸਭਾ ਚੋਣਾਂ ਹੋਣੀਆਂ ਹਨ। ਪਿਛਲੀਆਂ ਦੋ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਜਿੱਤ ਹਾਸਲ ਕੀਤੀ ਸੀ। ਹੁਣ ਇਹ ਅਗਲੀਆਂ ਚੋਣਾਂ ਵੀ ਹਰ ਹਾਲ ਜਿੱਤਣਾ ਚਾਹੁੰਦੀ ਹੈ ਅਤੇ ਇਸ ਨੇ ਹੁਣ ਤੋਂ ਹੀ ਤਿਆਰੀਆਂ ਆਰੰਭ ਦਿੱਤੀਆਂ ਹਨ। ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਸਜ਼ਾ ਇਸੇ ਤਿਆਰੀ ਦਾ ਹਿੱਸਾ ਹੈ। ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਸੱਤਾਧਿਰ ਦੀ ਇਸ ਖਤਰਨਾਕ ਨੀਤੀ ਬਾਰੇ ਟਿੱਪਣੀ ਕੀਤੀ ਹੈ।*

ਗੁਜਰਾਤ ਵਿਚ ਸੂਰਤ ਦੀ ਇੱਕ ਅਦਾਲਤ ਨੇ ਭਾਰਤੀ ਜਨਤਾ ਪਾਰਟੀ ਦੇ ਗੁਜਰਾਤ ਤੋਂ ਵਿਧਾਇਕ ਪੂਰਨੇਸ਼ ਮੋਦੀ ਵੱਲੋਂ ਦਾਇਰ ਕੇਸ ਦੀ ਸੁਣਵਾਈ ਕਰਦਿਆਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਮਾਣਹਾਨੀ ਦੀਆਂ ਧਾਰਾਵਾਂ 499 ਅਤੇ 500 ਤਹਿਤ ਦੋ ਸਾਲ ਕੈਦ ਅਤੇ 15 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸੂਰਤ ਦੀ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਅਗਲੇ ਹੀ ਦਿਨ ਰਾਹੁਲ ਗਾਂਧੀ ਨੂੰ ਲੋਕ ਸਭਾ ਦੀ ਮੈਂਬਰਸ਼ਿਪ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ।

ਯਾਦ ਰਹੇ ਕਿ 2019 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਕਰਨਾਟਕ ਵਿਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਨੀਰਵ ਮੋਦੀ, ਲਲਿਤ ਮੋਦੀ ਦੇ ਨਾਮਾਂ ਦਾ ਜ਼ਿਕਰ ਕਰਦਿਆਂ ਟਿੱਪਣੀ ਕੀਤੀ ਸੀ ਕਿ 'ਸਾਰੇ ਚੋਰਾਂ ਦਾ ਉਪਨਾਮ ਮੋਦੀ ਕਿਉਂ ਹੈ?' ਇਸ ਮਸਲੇ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਰਾਹੁਲ ਗਾਂਧੀ ਨੇ ਜਿਨ੍ਹਾਂ ਤਿੰਨ ਵਿਅਕਤੀਆਂ ਦਾ ਨਾਮ ਲਿਆ ਸੀ, ਉਨ੍ਹਾਂ ਵਿਚੋਂ ਤਾਂ ਕਿਸੇ ਨੇ ਕੋਈ ਕੇਸ ਨਹੀਂ ਕੀਤਾ ਤੇ ਨਾ ਹੀ ਕਰਨਾਟਕ ਦੇ ਕਿਸੇ ਸ਼ਖਸ ਨੇ ਉਥੋਂ ਦੀ ਅਦਾਲਤ ਵਿਚ ਕੋਈ ਕੇਸ ਦਾਇਰ ਕੀਤਾ ਲੇਕਿਨ ਗੁਜਰਾਤ ਤੋਂ ਬੀ.ਜੇ.ਪੀ. ਵਿਧਾਇਕ ਪੂਰਨੇਸ਼ ਮੋਦੀ ਨੇ ਇਹ ਦਾਅਵਾ ਕਰਦਿਆਂ ਕਿ ਰਾਹੁਲ ਗਾਂਧੀ ਨੇ 'ਪੂਰੇ ਭਾਰਤ ਵਿਚ 'ਮੋਦੀ' ਉਪਨਾਮ ਵਾਲੇ 13 ਕਰੋੜ ਲੋਕਾਂ ਨੂੰ ਬਦਨਾਮ ਕੀਤਾ ਹੈ', ਗੁਜਰਾਤ ਦੀ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ। ਕੇਸ ਦੀ ਸੁਣਵਾਈ ਕਰਦਿਆਂ ਸੂਰਤ ਦੀ ਅਦਾਲਤ ਨੇ ਹੁਣ ਇਹ ਸਜ਼ਾ ਸੁਣਾਈ ਹੈ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕਾਨੂੰਨੀ ਮਾਹਿਰਾਂ ਨੇ ਇਸ ਮੁਕੱਦਮੇ ਦੀ ਪ੍ਰਕਿਰਿਆ 'ਤੇ ਕਈ ਤਰ੍ਹਾਂ ਦੇ ਸੁਆਲ ਉਠਾਏ ਹਨ ਪਰ ਅਸੀਂ ਇੱਥੇ ਸੱਤਾਧਾਰੀ ਭਾਜਪਾ ਵੱਲੋਂ ਵਿਰੋਧੀ ਧਿਰਾਂ ਪ੍ਰਤੀ ਅਪਣਾਏ ਰਵੱਈਏ ਦੀ ਚਰਚਾ ਕਰਾਂਗੇ ਕਿਉਂਕਿ ਇਸ ਕਾਰਵਾਈ ਨੂੰ ਵਰਤਾਰੇ ਦੇ ਰੂਪ ਵਿਚ ਦੇਖਿਆ ਜਾਣਾ ਜਾਣਾ ਚਾਹੀਦਾ ਹੈ। ਦੇਸ਼ ਵਿਚ ਜਦ ਤੋਂ ਭਾਜਪਾ ਨੇ ਸੱਤਾ ਸੰਭਾਲੀ ਹੈ ਤਦ ਤੋਂ ਹੀ ਉਸ ਦਾ ਮੰਤਵ ਦੇਸ਼ ਵਿਚੋਂ ਵਿਰੋਧੀ ਧਿਰ ਨੂੰ ਖਤਮ ਕਰਨ ਦਾ ਨਜ਼ਰ ਆ ਰਿਹਾ ਹੈ। ਕਿਸੇ ਜਮਹੂਰੀਅਤ ਦੀ ਖੂਬਸੂਰਤੀ ਇਹ ਹੀ ਹੁੰਦੀ ਹੈ ਕਿ ਉਸ ਵਿਚ ਵਿਰੋਧੀ ਧਿਰਾਂ ਤੇ ਵਿਰੋਧੀ ਵਿਚਾਰਾਂ ਨੂੰ ਸੁਣਿਆ ਜਾਣਾ ਚਾਹੀਦਾ ਹੈ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਪਰ ਸਾਡੇ ਮੁਲਕ ਵਿਚ ਅਜਿਹਾ ਨਹੀਂ ਹੈ।

ਇਹ ਸੱਚ ਹੈ ਕਿ ਇਹ ਸਭ ਭਾਜਪਾ ਦੇ ਆਉਣ ਨਾਲ ਹੀ ਸ਼ੁਰੂ ਨਹੀਂ ਹੋਇਆ ਬਲਕਿ ਕਾਂਗਰਸ ਦੀ ਸੱਤਾ ਦੌਰਾਨ ਵੀ ਵਿਰੋਧੀ ਧਿਰਾਂ/ਵਿਚਾਰਾਂ ਨੂੰ ਦਬਾਇਆ ਜਾਂਦਾ ਸੀ, ਖਾਸਕਰ ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਦੇ ਕਾਰਜ ਕਾਲ ਦੌਰਾਨ ਵਿਰੋਧੀ ਧਿਰਾਂ 'ਤੇ ਜਿਸ ਤਰ੍ਹਾਂ ਦੀਆਂ ਪਾਬੰਦੀਆਂ ਮੜ ਕੇ ਕੁਚਲ ਦੇਣ ਦੀ ਨੀਤੀ ਲਾਗੂ ਕੀਤੀ ਗਈ ਸੀ, ਉਹ ਮੰਦਭਾਗਾ ਵਰਤਾਰਾ ਸੀ। ਫਰਕ ਸਿਰਫ ਇਹ ਹੈ ਕਿ ਭਾਜਪਾ ਇਸ ਨੂੰ ਬਹੁਤ ਤੇਜ਼ੀ ਨਾਲ ਲਾਗੂ ਕਰ ਕੇ ਵਿਰੋਧੀ ਧਿਰ ਹੀ ਖਤਮ ਕਰਨ ਦੀ ਚਾਲ ਚੱਲ ਰਹੀ ਹੈ।

ਭਾਰਤ ਵਿਚ ਲੋਕ ਨੁਮਾਇੰਦਗੀ ਐਕਟ-1951 ਤਹਿਤ ਜੇ ਕਿਸੇ ਸ਼ਖਸ ਨੂੰ ਦੋ ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਜਾਂਦੀ ਤਾਂ ਉਸ ਨੂੰ ਸਜ਼ਾ ਦੀ ਤਰੀਕ ਤੋਂ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ ਦੀ ਮੈਂਬਰਸ਼ਿਪ ਤੋਂ ਛੇ ਸਾਲ ਲਈ ਅਯੋਗ ਠਹਿਰਾ ਦਿੱਤਾ ਜਾਂਦਾ ਹੈ। ਅਦਾਲਤ ਨੇ ਰਾਹੁਲ ਗਾਂਧੀ ਨੂੰ ਅਗਲੀ ਅਦਾਲਤ 'ਚ ਅਪੀਲ ਕਰਨ ਦੀ ਇਜਾਜ਼ਤ ਦੇਣ ਲਈ 30 ਦਿਨਾਂ ਲਈ ਜ਼ਮਾਨਤ ਦੇ ਦਿੱਤੀ ਸੀ, ਇਸ ਲਈ ਸਪੀਕਰ ਆਪਣਾ ਫੈਸਲਾ 30 ਦਿਨ ਬਾਅਦ



ਵੀ ਲੈ ਸਕਦੇ ਸਨ, ਉਹਨਾਂ ਅਗਲੇ ਹੀ ਦਿਨ ਰਾਹੁਲ ਗਾਂਧੀ ਨੂੰ ਸਦਨ ਤੋਂ ਅਯੋਗ ਕਰਾਰ ਦੇ ਦਿੱਤਾ। ਅਜਿਹਾ ਆਮ ਤੌਰ 'ਤੇ ਨਹੀਂ ਹੁੰਦਾ ਹੈ। ਕਈ ਉਦਾਹਰਨਾਂ ਹਨ ਜਦ ਵਿਧਾਨ ਸਭਾ ਮੈਂਬਰਸ਼ਿਪ ਸਜ਼ਾ ਸੁਣਾਏ ਜਾਣ ਦੇ ਮਹੀਨੇ ਬਾਅਦ ਰੱਦ ਕੀਤੀ ਸੀ।

ਉਂਝ, ਪਹਿਲਾਂ ਵੀ ਕਈ ਵਾਰ ਸੰਸਦ ਮੈਂਬਰਾਂ/ਵਿਧਾਇਕਾਂ ਖਿਲਾਫ ਕਾਰਵਾਈਆਂ ਹੋ ਚੁੱਕੀਆਂ ਹਨ। 2013 ਵਿਚ ਚਾਰਾ ਘੁਟਾਲਾ ਮਾਮਲੇ ਵਿਚ ਦੋਸ਼ੀ ਪਾਏ ਜਾਣ ਬਾਅਦ ਬਿਹਾਰ ਦੇ ਮੁੱਖ ਮੰਤਰੀ ਰਹੇ ਲਾਲੂ ਪ੍ਰਸ਼ਾਦ ਯਾਦਵ ਅਤੇ ਬਿਹਾਰ ਦੀ ਜਹਾਨਾਬਾਦ ਸੀਟ ਤੋਂ ਜਨਤਾ ਦਲ (ਯੂਨਾਈਟਿਡ) ਦੇ ਲੋਕ ਸਭਾ ਮੈਂਬਰ ਜਗਦੀਸ਼ ਸ਼ਰਮਾ ਦੀ ਲੋਕ ਸਭਾ ਮੈਂਬਰੀ ਰੱਦ ਕੀਤੀ ਗਈ ਸੀ। 2014 ਵਿਚ ਇੱਕ ਮਾਮਲੇ 'ਚ ਸਜ਼ਾ ਹੋਣ ਬਾਅਦ ਤਾਮਿਲਨਾਡੂ ਦੀ ਮੁੱਖ ਮੰਤਰੀ ਰਹੀ ਜੈਲਲਿਤਾ ਨੂੰ 2014 ਵਿਚ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ ਸੀ। ਕਾਂਗਰਸ ਦੇ ਰਾਜ ਸਭਾ ਮੈਂਬਰ ਰਸ਼ੀਦ ਮਸੂਦ ਨੂੰ ਸਜ਼ਾ ਹੋਣ 'ਤੇ 2013 ਵਿਚ ਉਸ ਦੀ ਰਾਜ ਸਭਾ ਮੈਂਬਰੀ ਰੱਦ ਕਰ ਦਿੱਤੀ ਗਈ ਸੀ।

ਉੱਤਰ ਪ੍ਰਦੇਸ਼ ਦੇ ਵਿਧਾਇਕ ਅਬਦੁੱਲਾ ਆਜ਼ਮ ਖਾਨ, ਸਮਾਜਵਾਦੀ ਪਾਰਟੀ ਦੇ ਚਰਚਿਤ ਵਿਧਾਇਕ ਆਜ਼ਮ ਖਾਨ, ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ, ਵਿਕਰਮ ਸਿੰਘ ਸੈਣੀ, ਬਿਹਾਰ ਤੋਂ ਰਾਸ਼ਟਰੀ ਜਨਤਾ ਦਲ ਦੇ ਵਿਧਾਇਕ ਅਨਿਲ ਕੁਮਾਰ ਸਹਨੀ ਅਤੇ ਅਨੰਤ ਸਿੰਘ ਦੀ ਮੈਂਬਰਸ਼ਿਪ ਰੱਦ ਹੋ ਚੁੱਕੀ ਹੈ।

ਲਕਸ਼ਦੀਪ ਤੋਂ ਐਮ.ਪੀ. ਮੁਹੰਮਦ ਫੈਜ਼ਲ ਦਾ ਕਿੱਸਾ ਵੀ ਅਹਿਮ ਹੈ ਕਿ ਲਕਸ਼ਦੀਪ ਦੀ ਅਦਾਲਤ ਨੇ 11 ਜਨਵਰੀ 2023 ਨੂੰ ਹੱਤਿਆ ਦੇ ਇੱਕ ਮਾਮਲੇ ਵਿਚ ਉਸ ਨੂੰ 10 ਸਾਲ ਦੀ ਸਜ਼ਾ ਸੁਣਾਈ ਤਾਂ ਸਜ਼ਾ ਸੁਣਾਉਣ ਤੋਂ ਦੋ ਦਿਨ ਬਾਅਦ ਉਸ ਦੀ ਮੈਂਬਰਸ਼ਿਪ ਵੀ ਰੱਦ ਕਰ ਦਿੱਤੀ ਗਈ। 25 ਜਨਵਰੀ ਨੂੰ ਕੇਰਲ ਹਾਈਕੋਰਟ ਨੇ ਉਸ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਪਰ ਅਜੇ ਤੱਕ ਮੈਂਬਰਸ਼ਿਪ ਬਹਾਲ ਨਹੀਂ ਹੋਈ, ਬਹਾਲ ਹੋਵੇਗੀ ਵੀ ਜਾਂ ਨਹੀਂ ਇਹ ਵੀ ਨਹੀਂ ਕਿਹਾ ਜਾ ਸਕਦਾ ਹੈ।

ਰਾਹੁਲ ਗਾਂਧੀ ਕੋਈ ਲੋਕ ਪੱਖੀ ਸਿਆਸਤਦਾਨ ਨਹੀਂ ਹੈ ਬਲਕਿ ਉਹ ਵੀ ਭਾਰਤੀ ਹਾਕਮ ਜਮਾਤ ਦੇ ਬਾਕੀ ਨੁਮਾਇੰਦਿਆਂ ਵਰਗਾਂ ਇੱਕ ਲੀਡਰ ਹੈ। ਰਾਹੁਲ ਗਾਂਧੀ ਸਮੇਤ ਉਸ ਦੇ ਪਰਿਵਾਰ ਨੇ ਸੱਤਾ ਦੌਰਾਨ ਦੇਸ਼ ਦੇ ਅਮੀਰਾਂ ਦੀ ਪੁਸ਼ਤਪੁਨਾਹੀ ਕਰਦਿਆਂ ਗਰੀਬਾਂ ਨੂੰ ਹੋਰ ਵੱਧ ਗਰੀਬੀ ਵੱਲ ਧੱਕਿਆ ਹੈ ਪਰ ਇੱਥੇ ਮਸਲਾ ਰਾਹੁਲ ਗਾਂਧੀ ਦਾ ਨਹੀਂ ਹੈ ਬਲਕਿ ਦੇਸ਼ ਵਿਚੋਂ ਵਿਰੋਧੀ ਧਿਰ ਅਤੇ ਵਿਰੋਧੀ ਵਿਚਾਰਾਂ ਨੂੰ ਖਤਮ ਕਰਨ ਖਿਲਾਫ ਬੋਲਣ ਦਾ ਹੈ।

ਭਾਜਪਾ ਦੇ ਮੁਕਾਬਲੇ ਅੱਜ ਵੀ ਜੇ ਕੋਈ ਦੇਸ਼ ਪੱਧਰੀ ਵੱਡੀ ਪਾਰਟੀ ਹੈ ਤਾਂ ਉਹ ਲੱਖ ਘਾਟਾਂ ਤੇ ਕਮਜ਼ੋਰੀਆਂ ਦੇ ਬਾਵਜੂਦ ਕਾਂਗਰਸ ਪਾਰਟੀ ਹੈ। ਇਸੇ ਕਰ ਕੇ ਭਾਜਪਾ ਆਗੂਆਂ ਵੱਲੋਂ ਪਿਛਲੇ ਇੱਕ ਦਹਾਕੇ ਤੋਂ ਮੁੱਖ ਧਾਰਾ ਮੀਡੀਆ ਰਾਹੀਂ ਮਿੱਥ ਕੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ 'ਪੱਪੂ' ਵਰਗੇ ਲਕਬਾਂ ਨਾਲ ਸੰਬੋਧਨ ਕਰਦਿਆਂ ਉਸ ਨੂੰ 'ਮਜ਼ਾਹੀਆ ਪਾਤਰ' ਵਜੋਂ ਪੇਸ਼ ਕੀਤਾ ਗਿਆ ਹੈ। ਪਿਛਲੇ ਦਿਨੀਂ ਇੰਗਲੈਂਡ ਵਿਚ ਰਾਹੁਲ ਗਾਂਧੀ ਵੱਲੋਂ ਕੀਤੀਆਂ ਟਿੱਪਣੀਆਂ ਦਾ ਤਰਕ ਸਹਿਤ ਜਵਾਬ ਦੇਣ ਦੀ ਬਜਾਇ ਭਾਜਪਾ ਨੇ ਉਸ ਨੂੰ ਦੇਸ਼ ਵਿਰੋਧੀ ਵਜੋਂ ਘੇਰਿਆ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਰਾਹੁਲ ਗਾਂਧੀ 'ਤੇ ਧਿਆਨ ਕੇਂਦਰਿਤ ਕਰਨਾ ਅਗਲੇ ਸਾਲ ਹੋਣ ਵਾਲੀਆਂ ਸੰਸਦੀ ਚੋਣਾਂ ਲਈ ਭਾਜਪਾ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ ਤੇ ਇਸ ਜ਼ਰੀਏ ਭਾਜਪਾ ਨਰਿੰਦਰ ਮੋਦੀ ਬਨਾਮ ਰਾਹੁਲ ਗਾਂਧੀ ਦੀ ਚਰਚਾ ਛੇੜ ਕੇ ਇਹ ਬਿਰਤਾਂਤ ਸਿਰਜ ਰਹੀ ਹੈ ਕਿ ਨਰਿੰਦਰ ਮੋਦੀ ਦੇ ਮੁਕਾਬਲੇ ਦਾ ਕੋਈ ਦੇਸ਼ ਭਗਤ ਆਗੂ ਭਾਰਤ ਵਿਚ ਹੈ ਹੀ ਨਹੀਂ।

ਭਾਜਪਾ ਦੇ ਬਹੁਤ ਸਾਰੇ ਲੀਡਰ ਧਾਰਮਿਕ ਘੱਟਗਿਣਤੀਆਂ ਖਿਲਾਫ ਬੇਤੁਕੇ ਬਿਆਨ ਜਾਰੀ ਕਰਨ ਲਈ ਜਾਣੇ ਜਾਂਦੇ ਹਨ ਪਰ ਉਹਨਾਂ ਖਿਲਾਫ ਕਦੇ ਮਾਣਹਾਨੀ ਦਾ ਮਾਮਲਾ ਦਾਇਰ ਨਹੀਂ ਕੀਤਾ ਗਿਆ। ਬਾਲੀਵੁੱਡ ਦੀਆਂ ਅਨੇਕਾਂ ਫਿਲਮਾਂ ਵਿਚ ਸਿੱਖਾਂ ਨੂੰ ਚੁਟਕਲੇਬਾਜ਼ ਜਾਂ ਮਜ਼ਾਕੀਆ ਪਾਤਰ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਕੋਈ ਕੇਸ ਦਾਇਰ ਨਹੀਂ ਕੀਤਾ ਗਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਲਲਿਤ ਮੋਦੀ ਅਤੇ ਨੀਰਵ ਮੋਦੀ ਭਗੌੜੇ ਕਾਰੋਬਾਰੀ ਹਨ ਤੇ ਜੇਕਰ ਰਾਹੁਲ ਗਾਂਧੀ ਨੇ ਕਥਿਤ ਸ਼ਬਦਾਵਲੀ ਵਰਤ ਵੀ ਲਈ ਤਾਂ ਸਾਰੇ ਭਾਈਚਾਰੇ ਲਈ ਕਿਵੇਂ ਹੋ ਗਿਆ। ਮੰਨ ਲਓ, ਕੋਈ ਕਹਿੰਦਾ ਹੈ ਕਿ ਵਿਦਿਆਰਥੀ ਪੇਪਰਾਂ ਦੌਰਾਨ ਨਕਲ ਮਾਰਦੇ ਹਨ ਤਾਂ ਇਹ ਵਿਦਿਆਰਥੀਆਂ ਦੀ ਮਾਣਹਾਨੀ ਦਾ ਮਾਮਲਾ ਨਹੀਂ ਹੈ ਪਰ ਜੇਕਰ ਕੋਈ ਕਹਿੰਦਾ ਹੈ ਕਿ ਫਲਾਨੇ ਸਕੂਲ ਦੇ ਫਲਾਨੀ ਜਮਾਤ ਦੇ ਵਿਦਿਆਰਥੀ ਨਕਲ ਮਾਰਦੇ ਹਨ ਤਾਂ ਇਹ ਵਿਸ਼ੇਸ਼ ਤੌਰ 'ਤੇ ਕੇਂਦਰਿਤ ਕੀਤਾ ਗਿਆ ਮਾਮਲਾ ਹੈ, ਜ਼ਰੂਰ ਬਣਦਾ ਹੈ। ਸੁਪਰੀਮ ਕੋਰਟ ਨੇ ਵੀ 2010 ਦੇ ਇੱਕ ਮਾਮਲੇ ਵਿਚ ਕਿਹਾ ਸੀ ਕਿ ਜੇਕਰ ਕੋਈ ਭਾਈਚਾਰਾ ਮੰਨਦਾ ਹੈ ਕਿ ਉਸ ਦੀ ਬਦਨਾਮੀ ਹੋਈ ਹੈ ਤਾਂ ਟਿੱਪਣੀਆਂ ਖਾਸ ਅਤੇ ਪਛਾਣਯੋਗ ਹੋਣੀਆਂ ਚਾਹੀਦੀਆਂ ਹਨ।

ਇੱਕ ਪਾਸੇ ਦੇਸ਼ ਦੀਆਂ ਕੇਂਦਰੀ ਏਜੰਸੀਆਂ ਨੂੰ ਵਿਰੋਧੀ ਧਿਰਾਂ ਤੇ ਵਿਰੋਧੀ ਵਿਚਾਰਾਂ ਨੂੰ ਦਰੜ ਦੇਣ ਲਈ ਵਰਤਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਅਡਾਨੀ ਵਰਗੇ ਕਾਰੋਬਾਰੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।

ਭਾਜਪਾ ਨੇ ਕੁਝ ਸਾਲ ਪਹਿਲਾਂ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੱਤਾ ਸੀ ਜਿਸ ਨੂੰ ਅੱਜ ਅਣ-ਐਲਾਨੀਆ ਤੌਰ 'ਤੇ 'ਵਿਰੋਧੀ ਧਿਰਾਂ ਮੁਕਤ' ਭਾਰਤ ਦੇ ਰੂਪ ਵਿਚ ਲਾਗੂ ਕੀਤਾ ਜਾ ਰਿਹਾ ਹੈ। ਇਸੇ ਤਹਿਤ ਹੀ ਦੇਸ਼ ਦੇ ਬੁੱਧੀਜੀਵੀ, ਪੱਤਰਕਾਰ, ਵਕੀਲ, ਲੇਖਕ, ਸਮਾਜਿਕ ਕਾਰਕੁਨ ਜੇਲ੍ਹਾਂ ਵਿਚ ਬੰਦ ਕੀਤੇ ਜਾ ਰਹੇ ਹਨ। ਸੋ, ਰਾਹੁਲ ਗਾਂਧੀ ਖਿਲਾਫ ਕਾਰਵਾਈ ਮਹਿਜ਼ ਕਾਂਗਰਸ ਲੀਡਰ ਖਿਲਾਫ ਕਾਰਵਾਈ ਨਹੀਂ ਬਲਕਿ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਹੈ।

# ਅਮਰੀਕਾ ਵਿਚ ਜਾਤੀਵਾਦੀਆਂ ਦੀ ਹਾਰ

***ਭਾਰਤੀ ਸਮਾਜ ਅੰਦਰ ਜਾਤੀਵਾਦ ਦੀ ਮਾਰ ਬਹੁਤ ਗਹਿਰੀ ਹੈ। ਇਸ ਕਹਿਰ ਦਾ ਅਹਿਸਾਸ ਜਾਤੀ ਵਿਤਕਰਾ ਝੱਲਣ ਵਾਲੀ ਧਿਰ ਨੂੰ ਹੀ ਹੁੰਦਾ ਹੈ। ਡਾ. ਭੀਮ ਰਾਓ ਅੰਬੇਡਕਰ ਕਹਿੰਦੇ ਹੁੰਦੇ ਸਨ ਕਿ ਭਾਰਤ ਦੇ ਲੋਕ ਜਿੱਥੇ ਵੀ ਜਾਣਗੇ, ਜਾਤ ਆਪਣੇ ਨਾਲ ਲੈ ਕੇ ਜਾਣਗੇ। ਹਾਲ ਹੀ ਵਿਚ ਅਮਰੀਕਾ ਦੇ ਸ਼ਹਿਰ ਸਿਆਟਲ ਦੀ ਸਿਟੀ ਕੌਂਸਲ ਨੇ ਜਾਤੀ ਭੇਦਭਾਵ ਉਤੇ ਪਾਬੰਦੀ ਲਗਾ ਦਿੱਤੀ ਹੈ। ਹੁਣ ਉੱਥੇ ਇਸ ਨੂੰ ਵੀ ਰੰਗਭੇਦ, ਨਸਲੀ ਵਿਤਕਰਾ, ਲਿੰਗ ਭੇਦ ਵਰਗਾ ਗੰਭੀਰ ਜੁਰਮ ਮੰਨਿਆ ਜਾਵੇਗਾ। ਉਘੇ ਵਿਦਵਾਨ ਵਿਦਿਆ ਭੂਸ਼ਣ ਰਾਵਤ ਨੇ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਲੇਖ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***



**ਵਿਦਿਆ ਭੂਸ਼ਣ ਰਾਵਤ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜਾਤੀ ਅਤੇ ਵਰਣ ਨੂੰ ਵਿਸ਼ਵ ਪੱਧਰ 'ਤੇ ਭਾਰਤ, ਖ਼ਾਸ ਕਰ ਕੇ ਹਿੰਦੂਆਂ ਦਾ ਅੰਦਰੂਨੀ ਮਾਮਲਾ ਮੰਨਿਆ ਜਾਂਦਾ ਰਿਹਾ ਹੈ; ਹਾਲਾਂਕਿ ਕਿਸੇ ਵੀ ਸ਼ਖਸ ਦਾ ਸ਼ੋਸ਼ਣ ਕਰਨ ਜਾਂ ਉਸ ਨੂੰ ਗ਼ੁਲਾਮ ਬਣਾਉਣ ਨੂੰ ਕਿਸੇ ਮੁਲਕ, ਸਮਾਜ, ਧਰਮ ਜਾਂ ਜਾਤ ਦਾ ਅੰਦਰੂਨੀ ਮਾਮਲਾ ਨਹੀਂ ਕਿਹਾ ਜਾ ਸਕਦਾ। ਜਦੋਂ ਵੀ ਵਿਦੇਸਾਂ ਵਿਚ, ਖ਼ਾਸ ਕਰਕੇ ਯੂਰਪ ਅਤੇ ਅਮਰੀਕਾ ਵਿਚ, ਭਾਰਤੀ ਜਾਤ ਪ੍ਰਣਾਲੀ ਬਾਰੇ ਬਹਿਸ ਹੋਈ ਹੈ ਤਾਂ ਅਕਸਰ ਇਸ ਨੂੰ ਉਸ ਨਜ਼ਰੀਏ ਤੋਂ ਨਹੀਂ ਦੇਖਿਆ ਜਾਂਦਾ ਜੋ ਨਸਲਵਾਦ ਜਾਂ ਯਹੂਦੀ ਸਵਾਲ ਉਤੇ ਉਨ੍ਹਾਂ ਦੀਆਂ ਸਰਕਾਰਾਂ ਦੇ ਸਖ਼ਤ ਰਵੱਈਏ ਵਿਚ ਦਿਸਦਾ ਹੈ।

ਬਹੁਤੇ ਮੁਲਕਾਂ ਵਿਚ ਰੰਗ ਅਤੇ ਨਸਲ ਦੇ ਸਵਾਲ 'ਤੇ ਕਾਨੂੰਨ ਬਣੇ ਹਨ ਪਰ ਜਾਤ ਦਾ ਮਸਲਾ ਭਾਰਤ ਦੇ ਵਿਸ਼ੇਸ਼ ਧਰਮ ਅਤੇ ਵਿਸ਼ੇਸ਼ ਜਾਤੀ ਨੂੰ ਛੱਡ ਕੇ ਹੋਰ ਕਿਤੇ ਨਾ ਹੋਣ ਕਾਰਨ ਇਸ ਉੱਪਰ ਚਰਚਾ ਵੀ ਨਹੀਂ ਹੁੰਦੀ।

ਪਹਿਲਾਂ ਤਾਂ ਇਹ ਝੂਠ ਹੈ ਕਿ ਛੂਤ-ਛਾਤ ਦਾ ਸਵਾਲ ਸਿਰਫ਼ ਧਰਮ ਅਤੇ ਮੁਲਕ ਕੇਂਦਰਿਤ ਹੈ। ਇਹ ਤੱਥ ਹੁਣ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ ਕਿ ਭਾਰਤ ਦੇ ਧਰਮ ਨੂੰ ਮੰਨਣ ਵਾਲੇ ਜ਼ਿਆਦਾਤਰ ਲੋਕਾਂ ਵਿਚ ਜਾਤ ਮੌਜੂਦ ਹੈ; ਉਹ ਭਾਵੇਂ ਹਿੰਦੂ ਹਨ, ਮੁਸਲਮਾਨ ਜਾਂ ਇਸਾਈ ਹਨ। ਦੱਖਣੀ ਏਸ਼ੀਆ ਵਿਚ ਜਾਤ-ਪਾਤ ਵੱਡਾ ਸਵਾਲ ਹੈ ਅਤੇ ਭਾਰਤ ਨੂੰ ਛੱਡ ਕੇ ਹੋਰ ਮੁਲਕਾਂ ਵਿਚ ਕੋਈ ਵੀ ਇਸ ਉੱਪਰ ਚਰਚਾ ਨਹੀਂ ਕਰਨਾ ਚਾਹੁੰਦਾ। ਨੇਪਾਲ ਨੇ ਇਸ ਸਬੰਧੀ ਹੁਣ ਹਾਂਦਰੂ ਕਦਮ ਚੁੱਕੇ ਹਨ ਅਤੇ ਉੱਥੇ ਰਾਸ਼ਟਰੀ ਦਲਿਤ ਕਮਿਸ਼ਨ ਤੇ ਛੂਤ-ਛਾਤ ਵਿਰੁੱਧ ਕਾਨੂੰਨ ਵੀ ਬਣੇ ਹਨ। ਪਾਕਿਸਤਾਨ ਵਿਚ ਰਹਿਣ ਵਾਲੇ ਸਾਰੇ ਇਸਾਈ ਦਰਅਸਲ 'ਚੂੜ੍ਹਾ' ਭਾਈਚਾਰੇ ਤੋਂ ਆਉਂਦੇ ਹਨ ਅਤੇ ਗੰਭੀਰ ਛੂਆ-ਛਾਤ ਤੇ ਜਾਤੀ ਵਿਤਕਰੇ ਦਾ ਸ਼ਿਕਾਰ ਹਨ ਪਰ ਉੱਥੋਂ ਦੀ ਸਰਕਾਰ ਅਤੇ ਮੀਡੀਆ ਦਲਿਤ ਸਵਾਲਾਂ ਨੂੰ ਸਿਰਫ਼ ਭਾਰਤ ਅਤੇ ਹਿੰਦੂਆਂ ਦਾ ਮਸਲਾ ਦੱਸ ਕੇ ਉਸ ਨੂੰ ਸਿਰਫ਼ ਭਾਰਤ ਵਿਰੋਧੀ ਪ੍ਰਚਾਰ ਵਜੋਂ ਵਰਤਦੀ ਹੈ। ਬੰਗਲਾਦੇਸ ਵਿਚ ਵੀ ਆਮ ਕਰ ਕੇ ਇਹੀ ਹਾਲਤ ਹੈ ਅਤੇ ਦਲਿਤਾਂ ਲਈ ਕੋਈ ਵਿਸ਼ੇਸ਼ ਕਾਨੂੰਨ ਨਹੀਂ ਹੈ; ਇਸੇ ਕਾਰਨ ਲੋਕ ਲਗਾਤਾਰ ਧਾਰਮਿਕ ਸਮੂਹਾਂ ਦੀ ਗਿਣੀ-ਮਿੱਥੀ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ।

ਡਾ. ਭੀਮ ਰਾਓ ਅੰਬੇਡਕਰ ਹਮੇਸ਼ਾ ਕਹਿੰਦੇ ਸਨ ਕਿ ਭਾਰਤ ਦੇ ਲੋਕ ਜਿੱਥੇ ਵੀ ਜਾਣਗੇ, ਜਾਤ ਆਪਣੇ ਨਾਲ ਲੈ ਕੇ ਜਾਣਗੇ। ਜਿਵੇਂ-ਜਿਵੇਂ ਯੂਰਪ, ਅਮਰੀਕਾ ਅਤੇ ਬਰਤਾਨੀਆ ਵਿਚ ਭਾਰਤੀ ਤੇ ਦੱਖਣੀ ਏਸ਼ੀਆਈ ਲੋਕਾਂ ਦਾ ਫੈਲਾਅ ਵਧ ਰਿਹਾ ਹੈ, ਉੱਥੇ ਜਾਤੀ ਵਿਤਕਰੇ ਦੇ ਸਵਾਲ ਵੀ ਵਧ ਰਹੇ ਹਨ। ਯੂ.ਕੇ. ਵਿਚ 2013 ਵਿਚ ਸੰਸਦ ਵਿਚ ਜਾਤੀਵਾਦ ਵਿਰੋਧੀ ਕਾਨੂੰਨ ਪਾਸ ਕੀਤਾ ਗਿਆ ਸੀ ਪਰ ਭਾਰਤ ਵਿਚ ਸਰਕਾਰ ਬਦਲਣ ਤੋਂ ਬਾਅਦ ਹਿੰਦੂਤਵੀ ਲਾਬੀ ਇੰਨੀ ਮਜ਼ਬੂਤ ਹੋ ਗਈ ਕਿ ਉਨ੍ਹਾਂ ਨੇ ਇਹ ਕਾਨੂੰਨ ਲਾਗੂ ਹੋਣ ਤੋਂ ਹੀ ਰੋਕ ਦਿੱਤਾ ਅਤੇ ਕੰਜਰਵੇਟਿਵ ਸਰਕਾਰ ਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਉਹ ਭਾਰਤ ਸਰਕਾਰ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਸੀ।

ਜਾਤੀ ਵਿਤਕਰੇ ਦੇ ਸਵਾਲ 'ਤੇ ਬਰਤਾਨੀਆ ਵਿਚ ਅੰਬੇਡਕਰਵਾਦੀ ਸਮੂਹਾਂ ਦਾ ਯੋਗਦਾਨ ਜੱਗ-ਜ਼ਾਹਿਰ ਹੈ। ਉਨ੍ਹਾਂ ਦੇ ਯਤਨਾਂ ਸਦਕਾ ਇੱਥੇ ਡਾ. ਅੰਬੇਡਕਰ ਯਾਦਗਾਰ ਬਣੀ ਹੈ। ਬਰਤਾਨੀਆ ਤੋਂ ਇਲਾਵਾ ਕੈਨੇਡਾ ਅਤੇ ਅਮਰੀਕਾ ਮੁੱਖ ਮੁਲਕ ਹਨ ਜਿੱਥੇ ਅੰਬੇਡਕਰਵਾਦੀ ਸਰਗਰਮ ਹਨ। ਇਨ੍ਹਾਂ ਦੋਵਾਂ ਮੁਲਕਾਂ 'ਚ ਵੱਡੀ ਗਿਣਤੀ 'ਚ ਏਸ਼ਿਆਈ ਅਤੇ ਭਾਰਤੀ ਮੂਲ ਦੇ ਲੋਕ ਹਨ ਜੋ ਅਜੇ ਵੀ ਆਪਣੀਆਂ ਪਰੰਪਰਾਵਾਂ ਅਤੇ ਆਪੋ-ਆਪਣੇ ਭਾਈਚਾਰਕ ਸੰਗਠਨਾਂ ਨਾਲ ਡੂੰਘੇ ਜੁੜੇ ਹੋਏ ਹਨ। ਸਿੱਖਾਂ ਦੇ ਗੁਰਦੁਆਰੇ ਵੱਖ-ਵੱਖ ਜਾਤਾਂ ਦੀ ਵੰਡ ਅਨੁਸਾਰ ਬਣੇ ਹੋਏ ਹਨ। ਇਸੇ ਤਰ੍ਹਾਂ ਗੁਜਰਾਤੀਆਂ 'ਚ ਸਵਾਮੀ ਨਰਾਇਣ ਸੰਪਰਦਾਇ ਬਹੁਤ ਹਰਮਨਪਿਆਰੀ ਹੈ। ਇਸਕੌਨ ਵੀ ਉੱਚ ਜਾਤੀ ਦੇ ਵੱਡੀ ਗਿਣਤੀ ਭਾਰਤੀਆਂ ਨੂੰ ਖਿੱਚ ਰਿਹਾ ਹੈ।



*ਸਿਆਟਲ ਸਿਟੀ ਕੌਂਸਲ ਦੀ ਮੈਂਬਰ ਕਸ਼ਮਾ ਸਾਵੰਤ ਜੋ ਜਾਤ-ਪਾਤ ਖਿਲਾਫ ਲਗਾਤਾਰ ਲਾਮਬੰਦੀ ਕਰ ਰਹੀ ਹੈ।*

ਪਿਛਲੇ ਇਕ ਦਹਾਕੇ ਤੋਂ ਇਹੀ 'ਦੇਸ਼ ਭਗਤ' ਭਾਰਤੀ ਸੋਸ਼ਲ ਮੀਡੀਆ ਉੱਪਰ ਹਿੰਦੂਤਵ ਦੀ ਵੱਡੀ ਟ੍ਰੋਲ ਫ਼ੌਜ ਨੂੰ ਖਾਦ-ਪਾਣੀ ਦੇ ਰਹੇ ਹਨ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਅਤੇ ਦੁਨੀਆ ਦੀ ਸਭ ਤੋਂ ਵੱਡੀ 'ਤਾਕਤ' ਵਜੋਂ 'ਦੇਖਣ' ਲਈ ਉਤਾਵਲੇ ਹਨ ਪਰ ਉਹ ਡਾਲਰ, ਯੂਰੋ ਅਤੇ ਪੌਂਡ ਦਾ ਮੋਹ ਨਹੀਂ ਤਿਆਗ ਰਹੇ।

ਉਦਾਰਵਾਦੀ ਲੋਕਤੰਤਰਾਂ ਵਿਚ ਇਹ ਲੋਕ ਘੱਟਗਿਣਤੀਆਂ ਅਤੇ ਪਰਵਾਸੀਆਂ ਦੇ ਹੱਕਾਂ ਦੀ ਵਕਾਲਤ ਕਰਦੇ ਹਨ ਪਰ ਭਾਰਤ ਵਿਚ ਕਿਸੇ ਵੀ ਘੱਟਗਿਣਤੀ ਜਾਂ ਹਾਸ਼ੀਏ 'ਤੇ ਧੱਕੇ ਭਾਈਚਾਰੇ ਨੂੰ ਕੋਈ ਹੱਕ ਨਹੀਂ ਦੇਣਾ ਚਾਹੁੰਦੇ। ਇਨ੍ਹਾਂ ਦੇ ਵਿਆਹਾਂ ਦੇ ਤੌਰ-ਤਰੀਕੇ ਅੱਜ ਵੀ ਪੁਰਾਣੇ ਜਾਤ-ਪਾਤੀ ਸਾਂਚਿਆਂ ਵਿਚ ਹੀ ਢਲੇ ਹੋਏ ਹਨ। ਜਾਤਾਂ ਤੋਂ ਬਾਹਰ ਵਿਆਹ ਅਜੇ ਵੀ ਨਹੀਂ ਦਿਸਦੇ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਉਨ੍ਹਾਂ ਦਾ ਹਿੰਸਕ ਵਿਰੋਧ ਕੀਤਾ ਜਾਂਦਾ ਹੈ।

ਫਿਰ ਵੀ ਧਰਮ ਨਿਰਪੱਖ, ਅਗਾਂਹਵਧੂ ਅਤੇ ਅੰਬੇਡਕਰਵਾਦੀ ਸੰਗਠਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਉਹ ਜਾਤੀ ਵਿਤਕਰੇ ਦੇ ਮੁੱਦੇ 'ਤੇ ਖੁੱਲ੍ਹ ਕੇ ਬੋਲ ਰਹੇ ਹਨ।

ਜਾਤੀ ਵਿਤਕਰੇ ਦਾ ਸਵਾਲ ਹੁਣ ਕੌਮਾਂਤਰੀ ਮੰਚਾਂ 'ਤੇ ਮਜ਼ਬੂਤੀ ਨਾਲ ਸਾਹਮਣੇ ਆ ਚੁੱਕਾ ਹੈ। ਹਿੰਦੂਤਵੀ ਜਥੇਬੰਦੀਆਂ ਇਸ ਨੂੰ ਭਾਰਤ ਵਿਰੋਧੀ ਦੱਸ ਰਹੀਆਂ ਹਨ ਪਰ ਦੁਨੀਆ ਦੇ ਲੋਕ ਸਮਝ ਚੁੱਕੇ ਹਨ ਕਿ ਜਾਤੀਵਾਦ ਖਿਲਾਫ਼ ਮਜ਼ਬੂਤ ਆਵਾਜ਼ ਉਠਾਉਣੀ ਜ਼ਰੂਰੀ ਹੈ। ਇਸੇ ਕਾਰਨ ਡਾ. ਅੰਬੇਡਕਰ ਦਾ ਸਾਹਿਤ ਅਤੇ ਲਿਖਤਾਂ ਹੁਣ ਕੁਲ ਦੁਨੀਆ ਵਿਚ ਮਕਬੂਲ ਹੋ ਰਹੀਆਂ ਹਨ।

ਇਸ ਪ੍ਰਸੰਗ 'ਚ ਅਮਰੀਕਾ ਤੋਂ ਵੱਡੀ ਖ਼ਬਰ ਆਈ ਹੈ ਕਿ ਸਿਆਟਲ ਨਾਮ ਦੇ ਸ਼ਹਿਰ ਨੇ ਉੱਥੇ ਜਾਤੀ ਭੇਦਭਾਵ 'ਤੇ ਅਧਿਕਾਰਕ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਉੱਥੇ ਇਸ ਨੂੰ ਵੀ ਰੰਗਭੇਦ, ਨਸਲੀ ਵਿਤਕਰਾ, ਲਿੰਗ ਭੇਦ ਵਰਗਾ ਗੰਭੀਰ ਜੁਰਮ ਮੰਨਿਆ ਜਾਵੇਗਾ। 21 ਫਰਵਰੀ, 2023 ਨੂੰ ਸਿਆਟਲ ਦੀ ਸਿਟੀ ਕੌਂਸਲ ਨੇ ਇਸ ਬਾਬਤ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਅਨੁਸਾਰ ਨੌਕਰੀ, ਕਾਰੋਬਾਰ, ਘਰ ਕਿਰਾਏ 'ਤੇ ਲੈਣ ਜਾਂ ਦੇਣ ਜਾਂ ਹੋਰ ਜਨਤਕ ਥਾਵਾਂ ਜਾਂ ਪ੍ਰੋਗਰਾਮਾਂ ਵਿਚ ਕਿਸੇ ਵੀ ਕਿਸਮ ਦਾ ਜਾਤਪਾਤੀ ਵਿਤਕਰਾ ਹੁਣ ਜੁਰਮ ਦੀ ਸ਼੍ਰੇਣੀ 'ਚ ਰੱਖਿਆ ਜਾਵੇਗਾ। ਇਸ ਵਿਰੁੱਧ ਢੁਕਵੀਆਂ ਥਾਵਾਂ 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕੇਗੀ।

ਇਹ ਦੂਰਗਾਮੀ ਨਤੀਜਿਆਂ ਵਾਲਾ ਮਹੱਤਵਪੂਰਨ ਵਰਤਾਰਾ ਹੈ ਕਿਉਂਕਿ ਅਮਰੀਕਾ ਵਿਸ਼ਾਲ ਮੁਲਕ ਹੈ ਜਿੱਥੇ ਹਰ ਰਾਜ ਅੰਦਰ ਸ਼ਹਿਰਾਂ ਦੇ ਆਪਣੇ ਕਾਨੂੰਨ ਹਨ। ਇਸ ਲਈ ਸਿਆਟਲ ਸਿਟੀ ਕੌਂਸਲ ਦੇ ਇਸ ਫ਼ੈਸਲੇ ਤੋਂ ਬਾਅਦ ਜਾਤੀ ਭੇਦਭਾਵ ਦਾ ਸਵਾਲ ਹੋਰ ਸ਼ਹਿਰਾਂ ਅਤੇ ਰਾਜਾਂ ਵਿਚ ਵੀ ਜਾਵੇਗਾ ਜਿੱਥੇ ਵੱਡੀ ਗਿਣਤੀ 'ਚ ਭਾਰਤੀ ਅਤੇ ਏਸ਼ਿਆਈ ਮੂਲ ਦੇ ਲੋਕ ਰਹਿੰਦੇ ਹਨ। ਸਿਆਟਲ ਵਿਚ ਇਸ ਸਬੰਧੀ ਲਾਬਿੰਗ ਕਰ ਰਹੀ ਭਾਰਤੀ ਮੂਲ ਦੀ ਕਾਰਪੋਰੇਟਰ ਕਸ਼ਮਾ ਸਾਵੰਤ ਦਾ ਕਹਿਣਾ ਹੈ ਕਿ ਉਹ ਪੂਰੇ ਅਮਰੀਕਾ ਵਿਚ ਇਸ ਸਬੰਧੀ ਕਾਨੂੰਨਾਂ 'ਚ ਤਬਦੀਲੀ ਲਈ ਲੜੇਗੀ।

ਯਾਦ ਰਹੇ ਕਿ ਸਿਆਟਲ ਸ਼ਹਿਰ ਆਈ.ਟੀ. ਸੰਸਥਾਵਾਂ ਲਈ ਮਸ਼ਹੂਰ ਹੈ। ਇੱਥੇ ਦੱਖਣੀ ਏਸ਼ੀਆ ਅਤੇ ਭਾਰਤ ਤੋਂ ਆਏ ਵੱਡੀ ਗਿਣਤੀ ਪਰਵਾਸੀ ਰਹਿੰਦੇ ਹਨ। ਜ਼ਾਹਿਰ ਹੈ ਕਿ ਜਾਤੀ ਵਿਤਕਰੇ ਦੇ ਸਵਾਲ ਦੱਬੇ ਰਹਿੰਦੇ ਹਨ; ਇਸ ਲਈ ਇਹ ਸਵਾਲ ਹੁਣ ਮਹੱਤਵਪੂਰਨ ਹੋ ਗਏ ਕਿ ਜਾਤੀ ਵਿਤਕਰੇ ਅਤੇ ਛੂਆ-ਛਾਤ ਦਾ ਸਵਾਲ ਹਰ ਸਰਕਾਰੀ ਤੇ ਪ੍ਰਾਈਵੇਟ ਕੰਪਨੀ ਦੇ ਏਜੰਡੇ 'ਤੇ ਹੋਵੇ।

***ਜਾਤ-ਪਾਤ ਦਾ ਸਵਾਲ ਕੌਮਾਂਤਰੀ ਪੱਧਰ 'ਤੇ ਉਠਦਾ ਦੇਖ ਕੇ ਹਿੰਦੂਤਵੀ ਲਾਬੀ ਵੀ ਚੌਕਸ ਹੋ ਗਈ ਹੈ। ਪਹਿਲਾਂ ਉਹ ਕਹਿੰਦੇ ਸਨ ਕਿ ਵਰਣ ਵਿਵਸਥਾ 'ਕਰਮ' 'ਤੇ ਆਧਾਰਿਤ ਹੈ, ਇਹ ਜਨਮ ਆਧਾਰਿਤ ਨਹੀਂ ਹੈ ਪਰ ਕਿਉਂਕਿ ਕਰਮ ਦੀ ਇਸ ਖੇਡ ਵਿਚ ਭਗਵਦ ਗੀਤਾ ਦਾ ਵੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ, ਇਸ ਲਈ ਹੁਣ ਨਵਾਂ ਸਿਧਾਂਤ ਲਿਆਂਦਾ ਜਾ ਰਿਹਾ ਹੈ ਕਿ ਜਾਤ-ਪਾਤ ਅੰਗਰੇਜ਼ਾਂ ਦੀ ਦੇਣ ਹੈ।***

ਅਸੀਂ ਸਾਰੇ ਜਾਣਦੇ ਹਾਂ ਕਿ ਅਮਰੀਕਾ ਵਿਚ ਨਸਲਵਾਦ ਅਤੇ ਨਸਲਵਾਦ ਦੀ ਸਮੱਸਿਆ ਅਜੇ ਵੀ ਗੁੰਝਲਦਾਰ ਹੈ ਤੇ ਕੁਲ ਦੁਨੀਆ ਦੇ ਮੀਡੀਆ ਦਾ ਧਿਆਨ ਸਿਰਫ਼ ਇਸ ਨਾਲ ਜੁੜੇ ਸਵਾਲਾਂ 'ਤੇ ਹੀ ਫੋਕਸ ਰਹਿੰਦਾ ਹੈ, ਇਸ ਕਾਰਨ ਜਾਤੀ ਵਿਤਕਰੇ ਦੇ ਮਸਲੇ ਨੂੰ ਜ਼ਿਆਦਾਤਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਕਿਉਂਕਿ ਇਸ ਵਿਸ਼ੇ ਬਾਰੇ ਸਮਝ ਦੀ ਘਾਟ ਹੈ। ਇਸ ਤੋਂ ਇਲਾਵਾ, ਇਹ ਭਾਰਤ ਦੇ 'ਉਦਾਰਵਾਦੀ' ਦਿੱਖ ਵਾਲੇ ਸਵਰਨ ਬੁੱਧੀਜੀਵੀਆਂ ਦੀ ਵੀ ਸਮੱਸਿਆ ਹੈ ਜੋ ਭਾਰਤੀ ਸੰਸਕ੍ਰਿਤੀ ਦੀ ਉਦਾਰਤਾ ਦੇ ਝੰਡਾ ਗੱਡਦੇ ਰਹਿੰਦੇ ਹਨ ਅਤੇ ਭਾਰਤ ਜਾਂ ਸਮੁੱਚੇ ਭਾਰਤੀ ਉਪ ਮਹਾਂਦੀਪ ਦਾ ਮੁਲਾਂਕਣ ਆਰ.ਐੱਸ.ਐੱਸ. ਜਾਂ ਸੰਘ ਪਰਿਵਾਰ ਜਾਂ ਹਿੰਦੂ ਐਨਕਾਂ ਰਾਹੀਂ ਹੀ ਕਰਦੇ ਹਨ ਜਦਕਿ ਸਮੁੱਚੇ ਦੱਖਣੀ ਏਸ਼ੀਆ ਦੀ ਮੁੱਖ ਸਮੱਸਿਆ ਜਾਤ-ਪਾਤ ਹੈ ਅਤੇ ਹਿੰਦੂ ਸਮਾਜ ਵਿਚ ਜਾਤੀਵਾਦ ਸਭ ਤੋਂ ਵੱਧ ਮੌਜੂਦ ਹੈ। ਇਸ ਲਈ ਇਹ ਕਹਿਣਾ ਬੇਮਾਇਨਾ ਹੈ ਕਿ ਹੁਣ ਇਹ ਸ਼ਹਿਰਾਂ 'ਚ ਖ਼ਤਮ ਹੋ ਗਈ ਹੈ।

ਦਿੱਲੀ ਵਿਚ ਹੁਣੇ ਜਿਹੇ 'ਕੁਲੀਨ' ਸਮਝੀ ਜਾਂਦੀ ਹਾਊਸਿੰਗ ਸੁਸਾਇਟੀ ਦੇ ਬਾਹਰ ਮੋਚੀ (ਬੂਟ ਪਾਲਿਸ਼ ਕਰਨ ਵਾਲੇ) ਰਾਮ ਅਵਤਾਰ ਵਰਮਾ ਨੂੰ ਇਸ ਲਈ ਧਮਕਾਇਆ ਗਿਆ ਕਿਉਂਕਿ ਉਸ ਦਾ ਉਪਨਾਮ ਵਰਮਾ ਸੀ। ਕਿਸੇ ਵੀ ਸਾਹਿਬ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਵਰਮਾ ਜਾਤੀ ਦਾ ਕੋਈ ਬੰਦਾ ਚਮੜੇ/ਜੁੱਤੀਆਂ ਪਾਲਿਸ਼ ਕਰਨ ਦਾ ਕੰਮ ਵੀ ਕਰ ਸਕਦਾ ਹੈ। ਭਾਰਤੀ ਲੋਕ ਵਿਦੇਸ਼ਾਂ 'ਚ ਜਾ ਕੇ ਉਪਨਾਮ ਜਾਂ ਪਿੰਡ ਜਾਂ ਦਾਦਾ ਆਦਿ ਦੀ ਪੜਤਾਲ ਕਰਦੇ ਹਨ ਤਾਂ ਜੋ ਜਾਤ ਦਾ ਪਤਾ ਲਗਾਇਆ ਜਾ ਸਕੇ।

ਯਾਦ ਰਹੇ ਕਿ 2016-17 ਵਿਚ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸਿੱਖਿਆ ਵਿਭਾਗ ਨੇ ਮਿਡਲ ਸਕੂਲਾਂ ਦੇ ਪਾਠਕ੍ਰਮ ਵਿਚ ਦੱਖਣੀ ਏਸ਼ੀਆ ਦੀ ਸੰਸਕ੍ਰਿਤੀ ਅਤੇ ਇਤਿਹਾਸ ਦੇ ਸਵਾਲਾਂ ਨੂੰ ਸ਼ਾਮਲ ਕਰਨ ਸਬੰਧੀ ਚਰਚਾ ਸ਼ੁਰੂ ਕੀਤੀ ਸੀ ਤਾਂ ਜੋ ਇਸ ਸਬੰਧੀ ਉਨ੍ਹਾਂ ਦਾ ਨਜ਼ਰੀਆ ਵੀ ਜਾਣਿਆ ਜਾ ਸਕੇ। ਫਿਰ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਰਵਿਦਾਸੀਆਂ, ਦਲਿਤਾਂ, ਦੱਖਣੀ ਏਸ਼ੀਆ, ਭਾਰਤ, ਔਰਤਾਂ ਦੇ ਸਵਾਲ, ਸਿੰਧੂ ਘਾਟੀ ਦੀ ਸਭਿਅਤਾ ਆਦਿ ਦੇ ਸਵਾਲਾਂ 'ਤੇ ਵੱਖ-ਵੱਖ ਭਾਈਚਾਰਿਆਂ ਅਤੇ ਜਥੇਬੰਦੀਆਂ ਨੇ ਆਪਣੇ ਮੰਗ ਪੱਤਰ ਦਿੱਤੇ। ਅੰਤ ਵਿਚ ਪਾਠ ਪੁਸਤਕਾਂ ਵਿਚ ਜਾਤੀ ਵਿਤਕਰੇ ਅਤੇ ਜਾਤ-ਪਾਤ ਦੇ ਸਵਾਲਾਂ ਨੂੰ ਸ਼ਾਮਲ ਕਰਨ ਲਈ ਸਹਿਮਤੀ ਬਣੀ। ਉੱਥੇ 6ਵੀਂ ਅਤੇ 7ਵੀਂ ਜਮਾਤ ਦੇ ਵਿਦਿਆਰਥੀਆਂ ਲਈ ਬਣਾਏ ਜਾ ਰਹੇ ਇਨ੍ਹਾਂ ਪਾਠ-ਕ੍ਰਮਾਂ ਨੂੰ ਲੈ ਕੇ ਹਿੰਦੂਤਵ ਦੀਆਂ ਕਈ ਜਥੇਬੰਦੀਆਂ ਹਮਲਾਵਰ ਹੋ ਗਈਆਂ ਅਤੇ ਜਾਤ-ਪਾਤ ਅਤੇ ਜਾਤੀ ਭੇਦਭਾਵ ਦੇ ਸਵਾਲਾਂ ਨੂੰ ਝੂਠਾ ਅਤੇ ਹਿੰਦੂ-ਵਿਰੋਧੀ ਕਹਿਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਲੋਕ ਭਾਰਤ ਨੂੰ ਵੱਖਰਾ ਰੱਖਣਾ ਚਾਹੁੰਦੇ ਸਨ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਦੱਖਣੀ ਏਸ਼ੀਆ ਦੇ ਹੋਰ ਮੁਲਕਾਂ ਨਾਲ ਜੋੜ ਕੇ ਨਹੀਂ ਦੇਖਣਾ ਚਾਹੁੰਦੇ ਸਨ। ਅੰਤ ਵਿਚ ਜਾਤੀ ਪ੍ਰਣਾਲੀ ਅਤੇ ਜਾਤੀ ਵਿਤਕਰੇ ਦੇ ਸਵਾਲ ਸ਼ਾਮਲ ਤਾਂ ਕਰ ਲਏ ਅਤੇ ਭਾਰਤ ਨੂੰ ਵੱਖਰੇ ਤੌਰ 'ਤੇ ਦੇਖਣ ਉੱਪਰ ਵੀ ਸਹਿਮਤੀ ਹੋ ਗਈ।

ਜਾਤ-ਪਾਤ ਦਾ ਸਵਾਲ ਕੌਮਾਂਤਰੀ ਪੱਧਰ 'ਤੇ ਉੱਠਦਾ ਦੇਖ ਕੇ ਹਿੰਦੂਤਵੀ ਲਾਬੀ ਵੀ ਚੌਕਸ ਹੋ ਗਈ ਹੈ। ਪਹਿਲਾਂ ਉਹ ਕਹਿੰਦੇ ਸਨ ਕਿ ਵਰਣ ਵਿਵਸਥਾ 'ਕਰਮ' 'ਤੇ ਆਧਾਰਿਤ ਹੈ, ਇਹ ਜਨਮ ਆਧਾਰਿਤ ਨਹੀਂ ਹੈ ਪਰ ਕਿਉਂਕਿ ਕਰਮ ਦੀ ਇਸ ਖੇਡ ਵਿਚ ਭਗਵਦ ਗੀਤਾ ਦਾ ਵੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ, ਇਸ ਲਈ ਹੁਣ ਨਵਾਂ ਸਿਧਾਂਤ ਲਿਆਂਦਾ ਜਾ ਰਿਹਾ ਹੈ ਕਿ ਜਾਤ-ਪਾਤ ਅੰਗਰੇਜ਼ਾਂ ਦੀ ਦੇਣ ਹੈ। ਮਜ਼ੇ ਦੀ ਗੱਲ ਇਹ ਹੈ ਕਿ ਇੰਗਲੈਂਡ ਅਤੇ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਨੂੰ ਭਾਰਤ ਦੇ ਵੱਡੇ ਉਦਯੋਗਪਤੀਆਂ ਤੋਂ ਵੀ ਫੰਡ ਮਿਲ ਰਹੇ ਹਨ ਅਤੇ ਪਰਵਾਸੀ ਭਾਰਤੀ ਵੀ ਇਸ ਦਿਸ਼ਾ 'ਚ ਯਤਨਸ਼ੀਲ ਹਨ। ਇਨ੍ਹਾਂ ਯੂਨੀਵਰਸਿਟੀਆਂ ਦੇ ਮਾਹਿਰ ਹੁਣ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਭਾਰਤ ਵਿਚ ਜਾਤੀ ਵਿਵਸਥਾ ਅੰਗਰੇਜ਼ ਰਾਜ ਦੀ ਦੇਣ ਹੈ। ਵੈਸੇ ਤਾਂ ਬਿਰਤਾਂਤ ਸਿਰਜਣ ਵਿਚ ਬ੍ਰਾਹਮਣਵਾਦੀ ਤਾਕਤਾਂ ਤੋਂ ਵੱਡਾ ਕੋਈ ਨਹੀਂ ਹੈ। ਸੰਵਿਧਾਨ ਸਭਾ ਦੇ ਬਹੁਤ ਸਾਰੇ ਮੈਂਬਰਾਂ ਨੇ ਡਾ. ਅੰਬੇਡਕਰ ਨੂੰ ਉਨ੍ਹਾਂ ਦੇ ਮਹਾਨ ਕਾਰਜ ਲਈ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਆਧੁਨਿਕ ਮਨੂ ਵੀ ਕਿਹਾ। ਹੈਰਾਨੀ ਦੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਬਾਬਾ ਸਾਹਿਬ ਨੇ ਮਨੁਸਮ੍ਰਿਤੀ ਨੂੰ ਅਨਿਆਂ ਦਾ ਦਸਤਾਵੇਜ਼ ਕਿਹਾ ਸੀ ਅਤੇ 25 ਦਸੰਬਰ 1927 ਨੂੰ ਮਹਾੜ ਵਿਚ ਮਨੁਸਮ੍ਰਿਤੀ ਨੂੰ ਸਾੜਿਆ ਸੀ।

ਬ੍ਰਾਹਮਣਵਾਦੀਆਂ 'ਚ ਤੱਥਾਂ ਨੂੰ ਆਪਣੇ ਹਿਸਾਬ ਨਾਲ ਵਰਤਣ ਦਾ ਭਿਆਨਕ ਰੁਝਾਨ ਹੈ ਅਤੇ ਇਸ ਲਈ ਇਸ ਨੂੰ ਵਾਰ-ਵਾਰ ਫੜਿਆ ਜਾਣਾ ਚਾਹੀਦਾ ਹੈ। ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੇ ਵੀ.ਪੀ. ਸਿੰਘ ਸਰਕਾਰ ਦੇ ਫ਼ੈਸਲੇ ਤੋਂ ਬਾਅਦ ਇਨ੍ਹਾਂ ਉਦਾਰਵਾਦੀ ਅਤੇ ਕੱਟੜਪੰਥੀਆਂ ਨੇ ਵੀ.ਪੀ. ਸਿੰਘ ਨੂੰ ਜਾਤੀਵਾਦ ਦਾ ਜਨਮ ਦਾਤਾ ਤੱਕ ਕਹਿ ਦਿੱਤਾ ਸੀ। ਜਿਸ ਕਿਸੇ ਨੇ ਵੀ ਰਿਜ਼ਰਵੇਸ਼ਨ ਦੀ ਹਮਾਇਤ ਕੀਤੀ, ਭਾਰਤ ਦੇ 'ਬ੍ਰਾਹਮਣਵਾਦੀ' ਮਾਹਿਰਾਂ ਨੇ ਉਸੇ ਨੂੰ ਜਾਤੀਵਾਦੀ ਕਰਾਰ ਦਿੱਤਾ।

ਉਂਵ ਬਰਤਾਨੀਆ, ਅਮਰੀਕਾ ਅਤੇ ਕੈਨੇਡਾ ਦੀਆਂ ਸਥਾਨਕ ਸੰਸਥਾਵਾਂ ਹੁਣ ਜਿਸ ਤਰ੍ਹਾਂ ਜਾਤ-ਪਾਤ ਦੇ ਭੇਦਭਾਵ ਦੇ ਸਵਾਲ ਨੂੰ ਦੇਖ ਰਹੀਆਂ ਹਨ ਤਾਂ ਇਹ ਸੁਭਾਵਿਕ ਹੈ ਕਿ ਆਪਣੀ ਜਾਤ ਉੱਪਰ ਮਾਣ ਕਰਨ ਵਾਲੇ ਹਮੇਸ਼ਾ ਜਾਤ-ਪਾਤ ਅਤੇ ਛੂਤ-ਛਾਤ ਦੇ ਸਵਾਲਾਂ ਤੇ ਸੱਚਾਈ ਤੋਂ ਅਸਹਿਜ ਰਹਿਣਗੇ ਪਰ ਹੁਣ ਉਨ੍ਹਾਂ ਦੇ ਅਜਿਹਾ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਜਿਸ ਜਾਗਰੂਕ ਸਮਾਜ ਦੀ ਕਲਪਨਾ ਡਾ. ਅੰਬੇਡਕਰ ਕਰ ਰਹੇ ਸਨ, ਉਸ ਦਾ ਵੱਡਾ ਹਿੱਸਾ ਯਕੀਨਨ ਜਾਗਰੂਕ ਹੋ ਚੁੱਕਾ ਹੈ ਅਤੇ ਬੇਇਨਸਾਫ਼ੀ ਦਾ ਡਟ ਕੇ ਵਿਰੋਧ ਕਰ ਰਿਹਾ ਹੈ। ਭਾਰਤ ਦੇ ਹੁਕਮਰਾਨ ਜਾਂ ਅਖੌਤੀ ਉਦਾਰਵਾਦੀ ਇਸ ਨੂੰ ਭਾਵੇਂ ਜਿੰਨਾ ਮਰਜ਼ੀ ਲੁਕੋਣ, ਦੁਨੀਆ ਜਾਤੀਵਾਦ ਦੀਆਂ ਕਰੂਰ ਸਚਾਈਆਂ ਤੋਂ ਜਾਣੂ ਹੋ ਗਈ ਹੈ ਅਤੇ ਇਸ ਵਿਰੁੱਧ ਸੰਘਰਸ਼ ਵਿਚ ਡਾ. ਅੰਬੇਡਕਰ ਦੇ ਮਿਸ਼ਨ ਨਾਲ ਜੁੜੇ ਲੋਕਾਂ ਦਾ ਸਾਥ ਦੇਣ ਲਈ ਤਿਆਰ ਹੈ।

# ਮੇਰਾ ਸਰੀਰ

**ਸ਼ਬਦ ਜੋਤ**



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਸਰੀਰ ਦੀ ਗੱਲ ਕੀਤੀ ਹੈ , ਜੋ ਮਨੁੱਖ ਦਾ ਰੈਣ-ਬਸੇਰਾ ਹੈ, ਜਿਸ ਦੀ ਸਿਹਤਯਾਬੀ ਲਈ ਮਨੁੱਖ ਹਰ ਆਹਰ ਕਰਦਾ ਹੈ। ਜੇ ਮਨੁੱਖ ਆਪ ਹੀ ਆਪਣੇ ਸਰੀਰ ਦਾ ਹਾਲ-ਚਾਲ ਪੁੱਛਦਾ ਰਹੇਗਾ, ਇਸ ਦਾ ਖਿਆਲ ਰੱਖੇਗਾ ਤਾਂ ਇਹ ਕਦੇ ਵੀ ਮਨੁੱਖ ਦੀ ਅਮਾਨਤ ਵਿਚ ਖਿਆਨਤ ਨਹੀਂ ਕਰੇਗਾ।***

ਮੇਰਾ ਸਰੀਰ ਵੀ ਮੇਰਾ ਨਹੀਂ। ਇਹ ਤਾਂ ਮੇਰੇ ਮਾਪਿਆਂ ਦੀ ਵਰੋਸਾਈ ਦਾਤ ਅਤੇ ਹੁਣ ਮੈਂ ਇਸ ਵਿਚ ਵਾਸ ਕਰਦਾ ਹਾਂ। ਮੈਂ ਤਾਂ ਕੁਝ ਵੀ ਨਹੀਂ ਸਗੋਂ ਇਸ ਸਰੀਰ ਵਿਚੋਂ ਹੀ ਆਪਣਾ ਰੂਪ ਧਾਰਦਾ ਹਾਂ।

ਮੈਂ ਤੇ ਮੇਰਾ ਸਰੀਰ, ਜੀਵਨ-ਸਾਥੀ। ਇਕ ਦੂਜੇ ਦੇ ਪੂਰਕ। ਇਕ ਦੂਜੇ ਦੀ ਹੋਂਦ ਤੇ ਹਾਸਲ। ਇਕ ਦੂਜੇ ਦੇ ਸਾਹੀਂ ਜਿਉਂਦੇ। ਸਰੀਰਕ ਹਰਕਤ ਹੀ ਮੇਰੇ ਜਿਉਂਦੇ ਹੋਣ ਦੀ ਨਿਸ਼ਾਨੀ।

ਇਹ ਸਰੀਰ ਮੇਰਾ ਹੈ ਅਤੇ ਮੈਂ ਇਸਨੂੰ ਕਿਵੇਂ ਸਮਝਣਾ, ਸੰਵਾਰਨਾ, ਸੁੰਦਰਾਨਾ ਅਤੇ ਇਸਦੀ ਸਿਹਤਮੰਦੀ ਲਈ ਕੀ, ਕੁਝ ਤੇ ਕਿਵੇਂ ਕਰਨਾ, ਇਹ ਵੀ ਮੇਰੀ ਹੀ ਜ਼ਿੰਮੇਵਾਰੀ। ਸਰੀਰ ਤੰਦਰੁਸਤ ਹੋਵੇ ਤਾਂ ਮਨ ਸਿਹਤਮੰਦ। ਸ਼ੁਭ ਵਿਚਾਰਾਂ ਦੀ ਧਰਾਤਲ ਅਤੇ ਸ਼ੁਭ-ਕਰਮਨ ਦਾ ਪ੍ਰਵਾਹ ਚੱਲਦਾ। ਇਸ ਪ੍ਰਵਾਹ ਵਿਚ ਮੈਂ ਆਪਣੀ ਰੂਹ-ਰੇਜ਼ਤਾ ਨੂੰ ਬਾਖੂਬੀ ਮਾਣਦਾਂ।

ਸਰੀਰ ਹਰਕਤ ਵਿਚ ਹੋਵੇ ਤਾਂ ਮਨੁੱਖ, ਹਰਕਤਹੀਣ ਹੋਵੇ ਤਾਂ ਮਿੱਟੀ ਦੀ ਢੇਰੀ। ਮਿੱਟੀ ਦੀ ਢੇਰੀ ਨੂੰ ਘਰੋਂ ਬਾਹਰ ਕੱਢਣ ਅਤੇ ਇਸ ਦੀਆਂ ਆਖਰੀ ਰਸਮਾਂ ਕਰਨ ਲਈ ਹਰੇਕ ਕਾਹਲਾ ਭਾਵੇਂ ਉਹ ਤੁਹਾਡਾ ਪਤੀ/ਪਤਨੀ, ਭਰਾ/ਭੈਣ, ਮਾਂ/ਪਿਉ, ਪੁੱਤਰ/ਧੀ, ਮਿੱਤਰ/ਬੇਲੀ ਜਾਂ ਸਕੇ ਸਬੰਧੀ ਹੋਣ। ਸਭ ਨੂੰ ਕਾਹਲ ਕਿਉਂਕਿ ਉਹ ਜਲਦੀ ਵਿਹਲੇ ਹੋ ਕੇ ਆਪਣੇ ਰੁਝੇਵਿਆਂ ਵਿਚ ਰੁੱਝ ਜਾਣਾ ਲੋਚਦੇ।

ਸਰੀਰ ਭਾਵੇਂ ਤਕੜਾ ਹੋਵੇ, ਮਜ਼ਬੂਤ ਹੋਵੇ ਜਾਂ ਕਮਜ਼ੋਰ, ਰੂਪਵੰਤ ਜਾਂ ਕਰੂਪ ਹੋਵੇ, ਅੰਗਹੀਣ ਹੋਵੇ, ਕਾਣਾ ਜਾਂ ਲੂਲਾ-ਲੰਗੜਾ ਹੋਵੇ, ਸਰੀਰ ਨਾਲ ਖੁਦ ਨੂੰ ਬਹੁਤ ਪਿਆਰ ਅਤੇ ਇਸ ਦੀ ਸਿਹਤਯਾਬੀ ਲਈ ਹਰ ਮਨੁੱਖ ਕਰਦਾ ਏ ਹਰ ਆਹਰ।

ਸਰੀਰ, ਮੇਰਾ ਰੈਣ-ਬਸੇਰਾ। ਮੇਰੀਆਂ ਕਰਨੀਆਂ-ਕੀਰਤੀਆਂ ਦਾ ਅਧਾਰ, ਸੋਚਾਂ ਅਤੇ ਸੁਪਨਿਆਂ ਦਾ ਸਿਰਜਣਹਾਰਾ ਅਤੇ ਸੰਪੂਰਨਹਾਰਾ। ਮੇਰੀਆਂ ਤਮੰਨਾਵਾਂ ਅਤੇ ਤਾਂਘਾਂ ਦੀ ਤ੍ਰਿਪਤੀ ਦਾ ਸਬੱਬ। ਭਾਵਨਾਵਾਂ ਦੀ ਪੂਰਤੀ ਦਾ ਕਾਰਨ। ਮੇਰੇ ਹਾਵਭਾਵਾਂ ਦਾ ਪ੍ਰਗਟਾਅ। ਅੰਦਰਲੇ ਜਜ਼ਬਾਤਾਂ ਨੂੰ ਮਿਲੀ ਜ਼ੁਬਾਨ। ਅੰਦਰ ਵੱਸਦੇ ਸੱਚ ਨੂੰ ਸ਼ਬਦਾਂ ਵਿਚ ਢਾਲਣ ਦੀ ਯੁਕਤੀ। ਆਪਣੇ ਅੰਤਰੀਵ ਨੂੰ ਉਲਥਾਉਣ ਦਾ ਵਸੀਲਾ।

ਸਰੀਰ ਸਿਰਫ਼ ਸਰੀਰ ਹੀ ਨਹੀਂ ਸਗੋਂ ਮੇਰੀਆਂ ਮਨੁੱਖੀ ਕਿਰਿਆਵਾਂ ਦਾ ਬਿੰਦੂ। ਇਹ ਕਿਰਿਆਵਾਂ ਦਾ ਸਮੁੱਚ ਹੀ ਮੈਨੂੰ ਮਨੁੱਖ ਬਣਾਉਂਦਾ। ਆਪਣੇ ਅੰਬਰ ਦੀ ਤਾਮੀਰਦਾਰੀ ਕਰਦਾਂ। ਮੈਨੂੰ ਮੇਰੇ ਹਿੱਸੇ ਦੀ ਜ਼ਮੀਂ ਮਿਲਦੀ। ਸਰੀਰ ਦੀ ਕਿਰਿਆਤਮਿਕਤਾ ਹੀ ਮੈਨੂੰ ਪਰਿਵਾਰ ਦਾ ਅੰਗ ਬਣਾਉਂਦੀ, ਸਮਾਜ ਦੀ ਸਿਰਜਣਾ ਦਾ ਮੁੱਢ ਬੰਨ੍ਹਦੀ। ਇਹ ਸਿਰਜਣਾਤਮਿਕਤਾ ਹੀ ਵੱਖ ਵੱਖ ਕਿਰਿਆਵਾਂ ਵਿਚ ਵੱਖੋ-ਵੱਖਰੇ ਰੂਪ ਰੂਪਮਾਨ ਹੁੰਦੇ, ਮੈਨੂੰ ਵਿਸਥਾਰਦੀ, ਸੋਚ ਅਤੇ ਸੰਭਾਵਨਾਵਾਂ ਨੂੰ ਮੋਕਲਾ ਕਰਦੀ ਅਤੇ ਵਸੀਹ ਅੰਬਰ ਅਤੇ ਅਸੀਮ ਸਮੁੰਦਰ ਵਰਗੀ ਸੋਚ ਦਾ ਹਾਣੀ ਬਣਾਉਣ ਵੱਲ ਉਤੇਜਿਤ ਕਰਦੀ।

ਮੈਂ ਮਨੁੱਖੀ ਸਰੀਰ ਦਾ ਉਹ ਰੂਪ ਹਾਂ ਜਿਹੜਾ ਜੱਗ-ਜ਼ਾਹਰ ਹੁੰਦਾ। ਜਿਹੜਾ ਰੂਪ ਸਮਾਜ ਵਿਚ ਪ੍ਰਗਟਦਾ, ਇਹ ਵੀ ਸਰੀਰ ਦੀ ਹੀ ਦੇਣ। ਭਾਵੇਂ ਇਹ ਦਿਮਾਗ ਦੀਆਂ ਗਿਣਤੀਆਂ-ਮਿਣਤੀਆਂ ਅਤੇ ਖਾਬੋ-ਖ਼ਿਆਲਾਂ ਵਿਚੋਂ ਪੈਦਾ ਹੋਇਆ ਹੋਵੇ ਜਾਂ ਦਿਲ ਦੀਆਂ ਕੋਮਲ ਭਾਵਨਾਵਾਂ ਹੋਣ। ਧੜਕਣ ਦੇ ਰੂਪ ਵਿਚ ਮੋਹ ਦੀਆਂ ਤਰੰਗਾਂ ਦਾ ਦਿਲ ਦੇ ਵਿਹੜੇ ਵਿਚ ਪੈਲ ਪਾਉਣਾ ਹੋਵੇ, ਦਿਲ-ਦਰਾਂ 'ਤੇ ਪਾਣੀ ਡੋਲਣਾ ਜਾਂ ਤੇਲ ਚੋਣਾ ਹੋਵੇ ਜਾਂ ਸ਼ਗਨਾਂ ਭਰੀ ਰੁੱਤ ਨੂੰ ਦਿਲ-ਬੀਹੀ ਵਿਚ ਲੰਘਾਉਣਾ ਹੋਵੇ। ਇਹ ਸਭ ਕੁਝ ਸਰੀਰ ਦੇ ਅੰਦਰ ਹੀ ਵਾਪਰਦਾ। ਸਰੀਰ ਇਸ ਦਾ ਸਭ ਤੋਂ ਵੱਡਾ ਰਾਜ਼ਦਾਨ ਅਤੇ ਚਸ਼ਮਦੀਦ। ਸਰੀਰ ਤੋਂ ਲੁਕਾ ਕੇ ਮੈਂ ਕੁਝ ਵੀ ਨਹੀਂ ਕਰ ਸਕਦਾ।

ਸਰੀਰਕ ਅੰਗ ਹੀ ਮੈਨੂੰ ਆਲੇ-ਦੁਆਲੇ ਨੂੰ ਦੇਖਣ ਅਤੇ ਦਿੱਖ ਵਿਚੋਂ ਦ੍ਰਿਸ਼ਟੀ ਨੂੰ ਨਿਰਧਾਰਤ ਕਰਨ ਦਾ ਵਲ ਸਿਖਾਉਂਦੇ। ਮੇਰੇ ਪੈਰਾਂ ਵਿਚ ਸਫ਼ਰ ਵੀ ਉਗਾਉਂਦਾ ਅਤੇ ਕਦੇ ਤਾਂ ਰਾਹਾਂ ਵਿਚ ਉਗੇ ਕੰਡਿਆਂ ਅਤੇ ਖਾਈਆਂ ਨੂੰ ਟੱਪ ਮੇਰੀ ਮੰਜ਼ਲ ਨੂੰ ਹਥਿਆਉਂਦਾ।

ਮੇਰੇ ਸਰੀਰ ਦੀਆਂ ਬਹੁਤ ਸਾਰੀਆ ਲੋੜਾਂ। ਕੁਝ ਸਰੀਰਕ, ਕੁਝ ਮਾਨਸਿਕ, ਕੁਝ ਰੂਹਦਾਰੀ ਦੀਆਂ, ਕੁਝ ਭਾਵਨਾਤਮਿਕ ਅਤੇ ਕੁਝ ਧਾਰਮਿਕ/ਅਧਾਰਮਿਕ ਵੀ ਹੁੰਦੀਆਂ। ਇਨ੍ਹਾਂ ਵਿਚੋਂ ਕਿਹੜੀਆਂ ਪ੍ਰਮੁੱਖ ਹਨ ਅਤੇ ਕਿਹਨਾਂ ਨੂੰ ਵਿਸਾਰ ਕੇ ਜੀਵਨ-ਜੁਗਤ ਨੂੰ ਮਾਣਿਆ ਜਾ ਸਕਦਾ, ਇਹ ਮਨੁੱਖੀ ਫਿਤਰਤ ਦੇ ਹਿੱਸੇ ਆਇਆ। ਪਰ ਸਭ ਤੋਂ ਜ਼ਰੂਰੀ ਹੁੰਦਾ ਏ ਸਰੀਰ ਨੂੰ ਹਮਰਾਜ਼ ਸਮਝ, ਇਸ ਦੀਆਂ ਲੋੜਾਂ ਤੇ ਥੋੜਾਂ ਨੂੰ ਪੂਰਿਆਂ ਕਰਨਾ। ਇਨ੍ਹਾਂ ਦੀ ਪੂਰਤੀ ਵਿਚੋਂ ਹੀ ਆਪਣੇ ਹਿੱਸੇ ਦੇ ਅੰਬਰ ਤੇ ਧਰਤ ਨਾਲ ਆਪਣੀ ਜ਼ਿੰਦਗੀ ਨੂੰ ਵਿਉਂਤਣਾ ਅਤੇ ਜਿਊਣ-ਜੋਗਾ ਕਰਨਾ। ਬਹੁਤ ਲੋਕ ਹੁੰਦੇ ਜਿਨ੍ਹਾਂ ਲਈ ਆਪਣੇ ਹਿੱਸੇ ਦੀ ਜ਼ਿੰਦਗੀ ਦੇ ਕੋਈ ਅਰਥ ਨਹੀਂ ਹੁੰਦੇ ਅਤੇ ਉਹ ਸਿਰਫ਼ ਦੂਸਰਿਆਂ ਲਈ ਹੀ ਜਿਉਂਦੇ, ਜੀਵਨ ਨੂੰ ਅਕਾਰਥ ਹੀ ਗੰਵਾ ਲੈਂਦੇ।

ਪੈਸਾ ਕਮਾਉਣ ਦੀ ਦੌੜ ਵਿਚ ਹਫ਼ੇ ਆਦਮੀ ਨੂੰ ਆਪਣੇ ਸਰੀਰ ਦਾ ਕੋਈ ਚੇਤਾ ਹੀ ਨਹੀਂ ਰਹਿੰਦਾ ਕਿ ਉਸ ਦੀਆਂ ਕੀ ਲੋੜਾਂ ਹਨ? ਜਦ ਸਰੀਰ ਹੀ ਜਵਾਬ ਦੇ ਜਾਵੇ ਤਾਂ ਕਮਾਇਆ ਧਨ ਬੇਅਰਥ ਹੋ ਜਾਂਦਾ। ਸਿਹਤ ਨੂੰ ਗਵਾ ਕੇ ਕੀਤੀ ਕਮਾਈ ਅਰਥਹੀਣ ਹੁੰਦੀ।

ਸਰੀਰ ਕਾਰਨ ਹੀ ਮੈਨੂੰ ਭੁੱਖ-ਪਿਆਸ ਅਤੇ ਥਕਾਵਟ ਦਾ ਅਹਿਸਾਸ। ਕਦੇ ਸੂਹੇ ਰੰਗਾਂ ਨੂੰ ਦੇਖਣ ਦੀ ਚੇਸ਼ਟਾ ਪੈਦਾ ਹੁੰਦੀ। ਕਦੇ ਬੱਦਲਾਂ ਵਿਚਲੇ ਅਕਾਰਾਂ ਨੂੰ ਨਿਹਾਰਨਾ ਅਤੇ ਕਦੇ ਕੁਦਰਤ ਦੀ ਕਲਾਕਰੀ ਨੂੰ ਮਾਨਣਾ। ਕਦੇ ਪੈਰਾਂ ਵਿਚ ਉਗੇ ਸਫ਼ਰ ਦੀਆਂ ਪੈੜਾਂ ਨੂੰ ਦੇਖਦਿਆਂ, ਦੂਰ-ਦਿਸਹੱਦਿਆਂ ਦਾ ਸਿਰਨਾਵਾਂ ਦੀਦਿਆਂ ਦੇ ਨਾਮ ਕਰਨਾ।



ਸਰੀਰਕ ਲੋੜਾਂ ਦੀ ਪੂਰਤੀ ਲਈ ਸਮੇਂ ਸਿਰ ਸੰਤੁਲਿਤ ਭੋਜਨ ਖਾਣਾ, ਸਰੀਰਕ ਅਰਾਮ ਲਈ ਨੀਂਦ ਪੂਰਾ ਕਰਨਾ, ਦਿਨ ਭਰ ਦੀ ਰੂਟੀਨ ਵਿਚੋਂ ਕੁਝ ਸਮਾਂ ਆਪਣਿਆਂ ਨਾਲ ਗੁਜ਼ਾਰਨਾ ਅਤੇ ਕੁਝ ਸਮਾਂ ਆਪਣੇ-ਆਪ ਨਾਲ ਗੁਜ਼ਾਰਨਾ, ਮੈਨੂੰ ਚੰਗਾ ਲੱਗਦਾ।

ਪਰ ਸਭ ਤੋਂ ਅਹਿਮ ਅਤੇ ਭਾਵਪੂਰਨ ਏ ਮਾਨਸਿਕ ਤ੍ਰਿਪਤੀ ਲਈ ਰੂਹ ਅਣਦੇਖੀ ਨਾ ਕਰਨਾ। ਜਦ ਅਸੀਂ ਮਨ ਨੂੰ ਨਕਾਰਦੇ ਤਾਂ ਦਰਅਸਲ ਅਸੀਂ ਖੁਦ ਨੂੰ ਨਕਾਰ ਕੇ ਖੁਦ ਦੀ ਖੁਦਕੁਸ਼ੀ ਲਈ ਤਿਆਰ ਹੁੰਦੇ। ਬੰਦਾ ਸਰੀਰਕ ਤੌਰ 'ਤੇ ਸਿਰਫ਼ ਇਕ ਵਾਰ ਹੀ ਮਰਦਾ ਹੈ ਪਰ ਭਾਵਨਾਤਮਿਕ ਪੱਧਰ 'ਤੇ ਉਹ ਦਿਨ ਵਿਚ ਕਈ ਵਾਰ ਮਰਦਾ। ਬਹੁਤ ਪੀੜਤ ਕਰਦਾ ਹੈ ਮੈਨੂੰ ਵਾਰ ਵਾਰ ਮਰ ਕੇ ਜਿਊਣਾ ਅਤੇ ਇਸਨੂੰ ਜ਼ਿੰਦਗੀ ਦਾ ਨਾਮ ਦੇਣਾ।

ਸਰੀਰ ਦੀਆਂ ਭਾਵਨਾਤਮਿਕ ਲੋੜਾਂ ਹਰੇਕ ਵਿਅਕਤੀ ਲਈ ਵੱਖੋ-ਵੱਖਰੀਆਂ। ਜਦ ਮੇਰੇ ਵਰਗੇ ਕਿਸੇ ਕਲਾਕਾਰ, ਕਵੀ ਜਾਂ ਸੁਹਜ-ਬਿਰਤੀਆਂ ਵਾਲੇ ਮਨੁੱਖ ਨੂੰ ਬੋਲਾਂ ਦੀਆਂ ਝਰੀਟਾਂ ਨਾਲ ਛਿੱਲਿਆ ਜਾਵੇ ਅਤੇ ਉਸ ਦੀਆਂ ਸੂਖ਼ਮਤਾ ਨੂੰ ਕਠੋਰਤਾ ਦੇ ਨਹੁੰਆਂ ਨਾਲ ਖੁਰਚਿਆ ਜਾਵੇ ਤਾ ਅਸਹਿ ਪੀੜ ਰੂਹ ਵਿਚ ਕੰਬਣੀ ਛੇੜਦੀ। ਫਿਰ ਇਕ ਚੁੱਪ ਹੀ ਹੁੰਦੀ ਜੋ ਸਾਥ ਨਿਭਾਉਂਦੀ ਅਤੇ ਇਸ ਚੁੱਪ ਵਿਚੋਂ ਅਦਿੱਖ ਲਾਵਾ ਫੁੱਟਦਾ ਜਿਹੜਾ ਬੋਲਾਂ ਜਾਂ ਸ਼ਬਦਾਂ ਦੇ ਮੇਚ ਵੀ ਨਹੀ ਆਉਂਦਾ। ਪਰ ਸਭ ਤੋਂ ਜ਼ਰੂਰੀ ਹੁੰਦਾ ਕਿ ਮਨੁੱਖ ਨੂੰ ਆਪਣੀਆਂ ਲੋੜਾਂ ਦਾ ਗਿਆਨ ਹੋਵੇ। ਇਨ੍ਹਾਂ ਦੀ ਪੂਰਤੀ ਲਈ ਖੁਦ ਹੀ ਉਚੇਚ ਕਰੇ ਕਿਉਂਕਿ ਕਿਸੇ ਦੇ ਮੋਢੇ 'ਤੇ ਸਿਰ ਰੱਖ ਕੇ ਰੋਇਆ ਜਾ ਸਕਦਾ, ਦਰਦ ਵੀ ਵੰਡਾਇਆ ਜਾ ਸਕਦਾ ਪਰ ਕਈ ਵਾਰ ਆਪਣੇ ਅੰਦਰ ਦੀ ਦੁਖਦੀ ਰਗ ਦਿਖਾਈ ਨਹੀਂ ਜਾ ਸਕਦੀ।

ਸਰੀਰ ਹੀ ਮੇਰੇ ਸਾਰੇ ਅੰਗਾਂ ਦਾ ਸੁੰਦਰ ਘਰ। ਇਹ ਅੰਗ ਸਰੀਰ ਦੀ ਤਾਮੀਰਦਾਰੀ ਵਿਚ ਹਰ ਪਲ ਰੁੱਝੇ ਰਹਿੰਦੇ। ਦਿਲ ਦੀ ਨਿਰੰਤਰ ਧੜਕਣ ਅਤੇ ਪੈਰਾਂ ਵਿਚ ਹਰ ਰੋਜ਼ ਉਗ ਰਿਹਾ ਸਫ਼ਰ। ਦੀਦਿਆਂ ਵਿਚ ਸੰਸਾਰਕ ਦ੍ਰਿਸ਼ਾਂ ਦੀ ਭਰਮਾਰ। ਆਲੇ-ਦੁਆਲੇ ਦੀ ਸੰਗੀਤਕ ਫਿਜ਼ਾ, ਚੀਕ-ਚਿਹਾੜਾ, ਹਾਕ-ਹੁੰਗਾਰਾ, ਗੀਤ ਸੰਗੀਤ ਜਾਂ ਮਿੱਤਰ-ਪਿਆਰਿਆਂ ਦੇ ਅਪਣੱਤੀ ਬੋਲ। ਮੋਹ ਭਿੱਜੀਆਂ ਗੱਲਾਂ ਦੀ ਪਾਕੀਜ਼ਗੀ ਵਿਚੋਂ ਉਛਲਦਾ ਮੋਹ ਦਾ ਸਾਗਰ, ਮੇਰੀ ਅੰਤਰੀਵੀ ਰੱਜਤਾ ਲਈ ਸਭ ਤੋਂ ਅਹਿਮ।

ਸਰੀਰ ਦੀ ਦੇਖਭਾਲ ਮੇਰਾ ਹੀ ਫਰਜ਼ ਅਤੇ ਨਿੱਜੀ ਤਵੱਜੋਂ ਮੰਗਦਾ। ਮੇਰੀ ਪਹਿਲ ਤੇ ਪਾਕੀਜ਼ਗੀ, ਮਾਣ ਤੇ ਮਰਿਆਦਾ, ਮੁਹੱਬਤ ਤੇ ਮਿਲਣਸਾਰਤਾ, ਪਿਆਰ ਤੇ ਪ੍ਰਤਿੱਗਿਆ ਅਤੇ ਪਹਿਚਾਣ ਤੇ ਪ੍ਰਮੁੱਖਤਾ।

ਸਰੀਰ ਰਾਹੀਂ ਹੀ ਮੈਂ ਖੁਦ ਵਿਚੋਂ ਖੁਦ ਨੂੰ ਮਿਲਦਾ। ਖੁਦ ਦੇ ਦਰਸ਼-ਦੀਦਾਰੇ ਆਪਣੇ ਨੈਣਾਂ ਵਿਚੋਂ ਝਲਕਦੇ ਅਤੇ ਇਸ ਵਿਚੋਂ ਮੇਰੀ ਬੇਲਾਗਤਾ, ਬੇਮੁਹਤਾਜੀ ਤੇ ਬੇਗਾਨਗੀ ਵੀ ਜ਼ਾਹਰ ਹੁੰਦੀ।

ਸਰੀਰ ਲਈ ਜ਼ਰੂਰੀ ਹੁੰਦਾ ਹੈ ਕੁਝ ਬੰਦਸ਼ਾਂ ਤੇ ਬਗਾਵਤਾਂ ਦੀ ਭਾਈਵਾਲੀ। ਕੁਝ ਸਾਂਝਾਂ ਅਤੇ ਸੰਗਮਾਂ ਦਾ ਸੁਮੇਲ। ਕੁਝ ਰਾਹਾਂ ਤੇ ਰਾਵਾਂ ਦੀ ਮਿਲੀ-ਭੁਗਤ। ਕੁਝ ਸਾਧਨਾਂ ਤੇ ਸਹੂਲਤਾਂ ਦਾ ਸੰਯੋਗ। ਕੁਝ ਸੁਪਨਿਆਂ ਤੇ ਸੰਭਾਵਨਾਵਾਂ ਦੀ ਸੰਗਤ। ਕੁਝ ਚਾਵਾਂ ਤੇ ਭਾਂਵਾਂ ਦੀ ਪੂਰਤੀ। ਸੰਦਲੀ ਰੁੱਤਾਂ ਤੇ ਸੂਹੇ ਪਲਾਂ ਦਾ ਮਿਲਣ-ਪਹਿਰ। ਮੋਹਵੰਤੇ ਦੇ ਅੰਤਰੀਵ ਵਿਚ ਉਤਰਨ ਦੀ ਲੋਚਾ ਤੇ ਕੁਝ ਵਕਤ ਦੀ ਠਹਿਰ। ਸਾਹ-ਸੁਰੰਗੀ ਵਿਚ ਸਰੋਦੀਪੁਣੇ ਵਾਲੀ ਬਹਿਰ। ਪੱਬਾਂ ਭਾਰ ਹੋ ਕੇ ਤੁਰਨ ਦਾ ਵਿਸਮਾਦ। ਪਿਆਰਿਆਂ ਦੇ ਦਿਲਾਂ ਵਿਚ ਮਿੱਠੜੀ ਜਹੀ ਯਾਦ ਹੋਵੇ। ਸੱਜਣ ਨੂੰ ਮਿਲਣ ਦੀ ਫਰਿਆਦ ਹੋਵੇ ਅਤੇ ਮਨ ਬਹਾਰਾਂ ਦੇ ਰੰਗਾਂ ਵਿਚ ਆਬਾਦ ਹੋਵੇ।

ਸਰੀਰ ਤੋਂ ਸਰੀਰ ਤੀਕ ਦਾ ਪੈਂਡਾ ਤੈਅ ਕਰਦਿਆਂ ਜਦ ਮਨ ਪਿਘਲਦਾ ਤਾਂ ਅੰਦਰ ਤਰਲ ਤਰਲ ਹੋ ਜਾਂਦਾ। ਇਹ ਤਰਲਤਾ ਹੀ ਮਨੁੱਖ ਨੂੰ ਉਸਦੀ ਸਰੀਰਕ ਹੋਂਦ ਅਤੇ ਮਾਨਸਿਕ ਹਾਸਲ ਦੀ ਸੋਝੀ ਕਰਵਾਉਂਦੀ। ਦਿਲ ਦੇ ਪਿਘਲਣ ਤੋਂ ਸਰੀਰ ਦੇ ਤਰਲ ਹੋਣ ਦੀ ਤਫਸੀਲ ਸਿਰਫ਼ ਖੁਦ ਨੂੰ ਪਤਾ ਹੁੰਦੀ। ਇਹ ਤਫ਼ਸੀਲ ਹੀ ਤਵਾਰੀਖ਼ ਦਾ ਸਭ ਤੋਂ ਸੁੱਚਾ ਅਤੇ ਸੱਚਾ ਵਰਕਾ ਬਣ ਕੇ ਵਕਤ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਤ ਕਰਨ ਵਿਚ ਅਹਿਮ ਹੁੰਦੀ।

ਸਰੀਰ, ਮਨ ਅਤੇ ਭਾਵਨਾਵਾਂ, ਸਾਹ-ਸੁਰੰਗੀ ਵਿਚੋਂ ਮਨਪਸੰਦ ਸੰਗੀਤ ਪੈਦਾ ਕਰਨ ਦੇ ਕਾਬਲ ਹੁੰਦੇ। ਇਸ ਸੰਗੀਤ ਨੂੰ ਕਿਹੜੇ ਰਾਗ ਵਿਚ ਗਾਉਣਾ, ਇਹ ਖੁਦ 'ਤੇ ਨਿਰਭਰ। ਯਾਦ ਰੱਖਣਾ ਕਿ ਸਰੀਰ ਤੰਦਰੁਸਤ ਹੋਵੇਗਾ ਤਾਂ ਮਨ ਸਿਹਤਮੰਦ ਹੋਵੇ ਅਤੇ ਮਨ ਦੀ ਸਿਹਤਮੰਦੀ ਹੀ ਸਰਬ-ਸੁਖਨ ਦਾ ਰਾਜ਼ ਹੁੰਦੀ।

ਸਰੀਰਕ ਤੇ ਮਾਨਸਿਕ ਮਜ਼ਬੂਤੀ ਨਾਲ ਹੀ ਹਰ ਔਖੀ ਘੜੀ ਦਾ ਸਾਹਮਣਾ ਕੀਤਾ ਜਾ ਸਕਦਾ ਕਿਉਂਕਿ ਮੁਸ਼ਕਲਾਂ ਜੀਵਨ ਦਾ ਹਿੱਸਾ ਅਤੇ ਇਨ੍ਹਾਂ ਵਿਚੋਂ ਨਿਕਲਣਾ ਜੀਵਨ-ਜਾਚ।

ਮਨੁੱਖੀ ਸਰੀਰ ਦੀ ਸ਼ੁੱਧਤਾ ਅਤੇ ਸਿਹਤਕਾਰੀ ਲਈ ਗੁਰਬਾਣੀ ਦਾ ਫੁਰਮਾਨ ਹੈ;

ਸਭ ਜਗ ਕਾਜਲ ਕੋਠੜੀ, ਤਨੁ ਮਨੁ ਦੇਹ ਸੁਆਹਿ
ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ।

ਹਨੇਰ ਨਾਲ ਭਰੀ ਇਸ ਦੁਨੀਆਂ ਵਿਚ ਮਨੁੱਖੀ ਤਨ ਅਤੇ ਮਨ ਵੀ ਕਾਲਾ ਹੀ ਹੋ ਜਾਂਦਾ ਹੈ ਪਰ ਇਨ੍ਹਾਂ ਨੂੰ ਗੁਰ-ਸ਼ਬਦ ਨਾਲ ਉਜਿਆਰਾ ਕੀਤਾ ਜਾ ਸਕਦਾ ਹੈ।

ਸਰੀਰ ਦੀ ਸਮੁੱਚਤਾ ਬਹੁਤ ਹੀ ਕੋਮਲਭਾਵੀ ਅਤੇ ਆਲੇ-ਦੁਆਲੇ ਨਾਲ ਬਹੁਤ ਜਲਦੀ ਪ੍ਰਭਾਵਤ ਹੋਣ ਵਾਲੀ। ਨਿੱਕੇ ਨਿੱਕੇ ਸਰੋਕਾਰ ਵੀ ਮੇਰੇ ਮਨ ਤੇ ਸਰੀਰ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ, ਜ਼ਰਾ ਦੇਖਣਾ;

?
ਅੱਖ ਵਿਚ
ਸੁਪਨਾ ਉਗਿਆ
ਸਾਰਾ ਅੰਬਰ
ਕਲਾਵੇ ਵਿਚ ਆ ਗਿਆ।
?
ਅੱਖ ਵਿੱਚਲਾ
ਸੁਪਨਾ ਤਿੱੜਕਿਆ
ਅੰਬਰ
ਸਿੱਲਾ ਸਿੱਲਾ ਹੋ ਗਿਆ।
?
ਪੈਰਾਂ ਵਿਚ
ਸਫ਼ਰ ਨੇ ਅੰਗੜਾਈ ਭਰੀ
ਮੰਜ਼ਲਾਂ
ਪੈਰ ਚੁੰਮਣ ਲੱਗੀਆਂ।
?
ਪੈੜ ਨੂੰ
ਹਾਲਾਤ ਨੇ ਹਜ਼ਮ ਲਿਆ
ਦਿਸਹੱਦੇ
ਧੁਆਂਖੇ ਗਏ।

ਸਰੀਰ ਨੂੰ ਮੈਂ ਅਕਸਰ ਮਿਲਦਾ ਅਤੇ ਇਹ ਮਿਲਣੀ ਜਦ ਬਾਹਰੀ ਸੰਪਰਕ ਤੀਕ ਹੀ ਸਿਮਟ ਜਾਂਦੀ ਤਾਂ ਬਹੁਤ ਕੁਝ ਗਵਾਚਦਾ। ਦਰਅਸਲ ਮਿਲਣੀ ਦਾ ਸਫ਼ਰ ਬਾਹਰ ਤੋਂ ਅੰਦਰ ਨੂੰ ਸ਼ੁਰੂ ਹੁੰਦਾ। ਜਦ ਅਸੀਂ ਅੰਦਰਲੀ ਯਾਤਰਾ 'ਤੇ ਤੁਰਦੇ ਤਾਂ ਅਸੀਂ ਉਨ੍ਹਾਂ ਮਰਹੱਲਿਆਂ ਨੂੰ ਮਿਲਦੇ ਜਿਨ੍ਹਾਂ ਤੀਕ ਸਾਡੀ ਰਸਾਈ ਹੁਣ ਤੀਕ ਹੋਈ ਨਹੀਂ ਹੁੰਦੀ। ਅੰਦਰਲੀ ਪਹੁੰਚ ਨਾਲ ਅਸੀਂ ਸਰੀਰ ਦੇ ਉਨ੍ਹਾਂ ਸੂਖ਼ਮ ਅਹਿਸਾਸਾਂ ਨੂੰ ਪਛਾਨਣ ਅਤੇ ਜਿਉਂਦੇ ਰੱਖਣ ਲਈ ਉਚੇਚ ਕਰ ਸਕਦੇ ਹਾਂ ਜਿਨ੍ਹਾਂ ਤੋਂ ਅਸੀਂ ਹੁਣ ਤੀਕ ਪਰਦਾਦਾਰੀ ਕੀਤੀ ਹੋਈ ਹੁੰਦੀ।

ਸਰੀਰ ਮੜੰਗਾ ਨਹੀਂ ਹੁੰਦਾ ਅਤੇ ਨਾ ਹੀ ਇਹ ਅਕਾਰ, ਰੰਗ-ਰੂਪ ਜਾਂ ਨੈਣ-ਨਕਸ਼ਾਂ ਵਿਚੋਂ ਹੀ ਪ੍ਰਗਟਦਾ। ਸਰੀਰ ਤਾਂ ਤੁਹਾਡੇ ਸਮੁੱਚ ਦਾ ਉਹ ਮੰਦਰ ਹੈ ਜਿਸ ਵਿਚ ਆਰਤੀ ਵੀ ਹੁੰਦੀ ਅਤੇ ਅਜ਼ਾਨ ਵੀ ਗੂੰਜਦੀ, ਪਿਆਰ ਦਾ ਰਾਗ ਵੀ ਅਤੇ ਉਦਾਸੀ ਦਾ ਮਾਤਮ ਵੀ ਪੈਦਾ ਹੁੰਦਾ। ਹਾਸੇ ਵੀ ਫੁੱਟਦੇ ਅਤੇ ਹੰਝੂਆਂ ਦੀ ਨੈਂਅ ਵੀ ਨਿਕਲਦੀ। ਚੁੱਪ ਦਾ ਆਸਣ ਵੀ ਲਗਾ ਲਈਦਾ ਅਤੇ ਬੋਲ-ਬੁਲਾਰਿਆਂ ਨਾਲ ਛੱਤ ਨੂੰ ਸਿਰ 'ਤੇ ਚੁੱਕ ਲਈਦਾ। ਇਕੱਲੇ ਵੀ ਇਕੱਠ ਹੋਈਦਾ ਅਤੇ ਇਕੱਠ ਵਿਚ ਵੀ 'ਕੱਲੇ ਰਹਿ ਜਾਈਦਾ। ਕਾਫ਼ਲੇ ਵਿਚ ਹੁੰਦਿਆਂ ਵੀ 'ਕੱਲਿਆਂ ਹੀ ਸਫ਼ਰ ਤੈਅ ਕਰਨਾ ਪੈਂਦਾ ਅਤੇ ਕਦੇ ਕਦਾਈਂ 'ਕੱਲੇ ਹੁੰਦਿਆਂ ਵੀ ਕਾਫ਼ਲਿਆਂ ਦਾ ਅਹਿਸਾਸ ਹੁੰਦਾ। ਕਦੇ ਸੁਪਨਈ ਸੰਸਾਰ ਦੀ ਆਸ ਪੈਦਾ ਹੁੰਦੀ ਅਤੇ ਕਦੇ ਟੁੱਟਦੇ ਸੁਪਨਿਆਂ ਵਿਚੋਂ ਫੁੱਟਦੀ ਚੀਸ ਨੂੰ ਅਣਸੁਣੀ ਕਰਨਾ ਪੈਂਦਾ। ਕਦੇ ਪਿਆਰੇ ਨੂੰ ਮਿਲਣ ਲਈ ਤੜਪ ਬਣ ਜਾਈਦਾ ਅਤੇ ਕਦੇ ਵਿਛੋੜੇ ਵਿਚ ਖੁਦ ਨੂੰ ਸਮਝਾ ਲਈਦਾ। ਬਹੁਤ ਸਰੀਰ ਦੇ ਅੰਤਰੀਵ ਵਿਚ ਹੁੰਦੀਆਂ ਕਿਰਿਆਵਾਂ ਦੇ ਰੂਪ। ਇਨ੍ਹਾਂ ਦੀ ਰੰਗ-ਬਿਰੰਗਤਾ ਹੀ ਦਰਅਸਲ ਮਨੁੱਖ ਦਾ ਸੱਚ ਹੁੰਦੀ।

ਸਰੀਰ ਕਦੇ ਵੀ ਬੁੱਢਾ ਨਹੀਂ ਹੁੰਦਾ। ਇਹ ਤਾਂ ਬੰਦੇ ਦੀ ਮਾਨਸਿਕ ਅਵਸਥਾ ਹੁੰਦੀ। ਮਨ ਜਵਾਨ ਰਹੇ ਤਾਂ ਬੰਦਾ ਕਦੇ ਵੀ ਬੁੱਢਾ ਨਹੀਂ ਹੁੰਦਾ। ਦਰਅਸਲ ਜਦ ਜਵਾਨੀ ਵਾਲੇ ਸ਼ੌਕ ਦਫ਼ਨ ਹੋਣੇ ਸ਼ੁਰੂ ਹੋ ਜਾਣ ਤਾਂ ਸਮਝੋ ਕਿ ਬੰਦਾ ਬੁੱਢਾ ਹੋ ਰਿਹਾ। ਜਦ ਨਵੇਂ ਕੱਪੜਿਆਂ ਨੂੰ ਖਰੀਦਣ ਅਤੇ ਪਹਿਨਣ ਦਾ ਸ਼ੌਕ ਹੋਵੇ, ਮੀਂਹ ਵਾਲੇ ਦਿਨ ਪਕੌੜੇ ਖਾਣ ਦੀ ਚਾਹਤ ਹੋਵੇ, ਸੱਜਣਾਂ ਨੂੰ ਮਿਲਣ ਦਾ ਸ਼ੌਕ ਹੋਵੇ, ਬਚਪਨੇ ਨੂੰ ਮੁੜ ਜਿਊਣ ਦੀ ਲਾਲਸਾ ਹੋਵੇ, ਕਦੇ ਕਦਾਈਂ ਮੀਂਹ ਵਿਚ ਭਿੱਜਣ ਨੂੰ ਚਿੱਤ ਕਰੇ, ਹਰ ਰਾਤ ਨੂੰ ਸੁਪਨਈ ਨੀਂਦ ਮਾਣੀਏ ਅਤੇ ਹਰ ਦਿਨ ਦੇ ਨਾਵੇਂ ਨਵੇਂ ਸੁਪਨਿਆਂ ਦਾ ਸਫ਼ਰ ਕਰਨਾ ਹੋਵੇ। ਕੁਝ ਨਵਾਂ ਚਾਹੁਣਾ, ਵੱਖਰਾ ਸੋਚਣਾ, ਨਿਵੇਕਲਾ ਕਰਨ ਨੂੰ ਮਨ ਕਰੇ ਤਾਂ ਸਮਝੋ ਕਿ ਬੰਦਾ ਜਵਾਨ ਹੈ। ਉਮਰ ਦੇ ਹਿੰਦਸੇ ਭਾਵੇਂ ਕੁਝ ਵੀ ਹੋਣ।

ਸਰੀਰ ਤੁਰ ਜਾਂਦਾ ਅਤੇ ਇਸਦੇ ਨਾਲ ਹੀ ਦਫ਼ਨ ਹੋ ਜਾਂਦਾ ਮਨ ਵਿਚ ਵੱਸਦੇ ਖ਼ਾਬਾਂ, ਖ਼ਿਆਲਾਂ ਅਤੇ ਖ਼ਬਤਾਂ ਦਾ ਵਿਸ਼ਾਲ ਭੰਡਾਰ। ਰਾਖ ਹੋ ਜਾਂਦੀਆਂ ਰੀਝਾਂ, ਰਾਵਾਂ ਅਤੇ ਰੰਗਰੇਜ਼ਤਾ। ਸਵਾਹ ਹੋ ਜਾਂਦੇ ਸੁਪਨੇ, ਸਾਂਝਾਂ, ਸਬੰਧ ਅਤੇ ਸੁਗਮ ਸੁਨੇਹੇ। ਹਵਾ ਵਿਚ ਰਲ ਜਾਂਦੇ ਹੌਕੇ, ਹੂਕਾਂ, ਹਾਵੇ, ਹੁੰਗਾਰੇ, ਹਾਕਾਂ ਅਤੇ ਹੰਭਲੇ। ਸਰੀਰ ਨੂੰ ਤੋਰਨ ਆਇਆਂ ਦੇ ਚੇਤਿਆਂ ਵਿਚੋਂ ਜਲਦੀ ਖੁਰ ਜਾਂਦੇ ਜਿਊਂਦੇ ਜੀਅ ਬਿਤਾਏ ਹੋਏ ਸੁਖਨਵਰ ਪਲ, ਸੁਹਾਵਣੇ ਵਕਤਾਂ ਦੀ ਤਸ਼ਬੀਹ, ਮਿੱਤਰ-ਮਿਲਣੀਆਂ ਦਾ ਬਿਰਤਾਂਤ ਅਤੇ ਯਾਦਾਂ ਦਾ ਅਸੀਮ ਜ਼ਖ਼ੀਰਾ। ਸਿਵੇ ਦੀ ਰਾਖ਼ ਨੇ ਛੇਤੀ ਹੀ ਹਵਾ ਵਿਚ ਮਿਲ ਜਾਣਾ ਅਤੇ ਕਿਸੇ ਨੂੰ ਇਸ ਸਰੀਰ ਦਾ ਚੇਤਾ ਵੀ ਨਹੀਂ ਰਹਿਣਾ।

ਸਰੀਰਕ ਤੰਦਰੁਸਤੀ ਲਈ ਅਤਿਅੰਤ ਮਹੱਤਵਪੂਰਨ ਹੁੰਦਾ ਹੈ ਖ਼ੁਦ ਹੀ ਇਸ ਸਰੀਰ ਦਾ ਖ਼ਿਆਲ ਰੱਖੀਏ। ਇਸ ਦੀਆਂ ਤਰਜੀਹਾਂ ਦੀ ਤਰਫ਼ਦਾਰੀ ਕਰੀਏ। ਇਸਦੇ ਸੁਹਜ, ਸਹਿਜ ਅਤੇ ਸੁਖਨ ਦੀ ਸੰਭਾਵਨਾ ਬਣੀਏ। ਇਸਦਾ ਅੰਬਰ ਵੀ ਖੁਦ ਬਣੀਏ, ਤਾਰੇ ਵੀ, ਚੰਨ ਵੀ ਅਤੇ ਚਾਨਣੀ ਵੀ। ਰਾਂਗਲੇ ਪਲਾਂ ਦਾ ਪੀਹੜਾ ਵੀ ਖੁਦ ਹੀ ਡਾਹੀਏ ਤਾਂ ਕਿ ਅਜੇਹੇ ਪਲਾਂ ਦੀ ਸੰਜੀਵਨੀ ਸਰੀਰ ਨੂੰ ਖੁਸ਼ਦਿਲ ਅਤੇ ਖ਼ੈਰੀਅਤ ਬਖਸ਼ੇ। ਸੰਪੂਰਨਤਾ ਨਾਲ ਇਸ ਜੱਗ ਤੋਂ ਰੁਖ਼ਸਤ ਹੋਵੇ। ਸਰੀਰ ਨੂੰ ਇਹ ਗਿਲਾ ਨਾ ਹੋਵੇ ਕਿ ਅਜੇਹਾ ਕੁਝ ਨਹੀਂ ਹੋਇਆ ਜਿਹੜਾ ਮੈਂ ਚਿਤਵਦਾ ਹੀ ਰਿਹਾ ਅਤੇ ਸਾਹਾਂ ਦੀ ਤੰਦ ਟੁੱਟ ਗਈ ਤੜੱਕ ਕਰ ਕੇ। ਪਤਾ ਨਹੀਂ ਕਦ ਇਹ ਸਾਹਾਂ ਦਾ ਸਾਜ਼ ਚੁੱਪ ਹੋ ਜਾਵੇ ਸੋ। ਇਸ ਤੋਂ ਪਹਿਲਾਂ ਕਿ ਇਹ ਸਦੀਵੀ ਤੌਰ 'ਤੇ ਚੁੱਪ ਹੋ ਜਾਵੇ ਆਓ, ਇਸ ਦੀਆਂ ਤੰਦਾਂ ਵਿਚੋਂ ਜੀਵਨ ਦੇ ਅਜੇਹੇ ਸੁਰ ਪੈਦਾ ਕਰੀਏ ਜੋ ਸਾਡੀ, ਸੋਚ, ਸੇਧ, ਸੁਪਨਿਆਂ ਅਤੇ ਸਮਿਆਂ ਨੂੰ ਸੁਹੰਢਣਾ ਕਰ ਜਾਵੇ।

ਜੀਵਨ ਵਿਚ ਆਏ ਦੁੱਖ ਤੇ ਤਕਲੀਫ਼ਾਂ, ਤੁਹਾਡੇ ਹਿੱਸੇ ਦੀਆਂ। ਤੁਹਾਡੇ ਹੀ ਸਰੀਰ ਨੂੰ ਹੰਢਾਉਣੀਆਂ ਪੈਣੀਆਂ। ਪਰ ਇਨ੍ਹਾਂ ਵਿਚੋਂ ਕਿਵੇਂ ਉਭਰਨਾ, ਇਹ ਤਾਂ ਤੁਸੀਂ ਕਰ ਹੀ ਸਕਦੇ ਹੋ। ਸਰੀਰ ਦੇ ਜਜ਼ਬਾਤਾਂ ਨੂੰ ਕਿਹੜੀ ਤਰਤੀਬ ਅਤੇ ਸੇਧ ਦੇਣੀ, ਇਹ ਤੁਹਾਡੇ ਵੱਸ। ਤੁਹਾਡੀਆਂ ਤਰਜੀਹਾਂ ਅਤੇ ਤਸ਼ਬੀਹਾਂ ਵਿਚੋਂ ਕਿਹੜੀ ਤਕਦੀਰ ਨੇ ਤੁਹਾਡੇ ਮੱਥੇ 'ਤੇ ਉਕਰੇ ਜਾਣਾ, ਇਹ ਵੀ ਤੁਹਾਡੇ ਹੱਥਾਂ ਦੀ ਕਰਮਯੋਗਤਾ ਹੁੰਦੀ। ਸੋ ਲੋੜ ਹੈ ਆਪਣੇ ਕਾਰਜ ਖੁਦ ਸੰਵਾਰਦੇ ਰਹੀਏ ਤਾਂ ਕਿਸੇ ਦੀ ਮੁਥਾਜ਼ੀ ਨਾ ਝੱਲਣੀ ਪਵੇ। ਵੈਸੇ ਵੀ ਜਦ ਸਰੀਰ ਹੀ ਤੁਹਾਡਾ ਹੈ ਤਾਂ ਇਸ ਪ੍ਰਤੀ ਧਿਆਨਦੇਹੀ ਅਤੇ ਸਿਹਤਯਾਬੀ ਲਈ ਕਿਸੇ 'ਤੇ ਟੇਕ ਕਿਉਂ ਰੱਖੀਏ? ਤੁਸੀਂ ਇੰਨੇ ਤਾਂ ਹੀਣੇ ਨਹੀਂ ਕਿ ਆਪਣੇ ਸਰੀਰ ਦੀ ਖੁਦ ਦੇਖਭਾਲ ਨਹੀਂ ਕਰ ਸਕਦੇ। ਤੁਹਾਨੂੰ ਜਾਚ ਹੋਣੀ ਚਾਹੀਦੀ ਹੈ ਪੀੜ ਵਿਚੋਂ ਉਭਰਨ ਦੀ। ਦਰਦ ਨੂੰ ਸਹਿਣ, ਗ਼ਮ ਨੂੰ ਪੀਣ, ਤੰਗੀਆਂ ਤੁਰਸ਼ੀਆਂ ਵਿਚ ਹੱਸ ਕੇ ਜੀਣ ਦੀ।

ਖੁਦ ਹੀ ਖੁਦ ਨੂੰ ਮਿਲ ਕੇ ਇਸਦਾ ਹਾਲ ਚਾਲ ਪੁੱਛਦੇ ਰਹੀਏ ਤਾਂ ਸਾਡਾ ਸਰੀਰ ਕਦੇ ਬਿਮਾਰ ਨਹੀਂ ਹੁੰਦਾ। ਸਰੀਰ ਤੁਹਾਡੀ ਅਮਾਨਤ ਵਿਚ ਕਦੇ ਵੀ ਖ਼ਿਆਨਤ ਨਹੀਂ ਕਰੇਗਾ।

# ਬਹੁਤ ਕੁਝ ਪਹਿਲੀ ਵਾਰ ਬੀਤਿਆ '1989' 'ਚ ਮੇਰੇ ਨਾਲ!




***ਐੱਸ.ਅਸ਼ੋਕ ਭੌਰਾ ਪੰਜਾਬੀ ਸਾਹਿਤਕ ਖੇਤਰ 'ਚ ਇਕ ਜਾਣਿਆ ਪਛਾਣਿਆ ਨਾਮ ਹੈ, 'ਪੰਜਾਬ ਟਾਈਮਜ਼' 'ਚ ਇਸ ਤੋਂ ਪਹਿਲਾਂ ਉਸਨੇ 'ਗੱਲੀਂ ਬਾਤੀਂ', 'ਨੈਣ ਨਕਸ਼', 'ਗੱਲ ਬਣੀ ਕਿ ਨਹੀਂ', 'ਢਾਡੀ ਇਤਿਹਾਸ ਦੇ ਪੰਨੇ', 'ਪੰਜਾਬੀ ਗਾਇਕੀ ਦੇ ਅੰਦਰ ਬਾਹਰ' ਕਾਲਮ ਲਗਾਤਾਰ ਲਿਖੇ ਹਨ। ਇਨ੍ਹਾਂ ਕਾਲਮਾਂ 'ਚ ਉਸਦਾ ਨਵਾਂ ਕਾਲਮ 'ਗਿੱਲਾ ਪੀਣ੍ਹ' ਸ਼ੁਰੂ ਕਰਨ ਦੀ ਖੁਸ਼ੀ ਮਹਿਸੂਸ ਕਰ ਰਹੇ ਹਾਂ।***

ਜ਼ਿੰਦਗੀ 'ਚ ਕੀ ਕੀਤਾ ਹੈ? ਇਹ ਹਿਸਾਬ ਕਿਤਾਬ ਨਾਲੋ ਨਾਲ ਕਰਦੇ ਰਹਿਣਾ ਚਾਹੀਦਾ ਹੈ, ਸੁਪਨਿਆਂ 'ਚ ਤਾਂ ਅੱਧੀ ਦੁਨੀਆ ਬਾਦਸ਼ਾਹ ਹੀ ਹੁੰਦੀ ਹੈ। ਭੁੱਖੇ ਸ਼ੇਰ ਨਾਲ ਸ਼ਰਾਰਤ ਕਰਨੀ ਤੇ ਖ਼ੂਬਸੂਰਤ ਔਰਤ ਨੂੰ ਅੱਖਾਂ ਪਾੜ ਪਾੜ ਕੇ ਦੇਖਣਾ ਖ਼ਤਰਾ ਹੀ ਹੁੰਦੈ। ਇਕ ਵਾਰ ਕਾਂ ਨੇ ਮੋਰ ਨੂੰ ਪੁੱਛਿਆ, 'ਭਰਾਵਾ ਜਦੋਂ ਆਸਮਾਨ ਕਾਲੇ ਬੱਦਲਾਂ 'ਚ ਘਿਰਦਾ, ਸਾਨੂੰ ਤਾਂ ਡਰ ਲੱਗਣ ਲੱਗ ਪੈਂਦਾ ਤੇ ਤੂੰ ਨੱਚਦਾ ਹੁੰਨਾਂ?'

ਮੋਰ ਹੱਸ ਪਿਆ, ਆਂਹਦਾ, 'ਤੈਨੂੰ ਮੂਰਖ਼ ਨੂੰ ਕੀ ਜਵਾਬ ਦਿਆਂ? ਭੂਤਰ ਜਾਣ ਅਤੇ ਮਸਤ ਹੋਣ 'ਚ ਬੜਾ ਫ਼ਰਕ ਹੁੰਦਾ ਹੈ। ਔਹ ਸਾਹਮਣੇ ਜਿਹੜੇ ਦਾਰੂ ਪੀ ਰਹੇ ਨੇ, ਕੁਝ ਚਿਰ ਬਾਅਦ ਉਨ੍ਹਾਂ ਨੂੰ ਵੇਖੀਂ ਪਤਾ ਲੱਗ ਜਾਵੇਗਾ।'

ਅਸਲ 'ਚ ਬਹੁਤਿਆਂ ਲਈ ਕੋਈ ਨਾ ਕੋਈ ਦਿਨ ਚੰਗੇ ਮਾੜੇ ਪੱਖੋਂ ਯਾਦ ਰਹਿ ਗਿਆ ਹੁੰਦੈ ਪਰ ਮੇਰੇ ਲਈ ਇਕ ਸਾਲ ਨਾ ਭੁੱਲਣਯੋਗ ਬਣ ਗਿਆ '1989'।

ਮਾਹਿਲਪੁਰ 'ਚ ਅਸੀਂ ਢਾਡੀ ਅਮਰ ਸਿੰਘ ਸ਼ੌਂਕੀ ਦੀ ਯਾਦ 'ਚ ਇਸੇ ਸਾਲ ਪਹਿਲਾ ਮੇਲਾ ਲਗਾਇਆ। ਭਾਰ ਬਹੁਤਾ ਮੇਰੇ ਸਿਰ ਸੀ। ਬਹੁਤ ਕਲਾਕਾਰਾਂ ਦੇ ਆਉਣ ਵਾਲਾ ਪੋਸਟਰ ਛਾਪਿਆ ਅਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ 'ਸ਼ੌਂਕੀ ਐਵਾਰਡ' ਦੇਣ ਦਾ ਫ਼ੈਸਲਾ ਹੋਇਆ। ਮੈਨੂੰ ਛਲਾਰੂ ਜਿਹਾ ਕਹਿ ਕੇ ਕਈਆਂ ਨੇ ਕਿਹਾ, 'ਮੇਲੇ 'ਚ ਤਮਾਸ਼ਾ ਹੀ ਹੋਵੇਗਾ, ਇਹਦੇ ਕਹੇ 'ਤੇ ਭਲਾ ਕੌਣ ਆਜੂ?' ਕਈ ਕਹਿਣ, 'ਲੈ ਸੁਰਿੰਦਰ ਕੌਰ ਆਜੂ ਦਿੱਲੀਓਂ' ਪਰ ਹੋਇਆ ਇਸ ਦੇ ਉਲਟ! ਕਈਆਂ ਦਾ ਜ਼ਿਕਰ ਵੀ ਨਹੀਂ ਹੋਇਆ ਸੀ, ਉਹ ਵੀ ਆ ਗਏ ਤੇ ਉਹ ਵੀ ਸਾਰੇ ਮੁਫ਼ਤ। ਨਾਟਕਕਾਰ ਜੋਗਿੰਦਰ ਬਾਹਰਲਾ ਭਰਵੇਂ ਇਕੱਠ 'ਚ ਕਹਿਣ ਲੱਗਾ, ਨਿੱਕੇ ਜਿਹੇ ਮੁੰਡੇ ਨੇ ਕਮਾਲ ਕਰ ਦਿੱਤੀ ਐ। ਨਾਮੀ ਸ਼ਾਇਰ ਪ੍ਰੋਫ਼ੈਸਰ ਅਜੀਤ ਨੇ ਸਟੇਜ ਸੰਚਾਲਨ ਕੀਤਾ। ਸੁਰਿੰਦਰ ਕੌਰ ਆਈ ਹੀ ਨਹੀਂ ਸਗੋਂ ਸਾਰਾ ਦਿਨ ਹਾਜ਼ਰ ਰਹੀ। ਅਜੀਤ ਅਤੇ ਪੰਜਾਬੀ ਟ੍ਰਿਬਿਊਨ ਵਰਗੀਆਂ ਅਖ਼ਬਾਰਾਂ ਨੇ ਅੱਧੇ ਅੱਧੇ ਪੰਨੇ 'ਮਾਹਿਲਪੁਰ ਨੂੰ ਚੜ੍ਹਿਆ ਸੁਰਿੰਦਰ ਕੌਰ ਦਾ ਸਲੇਟੀ ਰੰਗ' ਅਤੇ 'ਮਾਹਿਲਪੁਰ 'ਚ ਗੀਤ ਸੰਗੀਤ ਦੀ ਮੋਹਲੇਧਾਰ ਵਰਖਾ' ਸਿਰਲੇਖਾਂ ਵਾਲੀਆਂ ਖ਼ਬਰਾਂ ਛਾਪੀਆਂ। ਸ਼ੌਂਕੀ ਮੇਲਾ ਪਹਿਲੇ ਸਾਲ ਹੀ ਪੰਜਾਬ ਦੇ ਰਵਾਇਤੀ ਮੇਲਿਆਂ ਦੇ ਬਰਾਬਰ ਆਣ ਖੜ੍ਹਾ ਹੋਇਆ ਸੀ।

ਇਤਫ਼ਾਕ ਦੇਖੋ ਕਿ ਜਨਵਰੀ 'ਚ ਸ਼ੌਂਕੀ ਮੇਲਾ ਅਤੇ ਮਾਰਚ 'ਚ ਮੇਰਾ ਵਿਆਹ!

ਹਾਲਾਤ ਉਦੋਂ ਕੀ ਸਨ! ਇਹ ਤਾਂ ਦੱਸਣ ਦੀ ਲੋੜ ਨਹੀਂ। ਉਦੋਂ ਵੱਡੀਆਂ ਬਰਾਤਾਂ ਰੋਕੀਆਂ ਜਾਂਦੀਆਂ ਸਨ। ਬਰਾਤੀ ਔਰਤਾਂ ਤੋਂ ਪਾਥੀਆਂ ਪਥਾਈਆਂ ਜਾਂਦੀਆਂ ਸਨ ਅਤੇ ਬੰਦਿਆਂ ਤੋਂ ਪਿੰਡ ਦੀ ਸਫ਼ਾਈ ਕਰਾਈ ਜਾਂਦੀ ਸੀ। ਮੇਲੇ ਤੋਂ ਬਾਅਦ ਧਮਕੀਆਂ ਵਾਲੀਆਂ ਇਕ ਦੋ ਚਿੱਠੀਆਂ ਮੈਨੂੰ ਵੀ ਆ ਗਈਆਂ ਸਨ।

ਉਂਝ ਸਾਰਿਆਂ ਨੂੰ ਪਤਾ ਸੀ ਕਿ ਮੇਰੇ ਵਿਆਹ 'ਤੇ ਕਲਾਕਾਰ ਬੜੇ ਆਉਣੇ ਸਨ। ਮਾਂ ਕਹੇ, 'ਕਾਕਾ ਪੰਜ ਬੰਦੇ ਲੈ ਜਾ' ਪਰ ਕਿੱਥੇ! ਕਲਾਕਾਰਾਂ ਨੇ ਤਾਂ ਆਉਣਾ ਹੀ ਸੀ। ਕਈਆਂ ਨੂੰ ਯਾਦ ਹੋਵੇਗਾ ਕਿ ਉਦੋਂ ਅਖ਼ਬਾਰਾਂ ਨੇ ਇਹ ਵੀ ਖ਼ਬਰ ਛਾਪੀ ਸੀ, 'ਵਿਆਹ ਭੌਰੇ ਦਾ, ਬਰਾਤ ਕਲਾਕਾਰਾਂ ਦੀ।' ਅਨੰਦ ਕਾਰਜ ਹੋ ਰਹੇ ਸਨ, ਕੁਲਦੀਪ ਮਾਣਕ ਤੇ ਸੁਚੇਤ ਬਾਲਾ ਜਦੋਂ ਗੱਡੀ 'ਚੋਂ ਉਤਰੇ ਤਾਂ ਜਿਵੇਂ ਪਿੰਡਾਂ 'ਚ ਹੁੰਦੀ ਈ ਐ, 'ਆ ਗਏ ਓਏ, ਆ ਗਏ ਓਏ' ਹੋਣ ਲੱਗੀ। ਬਹੁਤੇ ਖ਼ਿਸਕਣ ਵੀ ਲੱਗੇ ਕਿ ਪਤਾ ਨਹੀਂ 'ਓਹੀ' ਆ ਗਏ। ਪਰ ਇਹ ਉਹ ਨਹੀਂ ਸਨ। ਦੇਬੀ ਦੇ ਪਿੰਡ ਮਖ਼ਸੂਸਪੁਰ 'ਚ ਗੱਡਿਆਂ 'ਤੇ ਸਟੇਜ ਲੱਗੀ ਤੇ ਚਾਰ ਘੰਟੇ ਚੱਲੇ ਸੰਗੀਤਕ ਪ੍ਰੋਗਰਾਮ ਦਾ ਸੰਚਾਲਨ ਮਰਹੂਮ ਗੀਤਕਾਰ ਸਵਰਨ ਸਿਵੀਆ ਨੇ ਕੀਤਾ।

ਮੇਰੇ ਵਿਆਹ ਨਾਲ ਜੁੜੀ ਇਕ ਹੋਰ ਦਿਲਚਸਪ ਗੱਲ ਇਹ ਸੀ ਕਿ ਲੁਧਿਆਣੇ ਦੀ ਜਿਸ ਪ੍ਰੈੱਸ 'ਚ ਮੇਰੇ ਵਿਆਹ ਦਾ ਕਾਰਡ ਛਪਿਆ, ਫ਼ਿਰ ਅਗਲੇ ਕਈ ਸਾਲ ਸੈਂਕੜੇ ਵਿਆਹਾਂ ਦੇ ਕਾਰਡ ਇਸੇ ਕਾਰਡ ਦੀ ਨਕਲ 'ਤੇ ਸਿਰਫ਼ ਨਾਮ ਤੇ ਪ੍ਰੋਗਰਾਮ ਦੀਆਂ ਤਰੀਕਾਂ ਬਦਲ ਕੇ ਛਪੇ। ਸ਼ਾਇਰਾਨਾ ਕਾਰਡ ਸ਼ਾਇਦ ਕੋਈ ਪਹਿਲੀ ਵਾਰ ਛਪਿਆ ਅਤੇ ਅੱਜ ਦੀ ਭਾਸ਼ਾ ਵਿਚ ਵਾਇਰਲ ਹੋਇਆ ਹੋਵੇਗਾ।


ਮੰਨਿਆਂ ਕਿ ਤੁਹਾਡੇ ਰੁਝੇਵੇਂ ਬਹੁਤ ਨੇ
ਪਰ ਇਹ ਵੀ ਦੱਸ ਕਿ ਇਥੇ ਵਿਹਲਾ ਕੌਣ ਹੈ।
ਫਿਰ ਆਪ ਵਰਗੀਆਂ ਸ਼ਖਸੀਅਤਾਂ ਤੋਂ ਬਿਨਾਂ
ਅਜਿਹੇ ਸ਼ੁਭ ਕਾਰਜ ਸੰਭਦੇ ਵੀ ਤਾਂ ਨਹੀਂ।
ਤਾਂ ਫਿਰ ਵਾਅਦਾ ਕਰੋ ਕਿ ਤੁਸੀਂ ਮੇਰੇ ਪੁੱਤਰ
ਅਸ਼ੋਕ ਦੇ ਵਿਆਹ ਤੇ ਜ਼ਰੂਰ ਹਾਜ਼ਿਰ ਹੋਵੋਗੇ।
ਨਾਲ ਸਾਡੇ ਘਰ ਦੇ ਜਿਸ ਦਾਣੇ ਤੇ ਤੁਹਾਡੇ ਨਾਂ ਦੀ ਮੋਹਰ ਹੈ
ਉਹ ਤੁਸੀਂ ਹੀ ਤਾਂ ਖਾਣਾ ਹੈ।
ਨਵੀਂ ਬਹੂ ਕਸ਼ਮੀਰ ਕੌਰ ਸਪੁੱਤਰੀ ਸ. ਸੋਹਣ ਸਿੰਘ
ਵਾਸੀ ਮਖਸੂਸਪੁਰ (ਹੁਸ਼ਿਆਰਪੁਰ) ਦੇ
ਦੇਹਲੀ ਪੈਰ ਪਾਉਣ ਤੇ ਖੁਸ਼ੀ ਤਾਂ ਹੋਵੇਗੀ ਹੀ, ਸਗੋਂ
ਤੁਹਾਡੀ ਹਾਜ਼ਰੀ ਵਿੱਚ ਸਾਡਾ ਕੱਦ ਮਾਣ ਨਾਲ ਉੱਚਾ ਹੋ ਜਾਵੇਗਾ।
ਸਮੇਂ ਨੇ ਇਜਾਜ਼ਤ ਦਿੱਤੀ ਤਾਂ ਤੁਹਾਡੇ ਮਨੋਰੰਜਨ ਦਾ
ਕੋਈ ਨਾ ਕੋਈ ਪ੍ਰਬੰਧ ਵੀ ਜ਼ਰੂਰ ਕਰਾਂਗੇ।
ਗੁਜ਼ਾਰਿਸ਼ ਵੀ ਹੈ ਤੇ ਬੇਨਤੀ ਵੀ ਕਿ ਮੇਰੇ ਪੁੱਤਰ ਜਿਸ ਨੂੰ ਤੁਸੀਂ ਐੱਸ. ਅਸ਼ੋਕ ਭੌਰਾ
ਦੇ ਨਾਂ ਨਾਲ ਜਾਣਦੇ ਹੋ, ਦੇ ਵਿਆਹ ਦੀ ਸ਼ੁਭ ਘੜੀ ਤੇ ਸਾਡੇ ਨਿਵਾਸ
ਅਸਥਾਨ ਪਿੰਡ ਤੇ ਡਾਕ ਭੌਰਾ (ਜਲੰਧਰ) ਵਿਖੇ ਹਾਜ਼ਿਰ ਹੋ ਕੇ
ਕੁਝ ਪਲ ਸਾਡੇ ਲੇਖੇ ਲਾਓ।

*ਸ਼ਾਇਰਾਨਾ ਵਿਆਹ ਕਾਰਡ ਦੀ ਇਕ ਝਲਕ*

1989 'ਚ ਹੀ ਮੇਰਾ ਪਹਿਲਾ ਗੀਤ ਸਰਦੂਲ ਸਿਕੰਦਰ ਦੀ ਕੈਸਿਟ 'ਨਵੀਂ ਵਿਆਹੀ ਨੱਚੀ' 'ਚ ਐੱਚ.ਐੱਮ.ਵੀ. ਕੰਪਨੀ ਨੇ ਸੰਗੀਤ ਸਮਰਾਟ ਚਰਨਜੀਤ ਅਹੂਜਾ ਦੇ ਸੰਗੀਤ ਵਿਚ ਰਿਕਾਰਡ ਕੀਤਾ ਸੀ 'ਬਿਸ਼ਨ ਕੁਰੇ ਭਾਬੀਏ ਨੀਂ ਸਾਨੂੰ ਗਿੱਧੇ ਵਿਚ ਨੱਚਣਾ ਸਿਖਾ ਦੇ।' ਇਤਫ਼ਾਕ ਤੇ ਸ਼ੁਗਲ ਦੀ ਗੱਲ ਇਹ ਵੀ ਹੈ ਕਿ ਵਿਆਹ ਵਾਲੇ ਦਿਨ ਅਜੀਤ 'ਚ ਮੇਰਾ ਵੱਡਾ ਲੇਖ ਵੀ ਛਪਿਆ ਹੋਇਆ ਸੀ।

ਹਾਲਾਂਕਿ ਜਲੰਧਰ ਦੂਰਦਰਸ਼ਨ 'ਤੇ ਮੈਂ ਨਿੱਕੇ ਨਿੱਕੇ ਪ੍ਰੋਗਰਾਮਾਂ 'ਚ ਇਕ-ਦੋ ਵਾਰ ਹਾਜ਼ਰੀ ਲਗਵਾ ਲਈ ਸੀ ਪਰ 1989 ਵਰ੍ਹਾ ਮੇਰੇ ਲਈ ਭਾਗਾਂ ਵਾਲਾ ਇਸ ਕਰਕੇ ਵੀ ਬਣਿਆ ਕਿ ਮੈਂ ਪਹਿਲੀ ਵਾਰ ਕਿਸੇ ਪ੍ਰੋਗਰਾਮ ਦੀ ਸਕ੍ਰਿਪਟ ਵੀ ਲਿਖੀ ਤੇ ਪੇਸ਼ ਵੀ ਕੀਤਾ। ਡਾ. ਲਖਵਿੰਦਰ ਜੌਹਲ ਨੇ ਸ਼ੌਂਕੀ ਮੇਲਾ ਲਗਵਾਉਣ ਕਰਕੇ ਕਿਹਾ ਕਿ ਚਲੋ ਸ਼ੌਂਕੀ ਸਾਹਿਬ 'ਤੇ ਕੋਈ ਡਾਕੂਮੈਂਟਰੀ ਤਿਆਰ ਕਰਦੇ ਹਾਂ। ਸ਼ੌਂਕੀ ਦੇ ਨੇੜੇ ਰਹੇ ਮਰਹੂਮ ਕਹਾਣੀਕਾਰ ਕਰਨੈਲ ਸਿੰਘ ਨਿੱਝਰ ਦੇ ਜਲੰਧਰ ਲਾਗਲੇ ਪਿੰਡ ਪੰਡੋਰੀ ਨਿੱਝਰਾਂ 'ਚ ਸ਼ੂਟਿੰਗ ਕੀਤੀ। ਸੰਚਾਲਨ ਪ੍ਰੋਫੈਸਰ ਅਤੈ ਸਿੰਘ ਨੇ ਕਰਨਾ ਸੀ ਪਰ ਉਹ ਪਹੁੰਚੇ ਹੀ ਨਹੀਂ ਤੇ ਜੌਹਲ ਕਹਿਣ ਲੱਗਾ ਕਿ ਤਜਰਬਾ ਤੇਰੇ 'ਤੇ ਕਰਦੇ ਆਂ। ਪ੍ਰੋਗਰਾਮ ਸੰਚਾਲਨ ਕਰ ਕੇ ਮੈਂ ਬੋਲਣ ਦੀ ਵੀ ਜੱਕ ਖੋਲ੍ਹ ਲਈ ਤੇ ਇਸ ਤੋਂ ਬਾਅਦ ਮੈਂ ਸੈਂਕੜਿਆਂ ਦੀ ਗਿਣਤੀ 'ਚ ਜਲੰਧਰ ਦੂਰਦਰਸ਼ਨ ਤੋਂ ਪ੍ਰੋਗਰਾਮ ਪੇਸ਼ ਕੀਤੇ।

ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਢਾਡੀ' 1989 'ਚ ਹੀ ਛਪੀ ਸੀ। ਇਹ ਵੀ ਯਾਦ ਹੈ ਕਿ ਫ਼ਰਵਰੀ ਮਹੀਨੇ ਫ਼ਗਵਾੜੇ ਦੇ ਕਮਲਾ ਨਹਿਰੂ ਕਾਲਜ ਵਿਚ ਫ਼ੁਲਕਾਰੀ ਪ੍ਰੋਗਰਾਮ ਦੌਰਾਨ ਐੱਸ.ਡੀ.ਐੱਮ. ਕੁਲਵੀਰ ਸਿੰਘ ਨੇ ਇਹ ਪੁਸਤਕ ਰਿਲੀਜ਼ ਕੀਤੀ ਸੀ ਪਰ ਇਸ ਸਾਲ ਇਸ ਨਾਲ ਇਕ ਹੋਰ ਘਟਨਾ ਵੀ ਜੁੜੀ। ਮਾਹਿਲਪੁਰ 'ਚ 'ਪੰਜਾਬ ਦੇ ਢਾਡੀ' ਪੁਸਤਕ 'ਤੇ ਬਲਜਿੰਦਰ ਮਾਨ ਹੁਰਾਂ ਨੇ ਇਕ ਗੋਸ਼ਟੀ ਰੱਖ ਲਈ। ਮੁੱਖ ਮਹਿਮਾਨ ਬਣਾ ਲਿਆ 'ਕਰੋੜੀ ਮੱਲ'। ਉਹਦਾ ਅਸਲ ਨਾਂ ਤਾਂ ਕੀ ਦੱਸਣਾ, ਏਨਾ ਹੀ ਕਾਫ਼ੀ ਹੈ ਕਿ ਉਹ ਮਾਹਿਲਪੁਰ ਇਲਾਕੇ ਦਾ ਸੀ, ਉਸਦੀ ਕੈਨੇਡਾ 'ਚ ਲਾਟਰੀ ਨਿਕਲੀ ਸੀ ਕਰੋੜਾਂ 'ਚ ਤੇ ਨਾਂ ਪੈ ਗਿਆ 'ਕਰੋੜੀ ਮੱਲ'। ਪਹਿਲਾਂ ਤਾਂ ਉਹ ਇਸ ਸਮਾਗ਼ਮ 'ਚ ਦੇਰੀ ਨਾਲ ਆਇਆ ਤੇ ਆਇਆ ਅੱਧਾ ਕੁ ਟੱਲੀ ਹੋ ਕੇ। ਦਾਰੂ ਨਾਲ ਡੱਕਿਆ ਦਿਨੇ ਹੀ ਰਹਿੰਦਾ ਸੀ, ਔਖ਼ਾ ਹੋ ਗਿਆ ਤੇ ਕਹਿੰਦਾ ਕਿ ਮੈਂ ਏਦਾਂ ਦੀਆਂ ਪੁਸਤਕਾਂ ਦੇ ਸਮਾਗਮਾਂ 'ਚ ਬੈਠਾਂ? ਮੇਰਾ ਰੁਤਬਾ ਪਤਾ ਕੀ ਹੈ, ਮੂਰਖ ਬਣਾ'ਤਾ ਮੈਨੂੰ! ਤੇ ਉਹ 'ਵਾਕਆਊਟ' ਕਰ ਗਿਆ। ਦੁੱਖ ਤਾਂ ਮੈਨੂੰ ਵੀ ਬਹੁਤ ਲੱਗਾ ਪਰ ਚਲੋ...!

ਇਸ ਕਰੋੜੀ ਮੱਲ ਦੀ ਗੱਲ ਮੈਂ ਕਿਤੇ ਅੱਗੇ ਚੱਲ ਕੇ ਕਰਾਂਗਾ ਕਿ ਫ਼ਿਰ ਉਹਦੇ ਨਾਲ ਕੀ ਕੀ ਹੁੰਦੀ ਰਹੀ? ਇਹ ਵੀ ਸੱਚ ਹੈ ਕਿ ਅੱਜ ਦਾ ਨਾਮੀ ਗੀਤਕਾਰ ਜਸਬੀਰ ਗੁਣਾਚੌਰੀਆ ਵੀ 1989 'ਚ ਮੇਰੇ ਵਿਆਹ ਵਾਲੇ ਦਿਨ ਕਈ ਕਲਾਕਾਰਾਂ ਨਾਲ ਤਸਵੀਰਾਂ ਖਿਚਵਾਉਣ ਤੇ ਜਾਣ-ਪਛਾਣ ਕਰਨ ਆਇਆ ਸੀ। ਉਦੋਂ ਉਹ ਹਾਲੇ ਜਸਵੀਰ ਰਾਏ ਸੀ, ਗੁਣਾਚੌਰੀਆ ਨਹੀਂ ਬਣਿਆ ਸੀ। 1989 ਦੀਆਂ ਯਾਦਾਂ ਤਾਂ ਵੀ ਤਾਜ਼ਾ ਕੀਤੀਆਂ ਹਨ ਕਿ ਸਾਰਾ ਸਾਹਿਤ ਵਰਤਮਾਨ 'ਚ ਹੀ ਨਹੀਂ, ਭੂਤਕਾਲ 'ਚ ਵੀ ਹੁੰਦਾ ਹੈ।

**ਦੁੰਮਛੱਲਾ**

ਕੱਚੀ ਕੰਧ 'ਤੇ ਬੈਠੇ ਕਾਂ ਕੋਲ ਇਕ ਚਿੜੀ ਆ ਕੇ ਬੈਠ ਗਈ।

ਕਾਂ ਨੇ ਘੂਰ ਕੇ ਵੇਖਿਆ ਤੇ ਆਖਣ ਲੱਗਾ, ਤੈਨੂੰ ਚਾਹੀਦਾ ਕੁਝ?

ਚਿੜੀ ਪੈ ਗਈ ਟੁੱਟ ਕੇ, 'ਬੇਸ਼ਰਮਾਂ ਤੇਰੇ ਕੋਲ ਹੈ ਕੀ? ਖੋਹ ਕੇ ਤੂੰ ਖਾਨਾ, ਗੂੰਹ ਤੂੰ ਫਰੋਲਦਾਂ, ਬੇਈਮਾਨ, ਫ਼ਰੇਬੀ, ਚਲਾਕ, ਕਾਲਾ ਕੱਟਾ ਤੇ ਝੂਠ, ਅਕ੍ਰਿਤਘਣ, ਬੇਵਿਸ਼ਵਾਸੀ...ਲੁੱਚਿਆ ਪਤਾ ਨਹੀਂ ਕੀ ਕੀ ਕਹਿੰਦੇ ਆ ਤੈਨੂੰ ਲੋਕ।'

ਕਾਂ ਹੱਸ ਪਿਆ।

ਚਿੜੀ ਫ਼ਿਰ ਕਹਿਣ ਲੱਗੀ, 'ਤੈਨੂੰ ਸਮਝ ਨਹੀਂ ਲੱਗੀ, ਮੈਂ ਕੀ ਕੀ ਕਿਹਾ?'

'ਲੱਗ ਗਈ ਚਿੜੀਏ', ਕਾਂ ਨੇ ਕਿਹਾ।

'ਫ਼ਿਰ ਹੱਸੀ ਕਾਹਨੂੰ ਜਾਨੈਂ, ਸ਼ਰਮ ਕਰ'

'ਭਲੀਏ ਮਾਣਸੇ, ਸਿਧਰੀ ਦੀ ਸਿਧਰੀ ਹੀ ਰਹੀ, ਕਹੀ ਜਾਣ ਦੇ ਲੋਕ ਕੀ ਕਹਿੰਦੇ ਨੇ, ਕਿਸੇ ਤੋਂ ਵੋਟਾਂ ਤਾਂ ਨਹੀਂ ਮੰਗਣ ਜਾਂਦਾ!'

# ਕਿਣਕਿਆਂ 'ਚ ਹਿੰਸਾ ਨੂੰ ਸੰਪੂਰਨ ਅਰਥ ਦਿੱਤੇ ਹਨ ਡਾ. ਸਰਬਜੀਤ ਕੌਰ ਸੋਹਲ ਨੇ

## 'ਕਿਣਕਾ ਕਿਣਕਾ ਹਿੰਸਾ' ਪੁਸਤਕ 'ਤੇ ਇਕ ਨਜ਼ਰ

ਪੰਜਾਬੀ ਦੇ ਅਦਬੀ ਸਾਹਿਤ ਖਾਸਕਰ ਕਾਵਿ ਜਗਤ ਵਿਚ ਸਰਬਜੀਤ ਕੌਰ ਸੋਹਲ ਦਾ ਆਪਣਾ ਖਾਸ ਸਥਾਨ ਹੈ। ਉਹ ਆਪਣੀ ਰਚਨਾਤਮਕ ਵਿਧੀ ਨਾਲ ਹੀ ਨਹੀਂ ਸਗੋਂ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਵੀ ਨਿਭਾਅ ਰਹੀ ਹੈ। ਇਸ ਵੇਲੇ ਉਹ ਪੰਜਾਬੀ ਸਾਹਿਤ ਅਕੈਡਮੀ ਚੰਡੀਗੜ੍ਹ ਦੀ ਪ੍ਰਧਾਨ ਹੈ। ਅਜਿਹੀ

**ਐੱਸ.ਅਸ਼ੋਕ ਭੌਰਾ**

ਪ੍ਰਕਿਰਿਆ ਦੌਰਾਨ ਆਪ ਹੀ ਇਕ ਉਦਾਹਰਣ ਅਤੇ ਜ਼ਿੰਮੇਵਾਰ ਬਣਨਾ ਸੁਖਾਲਾ ਨਹੀਂ ਹੈ। ਉਸਦੀ ਪੁਸਤਕ 'ਕਿਣਕਾ ਕਿਣਕਾ ਹਿੰਸਾ' ਦੀ ਗੱਲ ਕਰਨ ਤੋਂ ਪਹਿਲਾਂ ਕਹਿ ਸਕਦੇ ਹਾਂ ਕਿ ਪੰਜਾਬ ਦੇ ਸਾਹਿਤ ਜਗਤ ਵਿਚ ਸੋਹਲ ਦਾ ਆਪਣਾ ਸਤਿਕਾਰ ਤੇ ਰੁਤਬਾ ਵੀ ਹੈ।

ਪੰਜਾਬ ਵਿਚ ਕਈ ਸਾਹਿਤਕ ਮੰਚਾਂ 'ਤੇ ਸਰਬਜੀਤ ਹੁਰਾਂ ਨਾਲ ਮਿਲਣ ਦਾ ਮੌਕਾ ਮਿਲਦਾ ਰਿਹਾ ਹੈ। ਪਰ ਉਸ ਦੀ ਕਿਸੇ ਪੁਸਤਕ ਦੀ ਗੱਲ ਪਹਿਲੀ ਵਾਰ ਕਰ ਰਿਹਾ ਹਾਂ। ਯੂਨੀਸਟਾਰ ਵਲੋਂ ਪ੍ਰਕਾਸ਼ਿਤ ਖੁੱਲ੍ਹੀ ਕਵਿਤਾ ਦੀ ਇਹ ਪੁਸਤਕ 'ਕਿਣਕਾ ਕਿਣਕਾ ਹਿੰਸਾ' ਕਈ ਪੱਖਾਂ ਤੋਂ ਕਾਵਿ ਵੇਦਨਾ 'ਚ ਵਿਚਾਰਨਯੋਗ ਹੈ। ਆਮ ਤੌਰ 'ਤੇ ਪੁਸਤਕ ਦੇ ਸਿਰਲੇਖ ਨਾਲ ਕਈ ਵਾਰ ਅੰਦਰਲਾ ਬਹੁਤਾ ਕੁਝ ਮੇਲ ਨਹੀਂ ਖਾਂਦਾ ਹੁੰਦਾ ਪਰ ਡਾ. ਸੋਹਲ ਨੇ ਹਿੰਸਾ ਦੇ ਬਹੁਤ ਸਾਰੇ ਕਿਣਕਿਆਂ ਨੂੰ ਇਸ ਪੁਸਤਕ ਰਾਹੀਂ ਸਮੇਟਣ ਦਾ ਸਫ਼ਲ ਯਤਨ ਕੀਤਾ ਹੈ। ਹਿੰਸਾ, ਅਜ਼ਾਰੇਦਾਰੀ ਅਤੇ ਸਰਮਾਏਦਾਰੀ ਦੀ ਵੀ ਹੈ ਅਤੇ ਉਸਨੇ ਅਡਾਨੀ ਵਰਗਿਆਂ ਦਾ ਹਵਾਲਾ ਵੀ ਕਾਵਿ ਰੂਪ 'ਚ ਸਫਲਤਾਪੂਰਵਕ ਦਿੱਤਾ ਹੈ। ਹਿੰਸਾ ਮਾਂ ਦੀ ਕੁੱਖ 'ਚ ਤੇ ਮੀਡੀਆ 'ਚ ਵੀ ਹੈ। ਉਹ ਗੋਦੀ ਮੀਡੀਆ ਦੀ ਗੱਲ ਵੀ ਕਹਿ ਰਹੀ ਹੈ,

'ਆਹ ਵੇਖ ਦਿੱਲੀਏ...ਤੇਰੇ ਗੋਦੀ ਮੀਡੀਏ ਦੀਆਂ ਚਾਲਾਂ


ਜੋ ਦੱਸਦਾ ਸੀ ਸ਼ਰਾਬੀ ਨਸ਼ੱਈ,<br>
ਵੇਖ ਹੁਣ ਮੇਰੇ ਬਹਾਦਰ,<br>
ਧੀਆਂ ਪੁੱਤਰ, ਬੱਚੇ ਬਾਬੇ,<br>
ਮਾਤਾਵਾਂ ਤੇ ਜੁਆਨ,<br>
ਜੈਕਾਰੇ ਲਾਉਂਦੀਆਂ ਲਾਡਲੀਆਂ ਫੌਜਾਂ।<br>
...ਕੁਝ ਕਹਿਣ ਤੋਂ ਬਚਿਆ ਕੀ ਹੈ?

ਆਮ ਤੌਰ 'ਤੇ ਹੱਸਦੇ ਚਿਹਰੇ ਵਾਲੀ ਡਾ. ਸੋਹਲ 'ਅਸੀਂ ਲੋਹ ਪੁਰਸ਼' ਕਵਿਤਾ ਰਾਹੀਂ ਇਕ ਹੋਰ ਹਿੰਸਾ ਨੂੰ ਬਿਆਨ ਕਰਦੀ ਹੈ...

ਜੰਮਿਆ ਸਾਂ ਤਾਂ,<br>
ਮਾਂ ਨੇ ਰੱਖੀ ਸਰਹਾਣੇ,<br>
ਲੋਹੇ ਦੀ ਕਰਦ,<br>
ਲੋਹਾ ਮੇਰੇ ਸੰਗ,<br>
ਕੜਾ ਕੰਪਿਊਟਰ,<br>
ਡੋਲੀ ਵਾਲੀ ਕਾਰ।

ਮਿੱਥਾਂ ਬਦਲਣ ਲੱਗੀਆਂ ਹਨ, ਹੁਣ ਸੱਚੀਂ ਕਈ ਪਹਾੜ ਨੇੜਿਓਂ ਵੀ ਚੰਗੇ ਲੱਗਣ ਲੱਗੇ ਹਨ। ਇਵੇਂ ਸਾਹਿਤ 'ਚ ਕਾਵਿ ਪੱਖੋਂ ਵੀ ਆਪਣੀ ਗੱਲ ਕਹਿਣ ਦੇ ਕਈ ਪ੍ਰਭਾਵਸ਼ਾਲੀ ਅੰਦਾਜ਼ ਉਸ ਨੇ ਪੇਸ਼ ਕੀਤੇ ਹਨ...

ਗਰਮ ਲੋਹੇ 'ਤੇ ਹਥੌੜਾ ਮਾਰੋਗੇ<br>
ਤਾਂ ਤਲਵਾਰਾਂ ਹੀ ਬਨਣਗੀਆਂ।<br>
ਸਮੇਂ ਦੀ ਦੰਦਲ ਤੋੜਨ ਲਈ,<br>
ਹਥਿਆਰਾਂ ਦੀ ਲੋੜ...




*'ਕਿਣਕਾ ਕਿਣਕਾ ਹਿੰਸਾ' ਦਾ ਸਰਵਰਕ।*

--<br>
ਪੈਂਤੜੇ ਬਦਲੇ,<br>
ਡਾਇਲਾਗ ਜੁਮਲੇ,<br>
ਜ਼ੁਲਮ ਵੀ ਅਤੇ ਕਰਨ ਵਾਲੇ ਹੀ,<br>
ਹੁੰਦੇ ਅੱਤਵਾਦੀ...

ਆਦਿ ਕਵਿਤਾਵਾਂ ਨਾਲ ਸਰਕਾਰੀ ਸਿਰਾਂ 'ਚ 'ਠੋਲੇ' ਟਿਕਾ ਕੇ ਮਾਰੇ ਹਨ।

ਜਿਵੇਂ 'ਅਸੀਂ ਖਾੜਕੂ ਹੁੰਨੇ ਹਾਂ' ਕਵਿਤਾ 'ਚ ਅੰਦਾਜ਼-ਏ-ਬਿਆਨੀ...

ਗਰੂਰ ਸਿਆਸਤ ਸਰਮਾਇਆ,<br>
ਸਭ ਇੱਥੇ ਹੀ ਰਹਿਣਾ ਹੁੰਦਾ,<br>
ਧਰਿਆ ਧਰਾਇਆ,<br>
ਤੂੰ ਭੁਲੇਖੇ 'ਚ ਨਾ ਰਹੀਂ,<br>
ਸਿਆਸਤਦਾਨਾਂ,<br>
ਸਰਮਾਏਦਾਰਾਂ,<br>
ਲੋਕਤੰਤਰ ਦਾ ਘਾਣ,<br>
ਹੁਣ ਤਾਂ ਤੈਨੂੰ ਰਾਸ ਆਉਣਾ,<br>
ਅਸੀਂ ਵੀ ਭਾਊ! ਖਾੜਕੂ ਹੁੰਨੇ ਆਂ।

ਕਵਿਤਾ ਤੇ ਗੀਤ, ਤਾਲ ਤੇ ਸੁਰ ਦਾ ਹੀ ਸਿਰਫ ਰੂਪ ਨਹੀਂ ਹੁੰਦੇ, ਅੰਦਰਲੇ ਜਜ਼ਬਾਤਾਂ ਦਾ 'ਜੰਬੂਰ' ਵੀ ਹੁੰਦੇ ਹਨ ਜੋ ਜਾੜ੍ਹਾਂ ਹੀ ਨਹੀਂ ਹਿੰਸਾ ਦੇ ਅਜਿਹੇ ਰੂਪਾਂ ਦੀਆਂ ਜੜ੍ਹਾਂ ਪੁੱਟਣ ਲਈ ਵੀ ਵਰਤੇ ਜਾਂਦੇ ਹਨ। ਇਹ ਗੱਲ ਡਾਕਟਰ ਸੋਹਲ ਦੀ 'ਸੁਣ' ਕਵਿਤਾ ਰਾਹੀਂ ਤਸਦੀਕ ਵੀ ਹੁੰਦੀ ਹੈ...

ਸੁਣ ਕਵਿਤਾ,<br>
ਤੂੰ ਇਹੋ ਜਿਹੀ ਹੋ ਗਈਂ ਏਂ,<br>
ਹੁਸਨ ਇਸ਼ਕ ਦੀਆਂ ਬਾਤਾਂ ਪਾਉਂਦੀ,<br>
ਤੂੰ ਕੀਰਨੇ ਕਿਉਂ ਪਾਉਣ ਡਈ ਏਂ।

ਕਿਸਾਨ ਅੰਦੋਲਨ ਅਤੇ ਦਿੱਲੀ ਦੇ ਬਾਰਡਰਾਂ ਦੀ ਗੱਲ ਬਹੁਤ ਹੀ ਭਾਵੁਕ ਸ਼ਬਦਾਂ ਦੇ ਬਾਣਾਂ ਨਾਲ ਕੀਤੀ ਹੈ। ਕਵਿਤਾ ਕਈ ਥਾਂ ਜੁਅਰਤ ਵੀ ਵਿਖਾਉਂਦੀ ਹੈ ਕਿ ਹਿੰਸਾ ਦਾ ਕਣ ਕਣ ਰੜਕ ਰਿਹਾ।

ਵੇਖ ਆਪਣਾ ਦਿੱਲੀ ਦਿਆ ਜਰਵਾਣਿਆਂ,<br>
ਕਾਰਪੋਰੇਟੀ ਸੁਪਨੇ ਤੇਰੇ,<br>
ਇਨ੍ਹਾਂ ਮਿੱਟੀ 'ਚ ਕਰਨੇ ਖੇਹ,

ਕਰੀਬ 56 ਕਵਿਤਾਵਾਂ ਦੇ ਇਸ 'ਕਿਣਕਾ ਕਿਣਕਾ ਹਿੰਸਾ' ਸਮੂਹ 'ਚ...

ਆ ਵੇਖ ਓ ਬਾਬਾ ਨਾਨਕਾ,<br>
ਤੈਨੂੰ ਵਾਜਾਂ ਪਈਆਂ ਮਾਰਾਂ ਓਏ,<br>
ਜਿਨ੍ਹਾਂ ਖੇਤਾਂ ਵਿਚ ਹਲ ਵਾਹਿਆ ਸੀ,<br>
ਅੱਜ ਵੇਚ ਰਹੀ ਐ ਸਰਕਾਰ ਓਏ,<br>
--<br>
ਧੜਾਂ ਦੀਆਂ ਨਹੀਂ,<br>
ਸਿਰਾਂ ਦੀਆਂ ਬਾਜੀਆਂ ਨਾਲ,<br>
ਬਦਲਦੀ ਏ ਤਕਦੀਰ,

'ਪੰਜਾਬ ਸਿਹਾਂ' ਕਵਿਤਾ 'ਚ ਡਾ. ਸੋਹਲ ਨੇ ਪੰਜਾਬ ਦੀ ਮਾਨਸਕਿ ਪੀੜਾ ਨੂੰ ਬਾਕਮਾਲ ਪੇਸ਼ ਕੀਤਾ ਹੈ।


ਪੰਜਾਬ ਸਿਹਾਂ,<br>
ਤੂੰ ਬਚ,<br>
ਜਿਵੇਂ ਬਚ ਸਕਦੈਂ,<br>
ਮੈਂ ਤੈਨੂੰ ਤਲਵਾਰ ਤੋਪਾਂ ਨਾਲ<br>
ਨਹੀਂ ਮਾਰਾਂਗਾ,<br>
ਮੈਂ ਚੁਰਾ ਲਵਾਂਗਾ ਤੇਰਾ ਰੇਤਾ,<br>
ਖੋਲ੍ਹ ਦੇਵਾਂਗਾ ਭਾਖੜੇ ਦੇ ਫਲੱਡ ਗੇਟ,<br>
ਡੋਬ ਦੇਵਾਂਗਾ ਤੇਰੇ ਪਿੰਡਾਂ ਦੇ ਪਿੰਡ,<br>
ਮਰ ਜਾਣਗੇ ਤੇਰੇ ਬੰਦੇ, ਬੱਚੇ ਡੰਗਰ,<br>
ਤੇ ਹੜ੍ਹ ਪੀੜਤਾਂ ਦੇ ਨਾਂ 'ਤੇ,<br>
ਇਕੱਠਾ ਹੋਵੇਗਾ ਧਨ।

ਸੱਚੀਂ! ਇਸ ਕਵਿਤਾ ਵਿਚਲਾ ਬਹੁਤ ਕੁਝ ਆਪਣੇ ਆਪ ਲੜ ਬੰਨ੍ਹ ਹੋ ਜਾਂਦਾ ਹੈ। ਗਰੇ ਲਾਉਣ ਨਾਲੋਂ ਕੀਮਤੀ ਢੇਰੀਆਂ ਲਾਉਣੀਆਂ ਚਾਹੀਦੀਆਂ ਨੇ।

ਮੁਬਾਰਕ ਡਾ. ਸਰਬਜੀਤ ਕੌਰ ਸੋਹਲ।

# ਅਯੁੱਧਿਆ ਦੇ ਠੱਗ

## ਸਾਧੂਆਂ ਦੀ ਦੁਨੀਆ ਅਤੇ ਸਿਆਸਤ-2




***ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਅੰਗਰੇਜ਼ੀ ਕਿਤਾਬ 'ਅਸੈਟਿਕ ਗੇਮਜ਼' ਵਿਚ ਪੇਸ਼ ਕੀਤੇ ਹਨ। ਇਸ ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਅਹਿਮ ਕਿਤਾਬ ਦੀ ਦੂਜੀ ਕਿਸ਼ਤ ਹਾਜ਼ਿਰ ਹੈ।***

ਅਜੀਤ ਦਾਸ ਨੇ ਮ੍ਰਿਤਕ ਨਾਗੇ ਨੂੰ ਬਾਂਸ ਦੀ ਪੌੜੀ ਤੋਂ ਚੁੱਕਿਆ ਅਤੇ ਲੱਤਾਂ ਤੋਂ ਫੜ ਕੇ ਹਵਾ ਵਿਚ ਉਛਾਲਿਆ। ਨਿਰਵਾਣੀ ਅਨੀ (ਸਮੂਹ) ਅਧੀਨ ਨਿਰਵਾਣੀ, ਨਿਰਮੋਹੀ ਅਤੇ ਦਿਗੰਬਰ ਅਖਾੜੇ ਆਉਂਦੇ ਹਨ। ਨਿਰਵਾਣੀ ਅਖਾੜੇ ਦੀ ਲਾਲ ਪੱਥਰ ਨਾਲ ਬਣੀ ਵਿਸ਼ਾਲ ਇਮਾਰਤ ਵਿਚ 600 ਲੋਕ ਰਹਿੰਦੇ ਹਨ। ਇਸ ਦੇ ਵਿਚਕਾਰ ਵੱਡਾ ਹਨੂੰਮਾਨ ਮੰਦਰ ਹੈ। ਆਲੇ ਦੁਆਲੇ ਸਾਧਾਂ ਵੈਰਾਗੀਆਂ ਲਈ ਵੱਡੇ ਹਨੇਰੇ ਕਮਰੇ ਹਨ ਜਿਨ੍ਹਾਂ ਨੂੰ ਆਸਣ ਵੀ ਕਹਿੰਦੇ ਹਨ। ਬਾਹਰਲੇ ਪਾਸੇ ਸੈਂਕੜੇ ਦੁਕਾਨਾਂ ਹਨ ਜਿਨ੍ਹਾਂ 'ਤੇ ਹਨੂੰਮਾਨ ਗੜ੍ਹੀ ਦੇ ਮਹੰਤ ਕਾਬਜ਼ ਹਨ। ਦੱਖਣ ਵੱਲ ਇਮਲੀ ਬਾਗ ਵਿਚ ਵੀ ਦੂਹਰੀ ਮੰਜ਼ਿਲ ਵਾਲੀਆਂ ਇਮਾਰਤਾਂ ਹਨ ਜਿਸ ਵਿਚ ਸਭ ਤੋਂ ਸ਼ਕਤੀਸ਼ਾਲੀ ਨਾਗਾ ਵੈਰਾਗੀ ਗਿਆਨ ਦਾਸ 1990 ਤੋਂ ਰਹਿੰਦੇ ਹਨ। 25 ਨਵੰਬਰ 2005 ਨੂੰ ਹਨੂੰਮਾਨ ਮੰਦਰ ਅਤੇ



**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਇਸ ਦੇ ਰਸਤੇ ਵਿਚ ਹੀ ਲੜਾਈ ਹੋਈ। ਇਹ ਲੜਾਈ ਗਿਆਨ ਦਾਸ ਅਤੇ ਧਰਮ ਦਾਸ ਜੋ ਆਰ.ਐੱਸ.ਐੱਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐੱਚ.ਵੀ.) ਦੇ ਨੇੜੇ ਹੋਣ ਕਾਰਨ ਕਾਫੀ ਸ਼ਕਤੀਸ਼ਾਲੀ ਬਣ ਗਿਆ, ਵਿਚਕਾਰ ਹੋਈ। ਦੋ ਪਹਿਲਵਾਨ ਜੋ ਇੱਕੋ ਗੁਰੂ ਹਰੀਸ਼ੰਕਰ ਦਾਸ ਦੇ ਚੇਲੇ ਰਹੇ ਸਨ, ਹੁਣ ਦੁਸ਼ਮਣ ਬਣ ਗਏ ਸਨ।

ਗਿਆਨ ਦਾਸ ਅਤੇ ਧਰਮ ਦਾਸ ਵਿਚਕਾਰ ਸ੍ਰੀ ਮਹੰਤੀ ਲਈ ਲੜਾਈ ਲੰਮੇ ਸਮੇਂ ਤੋਂ ਧੁਖ ਰਹੀ ਸੀ। ਸ੍ਰੀ ਮਹੰਤੀ ਹਰ ਕੁੰਭ, ਅਰਧ-ਕੁੰਭ ਸਮੇਂ ਜਗ੍ਹਾ ਅਲਾਟ ਕਰਨ ਅਤੇ ਹੋਰ ਪ੍ਰਬੰਧਾਂ ਸਮੇਂ ਚੰਗਾ ਧਨ ਤੇ ਸ਼ਕਤੀ ਇਕੱਠਾ ਕਰਨ ਦਾ ਸਾਧਨ ਸੀ। ਗਿਆਨ ਦਾਸ ਦੀ ਤਾਕਤ 1990 ਦੇ ਦਹਾਕੇ ਦੇ ਪਹਿਲੇ ਅੱਧ ਤੋਂ ਵਧਣੀ ਸ਼ੁਰੂ ਹੋਈ ਜਦੋਂ ਪੀ.ਵੀ. ਨਰਸਿਮਹਾ ਰਾਓ ਪ੍ਰਧਾਨ ਮੰਤਰੀ ਸਨ। ਉਸ ਨੇ ਸਾਧੂਆਂ ਅਤੇ ਸੰਘ ਪਰਿਵਾਰ ਵਿਚਲੀ ਨੇੜਤਾ ਤੋੜਨ ਦੇ ਯਤਨ ਕੀਤੇ। ਗਿਆਨ ਦਾਸ ਨੂੰ ਚੰਦਰਾ ਸੁਆਮੀ (ਉਘਾ ਤੰਤਰਿਕ) ਦਾ ਵੀ ਥਾਪੜਾ ਸੀ। ਉਹ ਮੁੱਢਲੇ ਤੌਰ 'ਤੇ ਯੂਥ ਕਾਂਗਰਸ ਦਾ ਲੀਡਰ ਸੀ। 1970 ਤੋਂ ਉਸ ਦੀ ਚੜ੍ਹਾਈ ਸ਼ੁਰੂ ਹੋ ਗਈ। 1985 ਵਿਚ ਫਰਾਡ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਹੋਇਆ। ਉਸ ਦੇ ਇਰਾਨ-ਕੌਂਟਰਾ ਸਕੈਂਡਲ ਅਤੇ ਅਦਨਾਨ ਖਗੋਸ਼ੀ ਨਾਲ ਸਬੰਧ ਸਨ ਜੋ ਹਥਿਆਰਾਂ ਦਾ ਕੌਮਾਂਤਰੀ ਦਲਾਲ ਸੀ। ਉਸ ਦੇ ਨਰਸਿਮਹਾ ਰਾਓ ਦੇ ਪੁੱਤਰ ਪੀ.ਵੀ. ਰਾਜਸ਼ੇਖਰ ਰਾਓ, ਵੀ.ਸੀ. ਸ਼ੁਕਲਾ, ਕਮਲਕਾਂਤ ਚੰਦਰਸ਼ੇਖਰ, ਦੇਵੀ ਲਾਲ ਆਦਿ ਨਾਲ ਵੀ ਚੰਗੇ ਸੰਬੰਧ ਸਨ। ਇਹ ਸਾਰੇ ਉਸ ਦੀ ਮਾਤਾ ਦੇ ਸਸਕਾਰ ਸਮੇਂ ਅਪਰੈਲ 1993 ਵਿਚ ਹਾਜ਼ਰ ਸਨ। ਚੰਦਰਾ ਸਵਾਮੀ, ਨੂੰ ਰਾਓ ਨੇ 30 ਸਾਧੂਆਂ ਅਤੇ ਧਰਮ ਅਚਾਰੀਆ ਦੀ ਮੀਟਿੰਗ ਦਿੱਲੀ ਵਿਚ ਕਰਨ ਲਈ ਕਿਹਾ। ਅਪਰੈਲ 1993 ਵਿਚ ਇਹ ਮੀਟਿੰਗ ਹੋਈ ਜਿਸ ਵਿਚ ਜਗਤ ਗੁਰੂ ਰਾਮਾਨੰਦ ਅਚਾਰੀਆ, ਹਰੀ ਅਚਾਰੀਆ, ਰਾਮਾਨੰਦੀ ਸਾਧੂ ਜਿਸ ਦੀ ਅਯੁੱਧਿਆ ਦੇ ਨਾਮੀ ਵੈਰਾਗੀਆਂ ਦੀ ਵੱਡੀ ਗਿਣਤੀ ਵਿਚ ਪਕੜ ਸੀ, ਨੇ ਸਾਥ ਦਿੱਤਾ। ਉਥੇ ਜੋ ਅਹਿਮ ਮਤਾ ਪਾਸ ਕੀਤਾ, ਉਹ ਸੀ- ਹਿੰਦੂ ਧਾਰਮਿਕ ਸਮੂਹਾਂ ਦੀ ਸਿਆਸਤ ਤੋਂ ਦੂਰੀ। ਇਸ ਦੇ ਨਾਲ ਜੂਨ ਦੇ ਪਹਿਲੇ ਹਫਤੇ ਚੰਦਰਾ ਸੁਆਮੀ ਨੇ ਅਯੁੱਧਿਆ ਵਿਚ ਸੋਮ ਯੱਗ ਕੀਤਾ ਅਤੇ ਅਯੁੱਧਿਆ ਅੰਦਰ ਸੰਘ ਪਰਿਵਾਰ ਦੀ ਏਕਤਾ ਤੋੜਨ ਦੇ ਯਤਨ ਕੀਤੇ। ਦੋ ਕਰੋੜ ਦੇ ਇਸ ਵੱਡੇ ਤਮਾਸ਼ੇ ਵਿਚ ਕੇਂਦਰ ਸਰਕਾਰ ਦੀ ਸਿੱਧੀ ਹਮਾਇਤ ਸੀ। ਰਾਜ ਸਰਕਾਰਾਂ ਵੀ ਕੇਂਦਰ ਦੇ ਇਸ਼ਾਰੇ 'ਤੇ ਨੱਚਦੀਆਂ ਸਨ। ਜ਼ਿਲ੍ਹਾ ਮੈਜਿਸਟਰੇਟ ਵੀ.ਐੱਨ. ਪਾਂਡੇ ਦੇ ਆਗਿਆ ਦੇਣ ਤੋਂ ਇਨਕਾਰ ਕਰਨ 'ਤੇ ਬਦਲੀ ਕਰ ਦਿੱਤੀ। ਇਸ ਤਰ੍ਹਾਂ ਐੱਸ.ਐੱਸ.ਪੀ. ਹਰਭਜਨ ਸਿੰਘ ਦੇ ਇਤਰਾਜ਼ ਵੀ ਖਾਰਿਜ ਕਰ ਦਿੱਤੇ ਗਏ। ਚੰਦਰਾ ਸੁਆਮੀ ਦਾ ਸੋਮ ਯੱਗ ਭਾਵੇਂ ਵਿਚ-ਵਿਚਾਲੇ ਖਤਮ ਕਰਨਾ ਪਿਆ ਪਰ ਗਿਆਨ ਦਾਸ ਦੀ ਪ੍ਰਸਿੱਧੀ ਵਧ ਗਈ। ਉਸ ਨੇ ਪੂਰੇ ਜੋਸ਼ ਨਾਲ ਸੰਘ ਪਰਿਵਾਰ ਦੀ ਜਕੜ ਤੋੜਨ ਦੇ ਯਤਨ ਕੀਤੇ। ਇਸ ਵਾਰ ਚੰਦਰਾ ਸੁਆਮੀ ਦੀ ਥਾਂ ਚਾਰ ਮੁੱਖ ਪੀਠਾਂ ਦੇ ਸ਼ੰਕਰਚਾਰੀਆ ਆਦਿ ਸ਼ੰਕਰ ਜੋਤੀ ਪੀਠ ਉਤਰਾਖੰਡ, ਸ੍ਰੀ ਨਗੇਰੀ ਪੀਠ ਕਰਨਾਟਕ, ਗੋਵਰਧਨ ਪੀਠ ਉੜੀਸਾ, ਦੁਆਰਕਾ ਪੀਠ ਗੁਜਰਾਤ, ਸਵਰੂਪਾ ਨੰਦ ਸਰਸਵਤੀ, ਸ਼ੰਕਰਾਚਾਰੀਆ ਦੁਆਰਕਾ ਪੀਠ ਨੇ ਇਸ ਕਾਰਜ ਦੀ ਅਗਵਾਈ ਕੀਤੀ। 27 ਜੂਨ 1993 ਨੂੰ ਸ੍ਰੀ ਨਗੈਰੀ ਵਿਚ ਮੀਟਿੰਗ ਰੱਖੀ। ਇਸ ਮੀਟਿੰਗ ਵਿਚ ਆਜ਼ਾਦ ਗੈਰ-ਸਿਆਸੀ, ਧਾਰਮਿਕ ਸੰਸਥਾ ਨੂੰ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਦਾ ਕੰਮ ਸੌਂਪਿਆ ਅਤੇ ਕੇਂਦਰ ਸਰਕਾਰ ਨੂੰ ਝਗੜੇ ਵਾਲੀ ਜਗ੍ਹਾ ਸੌਂਪਣ ਲਈ ਕਿਹਾ। ਅਕਤੂਬਰ 1993 ਵਿਚ ਫਤਿਹਪੁਰ (ਰਾਜਸਥਾਨ) ਵਿਚ ਰੱਖੀ ਕਨਵੈਨਸ਼ਨ ਵਿਚ ਬਹੁਤ ਸਾਰੇ ਸਾਧੂ ਸੰਤ ਸ਼ਾਮਲ ਹੋਏ ਤੇ ਕਾਂਗਰਸ ਦੀ ਹਮਾਇਤ ਵਾਲਾ ਰਾਮਲੱਲਾ ਟਰਸਟ ਕਾਇਮ ਕੀਤਾ ਗਿਆ। ਇਹ ਵੀ.ਐੱਚ.ਪੀ. ਦੇ ਟਰਸਟ ਦੇ ਬਰਾਬਰ ਕੰਮ ਕਰਨ ਲੱਗਾ। ਸ਼ੰਕਰਾਚਾਰੀਆ ਵਿਚ ਮੱਤਭੇਦ ਪੈਦਾ ਹੋ ਗਏ ਪਰ ਗਿਆਨ ਦਾਸ ਦੀ ਤਾਕਤ ਵਧਦੀ ਗਈ ਅਤੇ ਉਹ ਸਰਵ-ਭਾਰਤੀ ਅਖਾੜਾ ਪ੍ਰੀਸ਼ਦ ਦਾ ਪ੍ਰਧਾਨ ਬਣ ਗਿਆ (2004 ਮਾਰਚ)। ਵਿਸ਼ਵ ਹਿੰਦੂ ਪ੍ਰੀਸ਼ਦ ਨੇ 2005 ਵਿਚ ਧਰਮ ਦਾਸ ਰਾਹੀਂ ਗਿਆਨ ਦਾਸ 'ਤੇ ਹਮਲੇ ਸ਼ੁਰੂ ਕੀਤੇ।


---

ਰਾਮਾਨੰਦੀ ਅਖਾੜੇ ਦੀ ਸ਼ੁਰੂਆਤ ਬਾਰੇ ਅਲੱਗ-ਅਲੱਗ ਵਿਚਾਰ ਹਨ। ਕਈ 1300 ਈਸਵੀ ਅਤੇ ਕਈ 1600 ਈਸਵੀ ਵਿਚ ਸ਼ੁਰੂਆਤ ਦੱਸਦੇ ਹਨ ਪਰ ਇਹ ਦਸਨਾਮੀ ਅਖਾੜੇ ਤੋਂ ਬਾਅਦ ਸ਼ੁਰੂ ਹੋਏ ਕਿਉਂਕਿ ਇਹ ਦਸਨਾਮੀ ਅਖਾੜੇ ਨਾਲ ਮਿਲਦੇ ਜੁਲਦੇ ਹਨ। ਰਾਮਾਨੰਦ ਅਤੇ ਰਾਮਾਨੰਦੀ ਅਖਾੜਿਆਂ ਦੀ ਸ਼ੁਰੂਆਤ ਰਾਹੀਂ ਸ਼ੈਵ ਤੋਂ ਮੁਕਤੀ ਪਾਉਣ ਦੀ ਕੋਸ਼ਿਸ਼ ਕੀਤੀ। ਸ਼ੈਵ ਤੇ ਵੈਸ਼ਨਵ ਵਿਚ ਲੜਾਈ ਲੰਮਾ ਸਮਾਂ ਰਹੀ। ਭੈਰਵ ਗਿਰੀ ਸ਼ੈਵ ਸੰਨਿਆਸੀ, ਇੱਕ ਵੈਸ਼ਨਵ ਸੰਨਿਆਸੀ ਨੂੰ ਮਾਰੇ ਬਿਨਾ ਭੋਜਨ ਨਹੀਂ ਸੀ ਕਰਦੇ। 1690 ਨਾਸਿਕ ਅਤੇ 1760 ਹਰਿਦੁਆਰ ਵਿਖੇ ਸ਼ੈਵ ਅਤੇ ਵੈਸ਼ਨਵ ਵਿਚਾਲੇ ਖੂਨੀ ਝੜਪਾਂ ਦਾ ਇਤਿਹਾਸ ਹੈ। 17ਵੀਂ ਸਦੀ ਦੇ ਅੰਤ ਵਿਚ ਵੈਸ਼ਨਵ ਸਾਧੂਆਂ ਨੇ ਜੈਪੁਰ ਕਾਨਫਰੰਸ ਕੀਤੀ। ਬਾਲਨੰਦ (ਰਾਮਨੰਦੀ) ਨੂੰ ਸ਼ੈਵ ਦਾ ਟਾਕਰਾ ਕਰਨ ਦੀ ਜ਼ਿੰਮੇਵਾਰੀ ਸੌਂਪੀ। ਉਸ ਨੇ ਤਿੰਨ ਅਨੀ (ਸਮੂਹ)- ਨਿਰਵਾਣੀ, ਨਿਰਮੋਹੀ ਤੇ ਦਿਗੰਬਰ ਬਣਾਏ ਅਤੇ ਉਸ ਨੂੰ ਅੱਗੇ ਅਖਾੜਿਆਂ ਵਿਚ ਵੰਡਿਆ ਜਿੱਥੇ ਅਸ਼ਤਰਧਾਰੀ ਸਾਧੂ ਰਹਿੰਦੇ ਸਨ।



ਮਹੰਤ ਗਿਆਨ ਦਾਸ

***ਗਿਆਨ ਦਾਸ ਅਤੇ ਧਰਮ ਦਾਸ ਵਿਚਕਾਰ ਸ੍ਰੀ ਮਹੰਤੀ ਲਈ ਲੜਾਈ ਲੰਮੇ ਸਮੇਂ ਤੋਂ ਧੁਖ ਰਹੀ ਸੀ। ਸ੍ਰੀ ਮਹੰਤੀ ਹਰ ਕੁੰਭ, ਅਰਧ-ਕੁੰਭ ਸਮੇਂ ਜਗ੍ਹਾ ਅਲਾਟ ਕਰਨ ਅਤੇ ਹੋਰ ਪ੍ਰਬੰਧਾਂ ਸਮੇਂ ਚੰਗਾ ਧਨ ਤੇ ਸ਼ਕਤੀ ਇਕੱਠਾ ਕਰਨ ਦਾ ਸਾਧਨ ਸੀ। ਗਿਆਨ ਦਾਸ ਦੀ ਤਾਕਤ 1990 ਦੇ ਦਹਾਕੇ ਦੇ ਪਹਿਲੇ ਅੱਧ ਤੋਂ ਵਧਣੀ ਸ਼ੁਰੂ ਹੋਈ ਜਦੋਂ ਪੀ.ਵੀ. ਨਰਸਿਮਹਾ ਰਾਓ ਪ੍ਰਧਾਨ ਮੰਤਰੀ ਸਨ। ਉਸ ਨੇ ਸਾਧੂਆਂ ਅਤੇ ਸੰਘ ਪਰਿਵਾਰ ਵਿਚਲੀ ਨੇੜਤਾ ਤੋੜਨ ਦੇ ਯਤਨ ਕੀਤੇ। ਗਿਆਨ ਦਾਸ ਨੂੰ ਚੰਦਰਾ ਸੁਆਮੀ (ਉਘਾ ਤੰਤਰਿਕ) ਦਾ ਵੀ ਥਾਪੜਾ ਸੀ। ਉਹ ਮੁੱਢਲੇ ਤੌਰ 'ਤੇ ਯੂਥ ਕਾਂਗਰਸ ਦਾ ਲੀਡਰ ਸੀ।***



ਮਹੰਤ ਧਰਮ ਦਾਸ

ਨਿਰਵਾਣੀ ਅਨੀ ਵਿਚ ਨਿਰਵਾਣੀ ਖਾਕੀ ਤੇ ਨਿਰਅੰਬਰੀ ਅਖਾੜਾ, ਨਿਰਮੋਹੀ ਐਨੀ ਵਿਚ ਨਿਰਮੋਹੀ, ਮਹਾਂ ਨਿਰਵਾਣੀ ਤੇ ਸੰਤੋਸ਼ੀ ਅਖਾੜਾ, ਦਿਗੰਬਰ ਐਨੀ ਵਿਚ ਰਾਮ ਦਿਗੰਬਰ ਤੇ ਸ਼ਾਮ ਦਿੰਗਬਰ ਅਖਾੜੇ ਬਣਾਏ।

ਜਿੱਥੇ ਅੱਜ ਹਨੂੰਮਾਨ ਗੜ੍ਹੀ ਸਥਿਤ ਹੈ, ਉਹ ਜੂਨਾ ਅਖਾੜਾ ਦੇ ਸ਼ੈਵ ਸਾਧੂਆਂ ਦੇ ਕਬਜ਼ੇ ਵਿਚ ਸੀ (18ਵੀਂ ਸਦੀ ਦੇ ਸ਼ੁਰੂਆਤੀ ਦੌਰ ਤੱਕ) ਨਿਰਵਾਣੀ ਅਖਾੜੇ ਦੇ ਵੈਸ਼ਨਵ ਨਾਗਿਆਂ ਨੇ ਮਹੰਤ ਬਾਬਾ ਅਭੈ ਦਾਸ ਦੀ ਅਗਵਾਈ ਵਿਚ ਖੂਨੀ ਝੜਪ ਬਾਅਦ ਇਸ 'ਤੇ ਕਬਜ਼ਾ ਕਰ ਲਿਆ। ਦੰਦ ਕਥਾ ਹੈ ਕਿ ਸ਼ੈਵ ਨਾਗੇ ਤੇ ਮੁਸਲਿਮ ਫਕੀਰ, ਹਨੂੰਮਾਨ ਟਿੱਲੇ 'ਤੇ ਇੱਕ ਪੱਥਰ ਦੀ ਪੂਜਾ ਕਰਦੇ ਸਨ। ਸ਼ੈਵ ਇਸ ਨੂੰ ਹਨੂੰਮਾਨ ਦਾ ਅਵਤਾਰ ਮੰਨਦੇ ਸਨ। ਫਕੀਰ ਇਸ ਨੂੰ ਹਥੀਲੇ (ਮੁਸਲਿਮ ਪੀਰ) ਦਾ ਅਵਤਾਰ ਮੰਨਦੇ ਸਨ। ਪਹਿਲਾਂ ਤਾਂ ਨਿਰਵਾਣੀ ਅਖਾੜੇ ਦੇ ਅਭੈ ਰਾਮ ਦਾਸ ਨੂੰ ਸਰਯੂ ਦਰਿਆ ਦੇ ਕੰਢੇ ਭਾਂਜ ਦਿੱਤੀ ਪਰ ਇਸ ਨੂੰ ਰਾਤ ਵੇਲੇ ਸੁੱਤਿਆਂ ਹਨੂੰਮਾਨ ਸੁਪਨੇ ਵਿਚ ਆਏ ਅਤੇ ਉਸ ਨੇ ਸ਼ੈਵਾਂ ਨੂੰ ਭਜਾ ਦਿੱਤਾ। ਬਾਅਦ ਵਿਚ ਅਵਧ ਦੇ ਨਵਾਬ ਦੀ ਮਦਦ ਨਾਲ ਹਨੂੰਮਾਨ ਟਿੱਲੇ ਨੂੰ ਪਹਿਲਾ ਮੰਦਰ ਅਤੇ ਫਿਰ ਹਨੂੰਮਾਨ ਗੜ੍ਹੀ ਦਾ ਰੂਪ ਦਿੱਤਾ ਗਿਆ। ਹੁਣ ਇਹ ਨਿਰਵਾਣੀ ਅਖਾੜੇ ਦਾ ਅੱਡਾ ਬਣ ਗਿਆ। ਉਸੇ ਸਦੀ ਦੇ ਅੱਧ ਵਿਚ ਸ੍ਰੀ ਮਹੰਤ ਬਲਰਾਮ ਦਾਸ ਛੇਵੇਂ ਨੇ ਨਿਰਵਾਣੀ ਅਖਾੜੇ ਦੀ ਕਾਰਜਵਿਧੀ ਬਦਲ ਦਿੱਤੀ। ਉਸ ਨੇ ਪੰਚਾਇਤੀ ਸਿਸਟਮ ਬਣਾਇਆ ਜਿਸ ਵਿਚ ਖਾਸ ਸਮੇਂ ਲਈ ਚੁਣੀ ਪੰਚਾਇਤ (ਬੰਦਾ ਨਹੀਂ) ਹੀ ਫੈਸਲੇ ਕਰਦੀ ਸੀ। ਗਿਆਨ ਦਾਸ ਨੇ ਇਹ ਪ੍ਰਬੰਧ ਬੰਦ ਕਰ ਦਿੱਤਾ। ਉਸ ਨੇ ਅਜਿਹਾ ਆਪਣੇ ਆਪ ਨੂੰ ਨਿਰਵਾਣੀ ਅਨੀ ਦੇ ਮਹੰਤ ਵਜੋਂ ਸਥਾਪਿਤ ਕਰਨ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਦਮੀ ਧਰਮ ਦਾਸ ਨੂੰ ਖੂੰਜੇ ਲਾਉਣ ਲਈ ਕੀਤਾ। ਇਸ ਕਾਰਨ 2005 ਵਿਚ ਲੜਾਈ ਹੋਈ। ਸ੍ਰੀ ਮਹੰਤ ਦੀ ਚੋਣ ਵਿਚ ਸਾਰੇ ਅਖਾੜੇ ਦੇ ਮਹੰਤ ਭਾਗ ਲੈਂਦੇ ਹਨ। ਪਰੰਤੂ ਹੁੰਦਾ ਅਸਲ ਵਿਚ ਇਸ ਤਰ੍ਹਾਂ ਹੀ ਹੈ ਕਿ ਅਨੀ (ਸਮੂਹ) ਦੇ ਵੱਡੇ ਅਖਾੜੇ ਦੇ ਸ੍ਰੀ ਮਹੰਤ ਕਿਸੇ ਦਾ ਨਾਮ ਪੇਸ਼ ਕਰ ਦਿੰਦਾ ਹੈ ਜਿਸ 'ਤੇ ਬਾਕੀ ਅਖਾੜੇ ਹਾਮੀ ਭਰ ਦਿੰਦੇ ਹਨ। ਨਿਰਵਾਣੀ ਅਨੀ ਲਈ ਇਹ ਫੈਸਲਾ ਹਨੂੰਮਾਨ ਗੜ੍ਹੀ ਵਿਚ ਹੀ ਹੋਣਾ ਸੀ। ਹਨੂੰਮਾਨ ਗੜ੍ਹੀ ਦੇ ਨਾਗੇ ਚਾਰ ਪੱਤੀਆਂ ਵਿਚ ਵੰਡੇ ਹੋਏ ਹਨ- ਹਰਿਦੁਆਰ, ਬਸੰਤਾ, ਉਜਾਨੀਆਂ, ਸੰਗਰੀਆਂ। ਹਰ ਪੱਤੀ ਅੱਗੇ ਤਿੰਨ ਜਮਾਤਾਂ ਝੂੰਡੀ, ਖਾਲਸਾ ਅਤੇ ਡੂੰਡੀ ਵਿਚ ਵੰਡੀ ਹੋਈ ਹੈ।

ਹਰ ਜਮਾਤ ਦੇ ਅਗਾਂਹ ਦੋ ਟੋਕ ਹੁੰਦੇ ਹਨ ਜਿਸ ਅਧੀਨ ਕਈ ਆਸਣ ਹੁੰਦੇ ਹਨ। ਜੇ ਸ੍ਰੀ ਮਹੰਤ ਦੀ ਅਸਾਮੀ ਖਾਲੀ ਹੋ ਜਾਵੇ ਤਾਂ ਆਸਣਾਂ ਵਿਚ ਜਿਸ ਦਾ ਆਧਾਰ ਮਜ਼ਬੂਤ ਹੈ, ਉਹੀ ਸ੍ਰੀ ਮਹੰਤ ਬਣਦਾ ਹੈ। ਵਾਰੀ ਵਾਲੇ ਸਿਸਟਮ ਅਨੁਸਾਰ ਉਜਾਨੀਆਂ ਪੱਤੀ ਵਿਚ ਧਰਮ ਦਾਸ ਦਾ ਚੰਗਾ ਆਧਾਰ ਸੀ। ਉਸ ਦੀ ਜਮਾਤ ਦੇ ਹਿਸਾਬ ਨਾਲ ਉਸ ਦੀ ਵਾਰੀ ਬਣਦੀ ਸੀ। ਗਿਆਨ ਦਾਸ ਜੋ ਸੰਗਰੀਆਂ ਪੱਤੀ ਵੱਲੋਂ ਸੀ ਤੇ ਜਿਸ ਦੀ ਹਨੂੰਮਾਨ ਗੜ੍ਹੀ ਵਿਚ ਚੰਗੀ ਪੁੱਛ-ਪ੍ਰਤੀਤ ਸੀ, ਅਜਿਹਾ ਨਹੀਂ ਸੀ ਚਾਹੁੰਦਾ। 2004 ਵਿਚ ਸ਼ਿਵਨੰਦਨ ਦਾਸ ਦਾ ਕਾਰਜਕਾਲ ਪੂਰਾ ਹੋਣ ਬਾਅਦ ਹੀ ਸਰਗਰਮੀਆਂ ਸ਼ੁਰੂ ਹੋ ਗਈਆਂ। ਨਿਰਵਾਣੀ ਅਨੀ ਦੇ ਸ੍ਰੀ ਮਹੰਤ ਦਾ ਕਾਰਜਕਾਲ 12 ਸਾਲ ਹੁੰਦਾ ਹੈ।

ਧਰਮ ਦਾਸ ਅਨੁਸਾਰ 19 ਮਾਰਚ 2004 ਨੂੰ ਹਨੂੰਮਾਨ ਗੜ੍ਹੀ ਵਿਚ ਹੋਈ ਮੀਟਿੰਗ ਵਿਚ ਉਸ ਦੇ ਨਾਮ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਸੀ। ਕੁਝ ਮਹੀਨਿਆਂ ਬਾਅਦ ਗਿਆਨ ਦਾਸ ਨੇ ਨਵੀਂ ਮੀਟਿੰਗ ਆਪਣੇ ਘਰ ਸੱਦ ਲਈ ਅਤੇ ਅਵੀਦੇਸ਼ ਦਾਸ ਨੂੰ ਆਪਣੀ ਟੋਕ ਵਿਚ ਸ੍ਰੀ ਮਹੰਤ ਬਣਾਉਣ ਬਾਰੇ ਕਿਹਾ। ਇਸ ਬਾਰੇ 9 ਦਸੰਬਰ ਨੂੰ ਕੇਸ ਹੋ ਗਿਆ।

***ਧਰਮ ਦਾਸ ਨੇ ਅਸਾਮੀ ਖਾਲੀ ਹੋਣ ਤੋਂ 2 ਸਾਲ ਪਹਿਲਾਂ ਹੀ ਕੇਸ ਪਾ ਦਿੱਤਾ ਸੀ। 1995 ਵਿਚ ਗਿਆਨ ਦਾਸ ਨੇ ਹਨੂੰਮਾਨ ਗੜ੍ਹੀ ਦੇ ਨਾਗੇ ਇਕੱਠੇ ਕਰ ਕੇ ਸੰਤ ਸੇਵਕ ਦਾਸ ਦੀ ਥਾਂ, ਸ਼ਿਵਨੰਦਨ ਦਾਸ ਨੂੰ ਮਹੰਤ ਥਾਪਣ ਦੀ ਗੱਲ ਕੀਤੀ। ਸੰਤ ਸੇਵਕ ਦਾਸ ਅਦਾਲਤ ਚਲਿਆ ਗਿਆ। ਫਿਰ ਅਚਾਨਕ ਸੰਤ ਸੇਵਕ ਦਾਸ ਲੋਪ ਹੋ ਗਿਆ (ਮਾਰ ਦਿੱਤਾ ਗਿਆ)। ਧਰਮ ਦਾਸ ਸੰਤ ਸੇਵਕ ਦਾਸ ਵਾਂਗ ਲੋਪ ਹੋਣ ਵਾਲਾ ਨਹੀਂ ਸੀ। ਉਸ ਕੋਲ ਭਾਵੇਂ ਗਿਆਨ ਦਾਸ ਜਿੰਨੀ ਤਾਕਤ ਨਹੀਂ ਸੀ ਪਰ ਉਹ ਚੁੱਪ ਰਹਿਣ ਵਾਲਾ ਵੀ ਨਹੀਂ ਸੀ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮਦਦ ਨਾਲ ਬਿਹਾਰੀ ਨਾਗੇ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ।***

ਧਰਮ ਦਾਸ ਨੇ ਅਸਾਮੀ ਖਾਲੀ ਹੋਣ ਤੋਂ 2 ਸਾਲ ਪਹਿਲਾਂ ਹੀ ਕੇਸ ਪਾ ਦਿੱਤਾ ਸੀ। 1995 ਵਿਚ ਗਿਆਨ ਦਾਸ ਨੇ ਹਨੂੰਮਾਨ ਗੜ੍ਹੀ ਦੇ ਨਾਗੇ ਇਕੱਠੇ ਕਰ ਕੇ ਸੰਤ ਸੇਵਕ ਦਾਸ ਦੀ ਥਾਂ, ਸ਼ਿਵਨੰਦਨ ਦਾਸ ਨੂੰ ਮਹੰਤ ਥਾਪਣ ਦੀ ਗੱਲ ਕੀਤੀ। ਸੰਤ ਸੇਵਕ ਦਾਸ ਅਦਾਲਤ ਚਲਿਆ ਗਿਆ। ਫਿਰ ਅਚਾਨਕ ਸੰਤ ਸੇਵਕ ਦਾਸ ਲੋਪ ਹੋ ਗਿਆ (ਮਾਰ ਦਿੱਤਾ ਗਿਆ)। ਧਰਮ ਦਾਸ ਸੰਤ ਸੇਵਕ ਦਾਸ ਵਾਂਗ ਲੋਪ ਹੋਣ ਵਾਲਾ ਨਹੀਂ ਸੀ। ਉਸ ਕੋਲ ਭਾਵੇਂ ਗਿਆਨ ਦਾਸ ਜਿੰਨੀ ਤਾਕਤ ਨਹੀਂ ਸੀ ਪਰ ਉਹ ਚੁੱਪ ਰਹਿਣ ਵਾਲਾ ਵੀ ਨਹੀਂ ਸੀ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮਦਦ ਨਾਲ ਬਿਹਾਰੀ ਹੋਣ ਕਾਰਨ ਬਿਹਾਰੀ ਨਾਗੇ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ।

ਧਰਮ ਦਾਸ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਹਮਾਇਤ ਮਿਲਣ ਕਾਰਨ ਉਸ ਨੇ ਗਿਆਨ ਦਾਸ ਨੂੰ ਸੁੱਟਣ ਲਈ ਉਸ 'ਤੇ ਮੁਕੱਦਮਾ ਕਰ ਦਿੱਤਾ ਕਿ ਉਸ ਨੇ ਆਪਣੇ ਘਰ ਇਫਤਾਰ ਪਾਰਟੀ ਕਿਉਂ ਰੱਖੀ (ਜੋ ਉਸ ਨੇ 2003 ਤੇ 2004 ਵਿਚ ਰੱਖੀ ਸੀ), ਇਹ ਹਨੂੰਮਾਨ ਗੜ੍ਹੀ ਦੇ ਨਿਯਮਾਂ ਦੇ ਉਲਟ ਹਿੰਦੂ ਨਿਯਮਾਂਵਲੀ ਦੀ ਉਲੰਘਣਾ ਹੈ। ਗਿਆਨ ਦਾਸ ਦੇ ਵਕੀਲ ਰਣਜੀਤ ਲਾਲ ਵਰਮਾ ਅਨੁਸਾਰ ਇਹ ਸਭ ਗਿਆਨ ਦਾਸ 'ਤੇ ਦਬਾਉ ਵਧਾਉਣ ਲਈ ਸੀ।

ਗਿਆਨ ਦਾਸ ਦੇ ਘਰ ਦੇ ਸਾਹਮਣੇ ਗਿਆਨ ਦਾਸ ਵਾਲੀ ਸੰਗਰੀਆਂ ਪੱਤੀ ਵਿਚ ਮਕਸੂਦਨ ਦਾਸ (ਸ਼ੁਕਰ ਬਾਬਾ) ਦਾ ਆਸਣ ਸੀ। ਉਸ ਦੀ ਗਿਆਨ ਦਾਸ ਨਾਲ ਨਹੀਂ ਸੀ ਬਣਦੀ ਪਰ ਉਹ ਚੁੱਪ ਰਹਿੰਦਾ ਸੀ। 25 ਨਵੰਬਰ ਨੂੰ ਉਸ ਦੀ ਮੌਤ ਹੋ ਗਈ। ਮੌਤ ਤੋਂ ਬਾਅਦ ਨਾਗਾ ਸਰੀਰ 'ਤੇ ਨਮਕ ਪਾ ਕੇ ਨਾਗਾ ਸਾਧੂ ਨੂੰ ਸਮਾਧੀ ਵਿਚ ਜਾਂ ਉਸੇ ਤਰ੍ਹਾਂ ਭਾਰਾ ਪੱਥਰ ਬੰਨ੍ਹ ਕੇ ਸਰਯੂ ਦਰਿਆ ਵਿਚ ਛੱਡ ਦਿੰਦੇ ਹਨ। ਉਹ ਸਮਝਦੇ ਹਨ, ਉਹਨਾਂ ਸਾਧੂ ਬਣਨ ਵੇਲੇ ਆਪਣੇ ਸਾਰੇ ਸਬੰਧ ਅਤੇ ਸਰੀਰਕ ਵਸਤਾਂ ਜਲਾ ਦਿੱਤੀਆਂ ਹਨ। ਹੁਣ ਹੋਰ ਜਲਾਉਣ ਵਾਲਾ ਕੀ ਹੈ? ਸਵੇਰੇ 8 ਅੱਠ ਵਜੇ ਜਦੋਂ ਲੋਕ ਹਨੂੰਮਾਨ ਗੜ੍ਹੀ ਦੇ ਦਰਸ਼ਨ ਕਰਨ ਲਈ ਆਉਂਦੇ ਹਨ, ਸ਼ੁਕਰ ਬਾਬਾ ਦੀ ਅਰਥੀ ਤੋਂ ਝਗੜਾ ਸ਼ੁਰੂ ਹੋ ਗਿਆ। ਆਲੇ ਦੁਆਲੇ ਦੇ ਦੁਕਾਨਦਾਰ ਅਤੇ ਗ੍ਰਾਹਕ ਦੁਕਾਨਾਂ ਖੁੱਲ੍ਹੀਆਂ ਛੱਡ ਕੇ ਭੱਜ ਗਏ। ਧਰਮ ਦਾਸ ਦੇ ਕਾਫੀ ਸਾਥੀ ਅਰਥੀ ਵਿਚੋਂ ਬਾਂਸ ਦੀਆਂ ਸੋਟੀਆਂ ਕੱਢ ਕੇ ਗਿਆਨ ਦਾਸ ਦੇ ਬੰਦਿਆਂ ਨੂੰ ਲਲਕਾਰਨ ਲੱਗੇ। ਧਰਮ ਦਾਸ ਦਾ ਭਤੀਜਾ ਅਜੀਤ ਦਾਸ ਜੋ ਅਕਸਰ ਹੀ ਘੋੜੇ 'ਤੇ ਸਵਾਰ ਰਹਿੰਦਾ, ਉੱਥੇ ਆਣ ਧਮਕਿਆ। ਉਸ ਨੂੰ ਕੋਈ ਬਾਂਸ ਦੀ ਸੋਟੀ ਨਾ ਮਿਲੀ ਤਾਂ ਉਸ ਨੇ ਲਾਸ਼ ਨੂੰ ਹੀ ਲੱਤਾਂ ਤੋਂ ਫੜ ਕੇ ਹਵਾ ਵਿਚ ਉਛਾਲਿਆ। ਇੱਟਾਂ ਵੱਟੇ ਚੱਲੇ। ਗਿਆਨ ਦਾਸ ਬੇਵੱਸ ਸਾਰਾ ਕੁਝ ਦੇਖ ਰਿਹਾ ਸੀ। ਉਹ ਅਖਾੜਾ ਪ੍ਰੀਸ਼ਦ ਦਾ ਪ੍ਰਧਾਨ ਸੀ। ਇਸੇ ਦੌਰਾਨ ਪੁਲਿਸ ਆ ਗਈ। ਦੋ ਦਰਜਨ ਨਾਗੇ ਜ਼ਖਮੀ ਹੋ ਗਏ। ਦੋਨਾਂ ਧਿਰਾਂ ਦੇ ਦਰਜਨ ਦੇ ਕਰੀਬ ਨਾਗੇ ਫੈਜ਼ਾਬਾਦ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ। ਧਰਮ ਦਾਸ ਵੀ ਉਹਨਾਂ ਵਿਚ ਸੀ ਪਰ ਗਿਆਨ ਦਾਸ ਨਹੀਂ ਸੀ।

ਗਿਆਨ ਦਾਸ ਭਾਵੇਂ ਆਪਣੀ ਕੁਰਸੀ

**(ਬਾਕੀ ਅਗਲੇ ਸਫੇ 'ਤੇ)**

# ਭਗਤ ਕਬੀਰ ਦੀ ਬਾਣੀ ਹਰ ਯੁਗ ਵਿਚ ਸਾਰਥਿਕ

ਭਗਤ ਕਬੀਰ ਜੀ ਭਾਰਤੀ ਸੰਸਕ੍ਰਿਤੀ ਵਿਚ ਸਥਾਪਤੀ ਵਿਰੁੱਧ ਵਿਦਰੋਹੀ ਵਿਚਾਰ ਪੇਸ਼ ਕਰਨ ਕਰ ਕੇ ਲੋਕਪ੍ਰਿਅਤਾ ਪ੍ਰਾਪਤ ਕਰਨ ਵਾਲੇ ਸ਼੍ਰੋਮਣੀ ਭਗਤ ਹਨ। ਭਗਤੀ ਲਹਿਰ ਦੀਆਂ ਬੁਲੰਦ, ਮਾਨਵਵਾਦੀ ਅਤੇ ਵਿਵੇਕੀ ਸੁਰਾਂ ਵਿਚੋਂ ਕਬੀਰ ਜੀ ਦੀ ਸੁਰ ਪ੍ਰਧਾਨ ਹੈ। ਉਨ੍ਹਾਂ ਜਾਤ-ਪਾਤ ਦੀਆਂ ਵੰਡੀਆਂ ਨੂੰ ਜੜ੍ਹੋਂ ਉਖਾੜਨ ਲਈ ਯੁੱਗ ਪਲਟਾਊ ਬੋਲ ਉਚਾਰੇ। ਉਹ ਰੂਹਾਨੀਅਤ ਨਾਲ ਸਰਸ਼ਾਰ

**ਡਾ. ਰਵਿੰਦਰ ਸਿੰਘ**
**ਫੋਨ: +91-99887-22785**

ਸਨ ਪਰ ਸਮਾਜਿਕ ਅਸਮਾਨਤਾਵਾਂ ਨੂੰ ਖ਼ਤਮ ਕਰਨ ਵੱਲੋਂ ਬੇਧਿਆਨੀ ਨਹੀਂ ਕਰਦੇ ਸਨ। ਉਨ੍ਹਾਂ ਦੀ ਸਮੁੱਚੀ ਬਾਣੀ ਸਮਾਜ ਵਿਚੋਂ ਹਰ ਪ੍ਰਕਾਰ ਦੀ ਨਫ਼ਰਤ ਨੂੰ ਦੂਰ ਕਰਨ, ਸਮਾਜਿਕ ਸਮਾਨਤਾ ਦੇਣ ਅਤੇ ਅਛੂਤਾਂ ਲਈ ਧਾਰਮਿਕ ਦਰਵਾਜ਼ੇ ਖੋਲ੍ਹਣ ਦੀ ਗੱਲ ਕਰਦੀ ਅਤੇ ਭਾਵਨਾ ਰੱਖਦੀ ਹੈ। ਇਹ ਕਿਸੇ ਮਹਾਨ ਕ੍ਰਾਂਤੀ ਤੋਂ ਘੱਟ ਨਹੀਂ ਸੀ। ਉਹ ਫ਼ਿਰਕਾਪ੍ਰਸਤੀ, ਜਾਤ ਆਧਾਰਿਤ ਵਿਤਕਰੇ ਅਤੇ ਭੇਦ-ਭਾਵ ਦੇ ਬਹੁਤ ਵਿਰੁੱਧ ਸਨ। ਭਗਤੀ ਧਾਰਾ ਦੀ ਇਸੇ ਪ੍ਰਾਪਤੀ ਨੂੰ ਆਧਾਰ ਬਣਾ ਕੇ ਗੁਰਮਤਿ ਧਾਰਾ ਦੇ ਸੰਸਥਾਪਕਾਂ ਨੇ ਭਗਤੀ ਲਹਿਰ ਦੇ ਦਰਸ਼ਨ 'ਤੇ ਗੁਰਮਤਿ ਦੀ ਨੀਂਹ ਰੱਖਣ ਲਈ ਉਪਯੋਗ ਕੀਤਾ। ਭਗਤਾਂ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਵੱਡੇ ਪੱਧਰ 'ਤੇ ਦਰਜ ਹੋਣਾ ਇਸ ਦਾ ਪ੍ਰਮਾਣ ਹੈ।

ਭਗਤੀ ਲਹਿਰ ਦੀ ਉਤਪਤੀ ਦੇ ਪਿਛੋਕੜ ਵਿਚ ਮਹੱਤਵਪੂਰਨ ਦਾਰਸ਼ਨਿਕ ਸਿਧਾਂਤ ਕਾਰਜਸ਼ੀਲ ਹਨ। ਇਹ ਸਮਾਂ ਧਾਰਮਿਕ, ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਦਾ ਸੀ। ਭਾਰਤ ਦੀ ਸਵਦੇਸ਼ੀ ਸੰਸਕ੍ਰਿਤੀ ਵਿਚ ਸ਼੍ਰਮਣਿਕ ਧਰਮਾਂ ਦਾ ਬੋਲਬਾਲਾ ਸੀ ਜਿਹੜੇ ਸਰੀਰਕ, ਮਾਨਸਿਕ ਅਤੇ ਅਧਿਆਤਮਕ ਘਾਲ ਘਾਲਦੇ ਸਨ ਅਤੇ ਮੁਕਤੀ ਦਾ ਸੰਕਲਪ ਸਿਰਜਦੇ ਸਨ। ਇਨ੍ਹਾਂ ਧਰਮਾਂ ਵਿਚ ਮੁੱਖ ਤੌਰ 'ਤੇ ਬੁੱਧ ਮੱਤ, ਜੈਨ ਮੱਤ ਅਤੇ ਚਾਰਵਾਕ ਆਉਂਦੇ ਸਨ। ਦੂਜੇ ਪਾਸੇ ਵੈਦਿਕ ਧਰਮ ਵਿਚ ਵਧੇਰੇ ਕਰਮ ਕਾਂਡਾਂ, ਉਪਾਸਨਾ ਅਤੇ ਪੂਜਾ ਆਦਿ 'ਤੇ ਜ਼ੋਰ ਸੀ। ਇਸਲਾਮੀ ਧਾੜਵੀਆਂ ਅਤੇ ਹਮਲਾਵਾਰਾਂ ਦੇ ਹਮਲਿਆਂ ਕਾਰਨ ਭਾਰਤੀ ਲੋਕਾਂ 'ਤੇ ਇਸਲਾਮ ਦਾ ਪ੍ਰਭਾਵ ਵਧ ਰਿਹਾ ਸੀ ਜਿਸ ਕਾਰਨ ਆਮ ਲੋਕ ਭਾਰਤੀ ਸੰਸਕ੍ਰਿਤੀ ਤੋਂ ਦੂਰ ਜਾ ਰਹੇ ਸਨ। ਉਹ ਫਜ਼ੂਲ ਕਰਮ ਕਾਂਡਾਂ ਦੇ ਜਾਲ ਵਿਚ ਫਸੇ ਹੋਏ ਸਨ ਅਤੇ ਅਧਿਆਤਮਕ ਅਤੇ ਨੈਤਿਕ ਸਦਾਚਾਰ ਤੋਂ ਸੱਖਣੇ ਹੋ ਰਹੇ ਸਨ।

ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਇਸ ਸਮੇਂ ਭਾਰਤ ਦੇ ਲਗਭਗ ਸਾਰੇ ਧਰਮ ਸਮਾਜ ਨਾਲੋਂ ਟੁੱਟ ਕੇ ਲੋਕਾਂ ਨੂੰ ਇਸ ਲੋਕ ਨੂੰ ਚੰਗਾ ਬਣਾਉਣ ਦੀ ਥਾਂ ਉਸ ਲੋਕ ਨੂੰ ਚੰਗਾ ਦਰਸਾ ਕੇ ਉਸ ਦੀ ਤਾਂਘ ਵੱਲ ਧੱਕ ਰਹੇ ਸਨ। ਲੋਕ ਇਸ ਜਗਤ ਤੋਂ ਨਿਰਾਸ਼ ਹੋ ਕੇ ਉਪਰਾਮਤਾ ਦੀ ਝੋਲੀ ਜਾ ਪਏ ਸਨ। ਬੁੱਧ ਮੱਤ ਅਤੇ ਵੇਦਾਂਤ ਦੇ ਫ਼ਲਸਫ਼ਿਆਂ ਨੇ ਲੋਕਾਂ ਅੰਦਰ ਸਚਾਈਆਂ ਤੋਂ ਮੂੰਹ ਮੋੜ ਕੇ ਭਾਂਜਵਾਦ ਨੂੰ ਅਪਣਾ ਲੈਣ ਦੀ ਰੁਚੀ ਨੂੰ ਜਨਮ ਦੇ ਦਿੱਤਾ ਸੀ।

ਵੈਦਿਕ ਧਰਮ ਨਾਲ ਪਦਾਰਥਕ ਕੀਮਤਾਂ ਲੋਕਾਂ ਦੇ ਜੀਵਨ 'ਤੇ ਭਾਰੂ ਪੈ ਰਹੀਆਂ ਸਨ। ਭਗਤੀ ਲਹਿਰ ਨੇ ਨਵੇਂ ਅਤੇ ਠੋਸ ਦਾਰਸ਼ਨਿਕ ਸਿਧਾਂਤ ਨੂੰ ਜਨਮ ਦਿੱਤਾ ਜਿਸ ਦਾ ਮੂਲ ਮੰਤਵ ਹਰ ਮਾਨਵ ਨੂੰ ਸਮਾਨਤਾ, ਸਾਂਝੀਵਾਤਾ, ਭਾਈਚਾਰਾ ਅਤੇ ਉਚ-ਨੀਚ ਦੇ ਵਿਤਕਰਿਆਂ ਤੋਂ ਛੁਟਕਾਰਾ ਦਿਵਾਉਣਾ ਹੈ। ਉਨ੍ਹਾਂ ਦਾ ਸੰਕਲਪ ਸਰਵ ਧਰਮ ਸਮਭਾਵ ਸੀ। ਭਾਰਤੀ ਸੰਵਿਧਾਨ ਵਿਚ ਵੀ ਭਗਤਾਂ ਦੁਆਰਾ ਉਲੀਕੀਆਂ ਗਈਆਂ ਕੀਮਤਾਂ ਦਾ ਹੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਗਟਾਵਾ ਹੋਇਆ ਹੈ।

***ਕਬੀਰ ਜੀ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੀਆਂ ਬੁਰਾਈਆਂ 'ਤੇ ਵਾਰ ਕਰਦੇ ਹਨ ਪਰ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦੇ ਸਨ। ਉਨ੍ਹਾਂ ਦੀ ਸਮੁੱਚੀ ਬਾਣੀ ਸਾਰੀ ਖ਼ਲਕਤ, ਮਿੱਧੀ ਹੋਈ ਮਾਨਵਤਾ, ਅਗਿਆਨਤਾ ਵਾਲੀ ਅਤੇ ਹਉਮੈ ਨਾਲ ਗ੍ਰਸਤ ਵਿਸ਼ਿਸ਼ਟ ਜਾਤੀਆਂ ਨੂੰ ਸੰਬੋਧਿਤ ਹੈ। ਉਨ੍ਹਾਂ ਦੁਆਰਾ ਉਚਾਰੇ ਗਏ ਬੋਲ ਸਰਬਕਾਲੀ ਸੱਚ 'ਤੇ ਟਿਕੇ ਹੋਏ ਹਨ। ਉਨ੍ਹਾਂ ਨੇ ਲੋਕਾਂ ਨੂੰ ਸਵੈਮਾਣ ਦੀ ਰੱਖਿਆ ਕਰਨ ਲਈ ਤਿਆਰ ਕੀਤਾ।***

ਕਬੀਰ ਜੀ ਦਾ ਮੁੱਖ ਮਨੋਰਥ ਭਾਰਤੀਆਂ ਦੀ ਜੀਵਨ ਪ੍ਰਤੀ ਖ਼ਤਮ ਹੋ ਰਹੀ ਇੱਛਾ ਸ਼ਕਤੀ ਨੂੰ ਮਜ਼ਬੂਤ ਕਰਨਾ ਸੀ ਤਾਂ ਜੋ ਉਹ ਜੀਵਨ ਦੇ ਸੰਘਰਸ਼ ਲਈ ਤਿਆਰ ਹੋ ਸਕਣ। ਇਸ ਹਾਲਤ ਵਿਚ ਮੱਧਕਾਲੀ ਭਾਰਤ ਦੇ ਸੰਤਾਂ ਨੇ ਧਾਰਮਿਕ ਫਲਸਫੇ ਨੂੰ ਸਮਕਾਲੀ ਲੋੜ ਦੇ ਅਨੁਕੂਲ ਨਵਾਂ ਤੇ ਸੱਜਰਾ ਬਣਾਉਣ ਦਾ ਯਤਨ ਕੀਤਾ। ਬੇਕਾਰ ਤੇ ਖੁੰਢੀਆਂ ਹੋ ਚੁੱਕੀਆਂ ਕਦਰਾਂ-ਕੀਮਤਾਂ ਤੇ ਸਮਾਜਿਕ ਮੁੱਲਾਂ ਨੂੰ ਨਵੇਂ ਸਿਰਿਓਂ ਸਿਰਜ ਕੇ ਭਾਰਤੀ ਸਮਾਜ ਨੂੰ ਨਵਾਂ ਤੇ ਸੱਜਰਾ ਢਾਂਚਾ ਮੁਹੱਈਆ ਕੀਤਾ। ਧਾਰਮਿਕ ਜੀਵਨ ਵਿਚ ਨਵੇਂ ਫਲਸਫੇ ਦੀ ਰੂਹ ਫੂਕੀ। ਉਨ੍ਹਾਂ ਨੇ ਲੋਕਾਂ ਨੂੰ ਸੰਨਿਆਸ ਤੇ ਉਪਰਾਮਤਾ ਦਾ ਤਿਆਗ ਕਰਕੇ ਗ੍ਰਹਿਸਥ ਤੇ ਸਮਾਜਿਕ ਜੀਵਨ ਵੱਲ ਪ੍ਰੇਰਿਆ ਅਤੇ ਅਮਲੀ ਜੀਵਨ ਦੀਆਂ ਸਿਧਾਂਤਕ ਜੁਗਤਾਂ ਮੁਹੱਈਆ ਕੀਤੀਆਂ।

ਇਸ ਦੌਰ ਵਿਚ ਰਾਜ ਸ਼ਕਤੀ ਧਾਰਮਿਕ ਲੋਕਾਂ ਦੇ ਹੱਥ ਵਿਚ ਸੀ ਜਿਸ ਕਾਰਨ ਧਾਰਮਿਕ ਆਗੂ ਕੱਟੜ, ਦੰਭੀ ਅਤੇ ਰਿਸ਼ਵਤਖੋਰ ਹੋ ਗਏ ਸਨ। ਇਨ੍ਹਾਂ ਕੋਲੋਂ ਨਿਆਂ, ਭਲਾਈ ਅਤੇ ਨੈਤਿਕਤਾ ਦੀ ਆਸ ਕਰਨੀ ਗਲਤ ਸੀ। ਵੱਖ-ਵੱਖ ਧਰਮਾਂ ਦੇ ਪ੍ਰਚਾਰਕ ਜ਼ਿੰਦਗੀ ਦੇ ਸਾਰ- ਗਰਭਿਤ ਅਤੇ ਮਾਨਵੀ ਅਰਥਾਂ ਦੀ ਥਾਂ ਫੋਕੀਆਂ ਰਸਮਾਂ, ਧਾਰਮਿਕ ਆਡੰਬਰਾਂ, ਪਾਖੰਡਾਂ ਅਤੇ ਭੇਖਾਂ ਵਿਚ ਵਿਚਰਨ ਲੱਗੇ ਸਨ। ਕਬੀਰ ਜੀ ਦਾ ਇਹ ਸ਼ਬਦ ਵਾਚਣ ਯੋਗ ਹੈ:

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਉਇ ਲੇ ਜਾਰੇ ਉਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥
ਮਨ ਰੇ ਸੰਸਾਰੁ ਅੰਧ ਗਹੇਰਾ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ॥

ਕਬੀਰ ਜੀ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੀਆਂ ਬੁਰਾਈਆਂ 'ਤੇ ਵਾਰ ਕਰਦੇ ਹਨ ਪਰ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦੇ ਸਨ। ਉਨ੍ਹਾਂ ਦੀ ਸਮੁੱਚੀ ਬਾਣੀ ਸਾਰੀ ਖ਼ਲਕਤ, ਮਿੱਧੀ ਹੋਈ ਮਾਨਵਤਾ, ਅਗਿਆਨਤਾ ਵਾਲੀ ਅਤੇ ਹਉਮੈ ਨਾਲ ਗ੍ਰਸਤ ਵਿਸ਼ਿਸ਼ਟ ਜਾਤੀਆਂ ਨੂੰ ਸੰਬੋਧਿਤ ਹੈ। ਉਨ੍ਹਾਂ ਦੁਆਰਾ ਉਚਾਰੇ ਗਏ ਬੋਲ ਸਰਬਕਾਲੀ ਸੱਚ 'ਤੇ ਟਿਕੇ ਹੋਏ ਹਨ। ਉਨ੍ਹਾਂ ਨੇ ਲੋਕਾਂ ਨੂੰ ਸਵੈਮਾਣ ਦੀ ਰੱਖਿਆ ਕਰਨ ਲਈ ਤਿਆਰ ਕੀਤਾ।

ਕਬੀਰ ਜੀ ਦੀ ਸਮਾਜ ਵਿਚ ਵਧ ਰਹੀ ਮਾਣ ਅਤੇ ਪ੍ਰਤਿਸ਼ਠਾ ਤੋਂ ਦੁਖੀ ਹੋ ਕੇ ਧਰਮ ਤੇ ਸਮਾਜ ਦੇ ਠੇਕੇਦਾਰਾਂ ਨੇ ਉਨ੍ਹਾਂ ਦੇ ਮਾਤਾ-ਪਿਤਾ ਬਾਰੇ ਗਲਤ ਮਿੱਥਾਂ ਪ੍ਰਚਲਿਤ ਕੀਤੀਆਂ। ਸਮੇਂ ਦੇ ਹਾਕਮਾਂ ਵੱਲੋਂ ਸਰੀਰਕ ਤੇ ਮਾਨਸਿਕ ਤਸ਼ੱਦਦ ਕੀਤਾ ਗਿਆ। ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਜਦੋਂ ਬਨਾਰਸ (ਹੁਣ ਵਾਰਾਣਸੀ) ਦੌਰੇ 'ਤੇ ਗਏ ਤਾਂ ਉਨ੍ਹਾਂ ਮਜ਼ਹਬੀ ਈਰਖਾ ਕਾਰਨ ਆਪ ਨੂੰ ਬਹੁਤ ਕਸ਼ਟ ਦਿੱਤੇ। ਇਬਰਾਹੀਮ ਲੋਧੀ ਨੇ ਆਪ ਨੂੰ ਕੈਦ ਰੱਖਿਆ ਪਰ ਇਹ ਸੱਚ ਹੈ ਕਿ ਜਿਵੇਂ-ਜਿਵੇਂ ਭਾਰਤੀ ਜਨਤਾ ਵਿਚ ਜਾਗ੍ਰਿਤੀ ਵਧੇਗੀ, ਕਬੀਰ ਬਾਣੀ ਦੀ ਸਾਰਥਿਕਤਾ ਵਧਦੀ ਜਾਵੇਗੀ।

---

ਕਾਇਮ ਰੱਖਣ ਵਿਚ ਸਫਲ ਹੋ ਗਿਆ ਪਰ ਧਰਮ ਦਾਸ ਤਾਕਤਵਰ ਵਿਰੋਧੀ ਦੇ ਤੌਰ 'ਤੇ ਉੱਭਰ ਆਇਆ। ਗਿਆਨ ਦਾਸ ਤੋਂ ਦੁਖੀ ਮਹੰਤ, ਧਰਮ ਦਾਸ ਵੱਲ ਜਾਣ ਲੱਗੇ। ਗਿਆਨ ਦਾਸ ਉਸ ਤੋਂ ਪਹਿਲਾਂ ਸਰਵ ਪ੍ਰਮੁੱਖ ਸੀ ਜੋ ਹੁਣ ਨਰਮ ਪੈਣਾ ਸ਼ੁਰੂ ਹੋ ਗਿਆ। ਅਜੀਤ ਦਾਸ ਜੋ 1992 ਵਿਚ ਨਾਗਾ ਬਣਿਆ, ਅਨੁਸਾਰ ਉਹੀ ਸਰਬੇ-ਸਰਬਾ ਸੀ। ਆਮ ਨਾਗਾ ਸਾਧੂ ਉਸ ਅੱਗੇ ਡੰਡੌਤ ਕਰਦੇ ਸਨ। ਥੋੜ੍ਹੀ ਜਿਹੀ ਵੀ ਸ਼ੱਕ ਪੈਣ 'ਤੇ ਸਖਤ ਸਜ਼ਾ ਦਿੱਤੀ ਜਾਂਦੀ ਸੀ। ਨਾਗੇ ਨੂੰ ਬਾਹਰ ਵੀ ਕਰ ਦਿੱਤਾ ਜਾਂਦਾ ਸੀ।

ਹਨੂੰਮਾਨ ਗੜ੍ਹੀ ਦੀ ਨਿਯਮਾਂਵਾਲੀ ਦੇ ਨਿਯਮ 17 ਅਨੁਸਾਰ ਹਨੂੰਮਾਨ ਗੜ੍ਹੀ ਦੇ ਨਾਗੇ ਨਿਹੰਗਮ (ਅਨਮੈਰਿਡ) ਹੁੰਦੇ ਹਨ। ਇਸ ਸਬੰਧੀ ਕੋਈ ਸ਼ੱਕ ਹੋਣ 'ਤੇ ਨਾਗਾ ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਮੁਸ਼ਕਿਲ ਨਾਲ ਹੀ ਕਰ ਸਕਦਾ ਸੀ। ਹਨੂੰਮਾਨ ਗੜ੍ਹੀ ਦੇ ਨਾਮ ਉੱਤੇ ਉੱਤਰ ਭਾਰਤ ਵਿਚ ਬੇਸ਼ੁਮਾਰ ਜਾਇਦਾਦ ਹੈ। ਇਸ ਲਈ ਇਸ ਦੇ ਪ੍ਰਬੰਧ ਲਈ ਝਗੜੇ ਹੁੰਦੇ ਰਹਿੰਦੇ ਹਨ। ਹਨੂੰਮਾਨ ਮੰਦਰ ਦੇ ਪੁਜਾਰੀ ਦੀ ਹੈਸੀਅਤ ਸ੍ਰੀ ਮਹੰਤ ਦੇ ਬਰਾਬਰ ਹੈ। ਸਾਰੀਆਂ ਪੱਤੀਆਂ ਇੱਕ ਸਾਲ ਲਈ ਉੱਚ ਜਾਤੀ ਨਾਗਾ ਨੂੰ ਪੁਜਾਰੀ ਬਣਾਉਂਦੀਆਂ ਹਨ। ਇਹ ਆਸਣ ਵਿਚ ਉਸ ਦੀ ਸੀਨੀਅਰਤਾ 'ਤੇ ਨਿਰਭਰ ਕਰਦਾ ਹੈ। ਸਾਰੀ ਭੇਟਾ ਪੁਜਾਰੀ ਕੋਲ ਜਾਂਦੀ ਹੈ ਜੋ ਸਾਰੀਆਂ ਪੱਤੀਆਂ ਨੂੰ ਸ਼ੇਰ-ਸੀਧਾ (ਭੋਜਨ) ਅਤੇ ਮੰਦਰ ਦੀ ਮੁਰੰਮਤ ਲਈ ਵਰਤਦਾ ਹੈ।

ਭੇਟਾਵਾਂ ਮੰਦਿਰ ਨੂੰ ਵੱਡੀ ਮਾਤਰਾ ਵਿਚ ਆਉਂਦੀਆਂ ਹਨ। 25 ਨਵੰਬਰ ਤੋਂ ਪਹਿਲਾਂ ਪੁਜਾਰੀ ਬਣਾਉਣ ਲਈ ਗਿਆਨ ਦਾਸ ਦੀ ਹੀ ਪੁੱਗਦੀ ਸੀ। ਹਨੂੰਮਾਨ ਗੜ੍ਹੀ ਵਿਚ ਬਹੁਤ ਸਾਰੇ ਨਾਗੇ ਪੱਕੇ ਤੌਰ 'ਤੇ ਰਹਿੰਦੇ ਹਨ। ਬਹੁਤੇ ਪਹਿਲਵਾਨ ਅਤੇ ਖੂੰਖਾਰ ਲੜਾਕੇ ਹਨ। ਇਹ ਬਾਹਰੀ ਲੋਕਾਂ ਦਾ ਦਖਲ ਰੋਕਦੇ ਹਨ। ਗਿਆਨ ਦਾਸ ਦੀ ਤਾਕਤ ਇਨ੍ਹਾਂ ਕਾਰਨ ਹੀ ਹੈ। ਹਨੂੰਮਾਨ ਗੜ੍ਹੀ ਦੇ ਸ਼ਾਹੀ ਰਾਜਿਆਂ ਦੀ ਕਹਾਣੀ ਅੱਜ ਦੀ ਨਹੀਂ, ਬਹੁਤ ਪੁਰਾਣੀ ਹੈ। ਸਭ ਤੋਂ ਪਹਿਲਾਂ ਇਥੇ ਸ਼ਾਹੀ ਬਾਦਸ਼ਾਹ ਬਜਰੰਗ ਦਾਸ ਹੁੰਦਾ ਸੀ ਜੋ ਕੁਝ ਸਮਾਂ ਸਰਦਾਰੀ ਕਰਨ ਤੋਂ ਬਾਅਦ 70ਵਿਆਂ ਵਿਚ ਮਾਰ ਦਿੱਤਾ ਗਿਆ। ਫਿਰ ਰਾਮ ਖਿਲਾਵਨ ਦਾਸ ਦੀ ਬਾਦਸ਼ਾਹਤ ਸ਼ੁਰੂ ਹੋਈ ਜਿਸ ਨੂੰ ਇੱਕ ਵੱਡੇ ਬੰਦੇ ਦੇ ਕਤਲ ਦਾ ਦੋਸ਼ੀ ਮੰਨਿਆ ਜਾਂਦਾ ਹੈ।

ਨਿਰਵਾਣੀ ਅਖਾੜੇ ਦੀ ਬੈਠਕ, ਖੇਤਰ ਦੇ ਵਿਉਂਤਬਧ ਜ਼ੁਲਮਾਂ ਦਾ ਕੇਂਦਰ ਬਣਦੀ ਗਈ। ਜੁਰਮ ਕਰਨਾ ਤਾਕਤ ਦਾ ਚਿੰਨ ਬਣ ਗਿਆ। ਹਰ ਗਰੁੱਪ ਨਿਯਮਾਂ ਨੂੰ ਆਪਣੇ ਹਿੱਤਾਂ ਮੁਤਾਬਕ ਮੋੜ ਕੇ ਆਪਣੀ ਉਸ ਗੁੱਟ ਪ੍ਰਤੀ ਨੇੜਤਾ ਸਾਬਤ ਕਰਦਾ ਰਹਿੰਦਾ ਹੈ। ਬਿਹਾਰ ਦੇ ਗੈਂਗਸਟਰ ਕਾਮਦੇਵ ਸਿੰਘ ਜੋ 1980 ਵਿਚ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ, ਦੇ ਆਪਣੇ ਜੱਦੀ ਪਿੰਡ ਬੇਗੂਸਰਾਏ ਵਿਚ ਹਨੂੰਮਾਨ ਗੜ੍ਹੀ ਦੇ ਉਚ ਜਾਤੀ ਜ਼ਿਮੀਦਾਰਾਂ ਨਾਲ ਨੇੜਲੇ ਸਬੰਧ ਰਹੇ ਸਨ। ਉਸ ਦੀ ਮੌਤ ਤੋਂ ਬਾਅਦ ਉਸ ਦੇ ਬਹੁਤ ਸਾਰੇ ਸਾਥੀ ਆਧੁਨਿਕ ਹਥਿਆਰਾਂ ਨਾਲ ਨਾਗਿਆਂ ਵਿਚ ਸ਼ਾਮਲ ਹੋ ਗਏ। ਹਰਭਜਨ ਦਾਸ ਦਾ ਸ਼ਾਹੀ ਜਹਾਜ਼ ਉਸ ਦੇ ਚੇਲਿਆਂ ਨੇ ਕਤਲ ਕਰ ਕੇ ਡੋਬ ਦਿੱਤਾ ਸੀ। ਉਹ ਮੁੰਗੇਰ ਦੇ ਗੈਂਗਸਟਰ ਰਾਮ ਕਿਰਪਾਲ ਦਾਸ ਨਾਲ ਉਜਾਨੀਆਂ ਪੱਤੀ ਵਿਚ ਸ਼ਾਮਲ ਹੋ ਗਿਆ ਸੀ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮਦਦ ਨਾਲ ਕਤਲਾਂ ਫਿਰੌਤੀਆਂ ਅਤੇ ਅਗਵਾ ਕਰਨ ਦਾ ਨਵਾਂ ਦੌਰ ਸ਼ੁਰੂ ਕਰ ਦਿੱਤਾ। 1997 ਵਿਚ ਯੂ.ਪੀ. ਦੇ ਵੱਡੇ ਭਾੜੇ ਦੇ ਗੈਂਗਸਟਰ ਦੁਆਰਾ ਉਸ ਦਾ ਕਤਲ ਕਰ ਦਿੱਤਾ ਗਿਆ। ਉਸ ਦੀ ਮੌਤ ਤੋਂ ਬਾਅਦ ਗਿਆਨ ਦਾਸ ਸ਼ਾਹੀ ਜਹਾਜ਼ 'ਤੇ ਸਵਾਰ ਹੋਇਆ। ਉਸ ਦਾ ਵਿਸ਼ਾਲ ਨੈੱਟਵਰਕ ਸੀ। ਨੌਜਵਾਨ, ਉਤਸ਼ਾਹੀ ਨਾਗੇ, ਚਾਰੇ ਪੱਤੀਆਂ ਦੇ ਮਹੰਤ, ਗੱਦੀਨਸ਼ੀਨ ਹਨੂੰਮਾਨ ਗੜ੍ਹੀ ਦੇ ਪ੍ਰਮੁੱਖ ਪੁਜਾਰੀ, ਸਭ ਉਸ ਦੇ ਇਸ਼ਾਰਿਆਂ ਤੇ ਨੱਚਦੇ ਸਨ। ਝਗੜੇ ਬਾਅਦ ਭਾਵੇਂ ਉਸ ਦੀ ਪੁਜ਼ੀਸ਼ਨ ਕਮਜ਼ੋਰ ਪੈ ਗਈ ਪਰ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਦੀ ਮਦਦ ਨਾਲ ਉਹ ਅਖਾੜਾ ਪ੍ਰੀਸ਼ਦ ਦਾ ਮੁਖੀ ਬਣਿਆ ਰਿਹਾ।

ਧਰਮ ਦਾਸ ਬਿਹਾਰ ਦੇ ਬਕਸਰ ਜ਼ਿਲ੍ਹੇ ਦੇ ਦੂਮਰੀ ਪਿੰਡ ਵਿਚ 1945 ਨੂੰ ਜੰਮਿਆ। ਉਹ ਬਚਪਨ ਵਿਚ ਹੀ ਅਯੁੱਧਿਆ ਆ ਗਿਆ ਸੀ। ਉਸ ਦਾ ਗੁਰੂ ਅਭੀ ਰਾਮ ਦਾਸ ਸੀ ਜਿਸ ਨੇ ਉਸ ਨੂੰ ਕੁਸ਼ਤੀ ਦੇ ਅਖਾੜੇ ਵਿਚ ਉਤਾਰਿਆ। ਇਹ ਉਹੀ ਸੀ ਜਿਸ ਨੇ ਰਾਮ ਦੀਆਂ ਮੂਰਤੀਆਂ ਬਾਬਰੀ ਮਸਜਿਦ ਵਿਚ ਰੱਖੀਆਂ ਸਨ। ਅਭੀ ਰਾਮ ਦਾਸ ਦੇ ਬਜ਼ੁਰਗ ਹੋਣ 'ਤੇ ਉਸ (ਧਰਮ ਦਾਸ) ਨੇ ਹਰੀ ਸ਼ੰਕਰ ਦਾਸ ਨੂੰ ਗੁਰੂ ਧਾਰ ਲਿਆ ਜੋ ਗਿਆਨ ਦਾਸ ਦਾ ਵੀ ਗੁਰੂ ਸੀ। ਬਾਅਦ ਵਿਚ ਹਰੀ ਸ਼ੰਕਰ ਦਾਸ ਨੇ ਧਰਮ ਦਾਸ ਦਾ ਪੱਖ ਵੀ ਕੀਤਾ। ਉਹ ਭਾਵੇਂ ਕੁਸ਼ਤੀ ਵਿਚ ਗਿਆਨ ਦਾਸ ਦਾ ਪੱਖ ਲੈਂਦਾ ਸੀ।

ਪਹਿਲਾਂ-ਪਹਿਲਾਂ ਧਰਮ ਦਾਸ ਹਨੂੰਮਾਨ ਗੜ੍ਹੀ ਦੀ ਸਿਆਸਤ ਤੋਂ ਪਰੇ ਰਹਿੰਦਾ ਸੀ। ਉਸ ਨੂੰ ਅਭੀ ਰਾਮ ਦਾਸ ਦਾ ਖਾਸ ਆਸ਼ੀਰਵਾਦ ਸੀ। ਉਸ ਦੇ ਦੋ ਹੋਰ ਚੇਲੇ ਸਤਿੰਦਰ ਦਾਸ ਅਤੇ ਰਾਮ ਵਿਕਾਸ ਦਾਸ ਸੰਸਕ੍ਰਿਤ ਅਤੇ ਵੇਦ ਪੜ੍ਹਦੇ ਰਹਿੰਦੇ। ਰਾਮ ਬਿਲਾਸ ਦਾਸ ਨੇ ਤਾਂ ਆਪਣੇ ਨਾਮ ਨਾਲ ਵੇਦਾਂਤੀ ਵੀ ਲਗਾ ਲਿਆ ਸੀ। ਧਰਮ ਦਾਸ ਆਪਣੇ ਗੁਰੂ ਦੀ ਆਗਿਆ ਨਾਲ ਕੁਸ਼ਤੀ ਵਿਚ ਲੱਗਿਆ ਰਿਹਾ। ਇੱਕ ਵਾਰ ਜਦੋਂ ਧਰਮ ਦਾਸ ਨੇ ਸਤਿੰਦਰ ਦਾਸ ਨਾਲ ਪੜ੍ਹਨ ਦੀ ਇੱਛਾ ਜਤਾਈ ਤਾਂ ਅਭੀ ਰਾਮ ਦਾਸ ਨੇ ਕਿਹਾ, "98 ਪ੍ਰਤੀਸ਼ਤ ਲੋਕ ਅਨਪੜ੍ਹ ਹਨ, 2 ਪ੍ਰਤੀਸ਼ਤ ਵਿਦਵਾਨ ਹਨ। ਬਹੁ-ਗਿਣਤੀ ਦੀ ਅਗਵਾਈ ਚੰਗੀ ਹੈ ਜਾਂ ਮੂਰਖਾਂ ਵਾਂਗੂ ਬੁੱਧੀਜੀਵੀਆਂ ਵਿਚ ਘੁੰਮੀ ਜਾਣਾ?"



*ਨਾਗਾ ਸਾਧੂਆਂ ਦਾ ਇਸ਼ਨਾਨ ਦ੍ਰਿਸ਼।*

ਅਸਲ ਵਿਚ ਅਭੀ ਰਾਮ ਦਾਸ ਨੇ ਧਰਮ ਦਾਸ ਨੂੰ ਆਪਣਾ ਉੱਤਰਾਧਿਕਾਰੀ ਬਣਾ ਲਿਆ ਸੀ। 10 ਜੁਲਾਈ 1981 ਨੂੰ ਮੌਤ ਤੋਂ ਪੰਜ ਮਹੀਨੇ ਪਹਿਲਾਂ ਉਸ ਨੇ ਆਪਣੀ ਸਾਰੀ ਜਾਇਦਾਦ ਉਸ ਨੂੰ ਸੌਂਪ ਦਿਤੀ। ਅਭੀ ਰਾਮ ਦਾਸ ਦੀ ਮੌਤ ਤੋਂ 12 ਦਿਨਾਂ ਬਾਅਦ 3 ਦਸੰਬਰ 1981 ਨੂੰ ਹਨੂੰਮਾਨ ਗੜ੍ਹੀ ਦੇ ਮਹੱਤਵਪੂਰਨ ਨਾਗਿਆਂ ਨੇ ਮਜ਼ਹਰਨਾਮਾ ਲਿਖ ਕੇ ਧਰਮ ਦਾਸ ਨੂੰ ਅਭੀ ਰਾਮ ਦਾ ਉੱਤਰਧਿਕਾਰੀ ਥਾਪ ਦਿੱਤਾ। ਇੱਕ ਵਾਰ ਗੁਰੂ ਦੇ ਆਸਣ ਦਾ ਮਹੰਤ ਬਣਨ 'ਤੇ ਧਰਮ ਦਾਸ ਨੇ ਅਭੀ ਰਾਮ ਦਾਸ ਦੀ ਵਿਰਾਸਤ ਨੂੰ ਅੱਗੇ ਤੋਰਿਆ। ਉਸ ਨੇ ਗੁਰੂ ਦੇ ਬਣਾਏ ਰਾਮ ਦੇ ਚਬੂਤਰਾ ਦੀ ਭੰਨਤੋੜ ਕੀਤੀ ਅਤੇ ਜੇਲ੍ਹ ਵਿਚ ਰਿਹਾ। ਉਹ ਰਾਮ ਚਬੂਤਰਾ ਨਿਰਮੋਹੀ ਅਖਾੜੇ ਦੀ ਨਿਗਰਾਨੀ ਹੇਠ ਸੀ।

1985 ਵਿਚ ਉਹ ਵਿਵਾਦ ਵਾਲੇ ਬਾਬਰੀ ਮਸਜਿਦ ਜਨਮ ਭੂਮੀ ਕੇਸ ਦਾ ਪਟੀਸ਼ਨਰ ਬਣਿਆ ਅਤੇ ਉਸ ਨੂੰ ਢਾਹੁਣ ਵਾਲਿਆਂ ਵਿਚ ਮੋਹਰੀ ਸੀ। ਉਸ ਦਾ ਨਾਮ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਚਾਰਜਸ਼ੀਟ ਵਿਚ ਅਚਾਰੀਆ ਗਿਰੀ ਰਾਜ ਕਿਸ਼ੋਰ, ਅਸ਼ੋਕ ਸਿੰਘਲ, ਅਦਿੱਤਿਆ ਨਾਥ, ਲਾਲ ਕ੍ਰਿਸ਼ਨ ਅਡਵਾਨੀ, ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਨਾਲ ਬੋਲਦਾ ਸੀ। 1990 ਵਿਚ ਜਦੋਂ ਸਿਆਸਤ ਮੁਸ਼ਕਿਲ ਹੋ ਗਈ ਤਾਂ ਉਸ ਨੇ ਬਿਹਾਰੀ ਗੈਰ-ਬਿਹਾਰੀ ਦਾ ਮੁੱਦਾ ਉਭਾਰਿਆ; ਨਵੰਬਰ 2005 ਵਿਚ ਹੋਇਆ ਝਗੜਾ ਇਸੇ ਦੀ ਉਪਜ ਸੀ।

ਜੇਲ੍ਹ ਵਿਚ ਇਨ੍ਹਾਂ ਨਾਗਿਆਂ ਨੇ ਖ਼ੂਬ ਖਰੂਦ ਪਾਇਆ। ਇੱਕ ਦੂਜੇ ਨੂੰ ਗਾਲਾਂ ਕੱਢਦੇ ਸਨ। ਧਰਮ ਦਾਸ ਆਪਣੇ ਵਫਾਦਾਰ ਲੜਾਕੂ ਨਾਗਿਆਂ ਨੂੰ ਨਾਲ ਲੈ ਗਿਆ ਸੀ ਪਰ ਗਿਆਨ ਦਾਸ ਵਾਲੇ ਨਾਗੇ ਆਗੂ ਰਹਿਤ ਸਨ ਕਿਉਂਕਿ ਉਹ ਜੇਲ੍ਹ ਤੋਂ ਬਾਹਰ ਸੀ। ਧਰਮ ਦਾਸ ਦੇ ਗਰੁੱਪ ਨੇ ਜੇਲ੍ਹ ਦੇ ਵਿਚਕਾਰ ਵੱਡੇ ਬੋਹੜ ਦੇ ਦਰੱਖਤ ਹੇਠ ਗੈਸ ਸਿਲੰਡਰ, ਦੁੱਧ, ਦਹੀਂ, ਮਸਾਲੇ ਆਦਿ ਰੱਖ ਕੇ ਰਸੋਈ ਸ਼ੁਰੂ ਕਰ ਦਿੱਤੀ। ਗਿਆਨ ਦਾਸ ਵਾਲਾ ਗਰੁੱਪ ਦਸ ਮੀਟਰ ਦੂਰ ਬੈਰਕ ਵਿਚ ਰਹਿ ਰਿਹਾ ਸੀ। ਅਭੈ ਸਿੰਘ ਜੋ ਗੈਂਗਸਟਰ ਰਿਹਾ ਸੀ ਤੇ 2005 ਵਿਚ ਬੀ.ਜੇ.ਪੀ. ਦਾ ਮੈਂਬਰ ਸੀ, 2012 ਵਿਚ ਗੋਸਾਈਂਗੰਜ ਤੋਂ ਸਮਾਜਵਾਦੀ ਪਾਰਟੀ ਦਾ ਐੱਮ.ਐੱਲ.ਏ. ਬਣਿਆ, ਜੇਲ੍ਹ ਵਿਚ ਸੀ। ਹਫਤੇ ਕੁ ਬਾਅਦ ਜਦੋਂ ਨਾਗੇ ਬਾਹਰ ਆਏ ਤਾਂ ਧਰਮ ਦਾਸ ਦੇ ਬੰਦਿਆਂ ਨੇ ਗਿਆਨ ਦਾਸ ਗੈਂਗ ਖਿਲਾਫ ਆਪਣੀ ਕੌੜੀ ਅੱਖ ਜਾਰੀ ਰੱਖੀ।

ਕੁਝ ਮਹੀਨੇ ਦੀ ਖੜੋਤ ਤੋਂ ਬਾਅਦ 14 ਜਨਵਰੀ 2007 ਨੂੰ ਅਲਾਹਾਬਾਦ ਅਰਧ-ਕੁੰਭ ਸ਼ੁਰੂ ਹੋਣ ਸਮੇਂ ਇੱਕ ਵਾਰ ਫਿਰ ਝਗੜਾ ਸ਼ੁਰੂ ਹੋ ਗਿਆ। ਧਰਮ ਦਾਸ ਦੀ ਸ੍ਰੀ ਮਹੰਤ ਲਈ ਦਾਅਵੇਦਾਰੀ ਅਜੇ ਲਟਕ ਰਹੀ ਸੀ। ਸ੍ਰੀ ਮਹੰਤ ਸ਼ਿਵਨੰਦਨ ਦਾਸ ਜਿਸ ਨੇ ਸ਼ਾਹੀ ਜਲੂਸ ਦੀ ਅਗਵਾਈ ਕਰਨੀ ਸੀ, ਦਾ ਕਾਰਜਕਾਲ 2007 ਵਿਚ (1995 ਦੇ ਅਰਧ-ਕੁੰਭ ਤੋਂ 12 ਸਾਲ ਬਾਅਦ) ਖਤਮ ਹੋਣਾ ਚਾਹੀਦਾ ਸੀ। ਅਲਾਹਾਬਾਦ ਦੇ ਅਰਧ-ਕੁੰਭ ਮੌਕੇ, ਮਕਰ ਸੰਕਰਾਂਤੀ, ਅਮਾਵਸ ਅਤੇ ਬਸੰਤ ਪੰਚਮੀ ਨੂੰ 14, 19 ਅਤੇ 23 ਜਨਵਰੀ ਨੂੰ ਇਸ਼ਨਾਨ ਹੋਣੇ ਸਨ।

ਸ਼ਿਵਨੰਦਨ ਦਾਸ ਅਤੇ ਗਿਆਨ ਦਾਸ ਦੇ ਵਕੀਲ ਵਰਮਾ ਅਨੁਸਾਰ, ਧਰਮ ਦਾਸ ਨੇ ਹਾਈਕੋਰਟ ਵਿਚ ਪਟੀਸ਼ਨ ਪਾਈ ਜੋ ਜਲਦੀ ਅਤੇ ਰੋਜ਼ਾਨਾ ਸੁਣਵਾਈ ਦੌਰਾਨ ਬਸੰਤ ਪੰਚਮੀ ਤੱਕ ਲਮਕ ਗਈ। ਸ਼ਿਵਨੰਦਨ ਦਾਸ ਦਾ ਕਾਰਜਕਾਲ ਭਾਵੇਂ 2007 ਵਿਚ ਸਮਾਪਤ ਹੋਣਾ ਸੀ ਜਿਸ ਬਾਰੇ ਧਰਮ ਦਾਸ 2004 ਵਿਚ ਪਾਏ ਮਤੇ ਕਾਰਨ ਦਾਅਵੇਦਾਰੀ ਦਿਖਾ ਰਿਹਾ ਸੀ ਪਰ ਉਹ ਮਤਾ ਹੀ ਗਲਤ ਸੀ। ਕੋਰਟ ਦਾ ਫੈਸਲਾ 12 ਨਵੰਬਰ 2007 ਨੂੰ ਆਇਆ। ਅਦਾਲਤ ਨੇ ਧਰਮ ਦਾਸ ਦੀ ਦਾਅਵੇਦਾਰੀ ਰੱਦ ਕਰ ਦਿੱਤੀ। ਇਸ ਮਗਰੋਂ ਅਰਧ-ਕੁੰਭ ਦੇ ਤੁਰੰਤ ਬਾਅਦ ਗਿਆਨ ਦਾਸ ਨੇ ਸ਼ਿਵਨੰਦਨ ਦਾਸ ਤੋਂ ਅਸਤੀਫਾ ਲੈ ਕੇ ਅਵਦੇਸ਼ ਦਾਸ ਨੂੰ ਸ੍ਰੀ ਮਹੰਤ ਬਣਾ ਦਿੱਤਾ। ਅਵਦੇਸ਼ ਦਾਸ ਦੀ ਟੌਂਕ ਧਰਮ ਦਾਸ ਵਾਲੀ ਹੀ ਸੀ। ਇਸ ਲਈ ਧਰਮ ਦਾਸ ਮੁੜ ਦਾਅਵਾ ਨਹੀਂ ਕਰ ਸਕਦਾ ਸੀ।

ਧਰਮ ਦਾਸ ਆਪਣਾ ਦਾਅਵਾ ਛੱਡਣਾ ਨਹੀਂ ਸੀ ਚਾਹੁੰਦਾ। ਉਸ ਨੇ ਗਿਆਨ ਦਾਸ ਨੂੰ ਰੋਜ਼ਾ ਇਫਤਾਰ ਕੇਸ ਵਿਚ 25 ਨਵੰਬਰ ਵਾਲੀ ਚਾਰਜਸ਼ੀਟ ਵਿਚ ਸ਼ਾਮਲ ਕਰ ਲਿਆ। ਗਿਆਨ ਦਾਸ 'ਤੇ ਦਬਾਅ ਵਧਣ ਲੱਗਿਆ। ਉਸ ਦੇ ਵਕੀਲ ਵਰਮਾ ਅਨੁਸਾਰ, ਕਿਸੇ ਵੀ ਕੇਸ ਵਿਚ ਗਿਆਨ ਦਾਸ ਦੇ ਦੋਸ਼ੀ ਸਾਬਤ ਹੋਣ ਤੋਂ ਬਾਅਦ ਉਸ ਨੂੰ ਸਰਬ ਭਾਰਤੀ ਅਖਾੜਾ ਪ੍ਰੀਸ਼ਦ ਦੀ ਪ੍ਰਧਾਨਗੀ ਛੱਡਣੀ ਪੈਣੀ ਸੀ। ਉਸ ਦੀ ਸਰਕਾਰੀ ਸੁਰੱਖਿਆ ਖਤਮ ਹੋ ਜਾਣੀ ਸੀ। ਇਫਤਾਰ ਕੇਸ ਵਿਚ ਹਾਰ ਕਾਰਨ ਉਸ ਨੂੰ ਹਨੂੰਮਾਨ ਗੜ੍ਹੀ ਦੀ ਮੈਂਬਰੀ ਵੀ ਛੱਡਣੀ ਪੈ ਸਕਦੀ ਸੀ। ਧਰਮ ਦਾਸ ਦੇ ਸਾਥੀ ਕਿਸੇ ਵੀ ਢੰਗ ਨਾਲ ਗਿਆਨ ਦਾਸ ਨੂੰ ਇੱਕ ਵਾਰ ਜੇਲ੍ਹ ਕਰਵਾਉਣਾ ਚਾਹੁੰਦੇ ਸਨ ਤਾਂ ਜੋ 48 ਘੰਟੇ ਅੰਦਰ ਰਹਿਣ ਬਾਅਦ ਉਸ ਦੀ ਪ੍ਰਧਾਨਗੀ ਚਲੀ ਜਾਵੇ। 2009 ਤੱਕ ਗਿਆਨ ਦਾਸ ਧਰਮ ਦਾਸ ਨਾਲ ਸਮਝੌਤੇ ਦੇ ਰੌਂਅ ਵਿਚ ਆ ਗਿਆ। ਫੈਜ਼ਾਬਾਦ ਦੇ ਸਿਵਲ ਜੱਜ ਦੀ ਅਦਾਲਤ ਵਿਚ ਦੋਹਾਂ ਵਿਚਕਾਰ ਸਮਝੌਤਾ ਹੋ ਗਿਆ। ਧਰਮ ਦਾਸ ਨਿਰਵਾਣੀ ਅਨੀ ਦੇ ਸ੍ਰੀ ਮਹੰਤ ਥਾਪਣ ਦੀ ਸ਼ਰਤ 'ਤੇ ਦੋਵੇਂ ਕੇਸ ਵਾਪਸ ਲੈਣੇ ਮੰਨ ਗਿਆ। ਗਿਆਨ ਦਾਸ ਨੇ ਅਗਾਂਹ ਤੋਂ ਰੋਜ਼ਾ ਇਫਤਾਰ ਨਾ ਬੁਲਾਉਣ ਦਾ ਵਾਅਦਾ ਕੀਤਾ। ਸਮਝੌਤਾ ਲਾਗੂ ਕਰਨ ਲਈ ਗਿਆਨ ਦਾਸ, ਅਵਦੇਸ਼ ਦਾਸ ਅਤੇ ਧਰਮ ਦਾਸ ਨੂੰ ਮੀਟਿੰਗ ਲਈ ਬੁਲਾਇਆ ਗਿਆ ਪਰ ਅਵਦੇਸ਼ ਦਾਸ ਜੋ ਦੋ ਸਾਲ ਤੋਂ ਸ੍ਰੀ ਮਹੰਤ ਬਣਿਆ ਸੀ, ਨਾ ਆਇਆ। ਧਰਮ ਦਾਸ ਨੂੰ ਸ੍ਰੀ ਮਹੰਤ ਥਾਪ ਦਿੱਤਾ ਗਿਆ। ਅਵਦੇਸ਼ ਦਾਸ ਨੇ ਅਦਾਲਤ ਵਿਚ ਕੇਸ ਕਰ ਦਿੱਤਾ।

ਧਰਮ ਦਾਸ 2010 ਦੇ ਹਰਦੁਆਰ ਕੁੰਭ ਵਿਚ ਨਿਰਵਾਣੀ ਅਨੀ ਦੇ ਸ੍ਰੀ ਮਹੰਤ ਦੇ ਤੌਰ 'ਤੇ ਚਿੱਟੇ ਘੋੜੇ 'ਤੇ ਅਗਵਾਈ ਕਰਨ ਅਤੇ ਜਗ੍ਹਾ ਅਲਾਟ ਕਰਨ ਲਈ ਤਿਆਰ ਸੀ।

2017 ਵਿਚ ਉਤਰ ਪ੍ਰਦੇਸ਼ ਵਿਚ ਬੀ.ਜੇ.ਪੀ. ਦੀ ਜਿੱਤ ਨਾਲ ਉਸ ਦੀ ਕੀਮਤ ਹੋਰ ਵਧ ਗਈ। ਅਦਿੱਤਿਆ ਨਾਥ ਨਾਲ ਉਸ ਦੇ ਪਹਿਲਾਂ ਹੀ ਨੇੜਲੇ ਸਬੰਧ ਸਨ। ਧਰਮ ਦਾਸ 12 ਸਾਲਾਂ ਬਾਅਦ ਅਸਾਮੀ ਖਾਲੀ ਕਰਨ ਤੋਂ ਮੁਕਰ ਗਿਆ। ਉਸ ਨੇ ਕਿਹਾ, "ਸੰਤ ਸੇਵਕ ਦਾਸ 24 ਸਾਲ ਸ੍ਰੀ ਮਹੰਤ ਰਿਹਾ।" ਉਹ ਬਾਬਰੀ ਮਸਜਿਦ ਵਿਧਵੰਸ਼ ਕੇਸ, ਅਡਵਾਨੀ, ਜੋਸ਼ੀ ਅਤੇ ਉਮਾ ਭਾਰਤੀ ਨਾਲ ਭੁਗਤ ਰਿਹਾ ਸੀ। ***(ਚੱਲਦਾ)***

# 'ਅਣ-ਫਿਰਿਆ ਮੱਕਾ' ਕਿਉਂ?

***'ਅਣ-ਫਿਰਿਆ ਮੱਕਾ' ਕੈਨੇਡਾ ਵੱਸਦੇ ਲਿਖਾਰੀ ਉਂਕਾਰਪ੍ਰੀਤ ਦਾ ਤੀਜਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੀਆਂ ਦੋ ਕਾਵਿ ਪੁਸਤਕਾਂ 'ਮਿੱਪਲ ਦੀ ਕੈਨਵਸ' (2005) ਅਤੇ 'ਆਪਣੀ ਛਾਂ ਦੇ ਸ਼ਬਦ' (2019) ਛਪ ਚੁੱਕੀਆਂ ਹਨ। ਇਸ ਤੋਂ ਇਲਾਵਾ ਉਸ ਦੇ ਤਿੰਨ ਨਾਟਕ- 'ਪ੍ਰਗਟਿਓ ਖਾਲਸਾ' (2007), 'ਆਜ਼ਾਦੀ ਦੇ ਜਹਾਜ਼' (2008) ਅਤੇ 'ਰੋਟੀ ਵਾਇਆ ਲੰਡਨ' (2017) ਛਪੇ ਹਨ। 'ਅਣ-ਫਿਰਿਆ ਮੱਕਾ' ਵਿਚ ਉਸ ਨੇ ਜੀਵਨ ਦੀਆਂ ਹਕੀਕਤਾਂ ਬਿਆਨ ਕਰਦਿਆਂ ਧਾਰਮਿਕ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਅਤੇ ਹਨੇਰੇ ਨਾਲ ਭਰੇ ਜੜ੍ਹ ਮਨਾਂ ਨੂੰ ਹਲੂਣਨ ਦਾ ਯਤਨ ਕੀਤਾ ਹੈ। ਇਸ ਕਿਤਾਬ ਦਾ ਦਿਲਚਸਪ ਮੁੱਖਬੰਦ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।***

**ਕਲਾ ਪਰਿਕਰਮਾ**

ਸਿੱਖ ਪਰਿਵਾਰ 'ਚ ਜਨਮੇ ਮੇਰੀ ਪੁਸ਼ਤ ਦੇ ਕਿਸੇ ਵੀ ਹੋਰ ਬੱਚੇ ਵਾਂਗ, ਸਿੱਖ ਰਹੁ-ਰੀਤਾਂ, ਰਸਮ-ਰਿਵਾਜ, ਰਹਿਤ ਮਰਿਯਾਦਾ, ਕੀਰਤਨ-ਕਥਾ, ਤੀਰਥ ਅਸਥਾਨ ਅਤੇ ਸਮੁੱਚਾ ਗੁਰਦੁਆਰਾ ਕਲਚਰ ਮੇਰੇ ਜੀਵਨ ਦਾ ਅਹਿਮ ਅੰਗ ਬਣੇ। ਮੈਨੂੰ ਇਹ ਦੱਸਿਆ ਅਤੇ ਸਿਖਾਇਆ ਗਿਆ ਕਿ ਗੁਰਦੁਆਰੇ ਮੱਥਾ ਕਿਵੇਂ ਟੇਕਣਾ ਹੈ? ਪਾਠ ਕਿਵੇਂ ਸੁਣਨਾ ਹੈ? ਪਾਠ ਕਿਵੇਂ ਕਰਨਾ ਹੈ? ਕੜਾਹ-ਪ੍ਰਸ਼ਾਦਿ ਕਿਵੇਂ ਲੈਣਾ ਹੈ? ਲੰਗਰ ਕਿਵੇਂ ਛਕਣਾ ਹੈ? ਭਾਈਆਂ-ਪਾਠੀਆਂ, ਕੀਰਤਨੀਏ ਕਥਾ ਵਾਚਕਾਂ ਦਾ ਮਾਣ-ਤਾਣ ਕਿਵੇਂ ਕਰਨਾ ਹੈ? ਤੇ ਉਹਨਾਂ ਦੇ ਕਹੇ ਨੂੰ 'ਸਤ ਬਚਨ' ਕਰ ਜਾਨਣਾ ਹੈ। ਮੇਰੀ ਇਸ ਸਭ 'ਕਿਵੇਂ ਕਰਨਾ' ਦੀ ਟਰੇਨਿੰਗ ਜਾਂ ਪ੍ਰੋਗ੍ਰਾਮਿੰਗ 'ਚ ਜੋ ਚੀਜ਼ ਵਿਸਰੀ ਰਹਿ ਗਈ,

**ਉਂਕਾਰਪ੍ਰੀਤ**
**ਫੋਨ: +1-647-455-5629**

ਉਹ ਸੀ- ਇਹ ਸਭ ਕੁਝ 'ਕਿਉਂ ਕਰਨਾ' ਹੈ? ਇਸ ਸਭ ਦਾ ਮੂਲ ਉਦੇਸ਼, ਮਨੋਰਥ ਕੀ ਹੈ ਅਤੇ ਉਸ ਦਾ ਮੇਰੇ ਤੇ ਦੁਆਲੜੇ ਜੀਵਨ 'ਚ ਕਿਉਂ ਅਤੇ ਕੀ ਮਹੱਤਵ ਹੈ? ਇਸ ਸਭ ਕਾਸੇ 'ਚ ਵਿਸਰੀ ਰਹਿ ਗਈ 'ਕਿਉਂ' ਨੇ ਮੈਨੂੰ 'ਲਾਈਲੱਗ ਸਿੱਖ' ਤਾਂ ਬਣਾਇਆ ਪਰ ਕਦੇ ਵੀ 'ਖੋਜਣ-ਜਾਨਣ' ਦੇ ਰਾਹ ਨਾ ਪਾਇਆ।

ਸਿੱਖ ਗੁਰੂਆਂ ਦੇ ਜੀਵਨ ਅਤੇ ਐਕਸ਼ਨ ਮੇਰੇ ਲਈ ਗੈਰ-ਕੁਦਰਤੀ/ਗੈਬੀ ਸ਼ਕਤੀਆਂ ਵਾਲੇ ਅਤੇ ਅਲੋਕਾਰੇ ਚਮਤਕਾਰੀ ਬਣੇ ਰਹੇ; ਮਸਲਨ, ਗੁਰੂ ਨਾਨਕ ਜੀ ਦੀ ਮੱਕੇ ਫੇਰੀ ਦਾ ਬਿਰਤਾਂਤ ਲਿਖਦਿਆਂ ਜਦੋਂ ਭਾਈ ਗੁਰਦਾਸ ਜੀ ਨੇ ਕਿਹੈ ਕਿ, "ਫਿਰਿਆ ਮੱਕਾ ਕਲਾ ਦਿਖਾਰੀ', ਤਾਂ ਇਸ ਵਿਚਲੀ 'ਕਲਾ' ਦੇ ਮਾਅਨੇ ਮੇਰੇ ਲਈ ਇਹੀ ਰਹੇ ਕਿ ਜੀਵਨ ਕਾਜ਼ੀ ਨੇ ਜਦੋਂ ਗੁਰੂ ਨਾਨਕ ਦੀਆਂ ਲੱਤਾਂ ਨੂੰ ਘਸੀਟ ਕੇ ਕਾਅਬੇ ਤੋਂ ਉਲਟ ਦਿਸ਼ਾ 'ਚ ਕਰ ਦਿੱਤਾ ਤਦੋਂ ਗੁਰੂ ਨਾਨਕ ਨੇ ਚਮਤਕਾਰ ਦਿਖਾਇਆ ਤੇ ਕਾਅਬਾ ਘੁੰਮ ਕੇ ਫਿਰ ਗੁਰੂ ਨਾਨਕ ਦੇ ਪੈਰਾਂ ਵੱਲ ਆ ਗਿਆ। ਮੇਰਾ ਬਾਲ ਮਨ ਗੁਰੂ ਨਾਨਕ ਦੀ ਇਸ ਗੈਬੀ ਕਰਾਮਾਤ ਨੂੰ ਹੀ ਉਹਨਾਂ ਦੀ ਸਮੁੱਚੀ 'ਕਲਾ' ਮੰਨ ਕੇ ਪ੍ਰੌੜ ਅਵਸਥਾ ਤੀਕ ਪੁੱਜਾ।

ਗੁਰਬਾਣੀ ਦੇ ਸ਼ਬਦ, ਤੁਕਾਂ ਅਤੇ ਉਹਨਾਂ ਦਾ ਸਿਰਫ਼ ਪਾਠ ਉਚਾਰਨ ਅਤੇ ਟਹਿਲ ਸੇਵਾ ਹੀ ਮੇਰੇ ਲਈ ਸਭ ਰੋਗਾਂ/ਮੁਸ਼ਕਿਲਾਂ ਦਾ 'ਚਮਤਕਾਰੀ ਅਉਖਦੁ' ਬਣਿਆ ਰਿਹਾ। ਮੈਂ 'ਸ਼ੁਭ ਅਮਲਾਂ ਬਾਝੋਂ ਦੋਨੋ ਰੋਈ' ਦੀ ਭਾਵੁਕ ਹੋ-ਹੋ ਕੇ ਵਾਰ-ਵਾਰ ਬਾਲ ਪੜ੍ਹਦਾ ਗਾਉਂਦਾ ਰਿਹਾ ਤੇ ਗੁਰਬਾਣੀ ਆਪੇ ਅਨੁਸਾਰ ਸ਼ੁਭ ਅਮਲਾਂ ਨੂੰ ਜਾਨਣ, ਪਛਾਨਣ ਅਤੇ ਕਮਾਉਣ ਤੋਂ ਅਣਭਿੱਜ ਵੀ ਰਿਹਾ। ਗੁਰੂ ਗ੍ਰੰਥ ਸਾਹਵੇਂ ਥਾਲੀ 'ਚ ਦੀਵੇ ਰੱਖ ਕੇ ਉਸ ਨੂੰ ਬੜੀ ਕਲਾ ਨਾਲ ਅੱਗੇ ਪਿੱਛੇ ਘੁਮਾਉਂਦਾ ਅਤੇ 'ਗਗਨ ਮਹਿ ਥਾਲ' ਵਾਲਾ ਸ਼ਬਦ ਗਾਉਂਦਾ ਭਾਈ ਮੈਨੂੰ ਪ੍ਰਭਾਵਿਤ ਕਰਦਾ ਪਰ ਮੈਂ ਇਸੇ ਸ਼ਬਦਾਂ ਰਾਹੀਂ ਗੁਰੂ ਨਾਨਕ ਦੇ ਸਾਨੂੰ ਥਾਲੀ-ਕੌਲੀ ਦੇ ਘੇਰੇ 'ਚੋਂ ਕੱਢ ਕੇ ਸਮੁੱਚੇ ਬ੍ਰਹਿਮੰਡ 'ਚ ਹੋ ਰਹੀ ਆਰਤੀ ਦੀ ਦਿੱਤੀ ਸੂਝ ਤੋਂ ਜਾਣੂ ਨਾ ਹੋ ਸਕਿਆ। ਸਿੱਖ ਬਾਲਕ ਤੋਂ ਪ੍ਰੌੜ ਅਵਸਥਾ ਤੱਕ ਪੁੱਜਣ ਵਾਲਾ ਮੈਂ ਇਵੇਂ ਦਾ ਇਕੱਲਾ 'ਸਿੱਖ' ਨਹੀਂ ਸਾਂ ਸਗੋਂ ਮੇਰੇ ਹਾਣੀਆਂ ਦੀ ਪੂਰੀ ਪੁਸ਼ਤ ਸੀ। ਇਸ ਮਾਮਲੇ 'ਚ ਮੇਰੇ ਬਾਪ-ਦਾਦੇ ਦੀ ਪੁਸ਼ਤ ਬਾਰੇ ਵੀ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।




*ਉਂਕਾਰਪ੍ਰੀਤ ਦੀ ਕਿਤਾਬ 'ਅਣ-ਫਿਰਿਆ ਮੱਕਾ' ਦਾ ਮੁਖੜਾ।*



*ਕਾਵਿ ਸੰਗ੍ਰਹਿ 'ਅਣ-ਫਿਰਿਆ ਮੱਕਾ' ਦਾ ਕਰਤਾ ਕੈਨੇਡਾ ਵੱਸਦਾ ਸ਼ਾਇਰ ਉਂਕਾਰਪ੍ਰੀਤ।*

ਅੱਜ ਜਦੋਂ ਮੈਂ ਤੁਹਾਡੇ ਨਾਲ ਇਹ ਸਵੈ-ਕਥਨ ਸਾਂਝਾ ਕਰਨ ਆਇਆ ਹਾਂ ਤਾਂ ਮੈਂ ਗੁਰਵਾਕ 'ਸਿਖੁ ਸੁ ਖੋਜਿ ਲਹੈ' ਦੀ ਉਂਗਲੀ ਫੜ ਕੇ ਹੀ ਏਥੇ ਤੀਕ ਪੁੱਜਾ ਹਾਂ; ਇਸ ਖੋਜ ਨੇ ਹੀ ਮੈਨੂੰ ਦੱਸਿਆ ਹੈ ਕਿ ਗੁਰੂ ਨਾਨਕ ਦੀ 'ਕਲਾ' ਕਿਸੇ ਗੈਬੀ ਚਮਤਕਾਰ ਨਾਲ ਕਾਅਬੇ ਨੂੰ ਆਪਣੀ ਜਗ੍ਹਾ ਤੋਂ ਘੁੰਮਾ ਦੇਣ ਦੀ ਨਹੀਂ ਸੀ ਸਗੋਂ ਅਸਲੀ 'ਕਲਾ' ਤਾਂ ਉਸ ਕਾਜ਼ੀ ਦੇ ਮਨ ਨੂੰ ਆਪਣੀ ਰੋਸ਼ਨ ਦਲੀਲ ਨਾਲ ਰੁਸ਼ਨਾ ਦੇਣ ਦੀ ਸੀ ਜਿਸ ਦੀ ਲੋਅ 'ਚ ਉਸ ਨੂੰ ਕਾਅਬਾ ਕਣ-ਕਣ 'ਚੋਂ ਦਿਸਣ ਲੱਗ ਪਿਆ ਸੀ। ਕਾਅਬੇ ਦਾ ਹਰ-ਸੂ ਦਿਸਣਾ ਅਸਲ 'ਚ ਬਾਬੇ ਦੀ ਰੌਸ਼ਨ ਦਲੀਲ ਨਾਲ ਉਸ ਮਨ ਦਾ ਆਪਣੀ ਜੜ੍ਹ-ਅਵਸਥਾ ਤੋਂ ਫਿਰ ਜਾਣਾ ਸੀ ਜੋ ਮਨ ਮੇਰੇ ਜਿਹੇ ਸਿੱਖ ਬੱਚੇ ਦੇ ਮਨ ਵਾਂਗ ਹੀ ਪ੍ਰੌੜ ਅਵਸਥਾ ਤੱਕ ਵਿਰਸੇ 'ਚ ਮਿਲੀ ਧਾਰਮਿਕ ਟਰੇਨਿੰਗ ਨਾਲ ਜੜ੍ਹ ਹੋ ਚੁੱਕਾ ਸੀ।

ਗੁਰੂ ਨਾਨਕ ਦੇਵ ਜੀ ਸਮੇਤ ਸਭ ਗੁਰੂ ਸਾਹਿਬਾਨ ਅਤੇ ਉਹਨਾਂ ਨਾਲ ਜੁੜੇ ਸਮੂਹ ਭਗਤ ਸਾਹਿਬਾਨ ਅਤੇ ਉਹਨਾਂ ਦੇ ਰੌਸ਼ਨ ਖਿਆਲਾਂ, ਵਿਚਾਰਾਂ ਤੇ ਦਲੀਲਾਂ ਦੇ ਮੁਜੱਸਮੇ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਇੱਕ-ਇੱਕ ਗੁਰਵਾਕ ਨਾਲ ਕਰਮਾਂ-ਕਾਡਾਂ, ਵਹਿਮਾਂ-ਭਰਮਾਂ, ਹਉਮੈ ਦੇ ਹਨੇਰੇ ਨਾਲ ਭਰੇ ਜੜ੍ਹ ਮਨਾਂ ਨੂੰ ਰੁਸ਼ਨਾਉਣ ਅਤੇ ਫੇਰਨ ਦੀ 'ਕਲਾ' ਰੱਖਦੇ ਹਨ ਪਰ ਇਹ ਕਲਾ ਤਦ ਹੀ ਵਰਤਦੀ ਹੈ ਜਦੋਂ ਅਸੀਂ ਸਿੱਖ ਆਸ਼ੇ ਦੇ ਅਸਲੀ ਸਿੱਖ ਬਣ ਕੇ 'ਸੱਚ' ਖੋਜਣ, ਪਾਉਣ ਅਤੇ ਮਨ ਵਸਾਉਣ ਦੇ ਰਾਹ ਪੈਂਦੇ ਹਾਂ; ਮਨ ਵਸਾਏ ਨੂੰ ਆਪਣੇ ਅਮਲੀ ਜੀਵਨ 'ਚ ਅਰਥਾਉਣ ਦੇ ਰਾਹ ਪੈਂਦੇ ਹਾਂ; ਨਹੀਂ ਤਾਂ ਪੁਸ਼ਤ-ਦਰ-ਪੁਸ਼ਤ ਖੁਦ ਨੂੰ ਸਿੱਖ ਸਮਝਣ ਵਾਲੇ ਲੋਕ ਆਪਣੇ 'ਮਨ-ਮੱਕੇ ਅਣ-ਫਿਰੇ' ਲੈ ਕੇ ਹੀ 'ਘਲੇ ਆਵਹਿ ਨਾਨਕਾ' ਦੇ ਗੁਰਵਾਕ ਅਨੁਸਾਰ ਜਨਮ ਗੁਆ-ਗੁਆ ਉੱਠੀ ਜਾ ਰਹੇ ਹਨ।

'ਅਣ-ਫਿਰਿਆ ਮੱਕਾ' ਦੀਆਂ ਸਾਰੀਆਂ ਕਵਿਤਾਵਾਂ ਅਜਿਹੇ 'ਅਣ-ਫਿਰੇ ਮੂੜ੍ਹ ਮਨ' ਵਾਲਿਆਂ ਅਤੇ ਉਹਨਾਂ ਵੱਲੋਂ ਸਿੱਖੀ ਦੇ ਨਾਮ ਹੇਠ ਵਰਤਾਏ ਜਾ ਰਹੇ 'ਮਨਮੁਖੀ ਭਾਣਿਆਂ' ਦੇ ਦਰਮਿਆਨ ਸਿੱਖ ਆਸ਼ੇ ਦੀ ਅਜੋਕੀ ਤ੍ਰਾਸਦੀ ਅਤੇ ਦਰਦ ਦਾ ਬਿਆਨ ਹਨ। ਇਸ ਸਾਰੇ ਬਿਆਨ ਦੀ ਟੇਕ ਸਾਡੇ ਮਨਮੁਖੀ ਅਮਲਾਂ ਦੀ ਹਨੇਰੀ ਸੁਰੰਗ ਤੋਂ ਪਾਰ ਦਿਸਦੀ ਉਸ 'ਆਦਿ-ਜੁਗਾਦੀ' ਗੁਰਮੁਖੀ-ਲੋਅ ਦੀ ਕਿਰਨ ਹੈ ਜੋ ਮਨੁੱਖਤਾ ਨੂੰ ਆਪਣਾ ਮੂਲ ਖੋਜਣ ਪਛਾਨਣ ਦੇ ਰਾਹ ਪੈ ਕੇ 'ਸ਼ੁੱਭ ਅਮਲਾਂ' ਤੀਕ ਪੁੱਜਣ ਲਈ ਪ੍ਰੇਰਦੀ ਹੈ।

## ਉਂਕਾਰਪ੍ਰੀਤ ਦੀ ਨਜ਼ਮ 'ਅਣ-ਫਿਰਿਆ ਮੱਕਾ'

*ਉਦਾਸੀ ਲੰਮੀ ਸੀ,*
*ਔਝੜ ਸਫ਼ਰ।*

*ਮੱਕੇ ਨੈਣੀ ਭਰਨੀ ਸੀ*
*ਹਰ-ਸੂ ਕਾਅਬਾ ਵਿੰਹਦੀ ਨਜ਼ਰ॥*

*ਮੱਕਾ ਫਿਰਿਆ*
*ਮੁੱਲਾਂ ਕਾਜ਼ੀਆਂ ਦੇ ਮਨ ਵਸਿਆ*

*ਕਣ-ਕਣ ਅੱਲ੍ਹਾ ਰਚਿਆ।*

*ਬਾਬਾ ਅਤੇ ਮਰਦਾਨਾ*

*ਮੁੜ, ਔਝੜ ਸਫ਼ਰ ਝਾਗ ਪਿੰਡ ਪਰਤੇ*
*ਤਾਂ ਭਾਣਾ ਵਰਤਿਆ ਪਿਆ ਸੀ:*

*ਕਿ ਪਿੰਡੋਂ ਥੋੜ੍ਹੀ ਦੂਰ*
*ਬਾਬੇ ਦੇ ਸਿੱਖਾਂ ਦਾ ਮੱਕਾ ਸੀ*
*'ਅਣ-ਫਿਰਿਆ' ਹੀ।*

*ਉਦਾਸੀ ਲੰਮੀ ਸੀ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਪਰੈਲ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-580



*ਪੜ੍ਹਨ ਲਿਖਣ ਦੀ ਹਰ ਉਮਰ ਜੇ, ਮਨ ਸਿੱਖਣ ਦਾ ਚਾਅ,*
*ਅੱਸੀਆਂ ਤੋਂ ਲੰਘੀ ਬੇਬੇ ਨੂੰ ਤੱਕੀਏ, ਕੰਪਿਊਟਰ ਰਹੀ ਚਲਾ।*
*ਮੋਬਾਈਲ ਫ਼ੋਨ ਵੀ ਚਾਲੂ ਰੱਖਿਆ, ਜਾਪੇ ਗੂਗਲ 'ਤੇ ਰੁੱਝੀ,*
*ਮੂਰਤ ਖਿੱਚਣ ਦੀ ਪੋਤੇ-ਪੋਤੀਆਂ ਨੂੰ, ਹੈ ਝੱਟ ਸ਼ਰਾਰਤ ਸੁੱਝੀ।*

## ਕੈਪਸ਼ਨ ਮੁਕਾਬਲਾ-578



ਆਤਮ ਨਿਰਭਰ ਭਾਰਤ ਦੇਖੋ,
ਗਰੀਬੀ ਕਿੰਝ ਹੰਢਾਵੇ,
ਦੋ ਵਕਤਾਂ ਦੀ ਨਾ ਪੈਂਦੀ ਪੂਰੀ,
ਤਸਵੀਰ ਇਹ ਦਿਖਾਵੇ।
ਵਿਚ ਅਖਬਾਰਾਂ ਗੈਸਾਂ ਵੰਡ ਕੇ,
ਨੇਤਾ ਫ਼ੋਟੋ ਖੜ੍ਹ ਲੁਆਵੇ,
ਸ਼ੋਸ਼ੇਬਾਜ਼ੀ ਨਿੱਤ ਨਿੱਤ ਕਰ ਕੇ,
ਗਰੀਬਾਂ ਦੀ ਖਿੱਲੀ ਪਾਵੇ।
***-ਸੇਵਾ ਸਿੰਘ ਨੂਰਪੁਰੀ***

---

ਦੇਖੋ 'ਮਹਾਨ ਦੇਸ਼' ਦੀਆਂ ਨਾਰੀਆਂ
ਪਸ਼ੂਆਂ ਵਰਗੀ ਜੂਨ ਹੰਢਾਵਣ।
ਠੰਢਾ ਚੁੱਲ੍ਹਾ ਤਪਾਉਣ ਦੀ ਖਾਤਰ
ਡੱਕੇ ਚੁਗ ਚੁਗ ਡੰਗ ਟਪਾਵਣ।
ਸਿਰਾਂ 'ਤੇ ਬਾਲਣ ਢੋਂਹਦੇ ਢੋਂਹਦੇ
ਬੱਸ, ਖੁਦ ਬਾਲਣ ਹੋ ਜਾਵਣ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਨੱਕ 'ਚ ਦਮ ਮਹਿੰਗਾਈ ਕੀਤਾ,
ਔਖਾ ਡੰਗ ਟਪਾਉਣਾ
ਖੰਭ ਲਾ ਚਿੜੀ ਸੋਨੇ ਦੀ ਉੱਡੀ,
ਹੁਣ ਉਸ ਹੱਥ ਕੀ ਆਉਣਾ?
ਚੱਲ ਭੈਣੇ ਚੁੱਕ ਟੋਕਾ ਚਾਦਰ,
ਗੇੜਾ ਜੰਗਲ 'ਚ ਲਾਈਏ
ਨਿੱਕੇ ਨਿਆਣੇ ਕੁੱਛੜ ਚੁੱਕ ਲੈ,
ਲੱਕੜਾਂ ਵੱਢ ਲਿਆਈਏ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਦਿਨ ਭਰ ਮਿਹਨਤ ਮੁਸ਼ੱਕਤ ਕਰ ਕੇ
ਨਿੱਕਾ ਨਿਆਣਾ ਢਾਕ 'ਤੇ ਧਰ ਕੇ
ਕਾਹਲੇ ਕਦਮੀਂ ਘਰ ਨੂੰ ਮੁੜੀਆਂ
ਬਾਲਣ ਦੀਆਂ ਦੋ ਪੰਡਾਂ ਹੀ ਜੁੜੀਆਂ।
ਉਜਵਲਾ ਯੋਜਨਾ ਸਾਡੇ ਹੱਥ ਨਾ ਆਵੇ
ਚੁੱਲ੍ਹਾ ਤਪਾਉਣ ਦਾ ਝੋਰਾ ਖਾਵੇ
ਗਰੀਬੀ ਦਿਨੋਂ ਦਿਨ ਵਧਦੀ ਜਾਵੇ
ਕਿਉਂ? ਮਹਿੰਗਾਈ ਨੂੰ ਕੋਈ ਨੱਥ ਨਾ ਪਾਵੇ?
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਔਰਤਾਂ ਗਰੀਬ ਘਰਾਂ ਦੀਆਂ
ਆਪਣਾ ਫਰਜ਼ ਬਾਖੂਬੀ ਨਿਭਾਉਣ।
ਫਸਲੀ ਰਹਿੰਦ ਖੂੰਹਦ ਤੇ ਟਾਹਣੀਆਂ
ਪੰਡਾਂ ਸਿਰ 'ਤੇ ਕੁੱਛੜ ਬੱਚੇ ਲਿਜਾਣ।
ਅਜੋਕੇ ਯੁੱਗ ਵਿਚ ਵੀ ਲੰਮੇ ਪੈਂਡੇ
ਪੈਦਲ ਤੁਰ ਕੇ ਰਸਤਾ ਮੁਕਾਉਣ।
ਚੁੱਲ੍ਹਾ ਤਪਦਾ ਰੱਖਣ ਦਾ ਕਰਨ ਜੁਗਾੜ
ਬੱਚੇ ਵੀ ਕਿਰਤ ਦਾ ਸਬਕ ਸਿੱਖ ਜਾਣ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਆਰਥਿਕ ਮੰਦੀ ਸਿਰ ਚੜ੍ਹ ਬੋਲਦੀ
ਕਹਿੰਦੇ ਭਾਰਤ ਅਮੀਰ ਬਾਸ਼ਿੰਦੇ ਗਰੀਬ
ਪਹੁ ਫੁਟਾਲੇ ਤੋਨ ਸ਼ਾਮ ਤੀਕ
ਮਿਹਨਤ ਕਰਦਿਆਂ,
ਜੇਬ ਖਾਲੀ ਚੁੱਲ੍ਹਾ ਠੰਢਾ
ਰੋਟੀ ਪਾਣੀ ਦਾ ਆਹਰ
ਜ਼ਿੰਮਾ ਘਰਾਂ 'ਚ ਸੁਆਣੀ ਦਾ।
ਵਕਤਾਂ ਦੀ ਮਾਰੀ ਤੁਰ ਪਈ
ਬਾਲਣ ਦੀ ਬਾਲ 'ਚ
ਲੈ ਬੱਚਾ ਕੁੱਛੜ
ਚੁੱਕ ਪੰਡ ਸਿਰ 'ਤੇ
ਸੁੱਕੀਆਂ ਛਿਟੀਆਂ ਦੀ
ਮਾਰ ਭੂਕਨੇ ਫੂਕਾਂ,
ਰੁੱਖੀ ਮਿੱਸੀ ਡੁੱਬ ਝੁਲਕਾ ਕਰਨਾ ਪੈਂਦਾ।
***-ਦਰਸ਼ਨ ਪਾਲ ਦੋਸਾਂਝ***

# ਅਮਰੀਕੀ ਪੁਲਿਸ ਸੁਧਾਰਾਂ ਦੀ ਅਧੂਰੀ ਕਹਾਣੀ

ਫਰਾਂਸੀਸੀ ਵਿਅੰਗਕਾਰ ਯਾਂ ਬਪਤਿਸਤੇ ਅਲਫੌਂਸ ਕਾਰ ਨੇ 1849 ਵਿਚ ਆਪਣੀ ਅਖ਼ਬਾਰ 'ਲੇ ਗੁਪਸ' ਵਿਚ ਲਿਖਿਆ ਸੀ, "ਕੋਈ ਚੀਜ਼ ਬਾਹਰੋਂ ਬਦਲਣ ਲਈ ਜਿੰਨਾ ਜ਼ਿਆਦਾ ਜ਼ੋਰ ਮਾਰਦੀ ਹੈ, ਅੰਦਰੋਂ ਓਨੀ ਹੀ ਪਹਿਲਾਂ ਵਾਂਗ ਬਣੀ ਰਹਿੰਦੀ ਹੈ।" ਉਨ੍ਹਾਂ ਦਾ ਇਹ ਕਥਨ ਅਮਰੀਕਾ ਅਤੇ ਭਾਰਤ ਵਿਚ ਪੁਲਿਸ ਸੁਧਾਰਾਂ ਦੇ ਅਮਲ 'ਤੇ ਢੁੱਕਦਾ ਹੈ।

ਅਮਰੀਕਾ ਜਿੱਥੇ 2020 ਵਿਚ ਜੌਰਜ ਫਲਾਇਡ ਅਤੇ ਇਸੇ ਸਾਲ ਟਾਯਰ ਨਿਕੋਲਸ ਨਾਮੀ ਦੋ ਸਿਆਹਫ਼ਾਮ ਮਰਦਾਂ ਦੀ ਪੁਲਿਸ ਵਹਿਸ਼ਤ ਕਾਰਨ ਹੋਈਆਂ ਮੌਤਾਂ ਦੀਆਂ ਘਟਨਾਵਾਂ ਕਰ ਕੇ ਮੁਲਕ ਦੀ ਰੂਹ ਝੰਜੋੜੀ ਗਈ ਸੀ ਅਤੇ ਦੋਵੇਂ ਮਾਮਲਿਆਂ ਦੇ ਅਧਿਐਨ ਤੋਂ ਕੁਝ ਤੁਲਨਾਤਮਿਕ ਪਹਿਲੂ ਨਜ਼ਰ ਆਉਂਦੇ ਹਨ।

ਵਾਪੱਲਾ ਬਾਲਚੰਦਰਨ

ਮੈਂਫਿਸ ਸ਼ਹਿਰ ਵਿਚ ਨਿਕੋਲਸ ਨੂੰ 'ਸਕੌਰਪੀਅਨ' ਨਾਮੀ ਵਿਸ਼ੇਸ਼ ਪੁਲਿਸ ਦਸਤੇ ਨੇ ਨਿਸ਼ਾਨਾ ਬਣਾਇਆ ਸੀ, ਉਸ ਵਿਚ ਪੰਜ ਸਿਆਹਫ਼ਾਮ ਪੁਲਿਸ ਅਫ਼ਸਰ ਵੀ ਸ਼ਾਮਲ ਸਨ ਤੇ ਉਸ ਵਿਚ ਪੁਲਿਸ ਵਲੋਂ ਤਾਕਤ ਦੀ ਨਾਜਾਇਜ਼ ਵਰਤੋਂ ਕੀਤੀ ਗਈ ਸੀ ਜਦਕਿ ਫਲਾਇਡ ਦੀ ਹੱਤਿਆ ਜਾਣ ਬੁੱਝ ਕੇ ਕੀਤੀ ਗਈ ਕਾਰਵਾਈ ਸੀ।

ਭਾਰਤ ਵਿਚ ਅੰਗਰੇਜ਼ਾਂ ਦੇ ਸ਼ਾਸਨ ਵੇਲੇ ਆਇਰਿਸ਼ ਕੰਸਟੇਬੁਲਰੀ ਪ੍ਰਣਾਲੀ ਲਾਗੂ ਕੀਤੀ ਜਾਂਦੀ ਸੀ ਜਿਸ ਅਧੀਨ ਲੋਕਾਂ ਦੇ ਸਥਾਨਕ ਭਾਈਚਾਰੇ ਨੂੰ ਸਿਰਫ਼ ਯਾਚਨਾ ਕਰਨ ਤੋਂ ਇਲਾਵਾ ਪੁਲਿਸ ਨਾਲ ਹੋਰ ਕਿਸੇ ਵੀ ਤਰ੍ਹਾਂ ਦਾ ਰਿਸ਼ਤਾ ਰੱਖਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ। ਪੁਲਿਸ ਲਾਈਨਜ਼ ਅਤੇ ਕੁਆਰਟਰਜ਼ ਵੀ ਦੂਜੇ ਰਿਹਾਇਸ਼ੀ ਖੇਤਰਾਂ ਤੋਂ ਦੂਰ ਬਣਾਏ ਜਾਂਦੇ ਸਨ। ਮੰਦੇ ਭਾਗੀਂ ਇਹ ਪਰੰਪਰਾ 1947 ਤੋਂ ਬਾਅਦ ਵੀ ਜਾਰੀ ਰਹੀ ਅਤੇ ਪੁਲਿਸ-ਪਬਲਿਕ ਸਬੰਧ ਨਾਅਰੇ ਤੋਂ ਵਧ ਕੇ ਕੁਝ ਵੀ ਨਹੀਂ।

ਅਮਰੀਕਾ ਵਿਚ ਪੁਲਿਸ ਪ੍ਰਣਾਲੀਆਂ ਦੀਆਂ ਜੜ੍ਹਾਂ ਸਥਾਨਕ ਭਾਈਚਾਰਿਆਂ ਵਿਚ ਬਹੁਤ ਗਹਿਰੀਆਂ ਲੱਗੀਆਂ ਹੋਈਆਂ ਹਨ। ਸਿੱਟੇ ਵਜੋਂ ਅਮਰੀਕਾ ਵਿਚ ਫੈਡਰਲ, ਪ੍ਰਾਂਤਕ, ਸ਼ੈਰਿਫ, ਕਾਊਂਟੀ ਅਤੇ ਮਿਉਂਸਪਲ ਪੱਧਰ 'ਤੇ ਕਰੀਬ 18000 ਪੁਲਿਸ ਪ੍ਰਣਾਲੀਆਂ ਚੱਲਦੀਆਂ ਹਨ ਜਿਨ੍ਹਾਂ 'ਚੋਂ ਹਰ ਪ੍ਰਣਾਲੀ ਦੇ ਆਪਣੇ ਵੱਖਰੇ ਨੇਮ ਬਣੇ ਹੋਏ ਹਨ। ਇਹੀ ਨਹੀਂ ਸਗੋਂ ਸਥਾਨਕ ਅਮਰੀਕੀ ਭਾਈਚਾਰਿਆਂ ਦੇ ਸੰਗਠਨ ਪੁਲਿਸ 'ਤੇ ਨਿਗਰਾਨੀ ਰੱਖਣ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ, ਕੋਈ ਵੀ ਪੁਲਿਸ ਸਿਸਟਮ ਗ੍ਰਿਫ਼ਤਾਰੀ ਆਦਿ ਕਰਨ ਸਮੇਂ ਕਾਨੂੰਨ ਅਤੇ ਜ਼ਾਬਤੇ ਦੀ ਹੱਦ ਪਾਰ ਨਹੀਂ ਕਰ ਸਕਦਾ। ਇਸ ਦੇ ਬਾਵਜੂਦ ਅਮਰੀਕਾ ਵਿਚ ਪੁਲਿਸ ਵਧੀਕੀ ਦੀਆਂ ਘਟਨਾਵਾਂ ਬੰਦ ਕਿਉਂ ਨਹੀਂ ਹੋ ਸਕੀਆਂ?

ਅਮਰੀਕਾ ਵਿਚ 120 ਦੇ ਕਰੀਬ ਮਾਹਿਰਾਂ ਵਲੋਂ ਚਲਾਈ ਜਾਂਦੀ ਹੈਲਥ ਵੈਬਸਾਈਟ 'ਵੈਰੀਵੈੱਲ' ਵਲੋਂ 23 ਜਨਵਰੀ ਨੂੰ ਜਾਰੀ ਰਿਪੋਰਟ ਵਿਚ ਪੁਲਿਸ ਵਧੀਕੀਆਂ ਦੇ ਅੰਕੜੇ ਦਿੱਤੇ ਹਨ। 2018 ਵਿਚ 6 ਕਰੋੜ 15 ਲੱਖ ਲੋਕਾਂ ਦਾ ਪੁਲਿਸ ਪ੍ਰਣਾਲੀਆਂ ਨਾਲ ਵਾਹ ਪਿਆ ਸੀ ਜਿਨ੍ਹਾਂ 'ਚੋਂ ਸਿਰਫ਼ 2 ਫ਼ੀਸਦ ਲੋਕਾਂ ਨੂੰ 'ਧਮਕੀ ਜਾਂ ਬਲ ਪ੍ਰਯੋਗ ਦਾ ਅਨੁਭਵ' ਹੋਇਆ ਸੀ। ਇਨ੍ਹਾਂ 'ਚੋਂ ਵੀ ਜ਼ਿਆਦਾਤਰ ਨੂੰ ਟਰੈਫਿਕ ਨੇਮਾਂ ਦੀ ਉਲੰਘਣਾ ਦੌਰਾਨ ਅਜਿਹਾ ਵਰਤਾਓ ਝੱਲਣਾ ਪਿਆ ਸੀ। ਉਂਝ, ਬਹੁਤੀ ਸਮੱਸਿਆ ਸਿਆਸੀ ਪ੍ਰਦਰਸ਼ਨਾਂ ਜਾਂ ਨਸਲੀ ਵਾਰਦਾਤਾਂ ਮੌਕੇ ਪੇਸ਼ ਆਉਂਦੀ ਹੈ। ਰਿਪੋਰਟ ਵਿਚ ਪੁਲਿਸ ਫਾਇਰਿੰਗ ਬਾਰੇ 'ਵਾਸ਼ਿੰਗਟਨ ਪੋਸਟ' ਦੇ ਡੇਟਾਬੇਸ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਮੁਤਾਬਕ "ਅਮਰੀਕਾ ਵਿਚ ਹਰ ਸਾਲ ਪੁਲਿਸ ਫਾਇਰਿੰਗ ਵਿਚ ਅੰਦਾਜ਼ਨ 1000 ਲੋਕ ਮਾਰੇ ਜਾਂਦੇ ਹਨ।"

ਰਿਪੋਰਟ ਮੁਤਾਬਕ 2005 ਤੋਂ ਲੈ ਕੇ ਹੁਣ ਤੱਕ ਸਿਰਫ਼ 110 ਪੁਲਿਸ ਅਫ਼ਸਰਾਂ ਖਿਲਾਫ਼ ਹੱਤਿਆ ਜਾਂ ਹੱਤਿਆਂ ਦੇ ਇਰਾਦੇ ਦੇ ਦੋਸ਼ਾਂ ਅਧੀਨ ਮੁਕੱਦਮੇ ਚਲਾਏ ਗਏ ਹਨ ਅਤੇ ਇਨ੍ਹਾਂ 'ਚੋਂ ਸਿਰਫ਼ 42 ਪੁਲਿਸ ਅਫ਼ਸਰਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਨਤੀਜਤਨ, "ਸ਼ਕਤੀ ਦੇ ਇਸਤੇਮਾਲ ਨੂੰ ਕਾਨੂੰਨਨ ਜਾਇਜ਼ ਬਣਾ ਦਿੱਤਾ ਗਿਆ ਹੈ ਕਿਉਂਕਿ ਹਰ ਕੋਈ ਇਹ ਕਰਦਾ ਹੈ ਅਤੇ ਕੋਈ ਵੀ ਇਸ ਦੀ ਗੱਲ ਹੀ ਨਹੀਂ ਕਰਦਾ।"

2014 ਵਿਚ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਟਾਸਕ ਫੋਰਸ ਬਣਾਈ ਸੀ ਤਾਂ ਕਿ ਪੁਲਿਸ ਅਤੇ ਭਾਈਚਾਰੇ ਵਿਚਕਾਰ ਟਕਰਾਅ ਘੱਟ ਕਰਨ ਦੇ ਤੌਰ ਤਰੀਕੇ ਲੱਭੇ ਜਾ ਸਕਣ। ਇਸ ਦਾ ਐਲਾਨ 9 ਅਗਸਤ 2014 ਨੂੰ ਮਿਸੂਰੀ ਵਿਚ ਇਕ ਗੋਰੇ ਪੁਲਿਸ ਅਫਸਰ ਵਲੋਂ ਸਿਆਹਫ਼ਾਮ ਨੌਜਵਾਨ ਮਾਈਕਲ ਬ੍ਰਾਊਨ ਦੀ ਹੱਤਿਆ ਤੋਂ ਬਾਅਦ ਕੀਤਾ ਗਿਆ ਸੀ। ਓਬਾਮਾ ਨੇ ਮੁਜ਼ਾਹਰਾਕਾਰੀ ਹਜੂਮ 'ਤੇ ਤਾਕਤ ਦੇ ਇਸਤੇਮਾਲ ਦੀ ਨਿਖੇਧੀ ਕੀਤੀ ਸੀ। ਇਸ ਘਟਨਾ ਤੋਂ ਬਾਅਦ ਸਾਲ ਭਰ ਰੋਸ ਮੁਜ਼ਾਹਰੇ ਤੇ ਦੰਗੇ ਚਲਦੇ ਰਹੇ ਸਨ।

ਟਾਸਕ ਫੋਰਸ ਵਿਚ ਫਿਲਾਡੈਲਫੀਆ ਦੇ



ਪੁਲਿਸ ਕਮਿਸ਼ਨਰ ਤੋਂ ਇਲਾਵਾ ਪੁਲਿਸ ਯੂਨੀਅਨ ਦੇ ਆਗੂ, ਵਿਦਵਾਨ ਤੇ ਸ਼ਹਿਰੀ ਹਕੂਕ ਦੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਦਸ ਮੈਂਬਰ ਸ਼ਾਮਲ ਸਨ। ਟਾਸਕ ਫੋਰਸ ਨੇ ਭਵਿੱਖ ਵਿਚ ਪੁਲਿਸ ਦੇ ਕੰਮ ਕਾਜ ਦੇ ਛੇ ਸਤੰਭ ਘੜੇ ਸਨ ਜਿਨ੍ਹਾਂ ਵਿਚ ਬੇਲਾਗ ਪੁਲਿਸਦਾਰੀ, ਪੁਲਿਸਦਾਰੀ 'ਤੇ ਸਥਾਨਕ ਭਾਈਚਾਰੇ ਦੀ ਨਿਗਰਾਨੀ, ਵਿਅਕਤੀਗਤ ਸਨਮਾਨ ਅਤੇ ਮਨੁੱਖੀ ਹੱਕਾਂ ਦਾ ਸਤਿਕਾਰ, ਭਾਈਚਾਰੇ ਦੇ ਸਮਾਗਮਾਂ ਵਿਚ ਪੁਲਿਸ ਦੀ ਸ਼ਮੂਲੀਅਤ, ਤਕਨਾਲੋਜੀ ਦੀ ਵਰਤੋਂ ਅਤੇ ਪੁਲਿਸ ਅਫ਼ਸਰਾਂ ਦੀ ਜਿਸਮਾਨੀ ਤੇ ਮਾਨਸਿਕ ਸਿਹਤ ਯਕੀਨੀ ਬਣਾਉਣਾ, ਸ਼ਾਮਲ ਸਨ।

ਸੂਬਾਈ, ਕਾਊਂਟੀ ਅਤੇ ਮਿਉਂਸਪਲ ਸੰਸਥਾਵਾਂ ਨੂੰ ਇਨ੍ਹਾਂ ਸੇਧਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਵੇਂ ਸਿਰਿਓਂ ਆਪੋ-ਆਪਣੇ ਐਸ.ਓ.ਪੀਜ਼ (ਕੰਮਕਾਜ ਕਰਨ ਦੇ ਇਕਸਾਰ ਨੇਮ) ਤਿਆਰ ਕਰਨ ਲਈ ਕਿਹਾ ਗਿਆ। ਪੁਲਿਸ ਨੂੰ ਭਾਈਚਾਰਕ ਮੀਟਿੰਗਾਂ, ਚਰਚ ਦੀਆਂ ਇਕੱਤਰਤਾਵਾਂ ਅਤੇ ਹੋਰਨਾਂ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਆਖਿਆ ਗਿਆ ਤਾਂ ਕਿ ਭਾਈਚਾਰਾ ਜਾਣ ਸਕੇ, ਉਹ ਪੁਲਿਸ (ਉਨ੍ਹਾਂ) ਦੀ ਗੱਲ ਸੁਣਦੀ ਹੈ। ਪੁਲਿਸ ਦੇ ਉਚੇਰੇ ਪ੍ਰਬੰਧਨ ਨੂੰ ਵੀ ਉਸ ਦੇ ਪੁਲਿਸ ਅਫਸਰਾਂ ਦੀ ਗੱਲ ਸੁਣਨ ਲਈ ਕਿਹਾ ਗਿਆ। ਸਭ ਤੋਂ ਵਧ ਕੇ ਇਹ ਕਿ ਪੁਲਿਸ ਨੂੰ ਸਰਵੇਖਣਾਂ, ਫੋਕਸ ਗਰੁਪਾਂ, ਸੋਸ਼ਲ ਮੀਡੀਆ ਅਤੇ ਇੰਟਰਵਿਊਜ਼ ਜਿਹੇ ਰਸਮੀ ਤੇ ਗ਼ੈਰ-ਰਸਮੀ ਉਪਬੰਧਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਕਿ ਉਹ ਭਾਈਚਾਰੇ ਦੇ ਸਰੋਕਾਰਾਂ ਦੀ ਥਾਹ ਪਾ ਸਕੇ।

ਅਫ਼ਸੋਸ ਦੀ ਗੱਲ ਇਹ ਕਿ ਟਾਸਕ ਫੋਰਸ ਦੀਆਂ ਸਿਫ਼ਾਰਸ਼ਾਂ ਤਾਕਤ ਦੇ ਨਾਜਾਇਜ਼ ਇਸਤੇਮਾਲ ਕਾਰਨ ਹੁੰਦੀਆਂ ਮੌਤਾਂ ਦੀ ਰੋਕਥਾਮ ਨਹੀਂ ਕਰ ਸਕੀਆਂ। 13 ਮਾਰਚ, 2020 ਨੂੰ ਕੈਂਟੱਕੀ ਸੂਬੇ ਦੇ ਲੂਈਸਵਿਲੇ ਵਿਚ ਛੱਬੀ ਸਾਲਾ ਸਿਆਹਫ਼ਾਮ ਔਰਤ ਬ੍ਰਿਓਨਾ ਟੇਅਲਰ ਉਦੋਂ ਮਾਰੀ ਗਈ ਸੀ ਜਦੋਂ ਤਲਾਸ਼ੀ ਲਈ ਪੁੱਜੇ ਪੁਲਿਸ ਦਸਤੇ ਨੇ ਟੇਅਲਰ ਦੇ ਬੁਆਏਫ੍ਰੈਂਡ ਵਲੋਂ ਗੋਲੀ ਚਲਾਉਣ ਦੇ ਜਵਾਬ ਵਜੋਂ 32 ਰੌਂਦ ਚਲਾਏ ਸਨ।

'ਵੈਰੀਵੈੱਲ' ਦਾ ਖਿਆਲ ਹੈ ਕਿ ਤਾਕਤ ਦੀ ਨਾਜਾਇਜ਼ ਵਰਤੋਂ ਕਰਨ ਵਾਲੇ ਜ਼ਿਆਦਾਤਰ ਪੁਲਿਸ ਅਫਸਰ ਗੁੱਝੇ ਤੌਰ 'ਤੇ ਕਿਸੇ ਸਮਾਜਕ ਸਮੂਹ ਪ੍ਰਤੀ ਵੈਰਭਾਵੀ ਮਨੋਦਸ਼ਾ ਜਾਂ ਵਿਸ਼ਵਾਸ ਨਾਲ ਗ੍ਰਸੇ ਹੋਏ ਸਨ ਜਿਨ੍ਹਾਂ ਦੇ ਇਸ ਰੋਗ ਦਾ ਇਲਾਜ ਕਰਵਾਉਣ ਦੀ ਲੋੜ ਹੈ। ਇਹ ਗੁੱਝੀ ਮਨੋਦਸ਼ਾ ਅਵਚੇਤਨ ਪੱਧਰ 'ਤੇ ਕੰਮ ਕਰਦੀ ਹੈ ਜਦਕਿ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਅਜਿਹੀ ਮਨੋਦਸ਼ਾ ਚੇਤਨ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਇਸ 'ਤੇ ਸੌਖੇ ਢੰਗ ਨਾਲ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਨ੍ਹਾਂ 'ਚੋਂ ਬਹੁਤੇ ਪੁਲਿਸ ਅਫ਼ਸਰਾਂ ਨੂੰ ਤਣਾਓ ਦੇ ਸਦਮੇ ਨਾਲ ਸਿੱਝਣ ਲਈ ਥੈਰੇਪੀ ਦੀ ਲੋੜ ਹੁੰਦੀ ਹੈ ਕਿਉਂਕਿ ਹਰ ਕੋਈ ਤਣਾਓ ਨਾਲ ਬਰਾਬਰ ਸਿੱਝਣ ਦੇ ਸਮੱਰਥ ਨਹੀਂ ਹੁੰਦਾ।

ਮੇਰੇ ਖਿਆਲ ਵਿਚ ਮੂਲ ਸਮੱਸਿਆ ਇਹ ਹੈ ਕਿ ਅਮਰੀਕਾ ਵਿਚ ਹਥਿਆਰਾਂ 'ਤੇ ਰੋਕਥਾਮ ਦੇ ਕਾਨੂੰਨ ਦੀ ਅਣਹੋਂਦ ਹੈ ਅਤੇ ਕਿਸੇ ਵੀ ਅਧਿਐਨ ਵਿਚ ਇਸ ਵੱਲ ਧਿਆਨ ਨਹੀਂ ਦਿੱਤਾ ਗਿਆ। ਅਮਰੀਕਾ ਵਿਚ ਹਰ ਨਾਗਰਿਕ ਮਹਿਸੂਸ ਕਰਦਾ ਹੈ ਕਿ ਸੰਵਿਧਾਨ ਦੀ ਦੂਜੀ ਸੋਧ ਦੀ ਅਵੱਗਿਆ ਨਹੀਂ ਕੀਤੀ ਜਾਣੀ ਚਾਹੀਦੀ ਜਿਸ ਤਹਿਤ 'ਲੋਕਾਂ ਨੂੰ ਹਥਿਆਰ ਰੱਖਣ ਅਤੇ ਧਾਰਨ ਕਰਨ ਦੇ ਹੱਕ ਦੀ ਜ਼ਾਮਨੀ ਦਿੱਤੀ ਗਈ ਹੈ।'

ਅਮਰੀਕਾ ਦੇ ਮੁਕਾਬਲੇ ਭਾਰਤ ਵਿਚ ਪੁਲਿਸ ਵਧੀਕੀਆਂ ਦੀ ਬਜਾਇ ਪੁਲਿਸ ਪ੍ਰਣਾਲੀ ਅਤੇ ਕਾਨੂੰਨਾਂ ਦੇ ਸਿਆਸੀਕਰਨ ਦਾ ਮਸਲਾ ਜ਼ਿਆਦਾ ਸੰਗੀਨ ਹੈ। ਇੱਥੇ ਲੋਕਾਂ ਨੂੰ ਖੁਸ਼ਫਹਿਮੀ ਹੈ ਕਿ ਜੇ ਸਾਰੇ ਸੂਬੇ 2006 ਵਿਚ ਸੁਪਰੀਮ ਕੋਰਟ ਵਲੋਂ ਦਿੱਤੀਆਂ ਗਈਆਂ ਸੱਤ ਸਿਫ਼ਾਰਸ਼ਾਂ ਦੇ ਆਦੇਸ਼ਾਂ ਨੂੰ ਲਾਗੂ ਕਰ ਦੇਣ ਤਾਂ ਆਦਰਸ਼ ਪੁਲਿਸ ਸਿਸਟਮ ਬਣ ਸਕਦਾ ਹੈ। ਇਨ੍ਹਾਂ ਸਿਫ਼ਾਰਸ਼ਾਂ ਵਿਚ ਸੂਬਾਈ ਸੁਰੱਖਿਆ ਕਮਿਸ਼ਨ ਦੀ ਸਥਾਪਨਾ, ਡੀ.ਜੀ.ਪੀ. ਦੀ ਮੈਰਿਟ ਦੇ ਆਧਾਰ 'ਤੇ ਨਿਯੁਕਤੀ, ਨਿਸ਼ਚਤ ਕਾਰਜਕਾਲ, ਜਾਂਚ ਜਾਂ ਤਫ਼ਤੀਸ਼ ਨੂੰ ਕਾਨੂੰਨ ਵਿਵਸਥਾ ਨਾਲੋਂ ਵੱਖ ਕਰਨਾ, ਪੁਲਿਸ ਵਿਵਸਥਾ ਬੋਰਡ ਦਾ ਗਠਨ, ਪੁਲਿਸ ਖਿਲਾਫ਼ ਸ਼ਿਕਾਇਤ ਅਥਾਰਿਟੀ ਦੀ ਸਥਾਪਨਾ ਅਤੇ ਸੀਨੀਅਰ ਅਫਸਰਾਂ ਦੀ ਸਿਲੈਕਸ਼ਨ ਲਈ ਰਾਸ਼ਟਰੀ ਸੁਰੱਖਿਆ ਕਮਿਸ਼ਨ ਦੀ ਸਥਾਪਨਾ ਸ਼ਾਮਲ ਸਨ।

ਅਫ਼ਸੋਸ ਕਿ ਇਨ੍ਹਾਂ 'ਚੋਂ ਕੋਈ ਵੀ ਕਦਮ ਅਜਿਹਾ ਨਹੀਂ ਹੈ ਜਿਸ ਨਾਲ ਆਮ ਨਾਗਰਿਕ ਨੂੰ ਨਿਆਂ ਮਿਲਣਾ ਯਕੀਨੀ ਬਣ ਸਕੇ। ਜਿਵੇਂ ਮੀਡੀਆ ਰਿਪੋਰਟਾਂ ਤੋਂ ਇਹ ਗੱਲ ਨੁਮਾਇਆ ਹੁੰਦੀ ਹੈ ਕਿ ਇਨ੍ਹਾਂ 'ਚੋਂ ਕਈ ਕਦਮ ਪੁੱਟਣ ਦੇ ਬਾਵਜੂਦ ਪੁਲਿਸ ਨੂੰ ਸਿਆਸਤਦਾਨਾਂ ਦੇ ਚੁੰਗਲ 'ਚੋਂ ਆਜ਼ਾਦ ਕਰਾਉਣ ਦਾ ਮੂਲ ਉਦੇਸ਼ ਪੂਰਾ ਨਹੀਂ ਹੋ ਸਕਿਆ। ਇਕ ਪੱਖ ਤੋਂ ਦੇਖਿਆ ਜਾਵੇ ਤਾਂ ਭਾਰਤੀ ਪੁਲਿਸ ਅਫ਼ਸਰ ਆਪਣੇ ਅਮਰੀਕੀ ਹਮਰੁਤਬਿਆਂ ਨਾਲੋਂ ਬਿਹਤਰ ਜਾਪਦੇ ਹਨ ਕਿਉਂਕਿ ਉਨ੍ਹਾਂ ਨੂੰ ਤਣਾਓ ਘਟਾਉਣ ਲਈ ਸੂਬਾਈ ਸੂਹੀਆ ਵਿਭਾਗ ਜਾਂ ਕੇਂਦਰੀ ਡੈਪੂਟੇਸ਼ਨਾਂ ਜਿਹੀਆਂ ਬਦਲਵੀਆਂ ਜ਼ਿੰਮੇਵਾਰੀਆਂ ਹਾਸਲ ਹੋ ਜਾਂਦੀਆਂ ਹਨ ਜਿੱਥੇ ਉਨ੍ਹਾਂ ਨੂੰ ਰੋਜ਼ਮੱਰਾ ਦੀਆਂ ਕਾਨੂੰਨ ਵਿਵਸਥਾ ਦੀਆਂ ਸਥਿਤੀਆਂ ਨਾਲ ਸਿੱਝਣਾ ਨਹੀਂ ਪੈਂਦਾ। ਦੂਜੇ ਬੰਨੇ, ਅਮਰੀਕਾ ਵਿਚ ਪੈਟਰੋਲ ਅਫਸਰ ਲਈ ਆਮ ਤੌਰ 'ਤੇ ਡੈਸਕ ਡਿਊਟੀ ਬਦਲਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਸ਼ਾਇਦ ਇਸੇ ਕਰ ਕੇ ਇਸ ਕਿਸਮ ਦੀ ਪੁਲਿਸ ਵਹਿਸ਼ਤ ਭਾਰਤ ਵਿਚ ਵਾਪਰਦੀ ਦਿਖਾਈ ਨਹੀਂ ਦਿੰਦੀ।

# ਅਮਰੀਕੀ ਬੈਂਕਾਂ ਦੇ ਹਾਲਾਤ

ਅਮਰੀਕਾ ਦੇ ਵੀਹ ਸਭ ਤੋਂ ਵੱਡੇ ਬੈਂਕਾਂ 'ਚ ਸ਼ੁਮਾਰ ਸਿਲੀਕੌਨ ਵੈਲੀ ਬੈਂਕ (ਐਸ.ਵੀ.ਬੀ.) ਦੇ ਡੁੱਬਣ ਨਾਲ ਜਿੱਥੇ ਦੁਨੀਆ ਭਰ 'ਚ ਝਟਕੇ ਲੱਗੇ, ਉੱਥੇ ਮੁੱਖ ਅਰਥਚਾਰਿਆਂ ਦੇ ਵਿੱਤੀ ਖੇਤਰਾਂ ਅਤੇ ਸ਼ੇਅਰ ਬਾਜ਼ਾਰਾਂ ਵਿਚ ਵੀ ਉਥਲ-ਪੁਥਲ ਹੋ ਰਹੀ ਹੈ। ਇਹ ਘਟਨਾ ਆਪਣੇ ਆਪ ਵਿਚ ਹੀ 2008 ਦੇ ਵਿੱਤੀ ਸੰਕਟ ਦਾ ਚੇਤਾ ਵੀ ਕਰਾਉਂਦੀ ਹੈ ਜਦੋਂ ਲੀਹਮਨ ਬ੍ਰਦਰਜ਼ ਬੈਂਕ ਡੁੱਬਿਆ ਸੀ ਅਤੇ ਬਹੁਤ ਸਾਰੇ ਵਿੱਤੀ ਖਿਡਾਰੀਆਂ ਦੀ ਨੀਂਦ ਉਡ ਗਈ ਸੀ।

ਸਾਰੇ ਪੱਖਾਂ ਤੋਂ ਦੇਖਿਆਂ ਪ੍ਰਤੀਤ ਹੁੰਦਾ ਹੈ ਕਿ ਸੰਕਟ ਨੂੰ ਨੱਥ ਪਾ ਲਈ ਗਈ ਹੈ ਤੇ ਇਸ ਦਾ ਅਸਰ ਫੈਲਣ ਤੋਂ ਰੋਕ ਦਿੱਤਾ ਗਿਆ ਹੈ। ਹਾਲਾਂਕਿ

ਸੁਬੀਰ ਰੌਏ

ਇਹ ਵੱਡੇ ਧਰਵਾਸ ਦੀ ਗੱਲ ਹੈ ਪਰ ਇਸ ਵੇਲੇ ਇਹ ਤੈਅ ਕਰਨ ਦੀ ਲੋੜ ਹੈ ਕਿ ਸਥਿਤੀ ਨੂੰ ਸੰਕਟ ਦੇ ਕੰਢੇ 'ਤੇ ਪਹੁੰਚਾਉਣ ਲਈ ਕਿਹੜੀਆਂ ਗੱਲਾਂ ਜ਼ਿੰਮੇਵਾਰ ਹਨ ਅਤੇ ਸੰਕਟ ਨੂੰ ਬੇਕਾਬੂ ਹੋਣ ਤੋਂ ਕਿਸ ਢੰਗ ਨਾਲ ਰੋਕਿਆ ਜਾ ਸਕਿਆ ਹੈ। ਇਸ ਤੋਂ ਸਹੀ ਸਬਕ ਲੈਣ ਦੇ ਨਾਲ ਹੀ ਆਉਣ ਵਾਲੇ ਸਮਿਆਂ ਵਿਚ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋਣ ਤੋਂ ਬਚਿਆ ਜਾ ਸਕਦਾ ਹੈ।

ਐਸ.ਵੀ.ਬੀ. ਵੱਲ ਉਂਗਲ ਉਠਾਈ ਜਾ ਰਹੀ ਹੈ ਕਿ ਉਸ ਨੇ ਇਕ ਹੀ ਤਰ੍ਹਾਂ ਦੇ ਕਰਜ਼ੇ ਦੇਣ, ਭਾਵ ਤਕਨੀਕੀ ਉਦਮਾਂ ਅਤੇ ਉਨ੍ਹਾਂ ਦੇ ਸਟਾਰਟਅੱਪਸ 'ਤੇ ਫੋਕਸ ਕਰਨ ਤੋਂ ਬਿਨਾ ਹੋਰ ਕੁਝ ਖਾਸ ਨਹੀਂ ਕੀਤਾ ਸੀ। ਵਿੱਤੀ ਜਗਤ ਦਾ ਇਹ ਜੋਖਮ ਭਰਪੂਰ ਕੋਨਾ ਹੈ ਜਿਵੇਂ ਤੁਹਾਨੂੰ ਪਤਾ ਲੱਗਦਾ ਹੈ ਕਿ ਵੱਡੇ ਬੈਂਕ ਆਮ ਤੌਰ 'ਤੇ ਇਸ ਤਰ੍ਹਾਂ ਦੇ ਕਾਰੋਬਾਰਾਂ ਲਈ ਆਪਣੇ ਪੋਰਟਫੋਲੀਓ ਦਾ ਬਹੁਤ ਛੋਟਾ ਹਿੱਸਾ ਹੀ ਰੱਖਦੇ ਹਨ ਤਾਂ ਕਿ ਜੋਖਮ ਦਾ ਦਾਇਰਾ ਸੀਮਤ ਰਹੇ ਪਰ ਐਸ.ਵੀ.ਬੀ. ਨੇ ਇਸ ਵਿਚ ਸ਼ਾਮਲ ਹੋਣ ਦਾ ਰਾਹ ਚੁਣਿਆ ਸੀ ਜਿਸ ਕਰ ਕੇ ਇਹ ਭਾਣਾ ਵਰਤਿਆ। ਇਸ ਬੈਂਕ ਨੇ ਸਿਰਫ ਨਵੇਂ ਕਾਰੋਬਾਰਾਂ 'ਤੇ ਹੀ ਟੇਕ ਰੱਖੀ ਸੀ। ਵੈਂਚਰ ਕੈਪੀਟਲ ਫੰਡਿੰਗ ਵਿਚ ਅਰਬਾਂ ਡਾਲਰ ਵਾਲੇ ਟੈੱਕ ਉਦਮੀਆਂ ਨੇ ਆਪਣਾ ਪੈਸਾ ਐਸ.ਵੀ.ਬੀ. ਵਰਗੇ ਬੈਂਕ ਕੋਲ ਰੱਖਿਆ ਹੋਇਆ ਸੀ ਜੋ ਮੋੜਵੇਂ ਰੂਪ ਵਿਚ ਇਸ ਪੈਸੇ ਨੂੰ ਬੌਂਡਾਂ ਵਿਚ ਜਮ੍ਹਾਂ ਕਰਾਉਂਦਾ ਸੀ। ਕੀ ਇਸ ਵਿਚ ਕੋਈ ਜੋਖਮ ਹੈ? ਇਹ ਤੁਹਾਨੂੰ ਕੌਣ ਦੱਸ ਸਕਦਾ ਹੈ? ਬੈਂਕ ਦਾ ਮੁੱਖ ਜੋਖਮ ਅਫਸਰ। ਹੁਣ ਹੈਰਤਅੰਗੇਜ਼ ਤੱਥ ਸਾਹਮਣੇ ਆਇਆ ਹੈ ਕਿ ਐਸ.ਵੀ.ਬੀ. ਨੇ ਅੱਠ ਮਹੀਨੇ ਪਹਿਲਾਂ ਸੇਵਾਮੁਕਤ ਹੋਏ ਆਪਣੇ ਮੁੱਖ ਜੋਖਮ ਅਫਸਰ ਦੀ ਥਾਂ ਨਵੀਂ ਨਿਯੁਕਤੀ ਨਹੀਂ ਕੀਤੀ ਸੀ।

ਉਸ ਤੋਂ ਬਾਅਦ ਫਿਰ ਤਕਨੀਕੀ ਕੰਪਨੀਆਂ ਵਿਚ ਮੰਦੀ ਆ ਗਈ, ਵੈਂਚਰ ਕੈਪੀਟਲ ਫੰਡਿੰਗ ਦੇ ਸਰੋਤ ਸੁੱਕ ਗਏ ਅਤੇ ਯੂਕਰੇਨ ਜੰਗ ਲੰਮੀ ਖਿੱਚਣ ਕਰ ਕੇ ਮਹਿੰਗਾਈ ਦਰ ਆਸਮਾਨ 'ਤੇ ਪਹੁੰਚ ਗਈ। ਇਸ ਨਾਲ ਸਿੱਝਣ ਲਈ ਅਮਰੀਕੀ ਫੈਡਰਲ ਰਿਜ਼ਰਵ ਨੇ ਵਿਆਜ ਦਰਾਂ ਵਧਾਈਆਂ, ਬੌਂਡਾਂ ਦੀਆਂ ਕੀਮਤਾਂ ਡਿੱਗ ਪਈਆਂ ਅਤੇ ਐਸ.ਵੀ.ਬੀ. ਨੂੰ ਉਨ੍ਹਾਂ ਦੀ ਮੰਡੀ ਤੋਂ ਤਸਦੀਕ ਕਰਾਉਣ ਲਈ ਕਾਗਜ਼ੀ ਰੂਪ ਵਿਚ ਭਾਰੀ ਘਾਟਾ ਸਹਿਣਾ ਪਿਆ। ਜਦੋਂ ਘਾਟਾ ਪੈਣ ਦੀਆਂ ਕਨਸੋਆਂ ਪੈਣ ਲੱਗੀਆਂ ਤਾਂ ਖ਼ਾਤੇਦਾਰਾਂ ਨੇ ਬੈਂਕ 'ਚੋਂ ਨਕਦੀ ਕਢਵਾਉਣੀ ਸ਼ੁਰੂ ਕਰ ਦਿੱਤੀ ਅਤੇ ਬੈਂਕ ਨੂੰ ਬੌਂਡ ਵੇਚਣੇ ਪੈ ਗਏ ਤੇ ਇਸ ਚੱਕਰ ਵਿਚ ਉਸ ਨੂੰ ਭਾਰੀ ਘਾਟਾ ਖਾਣਾ ਪਿਆ ਤੇ ਅੰਤ ਨੂੰ ਸਾਰੀ ਖੇਡ ਚੁਪੱਟ ਹੋ ਗਈ।

ਇਕ ਹੋਰ ਸਵਾਲ ਜੋ ਜਵਾਬ ਮੰਗਦਾ ਹੈ ਅਤੇ ਭਵਿੱਖ ਵਿਚ ਵਰਜਨਾ ਸੂਚੀ ਵੱਲ ਇਸ਼ਾਰਾ ਵੀ ਕਰਦਾ ਹੈ, ਉਹ ਹੈ ਕਿ ਐਨੇ ਜ਼ਿਆਦਾ ਉਦਮੀਆਂ ਨੇ ਆਪਣਾ ਬਹੁਤਾ ਪੈਸਾ ਇਕੋ ਬੈਂਕ ਵਿਚ ਕਿਉਂ ਰੱਖਿਆ ਹੋਇਆ ਸੀ ਅਤੇ ਸ਼ੁਰੂ ਵਿਚ ਫੰਡ ਮੁਹੱਈਆ ਕਰਾਉਣ ਵਾਲੇ ਵੈਂਚਰ ਕੈਪੀਟਲਿਸਟਾਂ ਨੇ ਖ਼ਾਤੇਦਾਰਾਂ ਨੂੰ ਆਪਣੀਆਂ ਜਮ੍ਹਾਂ ਪੂੰਜੀਆਂ ਵੱਖੋ-ਵੱਖਰੇ ਬੈਂਕਾਂ ਵਿਚ ਰੱਖਣ ਦੀ ਸਲਾਹ ਕਿਉਂ ਨਹੀਂ ਦਿੱਤੀ। ਸਟਾਰਟਅੱਪ ਖੇਤਰ ਦੁਨੀਆ ਭਰ ਵਿਚ ਆਪਣੀ ਤਰ੍ਹਾਂ ਦਾ ਸਭ ਤੋਂ ਗਤੀਸ਼ੀਲ ਖੇਤਰ ਤਸਲੀਮ ਕੀਤਾ ਜਾਂਦਾ ਹੈ ਪਰ ਇਹ ਦੇਖਣ ਵਿਚ ਆਇਆ ਕਿ ਆਪਣੇ ਧਨ ਨੂੰ ਲੈ ਕੇ ਇਹ ਲਾਪਰਵਾਹੀ ਤੋਂ ਕੰਮ ਲੈਂਦਾ ਰਿਹਾ ਹੈ। ਜੇ ਅਸੀਂ ਇਹ ਗੱਲ ਮੰਨ ਲਈਏ ਕਿ ਜ਼ਿਆਦਾ ਜੋਖਮ ਲੈਣਾ ਸਮੁੱਚੇ ਰੂਪ ਵਿਚ ਸਿਲੀਕੌਨ ਵੈਲੀ ਦੇ ਸਭਿਆਚਾਰ ਦਾ ਹਿੱਸਾ ਰਿਹਾ ਹੈ ਤਾਂ ਕ੍ਰੈਡਿਟ ਸੁਈਜ਼ ਦੀਆਂ ਦਿੱਕਤਾਂ ਬਾਰੇ ਕੋਈ ਕੀ ਆਖੇਗਾ ਜੋ ਅਮੂਮਨ ਸੰਕੋਚ ਨਾਲ ਚੱਲਣ ਵਾਲੇ ਮੁਲਕ ਸਵਿਟਜ਼ਰਲੈਂਡ ਦਾ ਬਹੁਤ ਵੱਡਾ ਬੈਂਕ ਹੈ ਅਤੇ ਆਪਣੇ ਆਖਰੀ ਫ਼ੈਸਲਾਕੁਨ ਮੁਕਾਮ 'ਤੇ ਪਹੁੰਚ ਗਿਆ ਹੈ।

ਇਸ ਸਮੁੱਚੇ ਘਟਨਾਕ੍ਰਮ ਤੋਂ ਬਾਅਦ ਸਵਾਲ ਪੈਦਾ ਹੁੰਦਾ ਹੈ ਕਿ ਚਲੰਤ ਸੰਕਟ ਪੈਦਾ ਹੋਣ ਤੱਕ ਨਿਗਰਾਨ ਸੰਸਥਾਵਾਂ ਦੀ ਭੂਮਿਕਾ ਕਿਹੋ ਜਿਹੀ ਰਹੀ ਸੀ। ਜ਼ਮੀਨੀ ਹਕੀਕਤ 'ਤੇ ਨਜ਼ਰ ਰੱਖਣ ਵਾਲੇ ਕਿਸੇ ਵੀ ਨਿਗਰਾਨ ਨੂੰ ਪਤਾ ਹੁੰਦਾ ਹੈ ਕਿ ਐਸ.ਵੀ.ਬੀ. ਜਿਹੇ ਬੈਂਕ ਮੁਸੀਬਤ ਵੱਲ ਵਧ ਰਹੇ ਹਨ। ਉਨ੍ਹਾਂ ਨੂੰ ਇਹ ਇਲਮ ਵੀ ਹੈ ਕਿ ਮੁਸੀਬਤ ਫੈਡਰਲ ਰਿਜ਼ਰਵ ਵਲੋਂ ਵਿਆਜ ਦਰਾਂ ਵਿਚ ਨਿਰੰਤਰ ਇਜ਼ਾਫ਼ਾ ਕਰਨ ਕਰ ਕੇ ਪੈਦਾ ਹੋਈ ਹੈ। ਆਮ ਬੰਦਾ ਵੀ ਜਾਣਦਾ ਹੈ ਕਿ ਜਦੋਂ ਮਹਿੰਗਾਈ ਦਾ ਰੁਝਾਨ ਬਣ ਜਾਂਦਾ ਹੈ ਤਾਂ ਕੇਂਦਰੀ ਬੈਂਕ ਨੂੰ ਦਖ਼ਲ ਦੇਣਾ ਪੈਂਦਾ ਹੈ ਅਤੇ ਵਿਆਜ ਦਰਾਂ ਵਿਚ ਵਾਧਾ ਕਰਨਾ ਪੈਂਦਾ ਹੈ, ਜਿਵੇਂ ਫੈਡਰਲ ਰਿਜ਼ਰਵ ਨੇ ਕੀਤਾ ਹੈ।

ਵੱਡਾ ਸਵਾਲ ਇਹ ਹੈ ਕਿ ਇਸ ਨੂੰ ਕਿਸੇ ਹੋਰ ਢੰਗ ਨਾਲ ਵੀ ਸਿੱਝਿਆ ਜਾ ਸਕਦਾ ਸੀ? ਇਸ ਵੇਲੇ ਮਹਿੰਗਾਈ ਦਾ ਜੋ ਦੌਰ ਬਣਿਆ ਹੈ, ਉਹ ਇਸ ਕਰ ਕੇ ਨਹੀਂ ਹੈ ਕਿ ਵਸਤਾਂ ਦੀ ਕੁਝ ਵੰਨਗੀ ਪਿੱਛੇ ਬਹੁਤ ਸਾਰਾ ਪੈਸਾ ਘੁੰਮ ਰਿਹਾ ਹੈ ਅਤੇ ਜਿਸ ਨਾਲ ਵਧੀਕ ਮੰਗ ਹੋ ਰਹੀ ਹੈ ਸਗੋਂ ਇਸ ਕਰ ਕੇ ਹੈ ਕਿ ਯੂਕਰੇਨ ਜੰਗ ਦੇ ਸਿੱਟੇ ਵਜੋਂ ਜਿਣਸਾਂ ਤੇ ਖ਼ਾਸਕਰ ਊਰਜਾ ਦੀ ਆਲਮੀ ਸਪਲਾਈ ਟੁੱਟਣ ਕਰ ਕੇ ਵਸਤਾਂ ਦੀ ਵੰਨਗੀ ਵਿਚ ਗਿਰਾਵਟ ਹੋ ਗਈ ਹੈ। ਫੈਡਰਲ ਰਿਜ਼ਰਵ ਇਸ ਮੁਤੱਲਕ ਇਕ ਬਦਲਵਾਂ ਰਾਹ ਅਪਣਾ ਸਕਦਾ ਸੀ। ਇਹ ਮਹਿੰਗਾਈ ਦਰ ਨੂੰ ਵਧਣ ਅਤੇ ਵਧੀਆਂ ਕੀਮਤਾਂ ਕਰ ਕੇ ਮੰਗ ਮਾਂਦ ਪੈਣ ਦੀ ਇੰਤਜ਼ਾਰ ਕਰ ਸਕਦਾ ਸੀ। ਜੇ ਇਵੇਂ ਕੀਤਾ ਹੁੰਦਾ ਤਾਂ ਬੌਂਡ ਧਾਰਕਾਂ ਦੇ ਪੋਰਟਫੋਲੀਓ ਵਿਚ ਬੌਂਡਾਂ ਦੀਆਂ ਕੀਮਤਾਂ ਦਾ ਬੁਰਾ ਹਾਲ ਨਹੀਂ ਹੋਣਾ ਸੀ ਅਤੇ ਨਾ ਹੀ ਵਿੱਤੀ ਸੰਸਥਾਵਾਂ ਲਈ ਸੰਕਟ ਪੈਦਾ ਹੋਣਾ ਸੀ ਜਿਸ ਕਰ ਕੇ ਐਸ.ਵੀ.ਬੀ. ਡੁੱਬ ਗਿਆ ਅਤੇ ਕ੍ਰੈਡਿਟ ਸੁਈਜ਼ ਨੂੰ ਵੇਚਣ ਦੀ ਨੌਬਤ ਬਣ ਗਈ।

ਅਮਰੀਕਾ ਤੋਂ ਉਲਟ ਭਾਰਤ, ਚੀਨ ਅਤੇ ਜਪਾਨ ਜਿਹੇ ਕਈ ਵੱਡੇ ਅਰਥਚਾਰਿਆਂ ਨੇ ਆਪਣੇ ਆਪ ਨੂੰ ਐਸ.ਵੀ.ਬੀ. ਦੇ ਤੂਫ਼ਾਨ ਦੀ ਲਪੇਟ ਵਿਚ ਨਹੀਂ ਆਉਣ ਦਿੱਤਾ। ਅਹਿਮ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਅਰਥਚਾਰਿਆਂ ਕੋਲ ਬਹੁਤ ਹੀ ਜ਼ਿਆਦਾ ਨੇਮਬੰਦੀ ਵਾਲੇ ਵਿੱਤੀ ਖੇਤਰ ਮੌਜੂਦ ਹਨ ਜਿਸ ਕਰ ਕੇ ਉਸ ਕਿਸਮ ਦੀ ਵਿੱਤੀ ਖੁਦਮੁਖ਼ਤਾਰੀ ਹਾਸਲ ਨਹੀਂ ਹੈ ਜਿਸ ਕਰ ਕੇ ਐਸ.ਵੀ.ਬੀ. ਦੇ ਇਹ ਹਾਲਾਤ ਬਣੇ ਸਨ। ਇਸ ਦੇ ਦੋ ਕਾਰਨ ਹਨ। ਭਾਰਤ ਅਤੇ ਚੀਨ ਹਾਲਾਂਕਿ ਦੋਵੇਂ ਪਿਛਲੇ ਕੁਝ ਸਮੇਂ ਤੋਂ ਦਿੱਕਤਾਂ ਦਾ ਸਾਹਮਣਾ ਕਰ ਰਹੇ ਸਨ। ਚੀਨ ਨੂੰ ਆਪਣੇ ਬੈਂਕਿੰਗ ਖੇਤਰ ਦੀਆਂ ਮੁਸੀਬਤਾਂ 'ਚੋਂ ਲੰਘਣਾ ਪੈ ਰਿਹਾ ਸੀ ਜਦਕਿ ਭਾਰਤ ਨੂੰ ਕਈ ਸਹਿਕਾਰੀ ਬੈਂਕਾਂ (ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ ਬੈਂਕ) ਅਤੇ ਕੁਝ ਪ੍ਰਾਈਵੇਟ ਬੈਂਕਾਂ (ਯੈੱਸ ਬੈਂਕ) ਦੇ ਘਾਲੇ-ਮਾਲੇ ਸਮੇਟਣ ਲਈ ਮੁਸ਼ੱਕਤ ਕਰਨੀ ਪੈ ਰਹੀ ਸੀ। ਇਸ ਕਰ ਕੇ ਦੋਵਾਂ ਨੂੰ ਨਿਗਰਾਨ ਸੁਧਾਰ ਕਰਨੇ ਪਏ ਜਿਸ ਕਰ ਕੇ ਸਥਿਤੀ ਵਿਚ ਕਾਫ਼ੀ ਸੁਧਾਰ ਆਇਆ ਹੈ।

ਜਿੱਥੋਂ ਤੱਕ ਜਪਾਨ ਦਾ ਸਵਾਲ ਹੈ ਤਾਂ ਇਸ ਦਾ ਵਿੱਤ ਮੰਤਰਾਲਾ ਇਤਿਹਾਸਕ ਤੌਰ 'ਤੇ ਆਪਣੇ ਵਿੱਤੀ ਖੇਤਰ ਨੂੰ ਇਸ ਢੰਗ ਨਾਲ 'ਸ਼ੌਰਟ ਲੀਜ਼' 'ਤੇ ਰੱਖਦਾ ਹੈ ਕਿ ਕੋਈ ਖੁੱਲ੍ਹੀ ਮੰਡੀ ਵਾਲੇ ਕਿਸੇ ਹੋਰ ਵਿਕਸਤ ਮੁਲਕ ਲਈ ਅਜਿਹਾ ਕਰਨਾ ਸੰਭਵ ਨਹੀਂ ਹੁੰਦਾ। ਇਨ੍ਹਾਂ ਸਾਰੇ ਕਦਮਾਂ ਸਦਕਾ ਇਨ੍ਹਾਂ ਤਿੰਨੋ ਅਰਥਚਾਰਿਆਂ ਨੂੰ ਸੱਤ ਸਮੁੰਦਰੋਂ ਪਾਰ ਆਉਣ ਵਾਲੀਆਂ ਗਰਮ ਹਵਾਵਾਂ ਦਾ ਸੇਕ ਨਹੀਂ ਲੱਗ ਸਕਿਆ।

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ ਤਾਂ ਜਮ੍ਹਾਂ ਪੂੰਜੀ ਰੱਖਣ ਵਾਲਿਆਂ ਵਿਚ ਕਿਸੇ ਕਿਸਮ ਦਾ ਸਹਿਮ ਨਹੀਂ ਹੈ। ਅੱਧ ਤੋਂ ਜ਼ਿਆਦਾ ਜਮ੍ਹਾਂ ਪੂੰਜੀਆਂ ਸਰਕਾਰੀ ਖੇਤਰ ਦੇ ਬੈਂਕਾਂ ਕੋਲ ਹਨ ਜੋ ਨਾਕਾਮ ਹੋਣ ਦੀ ਪਰਿਭਾਸ਼ਾ ਵਿਚ ਨਹੀਂ ਆਉਂਦੀਆਂ। ਇਸ ਤੋਂ ਇਲਾਵਾ, ਇਕ ਤਰ੍ਹਾਂ ਦੀ ਜ਼ਾਮਨੀ ਵੀ ਦਿੱਤੀ ਜਾਂਦੀ ਹੈ ਜਿਸ ਨਾਲ ਕੋਈ ਪ੍ਰਾਈਵੇਟ ਬੈਂਕ ਦਿੱਕਤਾਂ ਨਾਲ ਸਿੱਝ ਸਕਦੀ ਹੈ ਜਿਵੇਂ ਯੈੱਸ ਬੈਂਕ ਦੇ ਮਾਮਲੇ ਵਿਚ ਹੋਇਆ ਹੈ ਜਿਸ ਨੂੰ ਭਾਰਤੀ ਸਟੇਟ ਬੈਂਕ ਦੀ ਅਗਵਾਈ ਵਾਲੇ ਬੈਂਕ ਸਮੂਹ ਵਲੋਂ ਬਚਾਇਆ ਗਿਆ ਹੈ ਜੋ ਜ਼ਾਹਰਾ ਤੌਰ 'ਤੇ ਭਾਰਤੀ ਰਿਜ਼ਰਵ ਬੈਂਕ ਦੇ ਇਸ਼ਾਰੇ 'ਤੇ ਹੀ ਹੋਇਆ ਸੀ।

ਸਮੁੱਚੀ ਕਹਾਣੀ ਦਾ ਸਬਕ ਇਹ ਹੈ ਕਿ ਅਧਿਕਾਰੀਆਂ ਨੂੰ ਨਾ ਕੇਵਲ ਵੈਂਚਰ ਕੈਪੀਟਲ ਦੀ ਨਕਦੀ ਦੀ ਊਰਜਾ ਖਪਤ ਕਰਨ ਵਾਲੇ ਤਕਨੀਕੀ ਸਟਾਰਟਅੱਪਸ ਸਗੋਂ ਉਨ੍ਹਾਂ ਦੇ ਫੰਡਾਂ ਦੇ ਮਾਲਕ ਬੈਂਕਰਾਂ 'ਤੇ ਵੀ ਨਜ਼ਰ ਰੱਖਣੀ ਪਵੇਗੀ ਜੋ ਇਕ ਦਿਨ ਹੁੰਦੇ ਹਨ ਤੇ ਅਗਲੇ ਦਿਨ ਬਾਹਰ ਹੁੰਦੇ ਹਨ; ਮਤਲਬ, ਕਰੀਬੀ ਨਿਗਰਾਨੀ ਤੇ ਜੇ ਲੋੜ ਪਵੇ ਤਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਦਖ਼ਲ। ਇਹ ਅਮਰੀਕਾ ਵਿਚ ਮਯੱਸਰ ਸਪੇਸ ਨਾਲੋਂ ਕਾਫ਼ੀ ਜੁਦਾ ਹੈ ਜਿੱਥੇ ਨਵੇਂ ਉਦਮਾਂ ਨੂੰ ਪਨਪਣ ਅਤੇ ਅਮਰੀਕੀ ਤੇ ਆਲਮੀ ਅਰਥਚਾਰੇ ਨੂੰ ਅਗਾਂਹ ਲਿਜਾਣ ਲਈ ਕਾਫ਼ੀ ਅਹਿਮ ਸਾਬਿਤ ਹੁੰਦੀ ਹੈ। ਇਸ ਦਾ ਵਿਰੋਧਾਭਾਸ ਇਹ ਹੈ ਕਿ ਜਮ੍ਹਾਂ ਪੂੰਜੀਆਂ ਰੱਖਣ ਵਾਲਿਆਂ ਅੰਦਰ ਸਹਿਮ ਫੈਲਣਾ ਨਿਜ਼ਾਮਾਂ ਲਈ ਵਾਰਾ ਨਹੀਂ ਖਾਂਦਾ ਹਾਲਾਂਕਿ ਨਵੇਂ ਕਾਰੋਬਾਰਾਂ ਦੇ ਉਥਾਨ ਲਈ ਉਨ੍ਹਾਂ ਨੂੰ ਰਚਨਾਤਮਿਕਤਾ ਦੀ ਲੋੜ ਪੈਂਦੀ ਹੈ।

# ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ

ਪੰਜਾਬ ਦੇ ਦਰਿਆਈ ਪਾਣੀਆਂ ਦਾ ਮਾਮਲਾ ਕਾਫੀ ਗੁੰਝਲਦਾਰ ਹੈ। ਇਨ੍ਹਾਂ ਦੀਆਂ ਕਈ ਪਰਤਾਂ ਅਤੇ ਪਹਿਲੂ ਹਨ। ਇਨ੍ਹਾਂ ਨੂੰ ਸਮਝਣ ਲਈ ਗੰਭੀਰ ਅਧਿਐਨ ਅਤੇ ਸੁਹਿਰਦਤਾ ਵਾਲੀ ਪਹੁੰਚ ਹੀ ਕਾਰਗਰ ਹੋ ਸਕਦੀ ਹੈ। ਇਨ੍ਹਾਂ ਪਹਿਲੂਆਂ ਵਿਚ ਇਸ ਦਾ ਇਤਿਹਾਸਕ ਪੱਖ ਹੈ ਜਿਹੜਾ ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਨਾਲ ਜੁੜਿਆ ਹੋਇਆ ਹੈ। ਸੂਬੇ ਦੀ ਵੰਡ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਹੋਣ ਕਾਰਨ ਦਰਿਆਈ ਪਾਣੀਆਂ ਦੀ ਵੰਡ ਦਾ ਅੰਤਰਰਾਸ਼ਟਰੀ ਪਰਿਪੇਖ ਪੈਦਾ ਹੋ ਗਿਆ ਸੀ। ਇਹ ਮਸਲਾ ਪੰਜਾਬ ਸੂਬੇ/ਦੇਸ਼ ਦੇ ਸੂਬਿਆਂ ਤੋਂ ਬਦਲ ਕੇ ਦੋ ਦੇਸ਼ਾਂ : ਭਾਰਤ ਅਤੇ ਪਾਕਿਸਤਾਨ ਵਿਚ ਝਗੜੇ ਦਾ ਕਾਰਨ ਬਣ ਗਿਆ

ਸੁੱਚਾ ਸਿੰਘ ਗਿੱਲ

ਸੀ ਜਿਸ ਦੇ ਹੱਲ ਵਾਸਤੇ ਦੋਵਾਂ ਦੇਸ਼ਾਂ ਨੇ ਸਿੰਧ/ਇੰਡਸ ਜਲ ਸੰਧੀ 1960 ਵਿਚ ਕੀਤੀ ਸੀ। ਇਸ ਸੰਧੀ ਵਾਸਤੇ 1952 ਤੋਂ 1960 ਤਕ ਕਈ ਦੌਰ ਦੀ ਗੱਲਬਾਤ ਨੇ ਰਾਜਸਥਾਨ ਨੂੰ ਜਾਣ ਵਾਲੇ ਦਰਿਆਈ ਪਾਣੀ ਦਾ ਮਸਲਾ ਸਿੰਧ ਬੇਸਿਨ ਦੇ ਵਿਕਾਸ ਨਾਲ ਜੋੜ ਦਿੱਤਾ। ਪੰਜਾਬੀ ਸੂਬਾ 1966 ਵਿਚ ਬਣਨ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਵਿਚ ਪਾਣੀ ਦੀ ਵੰਡ ਦਾ ਮਸਲਾ ਹੋਂਦ ਵਿਚ ਆ ਗਿਆ। ਇਸ ਮਸਲੇ ਦੀਆਂ ਜੜ੍ਹਾਂ ਪੰਜਾਬ ਪੁਨਰਗਠਨ ਐਕਟ 1966 ਵਿਚ ਪਈਆਂ ਹੋਈਆਂ ਹਨ। ਇਸ ਨੂੰ ਸੁਲਝਾਉਣ ਵਾਸਤੇ ਕੇਸ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਇਸ ਕਾਰਨ ਇਹ ਮਸਲਾ ਕਾਨੂੰਨੀ ਵੀ ਬਣਿਆ ਹੋਇਆ ਹੈ। ਇਹ ਮਸਲਾ ਦਰਿਆਵਾਂ ਵਿਚ ਪਾਣੀ ਦੀ ਮਾਤਰਾ ਨਾਲ ਸਬੰਧਤ ਹੋਣ ਕਾਰਨ ਇਕ ਟੈਕਨੀਕਲ ਮਸਲਾ ਵੀ ਹੈ। ਇਸ ਮਸਲੇ 'ਤੇ ਸਿਆਸਤ ਗਰਮਾਈ ਹੋਣ ਕਾਰਨ ਇਹ ਸਿਆਸੀ ਮਸਲਾ ਵੀ ਬਣਿਆ ਹੋਇਆ ਹੈ। ਇਸ ਨੂੰ ਸਮਝਣ ਲਈ ਇਹ ਮਹੱਤਵਪੂਰਨ ਹੈ ਕਿ ਦੇਸ਼ ਦਾ ਵਿਧਾਨ ਕੇਂਦਰ ਨੂੰ ਕਾਫੀ ਜ਼ਿਆਦਾ ਤਾਕਤਵਰ ਬਣਾਉਂਦਾ ਹੈ ਜਿਸ ਕਾਰਨ ਸੂਬਿਆਂ ਦੇ ਵਿਚਾਰਾਂ ਨੂੰ ਦਰਕਿਨਾਰ ਕਰ ਕੇ ਪਾਣੀਆਂ ਦੀ ਵੰਡ ਵਿਚ ਕੇਂਦਰ ਦਖਲਅੰਦਾਜ਼ੀ ਕਰ ਸਕਦਾ ਹੈ। ਬਹੁਤ ਵਾਰੀ ਵਿਚਾਰਵਾਨ ਵਿਅਕਤੀ ਇਕ ਜਾਂ ਦੋ ਪੱਖਾਂ 'ਤੇ ਜ਼ੋਰ ਦੇ ਕੇ ਆਪਣੀ ਗੱਲ ਕਰਦੇ ਹਨ। ਇਸ ਮਸਲੇ ਨੂੰ ਸਾਰਿਆਂ ਪੱਖਾਂ ਤੋਂ ਵਿਚਾਰ ਕੇ ਇਸ ਦੇ ਹੱਲ ਲੱਭਣ ਲਈ ਯਤਨ ਕਰਨ ਦੀ ਜ਼ਰੂਰਤ ਹੈ।

### ਇਤਿਹਾਸਕ ਪੱਖ

ਪੰਜਾਬ ਦੀ 1947 ਵਿਚ ਵੰਡ ਵਸੋਂ ਦੇ ਆਧਾਰ 'ਤੇ ਇਸ ਤਰ੍ਹਾਂ ਹੋਈ ਕਿ ਰਾਵੀ ਦਰਿਆ ਤੋਂ ਨਿਕਲਣ ਵਾਲੀ ਅਪਰ ਬਾਰੀ ਦੋਆਬ ਨਹਿਰ ਦਾ ਹੈੱਡ ਵਰਕਸ ਮਾਧੋਪੁਰ ਅਤੇ ਇਸ ਦੀ ਸਿੰਚਾਈ ਦਾ ਮੁੱਖ ਇਲਾਕਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਪੂਰਬੀ ਪੰਜਾਬ ਵਿਚ ਆ ਗਿਆ ਪਰ ਕੁਝ ਇਲਾਕਾ (ਲਾਹੌਰ) ਪੱਛਮੀ/ ਪਾਕਿਸਤਾਨੀ ਪੰਜਾਬ ਵਿਚ ਚਲਾ ਗਿਆ। ਸਤਲੁਜ ਦਰਿਆ ਵਿਚੋਂ ਨਿਕਲਣ ਵਾਲੀ ਦੀਪਾਲਪੁਰ ਨਹਿਰ ਦਾ ਸੰਚਾਈ ਵਾਲਾ ਇਲਾਕਾ ਪੱਛਮੀ ਪੰਜਾਬ ਵਿਚ ਚਲਾ ਗਿਆ ਪਰ ਇਸ ਦਾ ਹੈੱਡ ਵਰਕਸ ਫ਼ਿਰੋਜ਼ਪੁਰ ਨੇੜੇ ਪੂਰਬੀ ਪੰਜਾਬ ਵਿਚ ਰਹਿ ਗਿਆ ਸੀ। ਭਾਰਤੀ ਪੰਜਾਬ ਦੀ ਵੰਡ ਕਮੇਟੀ ਨੇ ਦਸੰਬਰ 1947 ਨੂੰ ਇਹ ਪ੍ਰਵਾਨਗੀ ਦਿੱਤੀ ਕਿ ਅਪਰ ਬਾਰੀ ਦੋਆਬ ਨਹਿਰ ਅਤੇ ਦੀਪਾਲਪੁਰ ਨਹਿਰ ਵਿਚ 31 ਮਾਰਚ 1948 ਤਕ ਪਹਿਲਾਂ ਵਾਂਗ ਪਾਣੀ ਜਾਣ ਦਿੱਤਾ ਜਾਵੇਗਾ। ਇਸ ਸਮਝੌਤੇ ਦੇ ਖਤਮ ਹੋਣ ਦੀ ਤਰੀਕ ਤੋਂ ਬਾਅਦ ਨਹਿਰੀ ਪਾਣੀ ਪਾਕਿਸਤਾਨ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪਾਕਿਸਤਾਨ ਦੇ ਕਹਿਣ 'ਤੇ ਇਹ ਮਸਲਾ ਭਾਰਤ-ਪਾਕਿਸਤਾਨ ਦੇ ਪੱਧਰ 'ਤੇ ਚਲਾ ਗਿਆ ਅਤੇ 4 ਮਈ 1948 ਸਮਝੌਤਾ ਹੋਇਆ ਜਿਸ ਨੂੰ ਡੋਮੀਨੀਅਨ ਅਕਾਰਡ (Dominion Accord)/ਸਮਝੌਤਾ ਕਿਹਾ ਜਾਂਦਾ ਹੈ। ਇਸ ਸਮਝੌਤੇ ਅਨੁਸਾਰ ਭਾਰਤੀ ਪੰਜਾਬ ਦੇ ਉਪਰੋਕਤ ਹੈੱਡ ਵਰਕਸਾਂ ਤੋਂ ਫੌਰੀ ਜ਼ਰੂਰਤ ਵਾਸਤੇ ਪਾਕਿਸਤਾਨ ਨੂੰ ਨਹਿਰੀ ਪਾਣੀ ਜਾਣ ਦਿੱਤਾ ਗਿਆ ਸੀ। ਇਸ ਵਾਸਤੇ ਭਾਰਤ ਨੂੰ ਇਨ੍ਹਾਂ ਨਹਿਰਾਂ ਵਿਚ ਪਾਣੀ ਭੇਜਣ ਵਾਸਤੇ ਕੀਤੇ ਖਰਚ ਅਤੇ ਲਗੀ ਪੂੰਜੀ ਦੀ ਘਸਾਈ ਕਾਰਨ ਪਾਕਿਸਤਾਨ ਭਾਰਤ ਨੂੰ ਅਦਾਇਗੀ ਕਰੇਗਾ। ਪਰ ਪਾਣੀ ਭੇਜਣ ਲਈ ਕੋਈ ਰਾਇਲਟੀ ਚਾਰਜ ਕਰਨ ਦਾ ਜ਼ਿਕਰ ਨਹੀਂ ਕੀਤਾ ਗਿਆ ਅਤੇ ਇਹ ਅਦਾਇਗੀ ਪਾਕਿਸਤਾਨ ਵਲੋਂ ਭਾਰਤ ਸਰਕਾਰ ਨੂੰ ਕੀਤੀ ਜਾਂਦੀ ਰਹੀ ਸੀ। ਭਾਰਤ ਸਰਕਾਰ ਵਲੋਂ ਪਾਕਿਸਤਾਨ ਤੋਂ ਕੀਤੀ ਵਸੂਲੀ ਦੀ ਅਦਾਇਗੀ ਪੂਰਬੀ ਪੰਜਾਬ ਨੂੰ ਕਰ ਦਿੱਤੀ ਜਾਂਦੀ ਰਹੀ ਸੀ। ਪਰ ਇਸ ਤੋਂ ਅਗਲੇ ਚਾਰ ਸਾਲਾਂ ਤੱਕ ਦੋਵਾਂ ਦੇਸ਼ਾਂ ਵਿਚ ਕੋਈ ਸਮਝੌਤਾ ਨਹੀਂ ਹੋ ਸਕਿਆ। ਦੋਵਾਂ ਦੇਸ਼ਾਂ ਵਿਚਾਲੇ ਕਾਨਫਰੰਸਾਂ ਹੁੰਦੀਆਂ ਰਹੀਆਂ ਅਤੇ ਚਿੱਠੀ-ਪੱਤਰ ਚਲਦੇ ਰਹੇ ਅਤੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਰਵੱਈਆ ਸਖ਼ਤ ਹੁੰਦਾ ਗਿਆ ਸੀ। ਪਾਕਿਸਤਾਨ ਇਸ ਮਸਲੇ ਨੂੰ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਕੋਲ ਲਿਜਾਣਾ ਚਾਹੁੰਦਾ ਸੀ। ਫਰਵਰੀ 1951 ਵਿਚ ਡੇਵਿਡ ਈ ਲੀਨੀਅੰਥਲ, ਸਾਬਕਾ ਚੇਅਰਮੈਨ ਟੇਨੇਸੀ ਘਾਟੀ ਅਥਾਰਟੀ ਅਤੇ ਅਟਾਮਿਕ ਕਮਿਸ਼ਨ ਆਫ ਯੂ.ਐਸ.ਏ. ਨੇ ਭਾਰਤ ਅਤੇ ਪਾਕਿਸਤਾਨ ਦਾ ਦੌਰਾ ਕੀਤਾ ਅਤੇ ਇਹ ਸੁਝਾਅ ਪੇਸ਼ ਕੀਤਾ ਕਿ ਭਾਰਤ-ਪਾਕਿਸਤਾਨ ਆਪਸੀ ਸਹਿਯੋਗ ਨਾਲ ਸਿੰਧ ਬੇਸਿਨ ਦੇ ਦਰਿਆਵਾਂ ਦੇ ਪਾਣੀਆਂ ਦੀ ਵਰਤੋਂ ਨੂੰ ਵਿਕਸਿਤ ਕਰਨ ਅਤੇ ਵਰਤਣ। ਇਸ ਸੁਝਾਅ ਨੂੰ ਵਿਸ਼ਵ ਬੈਂਕ ਨੇ ਮੰਨ ਲਿਆ ਅਤੇ ਸਤੰਬਰ 1951 ਵਿਚ ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਈ ਆਰ ਬਲੈਕ ਨੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਚਿੱਠੀ ਲਿਖ ਕੇ ਵਿਚ ਦਰਿਆਈ ਪਾਣੀਆਂ ਦੀ ਵੰਡ ਦੇ ਮਸਲੇ ਵਿਚ ਵਿਚੋਲਗੀ ਕਰਨ ਦੀ ਪੇਸ਼ਕਸ਼ ਕੀਤੀ। ਇਸ ਪੇਸ਼ਕਸ਼ ਨੂੰ ਦੋਵਾਂ ਦੇਸ਼ਾਂ ਨੇ ਮਨਜ਼ੂਰ ਕਰ ਲਿਆ। ਇਸ ਕਾਰਜ ਵਾਸਤੇ ਵਿਸ਼ਵ ਬੈਂਕ ਨੂੰ ਅਮਰੀਕਾ ਅਤੇ ਬਰਤਾਨੀਆ ਦੀ ਹਮਾਇਤ ਹਾਸਲ ਸੀ। ਉਹ ਨਹੀਂ ਚਾਹੁੰਦੇ ਸਨ ਕਿ ਕੋਰੀਆ ਵਰਗਾ ਇੱਕ ਹੋਰ ਤਲਖ਼ੀ ਵਾਲਾ ਖਿੱਤਾ ਦੱਖਣੀ ਏਸ਼ੀਆ ਵਿਚ ਪੈਦਾ ਹੋ ਜਾਵੇ। ਵਿਸ਼ਵ ਬੈਂਕ ਦੀ ਸਮਝ ਸੀ ਕਿ ਸਿੰਧ ਬੇਸਿਨ ਦੇ ਦਰਿਆਵਾਂ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਵਰਤਣ ਨਾਲ ਇਸ ਬੇਸਿਨ ਵਿਚ ਕਾਫੀ ਹੋਰ ਸਿੰਚਾਈ ਨੂੰ ਵਧਾਇਆ ਜਾ ਸਕਦਾ ਹੈ ਅਤੇ ਆਰਥਿਕ ਵਿਕਾਸ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਨੇ ਸਿੰਧ ਬੇਸਿਨ ਦੇ ਪਾਣੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਵਰਤ ਕੇ ਆਰਥਿਕ ਵਿਕਾਸ ਪ੍ਰਾਪਤ ਕਰਨ ਲਈ ਹੇਠ ਲਿਖੇ ਸੁਝਾਅ ਪੇਸ਼ ਕੀਤੇ:

1. ਭਾਰਤ ਅਤੇ ਪਾਕਿਸਤਾਨ ਇਕ ਇਕ ਕੁਆਲੀਫਾਈਡ ਇੰਜਨੀਅਰ ਨਾਮਜ਼ਦ ਕਰਨ ਜਿਹੜੇ ਮਿਲ ਕੇ ਸਿੰਧ ਬੇਸਿਨ ਦੇ ਪਾਣੀਆਂ ਦੇ ਸਾਧਨਾਂ ਦੇ ਵਿਕਾਸ ਵਾਸਤੇ ਯੋਜਨਾ ਤਿਆਰ ਕਰਨ ਜਿਸ ਨਾਲ ਇਸ ਬੇਸਿਨ ਦਾ ਵੱਧ ਤੋਂ ਵੱਧ ਵਿਕਾਸ ਕੀਤਾ ਜਾ ਸਕੇ।

2. ਵਿਸ਼ਵ ਬੈਂਕ ਵੱਲੋਂ ਇਕ ਇੰਜਨੀਅਰ ਲਗਾਤਾਰ ਦੋਵਾਂ ਦੇਸ਼ਾਂ ਦੇ ਨਾਮਜ਼ਦ ਇੰਜਨੀਅਰਾਂ ਨੂੰ ਲਗਾਤਾਰ ਉਪਲੱਬਧ ਰਹੇਗਾ ਅਤੇ ਨਿਰਪੱਖ ਸਲਾਹਕਾਰ ਦਾ ਕੰਮ ਕਰੇਗਾ।

3. ਇਹ ਤਿੰਨ ਮੈਂਬਰ ਪਾਰਟੀ ਸ਼ੁਰੂ ਵਿਚ ਇਕ ਮੀਟਿੰਗ ਕੰਮਕਾਜ ਦੇ ਤਰੀਕੇ ਨੂੰ ਤੈਅ ਕਰੇਗੀ ਤਾਂ ਕਿ ਇਸ ਯੋਜਨਾ ਨੂੰ ਬਣਾਉਣ ਵਾਸਤੇ ਕਿਹੜਾ ਤਰੀਕਾ ਅਪਣਾਇਆ ਜਾਵੇ, ਇਸ ਲਈ ਕਿਹੜੇ ਕਦਮ, ਕਿਸ ਤਰਤੀਬ ਵਿਚ ਪੁੱਟੇ ਜਾਣਗੇ, ਅਤੇ ਇਨ੍ਹਾਂ ਦੇ ਪੂਰੇ ਹੋਣ ਦੀਆਂ ਤਰੀਕਾਂ ਦਾ ਟੀਚਾ ਤੈਅ ਕੀਤਾ ਜਾਵੇਗਾ।

ਇਸ ਤੋਂ ਬਾਅਦ ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਨੇ ਦਿੱਲੀ ਅਤੇ ਕਰਾਚੀ ਦਾ ਦੌਰਾ ਕੀਤਾ ਅਤੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਵਿਚੋਲਗੀ ਦੇ ਕੰਮ ਨੂੰ ਅੱਗੇ ਤੋਰਨ ਵਿਚ ਕਾਮਯਾਬੀ ਹਾਸਲ ਕੀਤੀ। ਨੌਂ ਸਾਲ ਦੇ ਲੰਮੇਰੇ ਸਮੇਂ ਵਿਚ ਗੱਲਬਾਤ ਕਈ ਦੌਰਾਂ ਵਿਚੋਂ ਲੰਘੀ ਅਤੇ ਕਈ ਵਾਰ ਇਹ ਵਾਰਤਾ ਟੁੱਟਦੀ ਨਜ਼ਰ ਆਈ ਸੀ। ਪਾਕਿਸਤਾਨ ਵਿਸ਼ਵ ਬੈਂਕ ਵੱਲੋਂ ਸੁਝਾਈ ਪਾਣੀਆਂ ਦੀ ਵੰਡ ਦੀ ਤਜਵੀਜ਼ ਕਿ ਤਿੰਨ ਪੱਛਮੀ ਦਰਿਆ ਸਿੰਧ, ਜੇਹਲਮ ਅਤੇ ਚਨਾਬ ਪਾਕਿਸਤਾਨ ਨੂੰ ਅਤੇ ਤਿੰਨ ਪੂਰਬੀ ਦਰਿਆ ਸਤਲੁਜ, ਬਿਆਸ ਅਤੇ ਰਾਵੀ ਭਾਰਤ ਨੂੰ ਦੇ ਦਿੱਤੇ ਜਾਣ, ਨੂੰ ਮੰਨਣ ਲਈ ਤਿਆਰ ਨਹੀਂ ਸੀ। ਇਸ ਨੂੰ ਸਿਰੇ ਚਾੜ੍ਹਨ ਵਾਸਤੇ ਵਿਸ਼ਵ ਬੈਂਕ ਵਲੋਂ ਪਾਕਿਸਤਾਨ ਵਿਚ ਪਾਣੀਆਂ ਨੂੰ ਵਿਕਸਤ ਕਰਨ ਵਾਸਤੇ ਆਪਣੇ ਵਲੋਂ ਅਤੇ ਹੋਰ ਵਿਕਸਿਤ ਦੇਸ਼ਾਂ ਤੋਂ ਕਾਫੀ ਮਦਦ ਦਿਵਾਉਣ ਦੀ ਪੇਸ਼ਕਸ਼ ਕੀਤੀ ਅਤੇ ਪੱਛਮੀ ਦਰਿਆਵਾਂ ਤੋਂ ਲਿੰਕ ਨਹਿਰਾਂ ਬਣਾ ਕੇ ਭਾਰਤ ਵਿਚਲੇ ਹੈੱਡ ਵਰਕਸਾਂ ਤੋਂ ਪਾਣੀ ਬੰਦ ਹੋਣ ਕਾਰਨ ਸੁੱਕਣ ਵਾਲੀਆਂ ਨਹਿਰਾਂ ਵਿਚ ਪਾਣੀ ਲਿਆਉਣ ਵਾਸਤੇ ਭਾਰਤ ਤੋਂ ਵੀ ਕੁਝ ਵਿੱਤੀ ਵਸੂਲੀ ਕਰਵਾ ਕੇ ਦੇਵੇਗਾ। (ਸੰਧੀ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ 6.06 ਕਰੋੜ ਪੌਂਡ ਇਸ ਕਰਕੇ ਦਸ ਸਾਲਾਨਾ ਕਿਸ਼ਤਾਂ ਵਿਚ ਅਦਾ ਕੀਤੇ ਸਨ।) ਇਸ ਤੋਂ ਬਾਅਦ ਪਾਕਿਸਤਾਨ ਦਾ ਰਵੱਈਆ ਕੁਝ ਢਿੱਲਾ ਹੋਇਆ ਸੀ। ਇਨ੍ਹਾਂ ਦੌਰਾਂ ਵਿਚੋਂ ਲੰਘ ਕੇ 19 ਸਤੰਬਰ 1960 ਨੂੰ ਸਿੰਧ/ਇੰਡਸ ਜਲ ਸੰਧੀ ਕਰਵਾਉਣ ਅਤੇ ਇਸ ਨੂੰ ਲਾਗੂ ਕਰਨ ਵਿਚ ਵਿਸ਼ਵ ਬੈਂਕ ਨੇ ਸਫ਼ਲਤਾ ਹਾਸਿਲ ਕੀਤੀ। ਇਸ ਲੰਮੇ ਗੱਲਬਾਤ ਦੇ ਦੌਰ ਵਿਚ ਸਿੰਧ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ 'ਤੇ ਕਿਹੜੇ ਪ੍ਰਾਜੈਕਟ ਬਣਾਏ ਜਾਣਗੇ ਇਸ 'ਤੇ ਭਰਭੂਰ ਚਰਚਾ ਹੁੰਦੀ ਰਹੀ ਸੀ। ਇਨ੍ਹਾਂ ਵਿਚੋਂ ਕੁਝ ਪ੍ਰਾਜੈਕਟ ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਕੁਝ ਬਾਅਦ ਵਿਚ ਸੁਝਾਅ ਅਧੀਨ ਆਏ ਸਨ। ਪਰ ਸਾਰੇ ਪ੍ਰਾਜੈਕਟ ਦੋਵਾਂ ਦੇਸ਼ਾਂ ਵਲੋਂ ਆਜ਼ਾਦਾਨਾ ਬਣਾਉਣ ਦਾ ਫੈਸਲਾ ਹੋਇਆ। ਇਸ ਧਾਰਨਾ ਪਿੱਛੇ ਸਿੰਧ ਬੇਸਿਨ ਵਿਚ ਵਧੇਰੇ ਸਿੰਚਾਈ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਦਾ ਸਿਧਾਂਤ ਹੀ ਮੰਨਿਆ ਗਿਆ ਸੀ। ਸਿੰਧ ਬੇਸਿਨ ਵਿਚ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਪੱਛਮੀ ਪੰਜਾਬ, ਪੂਰਬੀ ਪੰਜਾਬ (ਸਮੇਤ ਹਰਿਆਣਾ), ਰਾਜਸਥਾਨ ਦਾ ਬੀਕਾਨੇਰ ਦਾ ਇਲਾਕਾ,



ਬਹਾਵਲਪੁਰ ਸਟੇਟ ਸਰਹੱਦੀ ਸੂਬਾ, ਬਲੋਚਿਸਤਾਨ ਅਤੇ ਸਿੰਧ ਅਤੇ ਇਨ੍ਹਾਂ ਦੇ ਨਾਲ ਲਗਦੇ ਇਲਾਕਿਆਂ ਨੂੰ ਸ਼ਾਮਲ ਕੀਤਾ ਗਿਆ। ਸਿੰਧ ਬੇਸਿਨ ਨੂੰ ਨਿਸ਼ਚਿਤ ਕਰਨ ਵਾਸਤੇ ਜ਼ਮੀਨ ਦੀ ਸਿੰਧ ਦਰਿਆ ਵੱਲ ਢਲਾਣ ਨੂੰ ਮਾਪਦੰਡ ਮੰਨਿਆ ਗਿਆ ਸੀ। ਇਸ ਢਲਾਣ ਨੂੰ ਸਮੁਚੇ ਤੌਰ 'ਤੇ ਮੈਦਾਨੀ ਇਲਾਕਿਆਂ ਵਿਚ 0.75 ਫੁੱਟ ਪ੍ਰਤੀ ਮੀਲ ਦਰਿਆ ਵਲ ਭਾਰਤ ਦੀ ਤਰਫੋਂ ਅਤੇ ਪਾਕਿਸਤਾਨ ਦੇ ਇਲਾਕੇ ਵਿਚ ਇਹ ਢਲਾਣ ਇਸ ਤੋਂ ਥੋੜ੍ਹੀ ਘੱਟ ਮਾਪੀ ਗਈ ਸੀ। ਭਾਰਤ ਦੀ ਤਰਫੋਂ ਸਤਲੁਜ ਅਤੇ ਬਿਆਸ ਦਰਿਆਵਾਂ 'ਤੇ ਪ੍ਰਾਜੈਕਟ ਬਣਾਉਣ ਦੀ ਵਿਉਂਤਬੰਦੀ ਵਿਚ ਹਮੇਸ਼ਾ ਹੀ 1952 ਤੋਂ ਰਾਜਸਥਾਨ ਨਹਿਰ, ਸਰਹਿੰਦ ਫੀਡਰ ਅਤੇ ਭਾਖੜਾ ਨਹਿਰਾਂ ਦਾ ਜ਼ਿਕਰ ਹੁੰਦਾ ਰਿਹਾ ਹੈ।

ਇਸ ਸੰਧੀ ਦੀ ਗੱਲਬਾਤ ਵਿਚ ਕੁਝ ਗੱਲਾਂ ਕਾਫੀ ਸਪੱਸ਼ਟ ਹੋਈਆਂ ਜਿਸ ਨਾਲ ਸਿੰਧ ਬੇਸਿਨ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਬਿਰਤਾਂਤ ਨੂੰ ਭਾਰਤ ਵਿਚ ਸਮਝਣ 'ਚ ਮਦਦ ਮਿਲ ਸਕਦੀ ਹੈ। (1) ਇਹ ਵੰਡ ਸਿੰਧ ਬੇਸਿਨ ਵਿਕਾਸ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ। (2) ਸਿੰਧ ਬੇਸਿਨ ਵਿਚ ਪੰਜਾਬ (ਹਰਿਆਣਾ), ਰਾਜਸਥਾਨ ਦਾ ਬੀਕਾਨੇਰ ਦਾ ਇਲਾਕਾ ਸ਼ਾਮਲ ਕੀਤਾ ਗਿਆ ਸੀ। (3) ਦਰਿਆਈ ਪਾਣੀਆਂ ਦੀ ਵਰਤੋਂ ਵਾਸਤੇ ਵਗਦੇ ਦਰਿਆਵਾਂ ਤੇ ਪਾਣੀ ਦੇ ਵਹਾਅ ਨੂੰ ਮੋੜਨ ਵਾਲੇ ਛੋਟੇ ਬੰਨ੍ਹ ਮਾਰਨ ਤੋਂ ਬੇਹਤਰ ਤਰੀਕਾ ਕਾਫੀ ਉਚਾਈ ਵਾਲੇ ਬਹੁ-ਮੰਤਵੀ ਬੰਨ੍ਹ ਜ਼ਿਆਦਾ ਫਾਇਦੇਮੰਦ ਸਾਬਤ ਹੋ ਸਕਦੇ ਹਨ ਜਿਵੇਂ ਕਿ ਭਾਖੜਾ ਬੰਨ੍ਹ। ਇਨ੍ਹਾਂ ਨਾਲ ਸਿੰਚਾਈ ਤੋਂ ਇਲਾਵਾ ਪਣ- ਬਿਜਲੀ ਵੀ ਪੈਦਾ ਕੀਤੀ ਜਾ ਸਕਦੀ ਹੈ।

### ਰਾਜਸਥਾਨ ਨੂੰ ਪਾਣੀ ਅਤੇ ਰਾਇਲਟੀ

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਕੁਝ ਰਾਜਨੀਤਕ ਆਗੂ, ਵਕੀਲ, ਬੁੱਧੀਜੀਵੀ ਅਤੇ ਵਿਚਾਰਵਾਨ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਨੂੰ ਪੰਜਾਬ ਦੇ ਪਾਣੀਆਂ ਦੇ ਨਾਜਾਇਜ਼ ਕਬਜ਼ੇ ਦੀ ਗੱਲ ਕਰ ਰਹੇ ਹਨ। ਉਹ ਹੁਣ ਤੱਕ ਰਾਜਸਥਾਨ ਵਲੋਂ ਵਰਤੇ ਗਏ ਪਾਣੀ ਵਾਸਤੇ 80,000 ਕਰੋੜ ਰੁਪਏ ਦੀ ਅਦਾਇਗੀ ਰਾਇਲਟੀ ਦੇ ਤੌਰ 'ਤੇ ਪੰਜਾਬ ਨੂੰ ਕਰਨ ਦੀ ਗੱਲ ਕਰਦੇ ਹਨ। ਇਕ ਐਸਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਵੀ ਕੀਤਾ ਗਿਆ ਸੀ ਪਰ ਉਹ ਅੱਗੇ ਨਹੀਂ ਚਲ ਸਕਿਆ। ਇਹ ਮੁੱਦੇ ਕੁਝ ਹੋਰ ਚਰਚਾ ਦੀ ਮੰਗ ਕਰਦੇ ਹਨ। ਰਾਜਸਥਾਨ ਨੂੰ ਜਾਣ ਵਾਲੇ ਪਾਣੀ ਦੇ ਖ਼ਿਲਾਫ ਵਾਲੀਆਂ ਧਿਰਾਂ ਦਾ ਵਿਚਾਰ ਹੈ ਕਿ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀਆਂ 'ਤੇ ਰਿਪੇਰੀਅਨ ਕਾਨੂੰਨ ਅਨੁਸਾਰ ਮੌਜੂਦਾ ਪੰਜਾਬ (1966 ਤੋਂ ਬਾਅਦ ਬਣੇ ਪੰਜਾਬ) ਦਾ ਹੀ ਹੱਕ ਹੈ। ਇਨ੍ਹਾਂ ਪਾਣੀਆਂ ਨੂੰ ਪੰਜਾਬ ਦੀਆਂ ਸਿੰਚਾਈ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਹੋਰ ਕਿਸੇ ਸੂਬੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ ਪਰ ਇਸ ਵਾਸਤੇ ਖਰਚੇ ਤੋਂ ਇਲਾਵਾ ਪੰਜਾਬ ਨੂੰ ਪਾਣੀ 'ਤੇ ਰਾਇਲਟੀ ਮੰਗਣ ਦਾ ਅਧਿਕਾਰ ਹੈ। ਇਸ ਧਾਰਨਾ ਦੇ ਹੱਕ ਵਿਚ ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਪੰਜਾਬ ਵਲੋਂ ਬੀਕਾਨੇਰ, ਪਟਿਆਲਾ ਅਤੇ ਬਹਾਵਲਪੁਰ ਰਿਆਸਤਾਂ ਨੂੰ ਜਾਂਦੇ ਪਾਣੀ ਬਦਲੇ ਰਾਇਲਟੀ ਲਈ ਜਾਂਦੀ ਸੀ। ਇਹ ਮਿਸਾਲ ਵੀ ਦਿੱਤੀ ਜਾਂਦੀ ਹੈ ਕਿ ਅਜੋਕੇ ਭਾਰਤ ਵਿਚ ਸਰਦਾਰ ਸਰੋਵਰ ਡੈਮ ਨਿਕਲਣ ਵਾਲੀ ਨਹਿਰ ਤੋਂ ਰਾਜਸਥਾਨ ਨੂੰ ਟ੍ਰਿਬਿਊਨਲ ਵਲੋਂ ਇਸ ਆਧਾਰ 'ਤੇ ਪਾਣੀ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ ਕਿ ਉਹ ਨਰਬਦਾ ਦਰਿਆ ਦਾ ਰਿਪੇਰੀਅਨ ਸੂਬਾ ਨਹੀਂ ਹੈ। ਪਰ ਇਹ ਸਚਾਈ ਨਹੀਂ ਹੈ। ਜੂਨ 2022 ਦੇ ਅੰਕੜਿਆਂ ਮੁਤਾਬਿਕ ਇਸ ਨਹਿਰ ਰਾਹੀਂ ਰਾਜਸਥਾਨ ਦੇ ਜਲੌਰ ਅਤੇ ਬਾਰਮੇੜ ਜ਼ਿਲ੍ਹਿਆਂ ਵਿਚ 2,46,000 ਹੈਕਟੇਅਰ 'ਤੇ ਸਿੰਚਾਈ ਹੋ ਰਹੀ ਹੈ। ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਕਿਉਂਕਿ ਪੰਜਾਬ ਵਿਚ ਬਦਲੇ ਹੋਏ ਫ਼ਸਲਾਂ ਦੇ ਚੱਕਰ (ਕਣਕ-ਝੋਨਾ) ਕਾਰਨ ਪਾਣੀ ਦੀ ਲੋੜ ਬਹੁਤ ਵਧ ਗਈ ਹੈ ਅਤੇ ਜ਼ਮੀਨ ਹੇਠਲਾ ਪਾਣੀ ਦਾ ਪੱਧਰ ਵੀ ਕਾਫੀ ਹੇਠਾਂ ਚਲਿਆ ਗਿਆ ਹੈ ਇਸ ਕਰਕੇ ਦਰਿਆਈ ਪਾਣੀਆਂ 'ਤੇ ਪਹਿਲਾ ਹੱਕ ਪੰਜਾਬ ਦਾ ਹੈ ਅਤੇ ਸੂਬੇ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਹੀ ਕਿਸੇ ਹੋਰ ਸੂਬੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ। ਇਸ ਕਰਕੇ ਪਿਛਲੇ ਸਮੇਂ ਵਿਚ ਵਰਤੇ ਗਏ ਪਾਣੀ 'ਤੇ ਰਾਇਲਟੀ ਲੈਣੀ ਬਣਦੀ ਹੈ ਅਤੇ ਮੌਜੂਦਾ ਪਾਣੀ ਨੂੰ ਪੰਜਾਬ ਵਿਚ ਵਰਤਣ ਨੂੰ ਪਹਿਲ ਦੇਣੀ ਚਾਹੀਦੀ ਹੈ। ਪਰ ਇਤਿਹਾਸਕ ਤੱਥ ਇਸ ਵਿਚਾਰ ਦੀ ਪੁਸ਼ਟੀ ਨਹੀਂ ਕਰਦੇ। ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਕੋਈ ਰਿਪੇਰੀਅਨ ਕਾਨੂੰਨ ਕਿਸੇ ਵੀ ਯੂ ਐਨ ਓ ਦੀ ਸੰਸਥਾ ਵੱਲੋਂ ਅੱਜ ਤਕ ਪਾਸ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਭਾਰਤ ਦੇ ਕਾਨੂੰਨੀ ਢਾਂਚੇ ਦਾ ਇਹ ਹਿੱਸਾ ਹੈ। ਪਰ ਫਿਰ ਵੀ ਪੰਜਾਬ ਦੇ ਕੁਝ ਸੂਝਵਾਨ ਵਿਦਵਾਨ ਇਸ ਕਾਨੂੰਨ ਬਾਰੇ ਖਿਆਲੀ ਸੁਪਨੇ ਲੈ ਰਹੇ ਹਨ।

ਇਤਿਹਾਸਿਕ ਤੱਥ ਇਹ ਹਨ ਕਿ ਸਿੰਧ ਜਲ ਸੰਧੀ ਅਨੁਸਾਰ ਭਾਰਤ ਨੂੰ ਤਿੰਨ ਦਰਿਆ ਦੇਸ਼ ਵਿਚ ਸਿੰਧ ਬੇਸਿਨ ਵਿਚ ਸਿੰਚਾਈ ਦਾ ਵਿਕਾਸ ਕਰਨ ਵਾਸਤੇ ਅਲਾਟ ਕੀਤੇ ਗਏ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੰਮੀ (ਨੌਂ ਸਾਲਾ, 1952-60) ਦੀ ਗੱਲਬਾਤ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ 'ਤੇ ਇਹ ਫੈਸਲਾ ਹੋਇਆ ਸੀ। ਇਹ ਅਧਿਕਾਰ ਮੌਜੂਦਾ ਜਾਂ ਸਾਂਝੇ ਪੰਜਾਬ ਨੂੰ ਪ੍ਰਾਪਤ ਨਹੀਂ ਹੋਏ ਸਨ। ਸਿੰਧ ਦਰਿਆਵਾਂ ਦੇ ਪਾਣੀਆਂ ਦੀ ਵੰਡ ਸਮੇਂ ਪੱਛਮੀ ਅਤੇ ਪੂਰਬੀ ਪੰਜਾਬ ਸਰਕਾਰਾਂ ਨੂੰ ਗੱਲਬਾਤ ਅਤੇ ਸਮਝੌਤੇ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ। ਦੇਸ਼ ਦੀ 1947 ਵਿਚ ਆਜ਼ਾਦੀ ਤੋਂ ਬਾਅਦ ਪੰਜਾਬ ਵਲੋਂ ਪਟਿਆਲਾ ਅਤੇ ਬੀਕਾਨੇਰ ਦੇ ਇਲਾਕਿਆਂ ਨੂੰ ਜਾਂਦੇ ਪਾਣੀ ਦੀ ਰਾਇਲਟੀ ਨਹੀਂ ਚਾਰਜ ਕੀਤੀ ਗਈ। ਇਸ ਤੋਂ ਇਲਾਵਾ 1970 ਤਕ ਪਾਕਿਸਤਾਨ ਨੂੰ ਰਾਵੀ ਅਤੇ ਸਤਲੁਜ ਦੇ ਦਰਿਆਵਾਂ ਦੇ ਨਹਿਰੀ ਪਾਣੀ ਤੋਂ ਪਾਣੀ ਭੇਜਣ ਦੇ ਖਰਚੇ ਤਾਂ ਲਏ ਜਾਂਦੇ ਸਨ ਪਰ ਰਾਇਲਟੀ ਨਹੀਂ ਚਾਰਜ ਕੀਤੀ ਗਈ। ਜੇਕਰ ਇਹ ਦਲੀਲ ਮੰਨ ਲਈ ਜਾਵੇ ਕਿ ਰਾਜਸਥਾਨ ਦਾ ਦਰਿਆਈ ਪਾਣੀਆਂ 'ਤੇ ਕੋਈ ਹੱਕ ਨਹੀਂ ਹੈ ਤਾਂ ਇਹ ਪਾਣੀ ਕੀ ਪੰਜਾਬ ਨੂੰ ਮਿਲ ਜਾਵੇਗਾ? ਇਹ ਦੱਸਣਾ ਜ਼ਰੂਰੀ ਹੈ ਕਿ ਫਿਰ ਪਾਕਿਸਤਾਨ ਸਿੰਧ ਜਲ ਸੰਧੀ ਨੂੰ ਖੋਲ੍ਹ ਕੇ ਦੁਬਾਰਾ ਕਰਨ 'ਤੇ ਜ਼ੋਰ ਪਾ ਸਕਦਾ ਹੈ ਕਿ ਰਾਜਸਥਾਨ ਨੂੰ ਜਾਣ ਵਾਲੇ ਪਾਣੀ 'ਤੇ ਉਸ ਦਾ ਹੱਕ ਹੈ। ਐਸੇ ਨੁਕਤੇ ਉਠਾਉਂਦੇ ਸਮੇਂ ਪਾਣੀਆਂ ਦਾ ਅੰਤਰਰਾਸ਼ਟਰੀ ਪੱਖ ਨਹੀਂ ਭੁੱਲਣਾ ਚਾਹੀਦਾ। ਭਾਖੜਾ ਪ੍ਰਾਜੈਕਟ ਵਾਸਤੇ 25 ਸਤੰਬਰ 1950 ਦੀ ਕਾਨਫਰੰਸ ਵਿਚ ਮਤਾ ਪਾਸ ਕਰ ਕੇ ਭਾਖੜਾ ਕੰਟਰੋਲ ਬੋਰਡ ਅਤੇ ਭਾਖੜਾ ਸਲਾਹਕਾਰ ਬੋਰਡ ਬਣਾਏ ਗਏ ਸਨ। ਇਸ ਵਿਚ ਕੇਂਦਰੀ ਸਰਕਾਰ, ਪੰਜਾਬ ਸਰਕਾਰ, ਪੈਪਸੂ, ਰਾਜਸਥਾਨ ਅਤੇ ਬਿਲਾਸਪੁਰ ਰਿਆਸਤ ਦੇ ਨੁਮਾਇੰਦਿਆਂ ਨੇ ਭਾਗ ਲਿਆ ਸੀ। ਇਸ ਪ੍ਰਾਜੈਕਟ ਦੇ ਨਾਲ ਬਿਆਸ ਦਰਿਆ ਦੇ ਪਾਣੀ ਨੂੰ ਸਤਲੁਜ ਦਰਿਆ ਵਿਚ ਪਾਇਆ ਜਾਣਾ ਸੀ ਅਤੇ ਭਾਖੜਾ ਦੇ ਸਥਾਨ 'ਤੇ ਬੰਨ੍ਹ ਬਣਾ ਕੇ ਨਿਯਮਤ ਤਰੀਕੇ ਨਾਲ ਪਾਣੀ ਦਰਿਆ ਵਿਚ ਛੱਡਿਆ ਜਾਣਾ ਸੀ। ਭਾਖੜਾ ਨਹਿਰ 1954 ਵਿਚ ਪੂਰੀ ਕਰ ਕੇ ਇਸ ਵਿਚ ਕੁਝ ਨਿਸ਼ਚਿਤ ਮਾਤਰਾ ਵਿਚ ਪਾਣੀ ਛੱਡਿਆ ਜਾਣ ਲੱਗ ਪਿਆ ਸੀ। ਹਰੀਕੇ ਬੈਰਿਜ ਦੇ ਮੁਕੰਮਲ ਹੋਣ ਬਾਅਦ ਰਾਜਸਥਾਨ ਨਹਿਰ ਨੂੰ ਮੁਕੰਮਲ ਕੀਤਾ ਗਿਆ ਪਰ ਦੋਵਾਂ ਨਹਿਰਾਂ ਵਿਚ ਸਮਰੱਥਾ ਅਨੁਸਾਰ ਪੂਰਾ ਪਾਣੀ, ਸਿੰਧ ਜਲ ਸੰਧੀ 'ਤੇ ਦਸਤਖਤ ਹੋਣ ਤੋਂ ਦਸ ਸਾਲ ਬਾਅਦ 1970 ਵਿਚ ਹੀ ਭੇਜਿਆ ਜਾਣ ਲੱਗਾ ਸੀ। ਭਾਖੜਾ ਪ੍ਰਾਜੈਕਟ ਤੋਂ ਸਿੰਚਾਈ ਵਾਸਤੇ 84% ਇਲਾਕਾ ਪੰਜਾਬ ਵਿਚ ਅਤੇ 16% ਰਾਜਸਥਾਨ ਵਾਸਤੇ ਮਿਥਿਆ ਗਿਆ ਸੀ। ਪੰਜਾਬ ਦੇ 1966 ਵਿਚ ਪੁਨਰਗਠਨ ਨਾਲ ਭਾਖੜਾ ਪ੍ਰਾਜੈਕਟ ਤੋਂ ਸਿੰਚਾਈ ਅਧੀਨ ਪੰਜਾਬ ਵਿਚ ਰਕਬਾ ਕੁੱਲ ਰਕਬੇ ਦਾ 35% ਰਹਿ ਗਿਆ ਬਾਕੀ ਦਾ 49% ਰਕਬਾ ਹਰਿਆਣਾ ਵਿਚ ਚਲਾ ਗਿਆ। ਪੰਜਾਬ ਅਤੇ ਰਾਜਸਥਾਨ ਵਿਚਾਲੇ ਦਰਿਆਈ ਪਾਣੀਆਂ ਦਾ ਸਮਝੌਤਾ 1955 ਵਿਚ ਕੇਂਦਰੀ ਪਾਵਰ ਅਤੇ ਸਿੰਚਾਈ ਮੰਤਰੀ ਦੀ ਅਗਵਾਈ ਹੇਠ ਹੋਇਆ ਜਿਸ ਤਹਿਤ ਸਿੰਧ ਬੇਸਿਨ ਦੇ ਤਿੰਨ ਪੂਰਬੀ ਦਰਿਆਵਾਂ ਦੇ ਕੁੱਲ ਪਾਣੀਆਂ ਵਿਚੋਂ 8 ਮੀਲੀਅਨ ਏਕੜ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਗਿਆ। ਇਸ ਨਾਲ ਆਜ਼ਾਦ ਭਾਰਤ ਵਿਚ ਇਨ੍ਹਾਂ ਦਰਿਆਵਾਂ ਨੂੰ ਅੰਤਰ-ਰਾਜੀ ਦਰਿਆ ਬਣਾ ਦਿੱਤਾ ਗਿਆ। ਇਸ ਉਪਰ ਪੰਜਾਬ ਸਰਕਾਰ ਵੱਲੋਂ ਕਦੇ ਵੀ ਇਤਰਾਜ਼ ਨਹੀਂ ਕੀਤਾ ਗਿਆ। ਭਾਵੇਂ ਕੁਝ ਵਿਚਾਰਵਾਨਾਂ ਦਾ ਖਿਆਲ ਹੈ ਕਿ ਇਸ ਸਮਝੌਤੇ ਨੂੰ ਪੂਰਬੀ/ਭਾਰਤੀ ਪੰਜਾਬ ਦੀ ਕੈਬਨਿਟ ਨੇ ਕਦੀ ਪ੍ਰਵਾਨਗੀ ਨਹੀਂ ਦਿੱਤੀ ਅਤੇ ਇਸ ਨੂੰ ਗੁਪਤ ਰੱਖਿਆ ਗਿਆ ਸੀ। ਇਸ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਅੰਤਰ-ਰਾਜੀ ਦਰਿਆਈ ਜਲ ਝਗੜਾ ਐਕਟ 1956 ਪਾਸ ਕਰ ਦਿੱਤਾ ਗਿਆ। ਇਸ ਐਕਟ ਦੇ ਸੈਕਸ਼ਨ 7(1) ਅਨੁਸਾਰ ਕੋਈ ਸੂਬਾ ਸਰਕਾਰ ਜਿਸ ਵਿਚ ਅੰਤਰ-ਰਾਜੀ ਦਰਿਆ ਉਪਰ ਕੋਈ ਬੰਨ੍ਹ ਬਣਿਆ ਹੋਵੇ ਉਹ ਦੂਜੇ ਸੂਬੇ ਤੋਂ ਕੋਈ ਰਾਇਲਟੀ ਜਾਂ ਫੀਸ ਚਾਰਜ ਨਹੀਂ ਕਰ ਸਕਦਾ। ਅਜੋਕੇ ਭਾਰਤ ਦੇ ਕਾਨੂੰਨੀ ਢਾਂਚੇ ਅਨੁਸਾਰ ਪੰਜਾਬ ਸਰਕਾਰ ਰਾਜਸਥਾਨ ਤੋਂ ਰਾਇਲਟੀ ਮੰਗਣ ਦੀ ਹੱਕਦਾਰ ਨਹੀਂ ਹੈ। ਇਹ ਫਿਰ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਪੰਜਾਬ ਤੋਂ ਕੁਝ ਸੁਹਿਰਦ ਵਿਚਾਰਵਾਨ, ਸਿਆਸਤਦਾਨ ਅਤੇ ਵਕੀਲ ਰਾਜਸਥਾਨ ਤੋਂ ਪਾਣੀਆਂ ਵਾਸਤੇ ਰਾਇਲਟੀ ਦੀ ਮੰਗ ਕਰਦੇ ਰਹਿੰਦੇ ਹਨ। ਇਹੋ ਕਾਰਨ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਹੋਇਆ ਕੇਸ ਅੱਗੇ ਨਹੀਂ ਚਲ ਸਕਿਆ।

### ਪੰਜਾਬ ਵਲੋਂ ਰਾਜਸਥਾਨ ਨਾਲ 1955 ਦਾ ਸਮਝੌਤਾ

ਭਾਰਤ-ਪਾਕਿਸਤਾਨ ਵਿਚ ਪਾਣੀਆਂ ਦੀ ਵੰਡ ਦੇ ਮਸਲੇ ਨੂੰ ਲੈ ਕੇ ਵਿਸ਼ਵ ਬੈਂਕ ਵਿਚੋਲਗੀ ਕਰ ਰਿਹਾ ਸੀ। ਉਸ ਵਲੋਂ ਦੋਵਾਂ ਦੇਸ਼ਾਂ ਨੂੰ ਇਹ ਕਿਹਾ ਗਿਆ ਕਿ ਉਹ ਆਪਣੇ ਇਲਾਕੇ ਵਿਚ ਜਲ ਸਰੋਤਾਂ ਦੀ ਸੁਚੱਜੀ ਵਰਤੋਂ ਬਾਰੇ ਵਿਸਥਾਰ ਪੂਰਵਕ ਯੋਜਨਾ ਤਿਆਰ ਕਰਨ ਅਤੇ ਬੈਂਕ ਸਾਹਮਣੇ ਰੱਖਣ। ਇਸ ਵਾਸਤੇ ਬੈਂਕ ਵੱਲੋਂ ਪਹਿਲੀ ਤਜਵੀਜ਼ ਦਿੱਤੀ ਗਈ ਕਿ ਤਿੰਨ ਪੱਛਮੀ ਦਰਿਆ (ਸਿੰਧ, ਜੇਹਲਮ ਅਤੇ ਚਨਾਬ) ਪਾਕਿਸਤਾਨ ਨੂੰ ਅਤੇ ਤਿੰਨ ਦਰਿਆ (ਰਾਵੀ, ਬਿਆਸ ਅਤੇ ਸਤਲੁਜ) ਭਾਰਤ ਨੂੰ ਦਿੱਤੇ ਜਾਣ। ਨਾਲ ਹੀ ਕਿਹਾ ਗਿਆ ਕਿ ਬੈਂਕ ਦੇ ਨੁਮਾਇੰਦੇ ਦੋਵਾਂ ਦੇਸ਼ਾਂ ਦੇ ਨਾਮਜ਼ਦ ਇੰਜਨੀਅਰਾਂ ਨੂੰ ਨਾਲ ਲੈ ਕੇ ਇਨ੍ਹਾਂ ਇਲਾਕਿਆਂ ਦਾ ਮੌਕੇ 'ਤੇ ਮੁਆਇਨਾ ਕਰਨਗੇ ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਦਰਿਆਵਾਂ ਦੇ ਜਲ ਸਰੋਤਾਂ ਦੀ ਵਰਤੋਂ ਉਤਮ ਤਰੀਕੇ ਨਾਲ ਸੁਝਾਈ ਯੋਜਨਾ ਅਨੁਸਾਰ ਸੰਭਵ ਹੈ। ਭਾਰਤ ਦੇ ਨਾਮਜ਼ਦ ਇੰਜਨੀਅਰ ਅਤੇ ਲਗਾਤਾਰ ਗੱਲਬਾਤ ਵਿਚ ਸ਼ਾਮਲ ਨਰਿੰਜਨ ਦਾਸ ਗੁਲਾਟੀ ਨੇ ਇਹ ਸੁਨੇਹਾ ਭਾਰਤ ਸਰਕਾਰ ਨੂੰ ਭੇਜਿਆ ਕਿ ਜੇਕਰ ਦੇਸ਼ ਅਜਿਹੀ ਯੋਜਨਾ ਤੁਰੰਤ ਤਿਆਰ ਨਹੀਂ ਕਰਦਾ ਤਾਂ ਦੇਸ਼ ਦਾ ਦਰਿਆਈ ਪਾਣੀਆਂ ਦਾ ਕੇਸ ਕਮਜ਼ੋਰ ਪੈ ਸਕਦਾ ਹੈ। ਕਿਉਂਕਿ ਪੂਰਬੀ ਪੰਜਾਬ ਵਿਚ ਭਾਖੜਾ ਪ੍ਰਾਜੈਕਟ ਤੋਂ ਬਗੈਰ ਕਿਸੇ ਨਵੇਂ ਪ੍ਰਾਜੈਕਟ ਦੀ ਅਣਹੋਂਦ ਕਾਰਨ ਪਾਲਿਸੀ ਯੋਜਨਾਕਾਰਾਂ ਵਲੋਂ ਪਾਣੀ ਦੀ ਵਰਤੋਂ ਵਾਸਤੇ ਰਾਜਸਥਾਨ ਦੇ ਬੀਕਾਨੇਰ ਇਲਾਕੇ ਵਿਚ ਇਸ ਪਾਣੀ ਦੀ ਵਰਤੋਂ ਬਾਰੇ ਸੋਚਿਆ ਗਿਆ ਸੀ। ਗੁਲਾਟੀ ਆਪਣੀ ਕਿਤਾਬ ਵਿਚ ਲਿਖਦਾ ਹੈ,

'ਮੈਂ ਆਪਣੀ ਸਰਕਾਰ ਨੂੰ ਨਸੀਅਤ ਦਿੱਤੀ ਸੀ ਕਿ ਬੈਂਕ ਦੀ ਟੀਮ ਦੇ ਦੌਰੇ ਤੋਂ ਪਹਿਲਾਂ ਠੋਸ ਕਦਮ ਪੁੱਟੇ ਜਾਣ ਤਾਂ ਕਿ ਇਹ ਵਿਖਾਇਆ ਜਾ ਸਕੇ ਕਿ ਪੂਰਬੀ ਦਰਿਆਵਾਂ ਦਾ ਸਾਰਾ ਪਾਣੀ ਸਿੰਧ ਬੇਸਿਨ ਦੇ ਭਾਰਤੀ ਹਿੱਸੇ ਵਿਚ ਵਰਤਿਆ ਜਾ ਸਕਦਾ ਹੈ। ਸਰਹਿੰਦ ਫੀਡਰ ਨਹਿਰ ਦੇ ਬਣਾਉਣ 'ਤੇ ਤੁਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇ ਅਤੇ ਰਾਜਸਥਾਨ ਨਹਿਰ ਦੇ ਬਣਾਉਣ ਦੀ ਮਨਜ਼ੂਰੀ ਵੀ ਦੇ ਦਿੱਤੀ ਜਾਵੇ। ਇਸ ਨਾਲ ਭਾਰਤ ਦੀ ਜ਼ਰੂਰਤ ਦਾ ਸਭ ਤੋਂ ਵਧੀਆ ਸਬੂਤ ਪੇਸ਼ ਹੋ ਜਾਵੇਗਾ।"(ਸਫ਼ਾ 178)।

ਪੰਜਾਬ ਸਰਕਾਰ ਪਹਿਲਾਂ ਸੂਬੇ ਤੋਂ ਬਾਹਰ ਪਾਣੀ ਭੇਜਣ ਦੇ ਖ਼ਿਲਾਫ਼ ਸੀ ਅਤੇ ਰਾਜਸਥਾਨ ਵੀ ਪਾਣੀ ਦੇ ਮਿਲਣ ਦਾ ਯਕੀਨ ਨਾ ਹੋਣ ਕਰਕੇ ਇਸ ਤਜਵੀਜ਼ ਦੇ ਹੱਕ ਵਿਚ ਨਹੀਂ ਸੀ। ਇਸ ਕਰਕੇ ਇਹ ਕੰਮ ਭਾਰਤ ਦੇ ਯੋਜਨਾ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ ਸੀ। ਵੈਸੇ ਵੀ ਅਪਰ ਬਾਰੀ ਦੁਆਬ ਨਹਿਰ ਅਤੇ ਸਰਹਿੰਦ ਨਹਿਰ ਵਿਚ ਪਾਣੀ ਸਿੰਚਾਈ ਵਾਲੇ ਇਲਾਕਿਆਂ ਵਿਚ ਵਧਾ ਕੇ ਛੱਡਣ ਨਾਲ ਸੇਮ ਦੀ ਸਮੱਸਿਆ ਆਉਣ ਲੱਗ ਪਈ ਸੀ। ਵਿਸ਼ਵ ਬੈਂਕ ਦੀ ਸਾਂਝੀ ਟੀਮ ਵਲੋਂ ਦੌਰੇ ਸਮੇਂ ਪੱਛਮੀ ਪੰਜਾਬ ਦੇ ਨਹਿਰੀ ਇਲਾਕਿਆਂ ਵਿਚ ਘਣੀ ਸਿੰਚਾਈ ਕਾਰਨ ਡਰੇਨਾਂ ਪੁੱਟਣ ਦੇ ਬਾਵਜੂਦ ਜ਼ਮੀਨੀ ਪਾਣੀ ਦਾ ਪੱਧਰ 30-35 ਫੁੱਟ ਉਪਰ ਨੋਟ ਕੀਤਾ ਗਿਆ ਸੀ। ਪਾਣੀ ਨੂੰ ਪੰਪਾਂ ਨਾਲ ਬਾਹਰ ਕੱਢ ਕੇ ਇਸ ਪੱਧਰ ਨੂੰ ਬਚਾਉਣ ਦੀ ਗੱਲ ਕੀਤੀ ਗਈ ਸੀ। ਇਸ ਕਰਕੇ ਪੂਰਬੀ ਤਿੰਨ ਦਰਿਆਵਾਂ ਦੇ ਸਾਰੇ ਪਾਣੀਆਂ ਨੂੰ ਭਾਰਤ ਦੇ ਕਬਜ਼ੇ ਵਿਚ ਲਿਆਉਣ ਦੀ ਮਨਸ਼ਾ ਅਤੇ ਯੋਜਨਾ ਕਮਿਸ਼ਨ ਦੀ ਸਲਾਹ ਨਾਲ ਕੇਂਦਰ ਦੀ ਦਖਲ-ਅੰਦਾਜ਼ੀ ਤੇ 1955 ਦਾ ਪੂਰਬੀ ਦਰਿਆਵਾਂ ਦੇ ਜਲ ਦੀ ਵੰਡ ਦਾ ਸਮਝੌਤਾ ਹੋਇਆ ਸੀ। ਇਸ ਸਮਝੌਤੇ ਵਿਚ ਪੰਜਾਬ, ਪੈਪਸੂ, ਰਾਜਸਥਾਨ ਅਤੇ ਜੰਮੂ ਕਸ਼ਮੀਰ ਸਰਕਾਰਾਂ ਨੇ ਕੇਂਦਰ ਸਰਕਾਰ ਦੇ ਪਾਵਰ ਅਤੇ ਜਲ ਸਰੋਤ ਮੰਤਰੀ ਦੀ ਅਗਵਾਈ ਵਿਚ ਸ਼ਮੂਲੀਅਤ ਕੀਤੀ। ਇਸ ਸਮਝੌਤੇ ਅਨੁਸਾਰ ਪੰਜਾਬ ਅਤੇ ਪੈਪਸੂ ਨੂੰ 7.2 ਮਿਲੀਅਨ ਏਕੜ ਫੁੱਟ, ਅਤੇ ਰਾਜਸਥਾਨ ਨੂੰ 8 ਮਿਲੀਅਨ ਏਕੜ ਫੁੱਟ ਅਤੇ ਜੰਮੂ ਕਸ਼ਮੀਰ ਨੂੰ 0.65 ਮਿਲੀਅਨ ਏਕੜ ਫੁੱਟ ਪਾਣੀ ਅਲਾਟ ਕੀਤਾ ਗਿਆ ਸੀ। ਇਸ ਸਮਝੌਤੇ ਨਾਲ ਰਾਜਸਥਾਨ ਸਿੰਧ ਬੇਸਿਨ ਦਰਿਆ : ਰਾਵੀ, ਬਿਆਸ ਅਤੇ ਸਤਲੁਜ, ਦੇ ਪਾਣੀਆਂ ਵਿਚ ਹਿੱਸੇਦਾਰ ਬਣ ਗਿਆ ਅਤੇ ਇਨ੍ਹਾਂ ਦਰਿਆਵਾਂ ਨੂੰ ਅੰਤਰ-ਰਾਜੀ ਦਰਿਆ ਐਲਾਨ ਦਿੱਤਾ ਗਿਆ। ਫਿਰ ਅੰਤਰ-ਰਾਜੀ ਦਰਿਆ ਝਗੜਾ ਐਕਟ (Inter-State River Dispute Act) 1956 ਦੇ ਤਹਿਤ ਸੂਬਿਆਂ ਵਿਚ ਪਾਣੀਆਂ ਦੀ ਵੰਡ/ਸਪਲਾਈ ਕਾਰਨ ਰਾਇਲਟੀ ਚਾਰਜ ਕਰਨ 'ਤੇ ਮਨਾਹੀ ਕਰ ਦਿੱਤੀ ਗਈ ਸੀ। ਸੂਬਿਆਂ ਵਿਚ ਪਾਣੀਆਂ ਦੇ ਝਗੜੇ ਨਿਪਟਾਉਣ ਵਾਸਤੇ ਇਸ ਐਕਟ ਵਿਚ 1986 ਨੂੰ ਸੋਧ ਕਰਕੇ ਟ੍ਰਬਿਊਨਲ ਬਣਾਉਣ ਦਾ ਇੰਤਜ਼ਾਮ ਕਰ ਲਿਆ ਗਿਆ ਸੀ। ਇਸ ਸੋਧ ਨੂੰ ਵਰਤ ਕੇ ਭਾਰਤ ਸਰਕਾਰ ਵਲੋਂ ਪੰਜਾਬ-ਹਰਿਆਣਾ ਵਿਚ ਪਾਣੀਆਂ ਦੀ ਵੰਡ ਨੂੰ ਲੈ ਕੇ ਇਕ ਟ੍ਰਬਿਊਨਲ ਦਾ ਗਠਨ 1986 ਵਿਚ ਕੀਤਾ ਗਿਆ ਸੀ। ਇਸ ਕਰਕੇ ਅੰਤਰ-ਰਾਜੀ ਪਾਣੀਆਂ ਦੀ ਵੰਡ ਦੇ ਮਸਲਿਆਂ 'ਤੇ ਅਜੋਕੇ ਸਮੇਂ ਬਸਤੀਵਾਦੀ ਯੁੱਗ ਦੇ ਕਾਨੂੰਨ ਲਾਗੂ ਨਹੀਂ ਕੀਤੇ ਜਾ ਸਕਦੇ।

### ਪੰਜਾਬ-ਹਰਿਆਣਾ ਵਿਚ ਪਾਣੀਆਂ ਦੀ ਵੰਡ

ਪੰਜਾਬ ਅਤੇ ਹਰਿਆਣਾ ਵਿਚ ਪਾਣੀਆਂ ਦੀ ਵੰਡ ਦਾ ਮਸਲਾ ਪੰਜਾਬ ਦੇ 1966 ਵਿਚ ਪੁਨਰਗਠਨ ਨਾਲ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਸਾਂਝੇ ਪੰਜਾਬ ਦਾ ਇਲਾਕਾ ਪਾਕਿਸਤਾਨ ਦੇ ਬਾਰਡਰ ਤੋਂ ਸ਼ੁਰੂ ਹੋ ਕੇ ਦਿੱਲੀ ਤੱਕ ਫੈਲਿਆ ਹੋਇਆ ਸੀ। ਪਾਰਲੀਮੈਂਟ ਵਲੋਂ ਪੰਜਾਬ ਪੁਨਰਗਠਨ ਐਕਟ 1966 ਦੇ ਪਾਸ ਕਰਨ ਤੋਂ ਬਾਅਦ ਭਾਰਤੀ ਪੰਜਾਬ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਸੀ। ਪੰਜਾਬੀ ਬੋਲਣ ਵਾਲੇ ਮੈਦਾਨੀ ਇਲਾਕੇ ਨੂੰ ਪੰਜਾਬ ਬਣਾ ਦਿੱਤਾ ਗਿਆ। ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਮਿਲਾ ਦਿੱਤੇ ਗਏ ਅਤੇ ਹਿੰਦੀ ਭਾਸ਼ਾ ਬੋਲਣ ਵਾਲੇ ਮੈਦਾਨੀ ਇਲਾਕੇ ਨੂੰ ਹਰਿਆਣਾ ਸੂਬਾ ਬਣਾ ਦਿੱਤਾ ਗਿਆ। ਚੰਡੀਗੜ੍ਹ ਰਾਜਧਾਨੀ ਨੂੰ ਕੇਂਦਰੀ ਸ਼ਾਸਤਰ ਇਲਾਕਾ ਬਣਾ ਦਿੱਤਾ ਗਿਆ। ਆਬਾਦੀ ਦੇ ਹਿਸਾਬ ਨਾਲ ਜਾਇਦਾਦ ਅਤੇ ਦੇਣਦਾਰੀਆਂ ਨੂੰ 60:40 ਦੇ ਅਨੁਪਾਤ ਅਨੁਸਾਰ ਪੰਜਾਬ ਅਤੇ ਹਰਿਆਣਾ ਵਿਚ ਵੰਡ ਦਿੱਤਾ ਗਿਆ ਸੀ। ਪਰ ਦਰਿਆਈ ਪਾਣੀਆਂ ਅਤੇ ਦਰਿਆਵਾਂ 'ਤੇ ਬਣੇ ਹੈੱਡ ਵਰਕਸ ਵਾਸਤੇ ਪੰਜਾਬ ਪੁਨਰਗਠਨ ਐਕਟ ਵਿਚ ਸੈਕਸ਼ਨ 78,79, 80 ਸ਼ਾਮਲ ਕਰ ਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾਇਆ ਗਿਆ ਸੀ। ਇਨ੍ਹਾਂ ਵਿਚ ਪਾਣੀਆਂ ਦੀ ਵੰਡ ਵਾਸਤੇ ਦੋਵਾਂ ਸੂਬਿਆਂ ਨੂੰ ਮਿਲ ਕੇ ਸਮਝੌਤਾ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਸਮਝੌਤਾ ਨਾ ਹੋਣ ਦੀ ਸੂਰਤ ਵਿਚ ਕੇਂਦਰ ਨੂੰ ਦਖ਼ਲ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਪਰ ਇਸ ਐਕਟ ਵਿਚ ਰਾਵੀ ਅਤੇ ਯਮੁਨਾ ਦਰਿਆ ਦੇ ਪਾਣੀਆਂ ਦੀ ਵੰਡ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਐਕਟ ਵਿਚ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਾਧੂ (Surplus) ਪਾਣੀਆਂ ਦੀ ਵੰਡ ਬਾਰੇ ਜ਼ਿਕਰ ਕੀਤਾ ਗਿਆ ਹੈ। ਮਸਲੇ ਦੀ ਸ਼ੁਰੂਆਤ 1969 ਵਿਚ ਹੁੰਦੀ ਹੈ ਜਦੋਂ ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਇਕ ਚਿੱਠੀ ਲਿਖ ਕੇ ਪੰਜਾਬ ਦੇ ਪਾਣੀਆਂ ਵਿਚੋਂ ਬਣਦੇ ਹਿੱਸੇ ਦੀ ਮੰਗ ਕੀਤੀ ਸੀ। ਇਸ 'ਤੇ ਪੰਜਾਬ ਸਰਕਾਰ ਵੱਲੋਂ ਇਤਰਾਜ਼ ਜਤਾਇਆ ਗਿਆ ਸੀ। ਪਰ ਇਸ ਚਿੱਠੀ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਬੀ ਪੀ ਪਟੇਲ ਦੀ ਅਗਵਾਈ ਵਿਚ ਇੱਕ ਕਮੇਟੀ ਦਾ ਗਠਨ ਇਹ ਤੈਅ ਕਰਨ ਨੂੰ ਕੀਤਾ ਗਿਆ ਕਿ ਹਰਿਆਣਾ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਵਿਚੋਂ ਕਿੰਨਾ ਹਿੱਸਾ ਬਣਦਾ ਹੈ। ਇਸ ਕਮੇਟੀ ਨੇ 1970 ਵਿਚ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। ਇਸ ਰਿਪੋਰਟ ਵਿਚ ਕਿਹਾ ਗਿਆ ਕਿ ਪੰਜਾਬ ਦੇ 7.2 ਮਿਲੀਅਨ ਏਕੜ ਫੁੱਟ ਦਰਿਆਈ ਪਾਣੀਆਂ ਵਿਚੋਂ ਹਰਿਆਣਾ ਦਾ ਹਿੱਸਾ 3.04 ਮਿਲੀਅਨ ਏਕੜ ਫੁੱਟ ਬਣਦਾ ਹੈ। ਇਸ ਰਿਪੋਰਟ ਵਿਚ ਗਲਤੀ ਨਾਲ ਜਾਂ ਜਾਣਬੁੱਝ ਕੇ ਰਾਵੀ ਦਰਿਆ ਦੇ ਪਾਣੀ ਨੂੰ ਵੀ ਵੰਡਣ ਵਾਲੇ ਪਾਣੀਆਂ ਵਿਚ ਸ਼ਾਮਲ ਕਰ ਲਿਆ ਸੀ। ਇਸ ਰਿਪੋਰਟ ਨੇ ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨ 78(1) ਦੀ ਘੋਰ ਉਲੰਘਣਾ ਕੀਤੀ ਜਿਸ ਅਨੁਸਾਰ ਸਿਰਫ਼ ਭਾਖੜਾ-ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਨਾਲ ਸਬੰਧਤ ਜਲ ਸਰੋਤਾਂ ਦੀ ਵੰਡ ਦਾ ਜ਼ਿਕਰ ਕੀਤਾ ਗਿਆ ਹੈ। ਇਸ ਐਕਟ ਦੇ ਸੈਕਸ਼ਨ 78, 79 ਅਤੇ 80 ਵਿਚ ਰਾਵੀ ਦੇ ਪਾਣੀਆਂ ਦੀ ਵੰਡ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਹਰਿਆਣਾ ਨਾਲ ਝਗੜੇ ਦੇ ਬਿਰਤਾਂਤ ਵਿਚ ਇਹ ਗ਼ਲਤੀ ਵਾਰ ਵਾਰ ਕੀਤੀ ਜਾਂਦੀ ਰਹੀ ਹੈ। ਇਹੀ ਗਲਤੀ ਯੋਜਨਾ ਕਮਿਸ਼ਨ ਨੇ 1973 ਵਿਚ ਕੀਤੀ ਜਿਸ ਨੂੰ ਮੂਰਤੀ ਕਮਿਸ਼ਨ ਨੇ 1975 ਵਿਚ ਦੁਹਰਾਇਆ ਅਤੇ ਪ੍ਰਧਾਨ ਮੰਤਰੀ ਜਲ ਅਵਾਰਡ 1976 ਵਿਚ ਵੀ ਇਸ ਗਲਤੀ ਨੂੰ ਦੁਹਰਾਉਣ ਦੀ ਪ੍ਰਕਿਰਿਆ ਵੇਖਣ ਨੂੰ ਮਿਲਦੀ ਹੈ। ਇਹ ਤੋਂ ਵੀ ਅੱਗੇ ਪ੍ਰਧਾਨ ਮੰਤਰੀ ਜਲ ਅਵਾਰਡ ਵਿਚ ਹਰਿਆਣਾ ਦਾ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਹਿੱਸਾ 3.04 ਮਿਲੀਅਨ ਏਕੜ ਫੁੱਟ ਤੋਂ ਵਧਾ ਕੇ 3.5 ਮਿਲੀਅਨ ਏਕੜ ਫੁੱਟ ਕਰ ਦਿੱਤਾ ਗਿਆ ਸੀ ਅਤੇ 0.2 ਮਿਲੀਅਨ ਏਕੜ ਫੁੱਟ ਪਾਣੀ ਦਿੱਲੀ ਨੂੰ ਦੇ ਦਿੱਤਾ ਗਿਆ ਸੀ। ਇਸ ਅਵਾਰਡ ਦੇ ਤਹਿਤ ਹੀ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਬਣਾ ਕੇ ਇਸ ਪਾਣੀ ਨੂੰ ਹਰਿਆਣਾ ਵਿਚ ਲਿਜਾਣ ਦਾ ਫੈਸਲਾ ਕੀਤਾ ਗਿਆ ਸੀ। ਇਸ ਗਲਤੀ ਦਾ ਪ੍ਰਗਟਾਵਾ ਰਾਜੀਵ-ਲੌਂਗੋਵਾਲ ਸਮਝੌਤੇ (1985) ਵਿਚ ਵੀ ਮਿਲਦਾ ਹੈ। ਇਸ ਤੋਂ ਲੱਗਦਾ ਹੈ ਕਿ ਇਹ ਗ਼ਲਤੀ ਜਾਣ ਬੁੱਝ ਕੇ ਕੀਤੀ ਜਾਂਦੀ ਰਹੀ ਹੈ। ਮੌਜੂਦਾ ਪੰਜਾਬ ਸਰਕਾਰ ਦੀ ਲੀਡਰਸ਼ਿਪ ਵਲੋਂ ਇਸ ਗਲਤੀ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਇਆ ਜਾਣਾ ਚਾਹੀਦਾ ਹੈ ਅਤੇ ਇਨਸਾਫ ਦੇ ਨਜ਼ਰੀਏ ਤੋਂ ਸੁਧਰਨਾ ਬਣਦਾ ਹੈ। ਇਹ ਮੁੱਦਾ ਸੁਪਰੀਮ ਕੋਰਟ ਦੇ ਧਿਆਨ ਵਿਚ ਲਿਆਉਣ ਦੀ ਲੋੜ ਹੈ।

ਪਾਣੀ ਦੀ ਵੰਡ ਦੇ ਮੁੱਦੇ 'ਤੇ ਵੱਖ ਵੱਖ ਅੰਦਾਜ਼ੇ ਹੋ ਸਕਦੇ ਹਨ। ਪੰਜਾਬ ਦੇ ਸਾਬਕਾ ਚੀਫ ਇੰਜਨੀਅਰ ਮਰਹੂਮ ਆਰ ਐਸ ਗਿੱਲ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਹਿੱਸਾ 3.5 ਮਿਲੀਅਨ ਏਕੜ ਫੁੱਟ ਦੀ ਬਜਾਏ 1.93 ਮਿਲੀਅਨ ਏਕੜ ਫੁੱਟ ਬਣਦਾ ਹੈ (Dhillon, 1983 P.3)। ਪਾਣੀ ਦਾ ਇਹ ਹਿੱਸਾ ਹਰਿਆਣਾ ਨੂੰ ਜਾਣਾ ਚਾਹੀਦਾ ਹੈ। ਹਰਿਆਣਾ ਸਰਕਾਰ ਨੇ 1985 ਵਿਚ ਲਿਖ ਕੇ ਦਿੱਤਾ ਸੀ ਕਿ ਮੌਜੂਦਾ ਨਹਿਰਾਂ ਰਾਹੀਂ ਹਰਿਆਣਾ ਨੂੰ 1.99 ਮਿਲੀਅਨ ਏਕੜ ਫੁੱਟ ਪਾਣੀ ਜਾ ਰਿਹਾ ਹੈ (Jagtar Singh, 2020, P. 249) ਅਤੇ ਉਹ ਪੰਜਾਬ ਤੋਂ ਬਾਕੀ ਦੇ 1.51 ਮਿਲੀਅਨ ਏਕੜ ਫੁੱਟ ਪਾਣੀ ਨੂੰ ਸਤਲੁਜ-ਯਮੁਨਾ ਨਹਿਰ ਰਾਹੀਂ ਪੰਜਾਬ ਤੋਂ ਲਿਜਾਣਾ ਚਾਹੁੰਦਾ ਹੈ। ਇਸ ਵਿਚ ਰਾਵੀ ਦੇ ਪਾਣੀ ਵਿਚ ਕਥਿਤ ਹਿੱਸਾ ਸ਼ਾਮਲ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਅੰਦਾਜ਼ੇ 1921-46 ਦੀ ਲੜੀ 'ਤੇ ਆਧਾਰਿਤ ਹਨ। ਪੰਜਾਬ ਦਾ ਤਰਕ ਹੈ ਕਿ ਹਿਮਾਲਿਆ ਦੇ ਪਰਬਤਾਂ ਵਿਚ ਗਲੇਸ਼ੀਅਰ ਪਿਘਲ ਜਾਣ ਕਾਰਨ ਦਰਿਆਵਾਂ ਵਿਚ ਪਾਣੀ ਦਾ ਵਹਾਅ ਘਟ ਗਿਆ ਹੈ। ਇਸ ਕਰਕੇ ਇਸ ਨੂੰ ਤਾਜ਼ਾ ਲੜੀ (1997-2022) ਦੇ ਹਿਸਾਬ ਨਾਲ ਮਾਪ ਕੇ ਹਰਿਆਣਾ ਦਾ ਹਿੱਸਾ ਅੰਕਿਤ ਕਰਨਾ ਵਾਜਬ ਲਗਦਾ ਹੈ। ਜੇਕਰ ਥੋੜ੍ਹਾ ਹੋਰ ਹਿੱਸਾ ਨਿਕਲਦਾ ਵੀ ਹੈ ਤਾਂ ਉਸ ਨੂੰ ਮੌਜੂਦਾ ਭਾਖੜਾ ਨਹਿਰ ਅਤੇ ਸਰਹਿੰਦ ਫੀਡਰ ਨਹਿਰ ਰਾਹੀਂ ਹਰਿਆਣਾ ਵਲ ਲਿਜਾਇਆ ਜਾ ਸਕਦਾ ਹੈ। ਇਸ ਵਾਸਤੇ ਸਤਲੁਜ-ਯਮੁਨਾ ਨਹਿਰ ਬਣਾਉਣ ਦੀ ਜ਼ਰੂਰਤ ਨਹੀਂ ਹੈ।

### ਪਾਣੀ ਦੀ ਵੰਡ 'ਤੇ ਗੰਧਲੀ ਸਿਆਸਤ

ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਉਪਰ ਪੰਜਾਬ ਦੇ ਸਿਆਸਦਾਨਾਂ ਦਾ ਦੋਗਲਾਪਣ ਸਪੱਸ਼ਟ ਉਭਰ ਕੇ ਆਉਂਦਾ ਹੈ। ਇੰਦਰਾ ਗਾਂਧੀ ਵੱਲੋਂ 1976 ਦੇ ਪ੍ਰਧਾਨ ਮੰਤਰੀ ਜਲ ਅਵਾਰਡ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਪਾਰਟੀ ਦੀ ਸਰਕਾਰ 1977 ਵਿਚ ਬਣ ਗਈ ਸੀ। ਬਾਦਲ ਸਰਕਾਰ ਵਲੋਂ ਹੀ ਸਤਲੁਜ -ਯਮੁਨਾ ਲਿੰਕ ਨਹਿਰ ਵਾਸਤੇ ਜ਼ਮੀਨ ਲੈਣ ਦਾ ਫੈਸਲਾ ਅਤੇ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ। ਇਸ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਤੋਂ ਬਗੈਰ ਹੀ ਇਸ ਸਰਕਾਰ ਵਲੋਂ ਪ੍ਰਧਾਨ ਮੰਤਰੀ ਅਵਾਰਡ ਖ਼ਿਲਾਫ ਸੁਪਰੀਮ ਕੋਰਟ ਵਿਚ ਕੇਸ ਦਾਇਰ ਕੀਤਾ ਸੀ। 1980 ਵਿਚ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਲੋਂ ਇਹ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਲੈਣ ਦਾ ਕੰਮ ਕੀਤਾ ਗਿਆ ਸੀ ਅਤੇ ਬਾਅਦ ਵਿਚ 31 ਦਸੰਬਰ 1981 ਨੂੰ ਰਾਜਸਥਾਨ ਅਤੇ ਹਰਿਆਣਾ ਨਾਲ ਪਾਣੀਆਂ ਦੀ ਵੰਡ ਦਾ ਸਮਝੌਤਾ ਕਰ ਕੇ ਇਸ ਅਵਾਰਡ ਨੂੰ ਮੰਨ ਕੇ ਹਰਿਆਣਾ ਨੂੰ ਦਰਿਆਈ ਪਾਣੀ ਭੇਜਣਾ ਮੰਨ ਲਿਆ ਸੀ। ਇਸ ਤੋਂ ਬਾਅਦ 1982 ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਪੰਜਾਬ ਵਿਚ ਕਪੂਰੀ ਦੇ ਸਥਾਨ 'ਤੇ ਟੱਕ ਇੰਦਰਾ ਗਾਂਧੀ ਵੱਲੋਂ ਲਗਾਉਣ ਲਈ ਚਾਂਦੀ ਦੀ ਕਹੀ ਕੈਪਟਨ ਅਮਰਿੰਦਰ ਸਿੰਘ ਲੈ ਕੇ ਇਸ ਵਿਚ ਸ਼ਾਮਲ ਹੋਏ ਸਨ। ਇਸ ਮੁੱਦੇ 'ਤੇ ਅਕਾਲੀ ਦਲ ਨੇ ਮੋਰਚਾ ਵੀ ਸ਼ੁਰੂ ਕੀਤਾ ਸੀ ਜਿਸ ਨੂੰ ਬਦਲ ਕੇ ਧਰਮਯੁੱਧ ਮੋਰਚੇ ਦਾ ਨਾਮ ਦੇ ਦਿੱਤਾ ਗਿਆ ਸੀ। ਹਰਿਆਣਾ ਨੂੰ ਪਾਣੀ ਰੋਕਣ ਵਾਸਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵਿਧਾਨ ਸਭਾ ਵਿਚ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ ਵਿਧਾਨ ਸਭਾ ਵਿਚ 2004 ਵਿਚ ਪਾਸ ਕੀਤਾ ਸੀ। ਇਸ ਤੋਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵਲੋਂ 5 ਨਵੰਬਰ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਵਿਧਾਨ ਸਭਾ ਵਿਚ ਪਾਸ ਕਰ ਕੇ ਹਰਿਆਣਾ ਨੂੰ ਦੇਣ ਵਾਲੇ ਪਾਣੀ ਦੀ ਵੰਡ ਨੂੰ ਸਵੀਕਾਰ ਕਰ ਲਿਆ ਸੀ। ਇਸ ਸਰਕਾਰ ਵਿਚ ਕੈਪਟਨ ਅਮਰਿੰਦਰ ਸਿੰਘ ਖੇਤੀ ਮੰਤਰੀ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਦੇ ਮੈਂਬਰ ਸਨ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਵਾਲੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ 14 ਮਾਰਚ 2016 ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਜ਼ਮੀਨ (ਪ੍ਰਾਪਰਟੀ ਰਾਇਟਸ) ਬਿਲ ਸਰਬਸੰਮਤੀ ਨਾਲ ਵਿਧਾਨ ਸਭਾ ਵਿਚ ਪਾਸ ਕੀਤਾ। ਇਸ ਬਿਲ ਵਿਚ 3928 ਏਕੜ ਜ਼ਮੀਨ ਇਸ ਦੇ ਮੁਢਲੇ ਮਾਲਕਾਂ ਨੂੰ ਮੋੜਨ ਦਾ ਇੰਤਜ਼ਾਮ ਕੀਤਾ ਗਿਆ ਸੀ। ਪਰ ਇਸ ਬਿਲ ਨੂੰ ਗਵਰਨਰ ਵਲੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਸਕੀ ਸੀ। ਜਿਸ ਵਕਤ ਇਸ ਦੇ ਖ਼ਿਲਾਫ ਸੁਪਰੀਮ ਕੋਰਟ ਦਾ ਫ਼ੈਸਲਾ 10 ਨਵੰਬਰ 2016 ਨੂੰ ਆਇਆ ਤਾਂ ਪੰਜਾਬ ਦੇ ਸਾਰੇ 42 ਕਾਂਗਰਸੀ ਮੈਂਬਰਾਂ ਨੇ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਅਤੇ ਕੈਪਟਨ ਅਮਰਿੰਦਰ ਸਿੰਘ ਜਿਹੜੇ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ, ਉਨ੍ਹਾਂ ਅੰਮ੍ਰਿਤਸਰ ਲੋਕ ਸਭਾ ਪਾਰਲੀਮੈਂਟ ਹਲਕੇ ਤੋਂ ਅਸਤੀਫਾ ਦੇ ਦਿੱਤਾ ਸੀ। ਪੰਜਾਬ ਕੈਬਨਿਟ ਨੇ 15 ਨਵੰਬਰ 2016 ਨੂੰ ਇਕ ਮਤਾ ਪਾਸ ਕਰਕੇ ਸਤਲੁਜ-ਯਮੁਨਾ ਨਹਿਰ ਵਿਚ ਆਈ ਜ਼ਮੀਨ ਨੂੰ ਉਸ ਦੇ ਮੁਢਲੇ ਮਾਲਕਾਂ ਨੂੰ ਬਗੈਰ ਕਿਸੇ ਕੀਮਤ ਦੀ ਅਦਾਇਗੀ ਕਰਨ ਦੇ ਉਨ੍ਹਾਂ ਦੇ ਨਾਂ 'ਤੇ ਤਬਦੀਲ ਕਰਨ ਦਾ ਫੈਸਲਾ ਕਰ ਦਿੱਤਾ। ਇਸ ਫੈਸਲੇ 'ਤੇ ਸੁਪਰੀਮ ਕੋਰਟ ਨੇ ਤੁਰੰਤ ਰੋਕ ਲਗਾ ਦਿੱਤੀ ਅਤੇ ਅੱਗੇ ਕੋਈ ਕਾਰਵਾਈ ਨਹੀਂ ਹੋ ਸਕੀ। ਇਸ ਤੋਂ ਬਾਅਦ 16 ਨਵੰਬਰ 2016 ਨੂੰ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਵਿਚ ਮਤਾ ਪਾਸ ਕਰ ਕੇ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਕੇਂਦਰ ਸਰਕਾਰ ਨਾਲ ਗੈਰ ਰਿਪੇਰੀਅਨ ਸੂਬਿਆਂ, ਹਰਿਆਣਾ ਅਤੇ ਰਾਜਸਥਾਨ ਨੂੰ ਜਾਣ ਵਾਲੇ ਦਰਿਆਈ ਪਾਣੀਆਂ 'ਤੇ ਰਾਇਲਟੀ ਪ੍ਰਾਪਤ ਕਰਨ ਲਈ ਗੱਲਬਾਤ ਕਰੇ (Jagtar Singh, 2020, ਸਫ਼ਾ 247-48)। ਇਨ੍ਹਾਂ ਸਾਰੀਆਂ ਕਲਾਬਾਜ਼ੀਆਂ ਦੇ ਬਾਵਜੂਦ ਦਰਿਆਈ ਪਾਣੀਆਂ ਦੇ ਮਸਲੇ 'ਤੇ ਕੋਈ ਤਸੱਲੀਬਖ਼ਸ਼ ਪ੍ਰਾਪਤੀ ਨਹੀਂ ਹੋ ਸਕੀ। ਸੁਪਰੀਮ ਕੋਰਟ ਨੇ ਇਹ ਆਦੇਸ਼ ਦੇ ਦਿੱਤਾ ਕਿ ਪੰਜਾਬ ਨੂੰ ਹਰਿਆਣਾ ਅਤੇ ਰਾਜਸਥਾਨ ਨੂੰ ਰਾਵੀ-ਬਿਆਸ ਦਰਿਆਵਾਂ ਦਾ ਪਾਣੀ ਲਾਜ਼ਮੀ ਦੇਣਾ ਪੈਣਾ ਹੈ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਵੀ ਮੁਕੰਮਲ ਕਰਨੀ ਪਵੇਗੀ। ਹੁਣ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਨੂੰ ਗੱਲਬਾਤ ਕਰ ਕੇ ਮਸਲਾ ਹੱਲ ਕਰਨ ਵਾਸਤੇ ਕਿਹਾ ਹੈ। ਜੇਕਰ ਆਪਸੀ ਗੱਲਬਾਤ ਨਾਲ ਮਸਲਾ ਹੱਲ ਨਹੀਂ ਹੁੰਦਾ ਤਾਂ ਸੁਪਰੀਮ ਕੋਰਟ ਨੇ ਕਿਹਾ ਹੈ ਉਹ ਇਸ 'ਤੇ ਆਪਣੇ ਵਲੋਂ ਫੈਸਲਾ/ ਡਿਕਰੀ ਕਰ ਦੇਵੇਗੀ। ਪਿਛਲੇ ਦਿਨੀਂ ਇਕ ਮੀਟਿੰਗ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਹੋ ਚੁੱਕੀ ਹੈ ਜਿਹੜੀ ਬੇਸਿੱਟਾ ਰਹੀ ਹੈ। ਇਹ ਮਸਲਾ ਪੰਜਾਬ ਹਰਿਆਣਾ ਵਿਚ ਲੜਾਈ ਨਾਲ ਨਹੀਂ ਸਹਿਯੋਗ ਨਾਲ ਹੱਲ ਹੋ ਸਕਦਾ ਹੈ। ਇਸ ਵਾਸਤੇ ਸਿਆਸੀ ਕਲਾਬਾਜ਼ੀਆਂ ਦੀ ਬਜਾਏ ਸੁਹਿਰਦਤਾ ਅਤੇ ਸਬਰ ਨਾਲ ਮਸਲੇ ਨੂੰ ਸਮਝਣ ਅਤੇ ਨਜਿੱਠਣ ਦੀ ਜ਼ਰੂਰਤ ਹੈ।

### ਸਿੰਧ ਜਲ ਸੰਧੀ ਦਾ ਅਣਗੌਲਿਆ ਪੱਖ ਅਤੇ ਪੰਜਾਬ ਹਰਿਆਣਾ ਦਾ ਸਹਿਯੋਗ

ਪੰਜਾਬ ਅਤੇ ਹਰਿਆਣਾ ਵਿਚ ਦਰਿਆਈ ਪਾਣੀਆਂ ਦੀ ਵੰਡ ਦਾ ਝਗੜਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਹਰਿਆਣਾ ਇਨ੍ਹਾਂ ਪਾਣੀਆਂ ਵਿਚੋਂ 3.5 ਮਿਲੀਅਨ ਏਕੜ ਫੁੱਟ ਪਾਣੀ 'ਤੇ ਆਪਣੇ ਹੱਕ ਪ੍ਰਤੀ ਦ੍ਰਿੜ ਹੈ। ਹਰਿਆਣਾ ਦੇ ਆਪਣੇ ਰਿਕਾਰਡ ਮੁਤਾਬਿਕ ਇਸ ਵਿਚੋਂ 1.99 ਮਿਲੀਅਨ ਏਕੜ ਫੁੱਟ ਪਾਣੀ ਮੌਜੂਦਾ ਨਹਿਰਾਂ ਰਾਹੀਂ ਹਰਿਆਣਾ ਨੂੰ ਜਾ ਰਿਹਾ ਹੈ। ਹਰਿਆਣਾ ਬਾਕੀ ਦੇ 1.51 ਮਿਲੀਅਨ ਏਕੜ ਫੁੱਟ ਵਾਸਤੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਲਈ ਜ਼ੋਰ ਦੇ ਰਿਹਾ ਹੈ। ਇਸ 'ਤੇ ਪੰਜਾਬ ਇਤਰਾਜ਼ ਕਰ ਰਿਹਾ ਹੈ ਕਿ ਉਸ ਕੋਲ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਪਾਣੀ ਨਹੀਂ ਹੈ ਇਸ ਕਰਕੇ ਉਸ ਕੋਲ ਹਰਿਆਣਾ ਨੂੰ ਹੋਰ ਪਾਣੀ ਦੇਣ ਦੀ ਗੁੰਜਾਇਸ਼ ਨਹੀਂ ਹੈ। ਇਸ ਸਥਿਤੀ ਵਿਚ ਮਸਲਾ ਰਲ-ਮਿਲ ਕੇ ਹੱਲ ਕਰਨ ਦੀ ਲੋੜ ਵਧ ਜਾਂਦੀ ਹੈ। ਇਹ ਦੇ ਹੱਲ ਲਈ ਸਿੰਧ ਜਲ ਸੰਧੀ ਦੇ ਕੁਝ ਅਣਗੌਲੇ ਪੱਖਾਂ ਨੂੰ ਵਿਚਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਸੰਧੀ ਦੇ ਆਰਟੀਕਲ II ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀਆਂ 'ਤੇ ਭਾਰਤ ਦਾ ਪੂਰਾ ਅਧਿਕਾਰ ਹੈ। ਆਰਟੀਕਲ II(2) ਮੁਤਾਬਿਕ ਰਾਵੀ ਮੁੱਖ ਅਤੇ ਸਤਲੁਜ ਮੁੱਖ ਦਰਿਆ ਜਿੰਨੀ ਦੇਰ ਪੂਰੀ ਤਰ੍ਹਾਂ ਪਾਕਿਸਤਾਨ ਵਿਚ ਦਾਖਲ ਨਹੀਂ ਹੋ ਜਾਂਦੇ ਇੰਨ੍ਹਾਂ ਦੇ ਪਾਣੀਆਂ 'ਤੇ ਪਾਕਿਸਤਾਨ ਦਾ ਨਾ ਕੋਈ ਹੱਕ ਅਤੇ ਨਾ ਹੀ ਕੋਈ ਦਖ਼ਲ ਹੋ ਸਕਦਾ ਹੈ। ਇਸ ਵਾਸਤੇ ਇਸ ਸੰਧੀ ਵਿਚ ਸਤਲੁਜ ਦਰਿਆ ਦੇ ਪਾਕਿਸਤਾਨ ਵਿਚ ਦਾਖਲ ਹੋਣ ਦਾ ਸਥਾਨ ਸੁਲੇਮਾਨਕੀ ਤੋਂ ਉਪਰ ਨਵੇਂ ਹਸਤਾ ਬੰਨ੍ਹ ਨੂੰ ਮੰਨਿਆ ਗਿਆ ਹੈ। ਰਾਵੀ ਦਰਿਆ ਲਈ ਬਾਮਬਨਵਾਲਾ-ਰਾਵੀ-ਬੇਦੀਆਂ- ਦਿਪਾਲਪੁਰ ਲਿੰਕ ਤੋਂ ਡੇਢ ਮੀਲ ਉਪਰ ਨੂੰ ਮਿਥਿਆ ਗਿਆ ਹੈ। ਇਹ ਲਾਹੌਰ ਤੋਂ ਮਾਧੋਪੁਰ ਹੈੱਡ ਵਰਕਸ ਵੱਲ ਹੈ। ਇਸ ਸੰਧੀ ਦੇ ਅਨੈਕਸਚਰ ਬੀ ਅਨੁਸਾਰ ਰਾਵੀ ਦਰਿਆ ਦੀਆਂ ਚਾਰ ਸਹਾਇਕ ਨਦੀਆਂ ਦੇ ਪਾਣੀਆਂ 'ਤੇ ਭਾਰਤ ਦਾ ਪੂਰਾ ਹੱਕ ਹੈ। ਇਹ ਸਹਾਇਕ ਨਦੀਆਂ ਹਨ: ਬਸੰਤਰ, ਬੇਂਈ, ਤਾਰਾ ਅਤੇ ਉੱਜ। ਇਨ੍ਹਾਂ ਨਦੀਆਂ ਦੇ ਪਾਣੀਆਂ ਨੂੰ ਭਾਰਤ ਵਲੋਂ ਅੱਜ ਤਕ ਬਿਲਕੁਲ ਵਰਤਿਆ ਨਹੀਂ ਜਾ ਰਿਹਾ। ਸਤਲੁਜ ਅਤੇ ਬਿਆਸ ਦੇ ਸਾਰੇ ਪਾਣੀਆਂ ਨੂੰ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ ਪਰ ਰਾਵੀ ਦਰਿਆ ਦੇ ਪਾਣੀ ਬਾਰੇ ਘੋਰ ਅਣਗਹਿਲੀ ਵਰਤੀ ਜਾ ਰਹੀ ਹੈ।

ਬਿਜ਼ਨਸ ਸਟੈਂਡਰਡ 2019 ਅਨੁਸਾਰ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦਾ ਦੋ ਮਿਲੀਅਨ ਏਕੜ ਫੁੱਟ ਪਾਣੀ ਹੁਣ ਵੀ ਪਾਕਿਸਤਾਨ ਵਲ ਜਾ ਰਿਹਾ ਹੈ। ਇਸ ਸਬੰਧੀ ਉੱਜ ਨਦੀ 'ਤੇ ਬੰਨ੍ਹ ਬਣਾ ਕੇ ਇਸ ਨੂੰ ਵਰਤਣ ਲਈ ਯੋਜਨਾ ਵਿਚਾਰ ਅਧੀਨ ਹੈ ਪਰ ਜ਼ਮੀਨੀ ਪੱਧਰ 'ਤੇ ਅਜੇ ਤੱਕ ਕੁਝ ਵੀ ਨਹੀਂ ਕੀਤਾ ਗਿਆ। ਕੁਝ ਅਨੁਮਾਨ ਪਾਕਿਸਤਾਨ ਨੂੰ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦੇ ਜਾਣ ਵਾਲੇ ਪਾਣੀ ਦੀ ਮਾਤਰਾ 2 ਮਿਲੀਅਨ ਏਕੜ ਫੁੱਟ ਤੋਂ ਜ਼ਿਆਦਾ 4..5 ਮਿਲੀਅਨ ਏਕੜ ਫੁੱਟ ਦੇ ਕਰੀਬ ਦਸਦੇ ਹਨ। ਇਸ ਪਾਣੀ ਦੀ ਮਾਤਰਾ ਦਾ ਸਹੀ ਅੰਦਾਜ਼ਾ ਲਾ ਕੇ ਇਹ ਨੂੰ ਵਰਤੋਂ ਵਿਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ 2.0 ਮਿਲੀਅਨ ਏਕੜ ਫੁੱਟ ਪਾਣੀ ਨੂੰ ਉਪਲੱਬਧ ਕਰ ਲਿਆ ਜਾਂਦਾ ਹੈ ਤਾਂ ਇਸ ਵਿਚੋਂ ਇਕ ਮਿਲੀਅਨ ਏਕੜ ਫੁੱਟ ਪਾਣੀ ਤੋਂ ਵੱਧ ਪੰਜਾਬ ਆਪਣੇ ਕੋਲ ਰੱਖ ਕੇ ਬਾਕੀ ਹਰਿਆਣੇ ਨਾਲ ਸਾਂਝਾ ਕਰ ਸਕਦਾ ਹੈ। ਇਸ ਨਾਲ ਦੋਵਾਂ ਸੂਬਿਆਂ ਵਿਚ ਪਾਣੀਆਂ ਦੀ ਵੰਡ ਦਾ ਝਗੜਾ ਮੁਕਾਇਆ ਜਾ ਸਕਦਾ ਹੈ। ਇਹ ਫੈਸਲਾ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਲੋਂ ਮਿਲ ਕੇ ਕਰਨਾ ਪੈਣਾ ਹੈ। ਹੈਰਾਨੀ ਦੀ ਗੱਲ ਹੈ ਕਿ ਪਿਛਲੇ 52 ਸਾਲਾਂ ਤੋਂ ਦੋਵੇਂ ਸੂਬੇ ਆਪਸ ਵਿਚ ਲੜ ਰਹੇ ਹਨ ਅਤੇ ਕੇਂਦਰ ਇਸ ਲੜਾਈ ਵਿਚ ਹਿੱਸੇਦਾਰ ਬਣਦਾ ਰਿਹਾ ਹੈ ਪਰ ਉਸ ਨੇ ਪਾਕਿਸਤਾਨ ਨੂੰ ਦੇਸ਼ ਦੇ ਜਾਣ ਵਾਲੇ ਪਾਣੀ ਨੂੰ ਦੇਸ਼ ਵਲ ਮੋੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਜੇਕਰ ਸਾਰਥਿਕ ਕੋਸ਼ਿਸ਼ ਕੀਤੀ ਗਈ ਹੁੰਦੀ ਤਾਂ ਇਹ ਮਾਮਲਾ ਕਾਫੀ ਪਹਿਲਾਂ ਹੱਲ ਕੀਤਾ ਜਾ ਸਕਦਾ ਸੀ। ਇਸ ਤੋਂ ਵੀ ਦਿਲਚਸਪ ਗੱਲ ਹੈ ਕਿ ਪੰਜਾਬ ਸਰਕਾਰ ਜਾਂ ਪੰਜਾਬ ਦੇ ਬੁੱਧੀਮਾਨ ਵਰਗ ਅਤੇ ਸਿਆਸੀ ਪਾਰਟੀਆਂ ਵੱਲੋਂ ਵੀ ਇਹ ਮੁੱਦਾ ਕਦੀ ਸਾਹਮਣੇ ਨਹੀਂ ਲਿਆਂਦਾ ਗਿਆ। ਇਹ ਇਕ ਗੰਭੀਰ ਸਵਾਲ ਹੈ। ਅਸਲ ਵਿਚ ਇਸ ਕਾਰਜ ਲਈ ਕੇਂਦਰ ਸਰਕਾਰ ਨੂੰ ਪਹਿਲ ਕਰ ਕੇ ਦੋਵਾਂ ਸੂਬਿਆਂ ਦੀ ਮਦਦ ਕਰਨੀ ਪੈਣੀ ਹੈ। ਇਸ ਪਾਣੀ ਦੀ ਵਰਤੋਂ ਵਾਸਤੇ ਨਾ ਪੰਜਾਬ, ਨਾ ਹਰਿਆਣਾ ਅਤੇ ਨਾ ਹੀ ਦੋਵੇਂ ਰਲ ਕੇ ਕੁਝ ਕਰ ਸਕਦੇ ਹਨ। ਇਸ ਦੇ ਦੋ ਕਾਰਨ ਹਨ। ਪਹਿਲਾ ਕਾਰਨ ਹੈ ਕਿ ਇਸ ਪਾਣੀ ਨੂੰ ਵਰਤੋਂ ਵਿਚ ਲਿਆਉਣ ਵਾਸਤੇ ਕਾਫੀ ਵਿੱਤੀ ਸਾਧਨ ਚਾਹੀਦੇ ਹਨ ਜਿਹੜੇ ਇਨ੍ਹਾਂ ਸੂਬਿਆਂ ਕੋਲ ਉਪਲੱਬਧ ਨਹੀਂ ਹਨ। ਦੂਜਾ ਇਹ ਕਿ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਪਾਕਿਸਤਾਨ ਦੇ ਇਲਾਕੇ ਵਿਚੋਂ ਹੋ ਕੇ ਆਉਂਦੀਆਂ ਹਨ ਇਸ ਕਰਕੇ ਇਨ੍ਹਾਂ ਪਾਣੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਵਰਤਣ ਲਈ ਜੰਮੂ-ਕਸ਼ਮੀਰ ਅਤੇ ਪਾਕਿਸਤਾਨ ਨਾਲ ਸਹਿਯੋਗ ਕਰਨਾ ਪਵੇਗਾ।

ਉਪਰੋਕਤ ਬਿਰਤਾਂਤ ਨੂੰ ਸਮੇਟਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਪੁਨਰਗਠਨ ਐਕਟ 1966 ਦੇ 78,79 ਅਤੇ 80 ਸੈਕਸ਼ਨਾਂ ਨੂੰ ਖਤਮ ਕਰਨ ਤੋਂ ਬਗੈਰ ਪੰਜਾਬ ਸਰਕਾਰ ਹਰਿਆਣਾ ਨੂੰ ਦਰਿਆਈ ਪਾਣੀਆਂ ਨੂੰ ਦੇਣ ਤੋਂ ਇਨਕਾਰੀ ਨਹੀਂ ਹੋ ਸਕਦੀ। ਹਰੇਕ ਮਾਮਲਾ ਗਲੱਬਾਤ ਕਰਕੇ ਭਾਈਚਾਰਕ ਤੌਰ 'ਤੇ ਹੱਲ ਕਰਨਾ ਚਾਹੀਦਾ ਹੈ। ਇਸ ਸਬੰਧ ਵਿਚ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦਾ ਪਾਕਿਸਤਾਨ ਨੂੰ ਜਾਣ ਵਾਲੇ 2 ਮਿਲੀਅਨ ਏਕੜ ਫੁੱਟ ਜਾਂ ਇਸ ਤੋਂ ਵੱਧ ਪਾਣੀ ਨੂੰ ਵਰਤਣ ਲਈ ਲੋੜੀਂਦੇ ਬੰਨ੍ਹ ਬਣਾ ਕੇ ਇਹ ਪਾਣੀ ਸੁਰੰਗ ਰਾਹੀਂ ਬਿਆਸ ਦਰਿਆ ਵਿਚ ਮਿਲਾਇਆ ਜਾ ਸਕਦਾ ਹੈ। ਇਸ ਵਾਸਤੇ ਨਾ ਤਾਂ ਪੰਜਾਬ ਕੋਲ ਅਤੇ ਨਾ ਹੀ ਹਰਿਆਣਾ ਕੋਲ ਮਾਲੀ ਸਾਧਨ ਹਨ ਅਤੇ ਨਾ ਹੀ ਇਲਾਕਾਈ ਅਧਿਕਾਰ ਹਨ। ਇਹ ਕਾਰਜ ਕੇਂਦਰ ਸਰਕਾਰ ਨੂੰ ਪੂਰਾ ਕਰ ਕੇ ਦੋਵਾਂ ਸੂਬਿਆਂ ਵਿਚ ਵੰਡਿਆ ਜਾ ਸਕਦਾ ਹੈ। ਇਸ ਨਾਲ ਪੰਜਾਬ ਨੂੰ ਇਕ ਮਿਲੀਅਨ ਏਕੜ ਫੁੱਟ ਪਾਣੀ ਤੋਂ ਵੱਧ ਹੋਰ ਪਾਣੀ ਮਿਲ ਜਾਵੇਗਾ ਅਤੇ ਹਰਿਆਣਾ ਨੂੰ ਕੁਝ ਘੱਟ ਪਰ ਹੋਰ ਪਾਣੀ ਮਿਲ ਸਕਦਾ ਹੈ। ਇਸ ਕਾਰਜ ਨੂੰ ਨਿਭਾਉਣ ਲਈ ਕੇਂਦਰ ਸਰਕਾਰ ਵਲੋਂ ਸਿਆਣਪ ਨਾਲ ਭਾਈਚਾਰਕ ਨੀਤੀ ਅਪਣਾ ਕੇ ਸਦਭਾਵਨਾ ਨਾਲ ਨਿਰਮਾਣ ਅਤੇ ਵਿਕਾਸ ਲਈ ਦੋਵਾਂ ਸੂਬਿਆਂ ਨੂੰ ਮਦਦ ਦੇਣੀ ਬਣਦੀ ਹੈ। ਕਿਉਂਕਿ ਇਹ ਕੇਸ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਇਸ ਕਰਕੇ ਸਿਖਰਲੀ ਅਦਾਲਤ ਨੂੰ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦੇ ਅਣਵਰਤੇ ਪਾਣੀ ਨੂੰ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਕੋਈ ਫ਼ੈਸਲਾ ਦੋਵਾਂ ਰਾਜਾਂ ਦੇ ਸਬੰਧ ਵਿਚ ਨਹੀਂ ਕਰਨਾ ਚਾਹੀਦਾ।

ਮਸਲੇ ਦੀ ਅਸਲੀ ਜੜ੍ਹ ਪੰਜਾਬ ਅਤੇ ਹਰਿਆਣਾ ਵਿਚ ਸਿੰਚਾਈ ਵਾਸਤੇ ਪਾਣੀ ਦੀ ਗੰਭੀਰ ਘਾਟ ਹੈ। ਦੋਵਾਂ ਸੂਬਿਆਂ ਵਿਚ ਜ਼ਮੀਨ ਹੇਠਲੇ ਪਾਣੀ ਨੂੰ ਟਿਊਬਵੈਲਾਂ ਰਾਹੀਂ ਕੱਢ ਕੇ ਲੋੜ ਨੂੰ ਪੂਰਾ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਟਿਊਬਵੈਲਾਂ ਨੂੰ ਮੁਫਤ ਬਿਜਲੀ ਦਿੱਤੀ ਜਾਂਦੀ ਹੈ ਅਤੇ ਹਰਿਆਣਾ ਵਿਚ ਵੀ ਟਿਊਬਵੈਲਾਂ 'ਤੇ ਕਾਫੀ ਬਿਜਲੀ ਸਬਸਿਡੀ ਦਿੱਤੀ ਜਾਂਦੀ ਹੈ। ਇਸ ਕਰਕੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਹੋ ਗਿਆ ਹੈ ਅਤੇ ਕਈ ਥਾਵਾਂ 'ਤੇ ਮੁੱਕਣ ਕਿਨਾਰੇ ਪਹੁੰਚਣ ਵਾਲਾ ਹੈ। ਇਸ ਦਾ ਕਾਰਨ ਵਧੇਰੇ ਪਾਣੀ ਦੀ ਖਪਤ ਵਾਲੀ ਫਸਲ ਝੋਨੇ ਨੂੰ ਦੋਵਾਂ ਸੂਬਿਆਂ ਵਿਚ ਵੱਡੇ ਪੱਧਰ 'ਤੇ ਅਪਨਾਉਣਾ ਹੈ। ਇਸ ਫ਼ਸਲ ਨੂੰ ਕਾਫੀ ਇਲਾਕਿਆਂ ਵਿਚ ਬਦਲ ਕੇ ਘੱਟ ਸਿੰਚਾਈ ਵਾਲੀਆਂ ਫ਼ਸਲਾਂ ਨੂੰ ਖੇਤੀ ਵਿਭਿੰਨਤਾ ਰਾਹੀਂ ਅਪਨਾਉਣ ਨਾਲ ਪਾਣੀ ਦੀ ਖੇਤੀ ਵਿਚ ਮੰਗ ਨੂੰ ਘਟਾਇਆ ਜਾ ਸਕਦਾ ਹੈ। ਮੀਂਹ ਦੇ ਪਾਣੀ ਨੂੰ ਬਰਸਾਤਾਂ ਸਮੇਂ ਸਟੋਰ ਕਰ ਕੇ ਅਤੇ ਪਾਣੀ ਬੱਚਤ ਵਾਲੀਆਂ ਤਕਨੀਕਾਂ ਰਾਹੀਂ ਪਾਣੀ ਦੀ ਸੁਚੱਜੀ ਵਰਤੋਂ ਨਾਲ ਇਸ ਸੰਕਟ ਨੂੰ ਹੱਲ ਕਰ ਕੇ ਟਿਕਾਊ ਖੇਤੀ ਵਿਭਿੰਨਤਾ ਵੱਲ ਜਾਣਾ ਪੈਣਾ ਹੈ। ਇਸ ਵਾਸਤੇ ਕੇਂਦਰ ਸਰਕਾਰ ਨੂੰ ਇਨ੍ਹਾਂ ਸੂਬਿਆਂ ਦੀ ਖੇਤੀ ਖੋਜ ਅਤੇ ਨਵੀਆਂ ਫ਼ਸਲਾਂ ਦੇ ਮੰਡੀਕਰਨ ਨੂੰ ਯਕੀਨੀ ਬਣਾਉਣਾ ਪਵੇਗਾ। ਕੇਂਦਰ ਵਲੋਂ ਕਿਸਾਨਾਂ ਦੀ ਮੰਗ ਕਿ ਨਵੀਆਂ ਫ਼ਸਲਾਂ ਵਾਸਤੇ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਮੰਗ ਨੂੰ ਮੰਨ ਲੈਣਾ ਚਾਹੀਦਾ ਹੈ।

# ਭਾਰਤੀ ਅਰਥਚਾਰੇ ਉਪਰ ਵਿੱਤੀ ਪੂੰਜੀ ਦਾ ਹਮਲਾ ਅਤੇ ਬਚਾਅ

ਸਾਲ 1991 ਦੀਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਦਰਬਾਰੀ (ਕਰੋਨੀ) ਪੂੰਜੀਵਾਦ ਦਾ ਇਕ ਅਜਿਹਾ ਦੌਰ ਸ਼ੁਰੂ ਹੁੰਦਾ ਹੈ, ਜਿਸ ਨਾਲ ਟਾਟਾ ਬਿਰਲਾ ਵਰਗੇ ਰਵਾਇਤੀ ਵੱਡੇ ਪੂੰਜੀਪਤੀ ਘਰਾਣਿਆਂ ਦੀ ਥਾਂ ਅੰਬਾਨੀ, ਅਡਾਨੀ, ਲਕਸ਼ਮੀ ਮਿੱਤਲ, ਸਵਿਤਰੀ ਮਿੱਤਲ, ਸੁਨੀਲ ਮਿੱਤਲ, ਨਵੀਨ ਜਿੰਦਲ, ਆਜਮ ਪ੍ਰੇਮ ਜੀ ਵਰਗੇ ਅਨੇਕਾਂ ਅਣਜਾਣੇ ਵਿਅਕਤੀ ਇਕਦਮ ਹੀ ਵਿੱਤੀ ਸੈਕਟਰ ਉਪਰ ਧਰੂ ਤਾਰੇ ਵਾਂਗ ਚਮਕ ਉੱਠੇ ਸਨ। ਇਨ੍ਹਾਂ ਵਿਅਕਤੀਆਂ ਨੇ



**ਕਰਮ ਬਰਸਟ**
ਫੋਨ: +91-94170-73831

ਸੱਟੇਬਾਜ਼ ਪੂੰਜੀ ਬਨਾਮ ਸ਼ੇਅਰ ਬਾਜ਼ਾਰ ਦੀਆਂ ਬਾਰੀਕੀਆਂ ਨੂੰ ਅਜਿਹੀ ਮੁਹਾਰਤ ਨਾਲ ਵਰਤਿਆ ਕਿ ਟੈਲੀਕਾਮ, ਕੁਦਰਤੀ ਗੈਸ, ਪੈਟਰੋਲੀਅਮ ਪਦਾਰਥ, ਪਰਦੂਸ਼ਨ ਰਹਿਤ ਉਰਜਾ, ਬੰਦਰਗਾਹਾਂ, ਹਵਾਈ ਅੱਡਿਆਂ, ਸਮੁੰਦਰੀ ਜਹਾਜ਼ਰਾਨੀ ਤੋਂ ਇਲਾਵਾ ਖਾਧ ਪਦਾਰਥਾਂ ਦੀ ਮੰਡੀ ਉਪਰ ਵੀ ਇਜ਼ਾਰੇਦਾਰੀ ਸਥਾਪਤ ਕਰਨ ਵਿਚ ਸਫਲ ਹੋ ਗਏ। 1991-2014 ਤਕ ਦੀਆਂ ਕਾਂਗਰਸ ਅਤੇ ਭਾਜਪਾ ਸਰਕਾਰਾਂ ਨੇ ਇਸ ਲਿਹਾਜ਼ੂ ਪੂੰਜੀ ਨੂੰ ਉਤਸ਼ਾਹਤ ਕਰਨ ਲਈ ਪੁਰਾਣੀ ਕਿਸਮ ਦੇ ਸਾਰੇ ਵਪਾਰਕ ਨਿਯਮਾਂ, ਕਿਰਤ ਕਾਨੂੰਨਾਂ ਅਤੇ ਬਾਜ਼ਾਰ ਨੂੰ ਕੰਟਰੋਲ ਕਰਨ ਵਾਲੀਆਂ ਨੀਤੀਆਂ ਨੂੰ ਹੀ ਬਦਲ ਦਿੱਤਾ ਸੀ।

ਇਹ ਸਿਰਫ ਆਰਥਿਕ ਪ੍ਰਬੰਧ ਵਿਚ ਕੀਤੀ ਤਬਦੀਲੀ ਨਹੀਂ ਸੀ। ਭਾਵੇਂ ਕਿ ਇਕ ਬਹੁਤ ਹੀ ਬਦਲੇ ਹੋਏ ਸੰਦਰਭ ਵਿਚ, ਵੱਡੀ ਬੁਰਜੂਆਜੀ ਇਸ ਨਾਲ ਜੁੜੀ ਹੋਈ ਹੈ ਇਸ ਵਿਚ ਭਾਰਤੀ ਅਰਥਚਾਰੇ ਉੱਤੇ ਵਿਦੇਸ਼ੀ ਪੂੰਜੀ ਦੇ ਮੁੜ ਦਬਦਬੇ ਦੀ ਹੱਕ ਜਤਾਈ ਵੀ ਸ਼ਾਮਲ ਹੈ ਅਤੇ ਭਾਰਤ ਦੇ ਉੱਚ ਮੱਧ ਵਰਗ ਵਲੋਂ ਮਿਲੀ ਸਵੀਕਾਰਤਾ ਵੀ ਹੈ। ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਵਿਚ ਸਾਮਰਾਜਵਾਦ ਅਤੇ ਭਾਰਤੀ ਪੂੰਜੀ ਵਿਚਕਾਰਲੇ ਵਿਰੋਧਾਭਾਸਾਂ ਨੇ ਕਈ ਜਮਾਤਾਂ ਨੂੰ ਸਾਮਰਾਜਵਾਦ ਵਿਰੁੱਧ ਇਕਜੁੱਟ ਕੀਤਾ ਸੀ, ਪਰ ਆਜ਼ਾਦੀ ਤੋਂ ਬਾਅਦ ਨਿੱਜੀ ਪੂੰਜੀ ਨੂੰ ਕੰਟਰੋਲ ਕਰਨ ਵਾਲੀ ਨਹਿਰੂ ਰਣਨੀਤੀ ਨੂੰ ਵਿਦੇਸ਼ੀ ਪੂੰਜੀ ਦੇ ਵਿਰੋਧ ਵਜੋਂ ਦੇਖਿਆ ਜਾ ਰਿਹਾ ਸੀ, ਅਤੇ ਇਸ ਰਣਨੀਤੀ ਦੀ ਬਦਲੀ ਨੇ ਦੇਸ਼ ਦੀਆਂ ਨਵੀਆਂ ਹਾਕਮ ਜਮਾਤਾਂ ਨੂੰ ਸ਼ਰ੍ਹੇਆਮ ਉਸ ਦੀ ਝੋਲੀ ਵਿਚ ਪਾ ਦਿੱਤਾ ਹੈ। ਇਸ ਨਾਲ ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਅਤੇ ਘਰੇਲੂ ਵੱਡੀ ਸਰਮਾਏਦਾਰੀ ਦੇ ਵਿਚਕਾਰ, ਅਤੇ ਦੂਜੇ ਪਾਸੇ ਕਿਰਤੀ ਲੋਕਾਂ ਦੇ ਅਤੇ ਸਾਮਰਾਜਵਾਦ ਵਿਚਕਾਰਲੀ ਵਿਰੋਧਤਾਈ ਦੀ ਰੇਖਾ ਬਦਲ ਗਈ ਹੈ।

ਉਪਰੋਕਤ ਸੰਦਰਭ ਵਿਚ ਮੋਦੀ ਸਰਕਾਰ ਵੱਲੋਂ ਕੁਝ ਵਿਸ਼ੇਸ਼ ਕਾਰਪੋਰੇਟ ਘਰਾਣਿਆਂ ਨੂੰ ਵਿੱਤੀ ਲਾਭ ਪਹੁੰਚਾਉਣ ਕਰਕੇ, ਦੇਸ਼ ਵਿਦੇਸ਼ ਦੇ ਨਾਮੀ ਕਾਰਪੋਰੇਟਸ ਦਾ ਇਕ ਹਿੱਸਾ ਕਾਫੀ ਔਖ ਮਹਿਸੂਸ ਕਰ ਰਿਹਾ ਸੀ। ਇਸੇ ਵਿਚੋਂ ਸਨਅਤੀ ਅਤੇ ਬੈਂਕ-ਵਿੱਤੀ ਪੂੰਜੀ ਦੀ ਆਪਸੀ ਖਹਿਭੇੜ ਦਾ ਇਕ ਦਿਨ ਸਾਹਮਣੇ ਆਉਣਾ ਵੀ ਸੁਭਾਵਿਕ ਸੀ। ਸਾਮਰਾਜਵਾਦ ਦੇ ਇਸ ਦੌਰ ਵਿਚ ਵੱਖ ਵੱਖ ਦੇਸ਼ਾਂ ਜਾਂ ਇਕੋ ਦੇਸ਼ ਦੇ ਵੱਡੇ ਪੂੰਜੀਪਤੀਆਂ ਵਿਚਕਾਰ ਚੱਲ ਰਹੀ ਇਸ ਕਸ਼ਮਕਸ਼ ਵਿਚੋਂ ਹੀ ਹਿੰਡਨਬਰਗ ਰਿਸਰਚ ਦੀ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਨਾਲ ਭਾਰਤ ਦੇ ਪ੍ਰਮੁੱਖ ਵੱਡੇ ਪੂੰਜੀਪਤੀ ਗੌਤਮ ਅਡਾਨੀ ਵਲੋਂ ਕੀਤੀਆਂ ਜਾ ਰਹੀਆਂ ਬਾਜ਼ਾਰੂ ਤਿਕੜਮਬਾਜ਼ੀਆਂ ਦੇ ਬੇਪਰਦ ਹੋ ਜਾਣ ਕਰਕੇ ਦੇਸ਼ ਦੀ ਵੱਡੀ ਸਰਮਾਏਦਾਰੀ ਦੇ ਕਾਰ ਵਿਹਾਰ ਨੂੰ ਕਾਫੀ ਧੱਕਾ ਲੱਗਿਆ ਹੈ। ਅਡਾਨੀ ਸਮੂਹ ਭਾਰਤ ਦੀ ਬਹੁ-ਰਾਸ਼ਟਰੀ ਕਾਰਪੋਰੇਸ਼ਨ ਹੈ, ਜਿਹੜੀ ਬੰਦਰਗਾਹਾਂ ਦੇ ਪ੍ਰਬੰਧ, ਬਿਜਲੀ ਦੀ ਪੈਦਾਵਾਰ ਅਤੇ ਵੰਡ, ਨਵਿਆਉਣ ਯੋਗ ਉਰਜਾ, ਕੋਲਾ ਖਾਣਾਂ, ਹਵਾਈ ਅੱਡਿਆਂ ਦੇ ਇੰਤਜ਼ਾਮ, ਕੁਦਰਤੀ ਗੈਸ, ਅਨਾਜਾਂ ਦੇ ਭੰਡਾਰ ਤੇ ਪ੍ਰੋਸੈਸਿੰਗ ਅਤੇ ਬੁਨਿਆਦੀ ਢਾਂਚੇ ਵਰਗੇ ਵੱਖੋ-ਵੱਖਰੇ ਧੰਦਿਆਂ ਵਿਚ ਕਾਰਜਸ਼ੀਲ ਹੈ।

ਇਨ੍ਹਾਂ ਕੰਪਨੀਆਂ ਵਿਚੋਂ ਹਰੇਕ ਦਾ ਵੱਖਰਾ ਵਪਾਰਕ ਮਾਡਲ ਹੋਣ ਦੇ ਬਾਵਜੂਦ ਇਨ੍ਹਾਂ ਦਾ ਸਾਂਝਾ ਵਪਾਰਕ ਮਾਡਲ ਹਮੇਸ਼ਾ ਹੀ ਸਰਕਾਰ ਦੇ ਹਿੱਤਾਂ ਨਾਲ ਮੇਲ ਖਾਂਦਾ ਰਿਹਾ ਹੈ। ਅਡਾਨੀ ਸਮੂਹ ਨੇ ਮੋਦੀ ਦੀਆਂ ਸੂਬਾਈ ਅਤੇ ਦੋਵੇਂ ਕੇਂਦਰੀ ਸਰਕਾਰਾਂ ਦੌਰਾਨ ਕਮਾਲ ਦੀ ਤਰੱਕੀ ਕੀਤੀ ਹੈ। ਅਡਾਨੀ ਦੀ ਤਰੱਕੀ ਪਿੱਛੇ ਸਰਕਾਰੀ ਸੰਸਥਾਵਾਂ ਕੋਲੋਂ ਚੁੱਕੇ ਗਏ ਕਰਜ਼ੇ ਨੂੰ ਸੱਟਾ ਬਜ਼ਾਰ ਵਿਚ ਇਸ ਨੀਤ ਨਾਲ ਲਾਉਣ ਦੀ ਰਣਨੀਤੀ ਸ਼ਾਮਲ ਹੈ ਕਿ ਕੁੱਝ ਸਮੇਂ ਬਾਅਦ ਪੂੰਜੀ ਵੱਡੇ ਮੁਨਾਫੇ ਦੇ ਰੂਪ ਵਿਚ ਵਾਪਸ ਆਵੇਗੀ। ਵੱਡੇ ਪੂੰਜੀਪਤੀਆਂ ਦੀ ਅਜਿਹੀ ਕਾਰਜਨੀਤੀ ਅਕਸਰ ਉਲਟ ਸਾਬਤ ਹੁੰਦੀ ਹੈ। ਕਰਜ਼ੇ ਦਾ ਪੈਸਾ ਡੁੱਬ ਜਾਂਦਾ ਹੈ। ਸਰਕਾਰੀ ਵਿੱਤੀ ਸੰਸਥਾਵਾਂ ਦੇ ਕਰਜ਼ੇ ਨਾ ਮੁੜਨ ਦਾ ਇਹੀ ਵੱਡਾ ਕਾਰਨ ਹੈ। ਸ਼ੇਅਰ ਬਾਜ਼ਾਰ ਨੂੰ ਕੰਟਰੋਲ ਕਰਨ ਵਾਲੇ ਢਾਂਚੇ ਦੀਆਂ ਕਮਜ਼ੋਰੀਆਂ, ਸਾਸ਼ਨ ਵਿਚ ਭਾਈ-ਭਤੀਜਾਵਾਦ ਅਤੇ ਸਟੇਟ ਬੈਂਕ ਤੇ ਐਲ. ਆਈ. ਸੀ. ਵਰਗੇ ਚੋਟੀ ਦੇ ਸਰਕਾਰੀ ਬੈਂਕਾਂ ਤੇ ਬੀਮਾ ਕੰਪਨੀਆਂ ਨੂੰ ਇਕ ਵਿਸ਼ੇਸ਼ ਕਾਰਪੋਰੇਟ ਸਮੂਹ ਨੂੰ ਫਾਇਦਾ ਪਹੁੰਚਾਉਣ ਵਰਗੇ ਸਵਾਲਾਂ ਦੇ ਨਾਲ ਨਾਲ, ਵਿਸ਼ਵ ਨਿਵੇਸ਼ਕਾਂ ਦੇ ਮਨਾਂ ਵਿਚ ਭਾਰਤ ਦੀ ਭਰੋਸੇਯੋਗਤਾ ਵੀ ਸ਼ੱਕ ਦੇ ਘੇਰੇ ਵਿਚ ਆ ਗਈ ਹੈ। ਅਡਾਨੀ ਘਰਾਣੇ ਦੀ ਕਾਮਯਾਬੀ ਅਤੇ ਭਾਰਤੀ ਅਰਥਚਾਰੇ ਨੂੰ ਸਮਾਨਅਰਥੀ ਮੰਨਿਆ ਜਾ ਰਿਹਾ ਸੀ। ਇਹੀ ਇਕ ਕਾਰਨ ਹੈ ਕਿ ਭਾਰਤੀ ਅਰਥਚਾਰੇ ਨੂੰ ਲੱਗੇ ਕੌਮਾਂਤਰੀ ਵਿੱਤੀ ਝਟਕੇ ਸਦਕਾ ਚੋਟੀ ਦੀ ਅਦਾਲਤ ਵਲੋਂ ਪੜਤਾਲ ਕਮੇਟੀ ਗਠਿਤ ਕਰਨ ਦਾ ਫੈਸਲਾ ਲੈਣਾ ਪਿਆ ਹੈ। ਵਿੱਤੀ ਪੂੰਜੀ ਦੇ ਮਾਹਿਰਾਂ ਅਨੁਸਾਰ, ਇਹ ਵਰਤਾਰਾ ਖਾਸ ਤੌਰ 'ਤੇ ਚਿੰਤਾਜਨਕ ਹੈ ਕਿਉਂਕਿ ਵਿਸ਼ਵ ਵਿਆਪੀ ਵੱਡੀਆਂ ਕਾਰਪੋਰੇਸ਼ਨਾਂ ਅਤੇ ਪੂੰਜੀ ਨਿਵੇਸ਼ਕ ਮੌਜੂਦਾ ਸਮੇਂ ਵਿਚ ਭਾਰਤ ਨੂੰ ਚੀਨ ਦੇ ਬਦਲ ਵਜੋਂ ਇਕ ਨਿਵੇਸ਼ ਸਥਾਨ ਵਜੋਂ ਦੇਖ ਰਹੇ ਸਨ। ਪਰ ਹੁਣ ਗਲੋਬਲ ਨਿਵੇਸ਼ਕਾਂ ਦੁਆਰਾ ਉਠਾਏ ਜਾ ਰਹੇ ਸਵਾਲਾਂ ਨੇ ਇਕ ਵਾਰ ਤਾਂ ਭਾਰਤ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਨੂੰ ਹਿਲਾ ਦਿੱਤਾ ਹੈ।

ਨਵੀਆਂ ਆਰਥਿਕ ਨੀਤੀਆਂ ਦੇ ਆਗਮਨ ਤੋਂ ਬਾਅਦ, ਭਾਰਤੀ ਅਰਥਚਾਰੇ ਦੀ ਮਜ਼ਬੂਤੀ ਹਮੇਸ਼ਾ ਹੀ ਸੱਟਾ ਬਾਜ਼ਾਰ ਵਿਚ ਹੀ ਦਿਖਾਈ ਦਿੰਦੀ ਰਹੀ ਹੈ ਜਦੋਂ ਕਿ ਸਨਅਤ ਤੇ ਖੇਤੀ ਸੈਕਟਰ ਜਨਤਕ ਤੇ ਨਿੱਜੀ ਪੂੰਜੀ ਨਿਵੇਸ਼ ਦੀ ਅਣਹੋਂਦ ਸਦਕਾ ਸੋਕੇ ਦਾ ਸ਼ਿਕਾਰ ਰਹੇ ਹਨ। ਉਦੋਂ ਤੋਂ ਹੀ ਭਾਰਤ ਵਿਚ ਲਿਹਾਜ਼ੂ ਪੂੰਜੀਵਾਦ ਦਾ ਬੋਲਬਾਲਾ ਹੈ, ਜੋ ਕਿ ਦੇਸ਼ ਦੀ ਦੌਲਤ ਵਿਚ ਮੁੱਲ-ਵਾਧੇ ਦੀ ਬਜਾਏ ਕੁਝ ਵਿਸ਼ੇਸ਼ ਨਿੱਜੀ ਕਾਰਪੋਰੇਟ ਸਮੂਹਾਂ ਨੂੰ ਪ੍ਰਫੁੱਲਤ ਕਰ ਰਿਹਾ ਹੈ। ਅਡਾਨੀ ਸਮੂਹ ਵਲੋਂ ਬਹੁਤ ਜ਼ਿਆਦਾ ਲੀਵਰੇਜ ਰੱਖਣ ਭਾਵ ਸਰਕਾਰੀ ਕਰਜ਼ੇ ਨੂੰ ਸੱਟਾ ਪੂੰਜੀ ਲਈ ਵਰਤਣ ਨਾਲ ਭਾਰਤੀ ਸਟੇਟ ਬੈਂਕ ਅਤੇ ਇੱਥੋਂ ਤਕ ਕਿ ਸਰਕਾਰੀ ਮਾਲਕੀ ਵਾਲੀ ਭਾਰਤੀ ਬੀਮਾ ਕੰਪਨੀ ਦੇ ਬੈਂਕਿੰਗ ਸਟਾਕਾਂ ਨੂੰ ਹੇਠਾਂ ਡੇਗ ਲਿਆ ਹੈ। ਅਜਿਹਾ ਵਰਤਾਰਾ ਆਮ ਕਰਕੇ ਸਟਾਕ ਅਤੇ ਵਹੀ ਖਾਤਿਆਂ ਵਿਚ ਕੀਤੀ ਗਈ ਹੇਰਾ-ਫੇਰੀ ਅਤੇ ਜੋੜ-ਤੋੜਾਂ ਦਾ ਨਤੀਜਾ ਹੁੰਦਾ ਹੈ।' ਅਡਾਨੀ ਸਮੂਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਭ ਤੋਂ ਨੇੜਿਓਂ ਜੁੜਿਆ ਹੋਇਆ ਕਾਰੋਬਾਰ ਹੈ, ਅਤੇ ਨਰਿੰਦਰ ਮੋਦੀ ਦੇ 2014 ਵਿਚ ਅਹੁਦਾ ਸੰਭਾਲਣ ਤੋਂ ਬਾਅਦ ਹੀ ਅਡਾਨੀ ਦੇ ਉਭਾਰ ਨੂੰ ਭਾਰਤ ਦੇ ਵਿਕਾਸ ਦੇ ਸਮਾਨਅਰਥੀ ਵਜੋਂ ਦੇਖਿਆ ਜਾਂਦਾ ਹੈ। ਪਿਛਲੇ ਦੋ ਸਾਲਾਂ ਵਿਚ ਅਡਾਨੀ ਦੀ ਕੁੱਲ ਜਾਇਦਾਦ ਵਿਚ 900% ਦਾ ਵਾਧਾ ਹੋਇਆ ਹੈ।

ਅਰਥਚਾਰੇ ਦੇ ਹਕੀਕੀ ਵਿਕਾਸ ਦੇ ਸਿਰਫ ਦੋ ਹੀ ਪੈਮਾਨੇ ਹੁੰਦੇ ਹਨ, ਖੇਤੀ ਪੈਦਾਵਾਰ ਵਿਚਲਾ ਵਾਧਾ ਅਤੇ ਸਨਅਤੀ ਉਤਪਾਦਨ ਜਾਂ ਨਿਰਮਾਣ ਸੈਕਟਰ ਦਾ ਵਿਕਾਸ। ਸੇਵਾਵਾਂ ਦੇ ਖੇਤਰ ਵਿਚਲੇ ਕੁੱਝ ਚੋਣਵੇਂ ਸੈਕਟਰ ਜਿਵੇਂ ਕਿ ਬੈਂਕਿੰਗ, ਸੰਚਾਰ, ਟਰਾਂਸਪੋਰਟ, ਸਿਹਤ ਅਤੇ ਸਿੱਖਿਆ ਆਦਿ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸੇਵਾਵਾਂ ਦੇ ਖੇਤਰ ਦੀ ਮਨੁੱਖ ਦੇ ਵਿਕਾਸ ਵਿਚ ਅਹਿਮ ਭੂਮਿਕਾ ਤਾਂ ਹੁੰਦੀ ਹੈ ਲੇਕਿਨ ਦੇਸ਼ ਦੀ ਸਮੁੱਚੀ ਪਦਾਰਥਕ ਦੌਲਤ ਵਿਚ ਇਸ ਦਾ ਕੋਈ ਯੋਗਦਾਨ ਨਹੀਂ ਹੁੰਦਾ। ਇਸ ਖੇਤਰ ਵਿਚਲਾ ਕਾਰੋਬਾਰ ਤਾਂ ਕੇਵਲ ਦੌਲਤ ਦੀ ਹੱਥਬਦਲੀ ਹੀ ਹੁੰਦਾ ਹੈ। ਇਸ ਕਰਕੇ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀ ਅਤੇ ਸਨਅਤ ਹੀ ਬੁਨਿਆਦੀ ਭੂਮਿਕਾ ਨਿਭਾਉਂਦੇ ਹਨ। ਇਸ ਵੇਲੇ ਇਹ ਦੋਵੇਂ ਸੈਕਟਰ ਖਾਸ ਕਰਕੇ ਖੇਤੀ ਪੈਦਾਵਾਰ ਮਰਨ ਮੰਜੇ 'ਤੇ ਪਏ ਹੋਏ ਹਨ। ਭਾਰਤੀ ਅਰਥਚਾਰੇ ਅੰਦਰ ਦੋ ਵਿਰੋਧੀ ਰੁਝਾਨ ਸਪੱਸ਼ਟ ਦਿਖਾਈ ਦੇ ਰਹੇ ਹਨ। ਇਕ ਪਾਸੇ ਖੇਤੀ ਅਤੇ ਸਨਅਤਾਂ ਅੰਦਰ ਨਿਗੂਣਾ ਵਿਕਾਸ ਦਰਜ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਸ਼ੇਅਰ ਮਾਰਕੀਟ ਘਟ ਵਧ ਰਹੀ ਹੈ ਅਤੇ ਦੇਸ਼ ਵਿਚ ਵਿਦੇਸ਼ੀ ਮੁਦਰਾ ਦੇ ਭੰਡਾਰ ਬੇਮਿਸਾਲ ਰਫ਼ਤਾਰ ਨਾਲ ਵਧ ਰਹੇ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਵਿਦੇਸ਼ੀ ਮੁਦਰਾ ਦਾ ਭੰਡਾਰ ਵਿਆਪਕ ਤੌਰ 'ਤੇ ਨਾਟਕੀ ਢੰਗ ਨਾਲ ਵਧਦਾ ਦੇਖਿਆ ਜਾਂਦਾ ਹੈ। ਵਿਦੇਸ਼ੀ ਮੁਦਰਾ ਭੰਡਾਰ ਵਿਚ ਵਾਧਾ ਸਿੱਕੇ ਦੀ ਤਰਲਤਾ ਅਤੇ ਕੁੱਲ ਕਰਜ਼ੇ ਦੋਵਾਂ ਵਿਚ ਹੀ ਵਾਧਾ ਕਰਦਾ ਹੈ ਅਤੇ ਨਾਲ ਹੀ ਕਰਜ਼ੇ ਦੇ ਪੂਰਾ ਹੋਣ ਦੀ ਮਿਆਦ ਨੂੰ ਘਟਾ ਦਿੰਦਾ ਹੈ। ਜਿਸ ਹੱਦ ਤਕ ਵਿਦੇਸ਼ੀ ਮੁਦਰਾ ਦੇ ਭੰਡਾਰ 'ਤੇ ਵਿਆਜ ਦਰਾਂ ਘੱਟ ਹੁੰਦੀਆਂ ਹਨ, ਤਾਂ ਵਿਦੇਸ਼ੀ ਮੁਦਰਾ ਦੇ ਭੰਡਾਰ ਵਿਚ ਵਾਧੇ ਦੇ ਨਾਲ ਨਾਲ ਖਪਤ ਵਿਚ ਸਥਾਈ ਗਿਰਾਵਟ ਆ ਜਾਂਦੀ ਹੈ। ਜਿਸਦਾ ਸਿੱਟਾ ਆਰਥਿਕ ਸੰਕਟ ਵਿਚ ਨਿਕਲਦਾ ਹੈ।

ਸਰਕਾਰੀ ਦਾਅਵਿਆਂ ਅਨੁਸਾਰ ਵੀ ਅਤੇ ਯੋਜਨਾ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਵੀ ਭਾਰਤ ਵਿਚ 'ਰੁਜ਼ਗਾਰ ਰਹਿਤ ਵਿਕਾਸ' ਹੋ ਰਿਹਾ ਹੈ। ਇਸ ਦਾ ਮਤਲਬ ਹੈ ਕਿ ਆਰਥਿਕ ਸੁਧਾਰਾਂ ਦੇ ਪਿਛਲੇ ਸਾਲਾਂ ਅੰਦਰ ਰੁਜ਼ਗਾਰ ਵਿਚ ਕੋਈ ਵਾਧਾ ਨਹੀਂ ਹੋਇਆ, ਸਗੋਂ ਪਬਲਿਕ ਅਤੇ ਨਿੱਜੀ ਖੇਤਰ ਦੇ ਜਥੇਬੰਦ ਸੈਕਟਰ ਵਿਚ, ਹੁਣ ਤੱਕ ਪੰਦਰਾਂ ਫੀਸਦੀ ਲੋਕਾਂ ਨੂੰ ਨੌਕਰੀਆਂ ਤੋਂ ਹੱਥ ਧੋਣੇ ਪਏ ਹਨ। ਇਸ ਹਾਲਤ ਵਿਚ ਜਦੋਂ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ ਅਤੇ ਪੁਰਾਣੇ ਕਰਮਚਾਰੀ ਛਾਂਟੀਆਂ ਦਾ ਸ਼ਿਕਾਰ ਬਣ ਰਹੇ ਹਨ, ਤਾਂ ਲਾਜ਼ਮੀ ਹੀ ਜਨਤਾ ਦੀ ਖਰੀਦ ਸ਼ਕਤੀ ਘਟਣੀ ਹੀ ਘਟਣੀ ਹੈ। ਇਸ ਲਈ ਖਪਤ ਵਿਚ ਗਿਰਾਵਟ ਆਉਣ ਨਾਲ ਸਨਅਤੀ ਉਤਪਾਦਨ ਅਤੇ ਖੇਤੀ ਪੈਦਾਵਾਰ ਵਿਚ ਵਾਧੇ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ।

ਬੇਚੈਨ ਕਰਨ ਵਾਲਾ ਅਹਿਮ ਪਹਿਲੂ, ਸਟਾਕ ਮੰਡੀ ਵਿਚ ਦਿਖਾਈ ਦੇ ਰਿਹਾ ਹੈ। ਇਸ ਤਾਜ਼ਾ ਘਟਨਾਕ੍ਰਮ ਨਾਲ ਲੋਕਾਂ ਨੂੰ ਹਰਸ਼ਦ ਮਹਿਤਾ ਐਂਡ ਪਾਰਟੀ ਵਲੋਂ ਕੀਤੇ ਸ਼ੇਅਰ ਘਪਲੇ ਦੀ ਯਾਦ ਆਉਣੀ ਸੁਭਾਵਿਕ ਸੀ। ਵਿਰੋਧੀ ਪਾਰਟੀਆਂ ਭਾਜਪਾ ਸਰਕਾਰ ਕੋਲੋਂ ਇਨ੍ਹਾਂ ''ਅਣਕਿਆਸੇ'' ਵਰਤਾਰਿਆਂ ਦੀ ਜਾਂਚ ਕਰਾਉਣ ਦੀ ਮੰਗ ਕਰ ਰਹੀਆਂ ਹਨ। ਲੇਕਿਨ ਵਿੱਤ ਮੰਤਰੀ ਬੀਬੀ ਨਿਰਮਲਾ ਸੀਤਾਰਮਨ ਹਰ ਵਾਰ ਹੀ ਇਨ੍ਹਾਂ ਘਟਨਾਵਾਂ ਨੂੰ 'ਆਰਥਿਕ ਬਾਜ਼ਾਰ ਦੀ ਅੰਦਰੂਨੀ ਦਰੁਸਤੀ' ਦੀ ਪ੍ਰਕਿਰਿਆ ਆਖ ਕੇ ਪੱਲਾ ਝਾੜ ਦਿੰਦੀ ਹੈ। ਦੇਸ਼ ਦੇ ਵਿਕਾਸ ਵਿਚ ਵਿਸ਼ੇਸ਼ ਕਰਕੇ ਵਿਦੇਸ਼ੀ ਮੁਦਰਾ ਹਾਸਲ ਕਰਨ ਲਈ ਕੌਮਾਂਤਰੀ ਵਪਾਰ ਵਿਚ ਹੋਣ ਵਾਲਾ ਮੁਨਾਫਾ ਹੀ ਗਿਣਨਯੋਗ ਫੈਕਟਰ ਹੁੰਦਾ ਹੈ, ਇਸ ਮੁਹਾਜ਼ ਉਪਰ ਭਾਰਤ ਦੀ ਹਾਲਤ ਸੱਚਮੁੱਚ ਹੀ ਬਹੁਤ ਪਤਲੀ ਹੈ। ਭਾਰਤ ਦਾ ਕੌਮਾਂਤਰੀ ਵਪਾਰ ਲਗਾਤਾਰ ਘਾਟੇ ਵਿਚ ਹੈ। ਪਿਛਲੇ ਵੀਹ ਸਾਲਾਂ ਦੇ ਘਾਟੇ ਦਾ ਜੋੜ ਕੀਤਾ ਜਾਵੇ ਤਾਂ ਇਹ 110 ਅਰਬ ਡਾਲਰ ਤੋਂ ਜ਼ਿਆਦਾ ਬਣਦਾ ਹੈ। ਕਿਹਾ ਜਾਵੇ ਤਾਂ ਭਾਰਤ ਨੇ ਇਸ ਮੋਰਚੇ 'ਤੇ ਵਿਦੇਸ਼ੀ ਮੁਦਰਾ ਦੇ ਰੂਪ ਵਿਚ ਇੰਨੀ ਰਕਮ ਗਵਾਈ ਹੈ। ਜਦੋਂ ਹਰ ਸਾਲ ਕਰੀਬ 1000 ਕਰੋੜ ਡਾਲਰ ਦਾ ਵਪਾਰਕ ਘਾਟਾ ਪੈਂਦਾ ਹੋਵੇ ਤਾਂ ਵਿਦੇਸ਼ੀ ਸਿੱਕੇ ਨਾਲ ਤੁੜੇ ਗੱਲਿਆਂ ਦਾ ਦੇਸ਼ ਨੂੰ ਫਾਇਦਾ ਨਹੀਂ, ਸਗੋਂ ਵਿਆਜ ਦੇ ਰੂਪ ਵਿਚ ਨੁਕਸਾਨ ਹੀ ਨੁਕਸਾਨ ਹੈ।

ਇਸ ਲਈ ਸ਼ੇਅਰ ਬਾਜ਼ਾਰ ਵਿਚ ਆਉਂਦੇ ਉਛਾਲ ਜਾਂ ਗਿਰਾਵਟ ਅਤੇ ਵਿਦੇਸ਼ੀ ਸਿੱਕੇ ਦੀ ਬਹੁਤਾਤ ਸਾਡੀ ਆਰਥਿਕਤਾ ਦੀ ਮਜ਼ਬੂਤੀ ਨੂੰ ਨਹੀਂ ਬਲਕਿ ਕਜੋਤਤਾ ਨੂੰ ਦਰਸਾਉਂਦੇ ਨੇ। ਦੇਸ਼ ਦਾ ਆਰਥਿਕ ਵਿਕਾਸ ਅਤੇ ਖੁਸ਼ਹਾਲੀ ਸੱਟਾ ਪੂੰਜੀ ਨਾਲ ਨਹੀਂ ਸਗੋਂ ਘਰੇਲੂ ਮੰਡੀ ਦੇ ਚੌਪਾਸਤ ਵਿਸਥਾਰ ਨਾਲ ਹੋਣੀ ਹੈ। ਇਹ ਚੀਜ਼ ਸਿਰਫ ਸਵੈ ਨਿਰਭਰ ਅਤੇ ਵਿਦੇਸ਼ੀ ਲੁੱਟ ਤੋਂ ਮੁਕਤ ਭਾਰਤ ਦੇ ਵਿਕਾਸ ਨਾਲ ਹੀ ਸੰਭਵ ਹੈ। ਸਾਡੇ ਦੇਸ਼ ਦੇ ਵੱਡੇ ਸਰਕਾਰੀ ਬੈਂਕ ਅਤੇ ਬੀਮਾ ਕੰਪਨੀਆਂ ਵਿੱਤੀ ਪ੍ਰਣਾਲੀ ਦੇ ਮੁੱਖ ਥੰਮ੍ਹ ਹਨ। ਇਨ੍ਹਾਂ ਕੰਪਨੀਆਂ ਵਿਚ ਬਚਤ ਜਮ੍ਹਾਂ ਅਤੇ ਜੀਵਨ ਬੀਮਾ ਪਾਲਿਸੀਆਂ ਦੇ ਨਾਲ ਨਾਲ ਟੈਕਸ ਦੇਣ ਵਾਲਿਆਂ ਨੇ ਸਰਕਾਰੀ ਸੰਸਥਾਵਾਂ 'ਤੇ ਭਰੋਸਾ ਕਰਦੇ ਹੋਏ ਨਿਵੇਸ਼ ਕੀਤਾ ਹੋਇਆ ਹੈ। ਇਸ ਲਈ ਕੇਂਦਰੀ ਸਰਕਾਰ ਨੂੰ ਕਿਸੇ ਨਿੱਜੀ ਕਾਰਪੋਰੇਟ ਘਰਾਣੇ ਦੀ ਕੀਮਤ 'ਤੇ ਛੋਟੇ ਨਿਵੇਸ਼ਕਾਰਾਂ ਦੀ ਬਚਤ ਪੂੰਜੀ ਦੀ ਸੁਰੱਖਿਆ ਕਰਨੀ ਬਣਦੀ ਹੈ। ਅਜਿਹੇ ਸਮੇਂ ਵਿਚ ਜਦੋਂ ਭਾਰਤ ਜੀ-20 ਦੀ ਪ੍ਰਧਾਨਗੀ ਕਰ ਰਿਹਾ ਹੈ, ਤਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰੈਗੂਲੇਟਰੀ ਢਾਂਚੇ ਨੂੰ ਵੱਧ ਤੋਂ ਵੱਧ ਸਖਤ ਕਰਦੇ ਹੋਏ, ਪੂੰਜੀ ਦੇ ਵੱਡੇ ਮਗਰਮੱਛਾਂ ਕੋਲੋਂ ਮੱਧ ਵਰਗ ਦੇ ਹੇਠਲੇ ਤਬਕੇ ਦੀ ਰੱਖਿਆ ਯਕੀਨੀ ਕੀਤੀ ਜਾ ਸਕੇ।

# ਅੰਮ੍ਰਿਤਪਾਲ ਸਿੰਘ ਤੇ ਕਰਮਜੀਤ ਸਿੰਘ ਦੀ ਲੁਭਾਉਣੀ ਫ਼ਿਕਰਮੰਦੀ!

**ਪ੍ਰਤੀਕਰਮ**

ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਕਰਮਜੀਤ ਸਿੰਘ ਚੰਡੀਗੜ੍ਹ ਦਾ ਲੇਖ ਜਿਸ ਦਾ ਸਿਰਲੇਖ ਉਸ ਨੇ 'ਦਿਲਾਂ ਵਿਚ ਵਸ ਜਾਣ ਵਾਲੇ ਅੰਮ੍ਰਿਤਪਾਲ ਵੀਰ ਲਈ ਸਾਰਾ ਪੰਜਾਬ ਫ਼ਿਕਰਮੰਦ!' ਰੱਖਿਆ ਹੈ, ਪੜ੍ਹਨ ਨੂੰ ਮਿਲਿਆ ਹੈ। ਉਸ ਦੇ ਹੋਰ ਨੁਕਤਿਆਂ ਉਪਰ ਗੱਲ ਕਰਨ ਤੋਂ ਪਹਿਲਾਂ ਅਸੀਂ ਸਿਰਲੇਖ ਬਾਰੇ ਹੀ ਗੱਲ ਕਰੀਏ ਤਾਂ ਇਹ ਲੁਭਾਉਣਾ ਜ਼ਰੂਰ ਲੱਗਦਾ ਹੈ ਪਰ ਹੈ ਹਕੀਕਤਾਂ ਤੋਂ ਦੂਰ। ਪੰਜਾਬ ਦੀ ਆਬਾਦੀ



**ਰਵਿੰਦਰ ਸਿੰਘ ਸਹਿਰਾਅ**
ਫੋਨ: +1-711-575-7529

ਤਿੰਨ ਕਰੋੜ ਜਾਂ ਇਸ ਤੋਂ ਥੋੜ੍ਹੀ ਵੱਧ ਮੰਨੀ ਜਾਂਦੀ ਹੈ। ਇਸ ਵਿਚ ਸਿੱਖਾਂ ਦੀ ਗਿਣਤੀ 58 ਪ੍ਰਤੀਸ਼ਤ ਦੇ ਲਾਗੇ ਅਤੇ 42 ਪ੍ਰਤੀਸ਼ਤ ਦੂਜੇ ਧਰਮਾਂ ਜਾਂ ਲੋਕਾਂ ਦੀ ਹੈ। ਸਿੱਖਾਂ ਵਿਚੋਂ ਵੀ ਬਹੁਤ ਵੱਡੀ ਗਿਣਤੀ ਅੰਮ੍ਰਿਤਪਾਲ ਸਿੰਘ ਨਾਲ ਸਹਿਮਤ ਨਹੀਂ। ਉਨ੍ਹਾਂ ਕੋਲ ਇਸ ਦੇ ਠੋਸ ਕਾਰਨ ਵੀ ਹਨ। ਹਾਂ, ਜੇ ਸਾਰਾ ਪੰਜਾਬ ਫ਼ਿਕਰਮੰਦ ਹੈ ਤਾਂ ਉਹ ਹੈ ਪਿਛਲੇ ਕੁਝ ਮਹੀਨਿਆਂ ਤੋਂ ਪੈਰਾਸ਼ੂਟ ਰਾਹੀਂ ਉਤਾਰੇ ਅੰਮ੍ਰਿਤਪਾਲ ਸਿੰਘ ਵਲੋਂ ਧਰਮ ਦੇ ਨਾਂ 'ਤੇ ਕੀਤੀਆਂ ਬੇਹੂਦਾ ਤੇ ਆਪਹੁਦਰੀਆਂ ਹਰਕਤਾਂ।

ਕਰਮਜੀਤ ਸਿੰਘ ਲਿਖਦੇ ਹਨ ਕਿ ਸਾਰਾ ਸੋਸ਼ਲ ਮੀਡੀਆ ਸਰਕਾਰ ਦੀ ਆਲੋਚਨਾ ਨਾਲ ਭਰਿਆ ਪਿਆ ਹੈ। ਕੀ ਉਹ ਸਿਰਫ ਅੰਮ੍ਰਿਤਪਾਲ ਸਿੰਘ ਕਰਕੇ ਹੀ ਹੈ? ਬਿਲਕੁਲ ਵੀ ਨਹੀਂ। ਸੋਸ਼ਲ ਮੀਡੀਆ ਉਪਰ ਸਰਕਾਰ ਦੀ ਆਲੋਚਨਾ ਪੈਨਸ਼ਨਾਂ ਲਈ ਲੜ ਰਹੇ ਅਧਿਆਪਕ, ਫੀਸਾਂ ਦੇ ਵਾਧੇ ਵਿਰੁਧ ਲੜ ਰਹੇ ਵਿਦਿਆਰਥੀ, ਕਿਸਾਨ ਜਥੇਬੰਦੀਆਂ, ਖੇਤ ਮਜ਼ਦੂਰ, ਭੱਠਾ ਮਜ਼ਦੂਰ ਆਦਿ ਲਗਾਤਾਰ ਕਰ ਰਹੇ ਹਨ ਪਰ ਕਰਮਜੀਤ ਸਿੰਘ ਨੂੰ ਸਰਕਾਰ ਦਾ ਵਿਰੋਧ ਸਿਰਫ ਅੰਮ੍ਰਿਤਪਾਲ ਸਿੰਘ ਕਰਕੇ ਹੀ ਦਿਸ ਰਿਹਾ ਹੈ।

ਹੋਰ ਦੇਖੋ ਕਿ ਬਹਰਲੇ ਮੁਲਕਾਂ 'ਚ ਲੱਖਾਂ ਲੋਕ ਅੰਮ੍ਰਿਤਪਾਲ ਸਿੰਘ ਦੇ ਸਮਰਥਕ ਹਨ। ਇਹ ਵੀ ਸਰਾਸਰ ਝੂਠ ਹੈ। ਗਿਣਤੀ ਦੇ ਕੁਝ ਹੁੱਲੜਬਾਜ਼ ਹੀ ਭਾਰਤੀ ਸਫ਼ਾਰਤਖਾਨਿਆਂ ਮੋਹਰੇ ਜਾ ਕੇ ਨੱਚਦੇ-ਟੱਪਦੇ ਤੇ ਟਪੂਸੀਆਂ ਮਾਰਦੇ ਹਨ। ਵੱਡੀ ਗਿਣਤੀ ਲੋਕ ਇਸ ਨਾਲ ਰੱਤੀ ਭਰ ਵੀ ਸਹਿਮਤ ਨਹੀਂ। ਅੰਮ੍ਰਿਤਪਾਲ ਦੀ ਬੋਲਬਾਣੀ ਨੂੰ ਉਹ 'ਚੇਤਨਾ ਦਾ ਪ੍ਰਵਾਹ' ਕਹਿੰਦੇ ਹਨ। ਇਹ ਭਲਾ ਕਿਹੜੀ 'ਚੇਤਨਾ' ਹੋਈ ਜੋ ਕਿਸੇ ਦੀ ਆਲੋਚਨਾ ਸੁਣਨ ਦੇ ਸਮਰੱਥ ਵੀ ਨਹੀਂ! ਉਸ ਵਿਰੁਧ ਲਿਖਣ/ਬੋਲਣ ਵਾਲਿਆਂ ਦੀ ਕੁੱਟ-ਮਾਰ ਕਰਨੀ, ਧਮਕੀਆਂ ਦੇਣੀਆਂ,ਇੱਥੋਂ ਤਕ ਕਿ ਜਾਨੋਂ ਮਾਰ ਦੇਣਾ। ਗੁਰਦੁਆਰਿਆਂ ਅੰਦਰ ਜਾ ਕੇ ਕੁਰਸੀਆਂ ਭੰਨਣੀਆਂ,ਤੇ ਸਾੜਨੀਆਂ, ਹਰਿਮੰਦਰ ਦੀ ਪਰਿਕਰਮਾ 'ਚ ਬੰਦੂਕਾਂ ਤੇ ਨੰਗੀਆਂ ਕਿਰਪਾਨਾਂ ਨਾਲ ਸ਼ਕਤੀ ਦਿਖਾਵਾ ਕਰਨਾ, ਅਜਿਹੀ 'ਚੇਤਨਾ' ਸਿਰਫ ਕਰਮਜੀਤ ਸਿੰਘ ਹੀ ਦੇਖ ਤੇ ਸਹੀ ਠਹਿਰਾ ਸਕਦੇ ਹਨ।

ਅੰਮ੍ਰਿਤਪਾਲ ਸਿੰਘ ਦੀ 'ਮਹਾਨਤਾ' ਤੇ 'ਮਹੱਤਤਾ' ਦੀ ਗੱਲ ਕਰਦਿਆਂ ਜਨਾਬ ਲਿਖਦੇ ਹਨ-'ਉਸ ਪਿੱਛੇ ਸੰਤ ਜਰਨੈਲ ਸਿੰਘ ਖਲੋਤੇ ਹਨ, ਦੀਪ ਸਿੱਧੂ ਦੀਆਂ ਚਿਤਾਵਨੀਆਂ ਹਨ, ਸਿੱਧੂ ਮੂਸੇ ਵਾਲਾ ਖਲੋਤਾ ਹੈ।' ਅਸਲ ਵਿਚ, ਇਨ੍ਹਾਂ ਸਤਰਾਂ ਨਾਲ ਬਿੱਲੀ ਥੈਲਿਓਂ ਬਾਹਰ ਆ ਜਾਂਦੀ ਹੈ। ਕੀ ਕਰਮਜੀਤ ਸਿੰਘ ਕਾਲੇ ਅੱਖਰਾਂ ਵਿਚ ਲਿਖੇ ਜਾਣ ਵਾਲੇ ਉਸ ਦਹਾਕੇ ਨੂੰ ਮੁੜ ਦੇਖਣ ਖਾਤਿਰ ਲੁਭਾਉਣੀ ਸ਼ੈਲੀ ਨਾਲ ਅਜਿਹੇ ਅਨਸਰਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ? ਕਰਮਜੀਤ ਸਿੰਘ ਅਤੇ ਇਹੋ ਜਿਹੇ ਕੁਝ ਹੋਰ ਲੋਕਾਂ ਨੇ ਉਦੋਂ ਵੀ ਪੰਜਾਬਦੀ ਭਾਈਚਾਰਕ ਸਾਂਝ ਨੂੰ ਬਲਦੀ ਅੱਗ ਵਿਚ ਧੱਕਿਆ ਸੀ ਤੇ ਫਿਰ ਦੀਪ ਸਿੱਧੂ ਜਿਹੇ 'ਸ਼ਹੀਦ' ਰਾਹੀਂ ਕਿਸਾਨ ਮੋਰਚੇ ਨੂੰ ਖੋਰਾ ਲਾਉਣ ਵਿਚ ਕੋਈ ਕਸਰ ਨਹੀਂ ਛੱਡੀ ਸੀ ਪਰ ਲੋਕਾਂ ਦੀ ਚੇਤਨਾ ਅੱਗੇ ਇਨ੍ਹਾਂ ਦੀ ਇਕ ਨਹੀਂ ਸੀ ਚੱਲੀ। ਹੋਰ ਚਤੁਰਾਈ ਦੇਖੋ: 'ਅੰਮ੍ਰਿਤਪਾਲ ਕੀ ਹੈ? ਉਹ ਇਸ ਸ਼ਾਨਾਮੱਤੇ ਇਤਿਹਾਸ ਦੀ ਲੜੀ ਵਿਚ ਨਵਾਂ ਮਹਿਮਾਨ ਆਇਆ ਹੈ।' ਕੀ ਇਸ 'ਨਵੇਂ ਮਹਿਮਾਨ' ਕੋਲ ਬੰਦੂਕਾਂ ਦੇ ਸਾਏ ਹੇਠ ਹੀ ਅੰਮ੍ਰਿਤ ਪ੍ਰਚਾਰ ਕਰਵਾਉਣ ਦਾ ਰਾਹ ਬਚਿਆ ਸੀ? ਕੀ ਨਸ਼ੇ ਇਕੱਲੇ ਸਿੱਖ ਹੀ ਕਰਦੇ ਹਨ? ਕੀ ਨਸ਼ਿਆਂ ਵਿਰੁੱਧ ਹੋਰ ਕੋਈ ਕੰਮ ਹੀ ਨਹੀਂ ਕਰ ਰਿਹਾ?

ਹਾਂ, ਸਟੇਟ ਵੱਲੋਂ ਕੀਤੇ ਧੱਕੇ ਦੇ ਅਸੀਂ ਵੀ ਸਖ਼ਤ ਵਿਰੁਧ ਹਾਂ। ਕਿਸੇ ਇਕ ਹੁੱਲੜਬਾਜ਼ ਦੀ ਖ਼ਾਤਿਰ ਅਨੇਕਾਂ ਮਾਂਵਾਂ ਦੇ ਭੋਲੇ ਭਾਲੇ ਪੁੱਤਾਂ ਨੂੰ ਸੁਰੱਖਿਆ ਐਕਟ ਲਾ ਕੇ ਜੇਲ੍ਹਾਂ ਵਿਚ ਬੰਦਾ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ। ਦਰਅਸਲ, ਇਹ 'ਚੇਤਨਾ ਪ੍ਰਵਾਹ' ਵਿਚ ਡੁੱਬਿਆ ਭੁੱਲੜ, ਸਰਕਾਰ ਦੇ ਖਾਸੇ ਨੂੰ ਸਮਝਦਾ ਹੀ ਨਹੀਂ। ਥਾਣਿਆਂ ਉਪਰ ਸ਼ਰ੍ਹੇਆਮ ਗੁਰੂ ਗ੍ਰੰਥ ਸਾਹਿਬ ਦੀ ਢਾਲ ਬਣਾ ਕੇ ਹਮਲਾ ਕਰਨ, ਮੁਲਾਜ਼ਮਾਂ ਦੇ ਸਿਰ ਪਾੜਨ ਨੂੰ ਇਹ ਖਾਲਿਸਤਾਨ ਦੀ ਸਥਾਪਨਾ ਸਮਝ ਬੈਠਾ। ਸਰਕਾਰਾਂ ਨਾਲ ਟੱਕਰ ਲੈਣੀ ਏਨੀ ਸੁਖਾਲੀ ਨਹੀਂ ਹੁੰਦੀ। 1975 ਦੀ ਐਮਰਜੈਂਸੀ ਵੇਲੇ ਸਰਕਾਰ ਦਾ ਵਹਿਸ਼ੀ ਰੂਪ ਅਸੀਂ ਦੇਖਿਆ ਹੋਇਆ ਹੈ। 'ਮੀਸਾ' ਅਧੀਨ ਸਾਲਾਂ ਬੱਧੀ ਜੇਲ੍ਹਾਂ ਵਿਚ ਰਹਿ ਕੇ ਅਤੇ ਅੰਮ੍ਰਿਤਸਰ ਦੇ ਬੁੱਚੜਖਾਨੇ ਦਾ ਰਿਮਾਂਡ ਵੀ ਅਸੀਂ ਝੱਲਿਆ ਹੋਇਆ ਹੈ। ਇਸ ਤਰ੍ਹਾਂ ਦੇ ਯੋਧਿਆਂ ਨੇ ਤਾਂ ਅਜੇ ਇਕ ਡੰਡਾ ਵੀ ਨਹੀਂ ਖਾਧਾ। ਕਦੇ ਇਸਾਈਆਂ ਤੇ ਕਦੇ ਹਿੰਦੂਆਂ ਵਿਰੁੱਧ ਜ਼ਹਿਰ ਉਗਲ ਕੇ ਇਹ ਕਿਹੜੇ ਸ਼ਾਨਾਮੱਤੇ ਪੰਜਾਬ ਦਾ 'ਨਵਾਂ ਮਹਿਮਾਨ' ਅੰਬਰੋਂ ਉਤਰ ਆਇਆ ਹੈ ਜਿਸ ਦੀ ਸ਼ਾਨ ਵਿਚ ਕਰਮਜੀਤ ਸਿੰਘ ਨੂੰ ਕਸੀਦੇ ਲਿਖਣੇ ਪੈ ਗਏ ਹਨ? ਦਰਅਸਲ, ਜੋ ਬਿਰਤਾਂਤ ਇਸ 'ਨਵੇਂ ਮਹਿਮਾਨ' ਨੇ ਸਿਰਜਿਆ ਹੈ, ਉਹ ਸਰਕਾਰਾਂ ਨੂੰ ਰਾਸ ਬਹਿੰਦਾ ਹੈ। ਇਸੇ ਬਹਾਨੇ ਉਹ ਤਸ਼ੱਦਦ ਕਰਦੇ ਰਹੇ ਹਨ, ਕਰ ਰਹੇ ਹਨ ਤੇ ਕਰਦੇ ਰਹਿਣਗੇ।

ਕਰਮਜੀਤ ਸਿੰਘ ਪ੍ਰੋ. ਪੂਰਨ ਸਿੰਘ ਦੀਆਂ ਸਤਰਾਂ ਵਰਤ ਕੇ ਇਸ ਨੂੰ ਕਾਵਿਕ ਰੰਗਣ ਵੀ ਦੇ ਰਹੇ ਹਨ। ਇਹ ਉਨ੍ਹਾਂ ਦੀ ਪੱਤਰਕਾਰੀ ਦੀ ਕੁਸ਼ਲਤਾ ਹੀ ਕਹੀ ਜਾ ਸਕਦੀ ਹੈ ਪਰ ਪ੍ਰੋ. ਪੂਰਨ ਸਿੰਘ ਤਾਂ ਇਹ ਵੀ ਲਿਖਦੇ ਹਨ।

ਇੱਕ ਪੜ੍ਹੇ ਨੌਜਵਾਨ ਨੂੰ ਪੁੱਛਿਆ
ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ, ਅਟੁੱਟ ਜਿਹਾ ਭਾਈਚਾਰਾ ਕਿੱਥੇ?
ਹਿੱਤ ਕਿੱਥੇ, ਪਿਆਰ ਕਿੱਥੇ, ਉਹ ਸਾਡਾ ਹੱਸ ਬੋਲਣਾ ਗੁਆਚ ਗਿਆ ਕਿੱਥੇ?
ਦਿਲ ਚੋਰ, ਮਿੱਠਤ ਕਿੱਥੇ, ਉਹ ਬਾਹਾਂ ਦਾ ਜ਼ੋਰ ਸਾਰਾ?
—
ਉਹ ਘੋੜੀਆਂ ਉਹ ਸੁਹਾਗ, ਉਹ ਦੋ-ਦੋ ਗੱਲਾਂ ਤੇ ਹਾਸੇ
ਉਹ ਜੰਞਾਂ ਜਗਮਗ, ਕਿਥੇ ਕੇਸਰ ਰੰਗੀਆਂ
ਉਹ ਲਾੜੇ ਦਾ ਘੋੜੀ ਚੜ੍ਹਨਾ, ਵਾਗਾਂ ਦਾ ਗੁੰਦਣਾ ਕਿੱਥੇ?

ਕਰਮਜੀਤ ਸਿੰਘ ਜੀ, ਮਿਹਰਬਾਨੀ ਕਰ ਕੇ ਪੰਜਾਬ ਨੂੰ ਪੰਜਾਬ ਹੀ ਰਹਿਣ ਦਿਉ।

# ਦੱਖਣ 'ਚ ਹਿੰਦੂਤਵ ਸਿਆਸਤ ਦੀ ਪ੍ਰਯੋਗਸ਼ਾਲਾ

***ਭਾਰਤ ਵਿਚ ਕੇਂਦਰੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਮੁਲਕ ਦੇ ਦੱਖਣੀ ਸੂਬਿਆਂ ਅੰਦਰ ਵੀ ਕਿਵੇਂ ਨਾ ਕਿਵੇਂ ਸੱਤਾ ਹਾਸਲ ਕਰਨੀ ਹੈ। ਇਸ ਪ੍ਰਸੰਗ ਵਿਚ ਕਰਨਾਟਕ ਨੂੰ ਪ੍ਰਯੋਗਸ਼ਾਲਾ ਵਾਂਗ ਵਰਤਿਆ ਜਾ ਰਿਹਾ ਹੈ। ਹੁਣ ਜਲਦੀ ਹੀ ਇਸ ਸੂਬੇ ਅੰਦਰ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਦੇ ਦਿੱਲੀ ਵਾਲੇ ਆਗੂਆਂ ਨੇ ਚੋਣ ਜਿੱਤਣ ਲਈ ਰਣਨੀਤੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਪਾਰਟੀ ਦੀ ਮੁੱਖ ਟੇਕ ਧਾਰਮਿਕ ਧਰੁਵੀਕਰਨ ਉਤੇ ਹੀ ਰਹਿੰਦੀ ਹੈ, ਇਸ ਕਰ ਕੇ ਹੁਣ ਤੋਂ ਹੀ ਹਿੰਦੂ ਬਨਾਮ ਮੁਸਲਮਾਨ ਮੁੱਦੇ ਉਭਾਰਨੇ ਆਰੰਭ ਕਰ ਦਿੱਤੇ ਗਏ ਹਨ। ਉਘੇ ਵਿਦਵਾਨ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਫਰਾਂਸੀਸੀ ਵਿਦਵਾਨ ਜੈਕੀ ਅਸਾਯਾਗ ਦੀ ਕਿਤਾਬ ਦੇ ਹਵਾਲੇ ਨਾਲ ਸੂਬੇ ਅੰਦਰ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਾਂਝ ਦੀਆਂ ਤੰਦਾਂ ਛੋਹੀਆਂ ਹਨ।***

ਦੋ ਕੁ ਮਹੀਨੇ ਪਹਿਲਾਂ ਮੈਂ ਬੰਗਲੁਰੂ (ਕਰਨਾਟਕ) ਦੀ ਚਰਚ ਸਟਰੀਟ 'ਤੇ ਇਕ ਵੱਡੇ ਕਿਤਾਬਘਰ 'ਚੋਂ ਭਾਰਤ ਬਾਰੇ ਫਰਾਂਸੀਸੀ ਵਿਦਵਾਨ ਜੈਕੀ ਅਸਾਯਾਗ ਦੀ ਕਿਤਾਬ ਦੀ ਕਾਪੀ ਚੁੱਕ ਲਈ। ਉਨ੍ਹਾਂ ਦਾ ਇਹ ਅਕਾਦਮਿਕ ਕਾਰਜ ਦੋ ਦਹਾਕੇ ਪਹਿਲਾਂ ਪ੍ਰਕਾਸ਼ਿਤ ਹੋਇਆ ਸੀ ਪਰ ਇਹ ਮੌਜੂਦਾ ਸਮਿਆਂ ਦੀ ਇਬਾਰਤ ਬਣ ਜਾਂਦਾ ਹੈ। ਜੈਕੀ ਅਸਾਯਾਗ ਦੀ ਇਹ ਰਚਨਾ 'ਐਟ ਦਿ ਕਨਫਲੂਐਂਸ ਆਫ ਟੂ ਰਿਵਰਜ਼: ਮੁਸਲਿਮਜ਼ ਐਂਡ ਹਿੰਦੂਜ਼ ਇਨ ਸਾਊਥ ਇੰਡੀਆ' (ਦੋ ਨਦੀਆਂ ਦੇ ਸੰਗਮ 'ਤੇ: ਦੱਖਣੀ ਭਾਰਤ ਵਿਚ ਮੁਸਲਮਾਨ ਅਤੇ ਹਿੰਦੂ) ਵਿਚ ਉੱਤਰੀ ਕਰਨਾਟਕ 'ਚ ਵਸਦੇ ਹਿੰਦੂਆਂ ਤੇ ਮੁਸਲਮਾਨਾਂ

**ਰਾਮਚੰਦਰ ਗੁਹਾ**

ਦੇ ਰਿਸ਼ਤਿਆਂ ਨੂੰ ਬਹੁਤ ਡੂੰਘਾਈ ਨਾਲ ਚਿੱਤਰਿਆ ਗਿਆ ਹੈ।

ਪ੍ਰੋਫੈਸਰ ਜੈਕੀ ਅਸਾਯਾਗ ਉਨ੍ਹਾਂ ਵਿਦਵਾਨਾਂ ਨਾਲ ਸਹਿਮਤੀ ਨਹੀਂ ਰੱਖਦੇ ਜੋ ਬਸਤੀਵਾਦੀ ਕਾਲ ਤੋਂ ਪਹਿਲਾਂ ਦੇ ਹਿੰਦੋਸਤਾਨ ਵਿਚ ਸੰਪੂਰਨ ਹਿੰਦੂ-ਮੁਸਲਮਾਨ ਸੰਗਮ ਜਾਂ ਉਸ ਸਾਂਝੀ ਤਹਿਜ਼ੀਬ ਦੀਆਂ ਗੱਲਾਂ ਕਰਦੇ ਹਨ ਜਿਸ ਸਦਕਾ ਦੋਵੇਂ ਭਾਈਚਾਰਿਆਂ ਦਰਮਿਆਨ ਸ਼ਾਂਤੀ ਤੇ ਭਾਈਚਾਰਾ ਕਾਇਮ ਹੋਇਆ ਸੀ। ਇਸ ਦੇ ਬਾਵਜੂਦ ਉਨ੍ਹਾਂ ਦੀ ਦਲੀਲ ਹੈ ਕਿ ਇਤਿਹਾਸ ਦੇ ਲੰਮੇ ਕਾਲ ਦੌਰਾਨ ਹਿੰਦੂ ਅਤੇ ਮੁਸਲਮਾਨ ਬਿਨਾ ਕਿਸੇ ਆਪਸੀ ਖਿੱਚੋਤਾਣ ਤੋਂ ਇਕੱਠੇ ਰਹਿ ਰਹੇ ਸਨ। ਰੋਜ਼ਮੱਰਾ ਦੀ ਜ਼ਿੰਦਗੀ ਵਿਚ ਟਕਰਾਅ ਨਾਲੋਂ ਮੇਲ ਜੋਲ ਜਾਂ ਸਹਿਹੋਂਦ ਦਾ ਪੱਖ ਭਾਰੂ ਸੀ। ਉਨ੍ਹਾਂ ਦਾ ਆਰਥਿਕ ਜੀਵਨ ਇਕ-ਦੂਜੇ 'ਤੇ ਨਿਰਭਰਤਾ ਵਾਲਾ ਸੀ ਜਿਸ ਤਹਿਤ ਹਿੰਦੂ ਦੁਕਾਨਦਾਰ ਮੁਸਲਮਾਨ ਗਾਹਕਾਂ ਦੀ ਸੇਵਾ ਕਰਦੇ ਸਨ ਤੇ ਇਸੇ ਤਰ੍ਹਾਂ ਮੁਸਲਮਾਨ ਦੁਕਾਨਦਾਰ ਹਿੰਦੂ ਗਾਹਕਾਂ ਦਾ ਖਿਆਲ ਰੱਖਦੇ ਸਨ।

ਉਹ ਭਾਵੇਂ ਵੱਖੋ-ਵੱਖਰੇ ਵਰਗਾਂ ਵਿਚ ਰਹਿੰਦੇ ਸਨ ਅਤੇ ਅੰਤਰ-ਧਰਮ ਵਿਆਹਾਂ ਤੇ ਦੋਸਤੀਆਂ ਬਾਰੇ ਘੱਟ ਹੀ ਸੁਣਨ ਨੂੰ ਮਿਲਦਾ ਸੀ ਪਰ ਸਦੀਆਂ ਤੋਂ ਹਿੰਦੂਆਂ ਤੇ ਮੁਸਲਮਾਨਾਂ ਨੇ ਆਮ ਤੌਰ 'ਤੇ ਗਲੀਆਂ ਤੇ ਬਾਜ਼ਾਰਾਂ ਵਿਚ ਤੇ ਕਦੇ ਕਦਾਈਂ ਧਾਰਮਿਕ ਅਸਥਾਨਾਂ 'ਤੇ ਇਕ-ਦੂਜੇ ਨਾਲ ਮਿਲ ਜੁਲ ਕੇ ਵਿਚਰਨ ਦਾ ਵੱਲ ਸਿੱਖ ਲਿਆ ਸੀ।

ਇਸ ਕਿਤਾਬ ਦੇ ਇਕ ਹਿੱਸੇ ਵਿਚ ਉਨ੍ਹਾਂ ਧਰਮ ਅਸਥਾਨਾਂ ਦਾ ਜ਼ਿਕਰ ਹੈ ਜਿੱਥੇ ਹਿੰਦੂ ਤੇ ਮੁਸਲਮਾਨ ਅਕਸਰ ਦੋਵੇਂ ਜਾਂਦੇ ਸਨ। ਇਨ੍ਹਾਂ ਵਿਚ ਇਕ ਸੜਕ ਕਿਨਾਰੇ ਬਣੀ ਮੁਸਲਿਮ ਫ਼ਕੀਰ ਦੀ ਦਰਗਾਹ ਵੀ ਸ਼ਾਮਲ ਹੈ ਜਿੱਥੇ 'ਸਾਰੇ ਪਿੰਡ ਵਾਸੀ ਪੀਰ ਨੂੰ ਸਿਜਦਾ ਕਰਦੇ ਸਨ ਅਤੇ ਉੱਥੇ ਕੁਝ ਹਿੰਦੂ ਸ਼ਰਧਾਲੂ ਵੀ ਮੱਥਾ ਟੇਕਦੇ ਸਨ, ਤੇ ਕੋਈ ਵੀ ਨਵਾਂ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਪੀਰ ਦਾ ਆਸ਼ੀਰਵਾਦ ਲੈਣਾ ਕੋਈ ਨਹੀਂ ਭੁੱਲਦਾ ਸੀ।' ਪ੍ਰੋ. ਅਸਾਯਾਗ ਨੇ 12ਵੀਂ ਸਦੀ ਦੇ ਮਹਾਨ ਸੁਧਾਰਕ ਬਾਸਵੰਨਾ ਦੀ ਯਾਦ ਵਿਚ ਲੱਗਦੇ ਸਾਲਾਨਾ ਮੇਲੇ ਬਾਰੇ ਲਿਖਿਆ ਹੈ ਜਿਨ੍ਹਾਂ ਨਾਲ ਮੱਝ ਦੀ ਮਿੱਥ ਜੁੜੀ ਹੈ। ਇਸ ਮੌਕੇ ਹਿੰਦੂ ਅਤੇ ਮੁਸਲਮਾਨ ਦੋਵੇਂ ਆਪੋ-ਆਪਣੀਆਂ ਮੱਝਾਂ ਨੂੰ ਬਾਸਵੰਨਾ ਦੇ ਅਵਤਾਰ ਵਜੋਂ ਪੂਜਦੇ ਹਨ। ਪ੍ਰੋ. ਜੈਕੀ ਅਸਾਯਾਗ ਨੇ ਆਪਣੀ ਕਿਤਾਬ ਵਿਚ ਜਿਸ ਧਾਰਮਿਕ ਮੇਲ ਜੋਲ ਦੀ ਉਮਦਾ ਮਿਸਾਲ ਦਾ ਜ਼ਿਕਰ ਕੀਤਾ ਹੈ, ਉਹ ਹੈ ਲੋਕ ਨਾਇਕ ਰਾਜਾ ਬਾਘ ਸਵਾਰ ਦੀ ਜਿਸ ਨੂੰ ਹਿੰਦੂ ਗੁਰੂ ਅਤੇ ਮੁਸਲਮਾਨ ਪੀਰ ਮੰਨਦੇ ਹਨ।

ਇਨ੍ਹਾਂ ਧਰਮ ਅਸਥਾਨਾਂ ਦਾ ਅਧਿਐਨ ਕਰਦਿਆਂ ਅਸਾਯਾਗ ਨੇ ਲੱਭਿਆ ਕਿ 'ਵਿਸ਼ਨੂੰ ਦਾ ਅਵਤਾਰ ਅਤੇ ਅੱਲ੍ਹਾ ਦਾ ਰੂਪ ਇਕ ਫ਼ਕੀਰ ਵਿਚ ਵਿਦਮਾਨ ਹੁੰਦਾ ਹੈ ਜੋ ਦੁਨੀਆ ਤੋਂ ਵੈਰਾਗ ਲੈ ਲੈਂਦਾ ਹੈ, ਉਹ ਚੰਗਾ ਗਵੱਈਆ ਤੇ ਰਿੱਧੀ ਸਿੱਧੀਆਂ ਦਾ ਮਾਲਕ ਵੀ ਸੀ ਅਤੇ ਵੈਸ਼ਣਵ ਭਗਤੀ ਤੇ ਇਸਲਾਮ ਦੇ ਹਰੇ ਬੈਨਰ ਨੂੰ ਇਕਮਿਕ ਕਰ ਦਿੰਦਾ ਹੈ।'

ਕਰਨਾਟਕ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ ਅਤੇ ਇਸੇ ਪਸਮੰਜ਼ਰ ਵਿਚ ਮੈਂ ਪ੍ਰੋ. ਜੈਕੀ ਅਸਾਯਾਗ ਦੀ ਇਹ ਕਿਤਾਬ ਪੜ੍ਹ ਰਿਹਾ ਸੀ। ਸੂਬੇ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਆਪਣੇ ਚੋਣ ਪ੍ਰਚਾਰ ਦੀ ਧੁਰੀ ਗਿਣ ਮਿਥ ਕੇ 'ਹਿੰਦੂ ਬਨਾਮ ਮੁਸਲਮਾਨ' ਬਣਾਉਣ ਦਾ ਰਾਹ ਫੜ ਲਿਆ ਹੈ। ਉਸ ਨੇ ਇਹ ਫ਼ੈਸਲਾ ਤਕਰੀਬਨ ਸਾਲ ਪਹਿਲਾਂ ਹੀ ਕਰ ਲਿਆ ਸੀ। ਇਸੇ ਕਰ ਕੇ ਕਦੇ ਹਿਜਾਬ ਪਹਿਨਣ ਤੋਂ ਵਿਵਾਦ ਭੜਕ ਗਿਆ, ਕਦੇ ਹਲਾਲ ਮੀਟ ਦੇ ਨਾਂ ਉੱਪਰ ਅਤੇ ਕਦੇ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਮੁਹੱਬਤੀ ਰਿਸ਼ਤਿਆਂ 'ਤੇ ਖ਼ਰੂਦ ਪਾਇਆ ਜਾਂਦਾ ਹੈ। ਇਸ ਖ਼ਰੂਦ ਵਿਚ ਸੰਘ ਪਰਿਵਾਰ ਦੀ ਮੁੱਖਧਾਰਾ ਅਤੇ ਕੱਟੜਪੰਥੀ ਅਨਸਰ ਦੋਵੇਂ ਸ਼ਰੀਕ ਰਹਿੰਦੇ ਹਨ। ਕਰਨਾਟਕ ਦੇ ਹਿੰਦੂਆਂ ਨੂੰ ਭੈਅਭੀਤ ਬਣਾ ਕੇ ਰੱਖਣਾ ਅਤੇ ਮੁਸਲਮਾਨਾਂ ਦੇ ਮਨਾਂ ਵਿਚ ਸੰਦੇਹ ਭਰਨਾ ਸੂਬੇ ਅੰਦਰ ਭਾਜਪਾ ਦੀ ਮੂਲ ਚੁਣਾਵੀ ਰਣਨੀਤੀ ਹੈ।

ਭਾਜਪਾ ਜੁਲਾਈ 2019 ਵਿਚ ਕਾਂਗਰਸ-ਜਨਤਾ ਦਲ (ਸੈਕੂਲਰ) ਗੱਠਜੋੜ ਦੇ ਵਿਧਾਇਕਾਂ ਨੂੰ ਤੋੜ ਕੇ ਕਰਨਾਟਕ ਦੀ ਸੱਤਾ ਵਿਚ ਆਈ ਸੀ। ਪਿਛਲੇ ਸਾਢੇ ਤਿੰਨ ਸਾਲਾਂ ਦਾ ਭਾਜਪਾ ਸਰਕਾਰ ਦਾ ਰਿਕਾਰਡ ਮੰਦਾ ਰਿਹਾ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ; ਪ੍ਰਸ਼ਾਸਕੀ ਨਾ-ਅਹਿਲੀਅਤ ਪ੍ਰਤੱਖ ਨਜ਼ਰ ਆ ਰਹੀ ਹੈ ਕਿ ਕਿਵੇਂ ਪਿਛਲੇ ਸਾਲ ਜੁਲਾਈ ਮਹੀਨੇ ਮਾਨਵੀ ਕਾਰਨਾਂ ਕਰ ਕੇ ਆਏ ਹੜ੍ਹਾਂ ਨਾਲ ਸੂਚਨਾ ਤਕਨਾਲੋਜੀ ਸਨਅਤ ਦੀ ਸ਼ੋਅਪੀਸ ਅਤੇ ਸੂਬਾਈ ਰਾਜਧਾਨੀ ਵਿਚ ਤਬਾਹੀ ਮਚੀ ਸੀ।

ਕੁਝ ਲੋਕਾਂ ਦੀ ਦਲੀਲ ਹੈ ਕਿ ਸੱਤਾਧਾਰੀ ਪਾਰਟੀ ਦਾ 'ਹਿੰਦੂ ਬਨਾਮ ਮੁਸਲਮਾਨ' ਏਜੰਡਾ ਅਸਲ ਵਿਚ ਆਪਣੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਛੁਪਾਉਣ ਦਾ ਹਰਬਾ ਹੈ। ਉਂਝ ਦੇਖਿਆ ਜਾਵੇ ਤਾਂ ਇਹ ਪਾਰਟੀ ਦੀ ਵਿਚਾਰਧਾਰਾ ਦਾ ਮਾਮਲਾ ਹੈ। ਕਰਨਾਟਕ ਦੀ ਸਿਆਸਤ 'ਤੇ ਲੰਮੇ ਸਮੇਂ ਤੋਂ ਨਜ਼ਰ ਰੱਖਣ ਵਾਲੇ ਪ੍ਰੋਫੈਸਰ ਜੇਮਸ ਮੈਨਰ ਨੇ 'ਦਿ ਵਾਇਰ' ਵਿਚ ਲਿਖੇ ਇਕ ਲੇਖ ਵਿਚ ਕਿਹਾ ਹੈ ਕਿ 'ਭਾਜਪਾ ਦੀਆਂ ਫਿਰਕੂ ਧਰੁਵੀਕਰਨ ਦੀਆਂ ਕੋਸ਼ਿਸ਼ਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਬੱਝਵਾਂ ਰੂਪ ਦਿੱਤਾ ਜਾ ਰਿਹਾ ਸੀ ਅਤੇ ਹੁਣ ਇਹ ਉਸ ਮੁਕਾਮ 'ਤੇ ਪਹੁੰਚ ਗਈਆਂ ਹਨ ਜਿਸ ਦੀ ਮਿਸਾਲ ਹੋਰਨਾਂ ਸੂਬਿਆਂ ਵਿਚ ਦੇਖਣ ਨੂੰ ਨਹੀਂ ਮਿਲਦੀ'। ਉਨ੍ਹਾਂ ਦਾ ਖਿਆਲ ਹੈ ਕਿ 'ਕੱਟੜ ਹਿੰਦੂਤਵ ਦਾ ਇਹ ਸੰਚਾਲਨ ਕੇਂਦਰੀ ਆਗੂਆਂ ਦੇ ਥਾਪੇ ਭਾਜਪਾ ਦੇ ਅਹੁਦੇਦਾਰਾਂ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਨਿਯੁਕਤੀ ਦੇ ਦਿਨ ਤੋਂ ਹੀ ਉਨ੍ਹਾਂ ਦੀਆਂ ਖ਼ਾਹਿਸ਼ਾਂ ਸਪਸ਼ਟ ਕਰ ਦਿੱਤੀਆਂ ਜਾਂਦੀਆਂ ਹਨ। ਜਦੋਂ ਕਰਨਾਟਕ ਦੇ ਕਿਸੇ ਸੰਸਦ ਮੈਂਬਰ ਲਈ ਨਵੀਂ ਦਿੱਲੀ ਦੀ ਸੱਤਾ ਵਿਚ ਮੰਤਰੀ ਦਾ ਅਹੁਦਾ ਖੁੱਲ੍ਹਿਆ ਤਾਂ ਉਨ੍ਹਾਂ ਲਿੰਗਾਇਤ ਜਾਂ ਵੋਕਾਲਿਗਾ (ਸੂਬੇ ਦੇ ਪ੍ਰਮੁੱਖ ਤਬਕਿਆਂ) 'ਚੋਂ ਕਿਸੇ ਨੂੰ ਚੁਣਨ ਦੀ ਬਜਾਇ ਅਨੰਤ ਕੁਮਾਰ ਹੈਗੜੇ ਨੂੰ ਚੁਣਿਆ ਜੋ ਸਿਰੇ ਦੇ ਕੱਟੜ ਮੰਨੇ ਜਾਂਦੇ ਹਨ। ਉਨ੍ਹਾਂ ਦੱਖਣੀ ਬੰਗਲੂਰੂ ਤੋਂ ਇਕ ਹੋਰ ਅੱਗ-ਲਾਊ, ਅਖੌਤੀ ਉੱਚ ਜਾਤੀ ਸੰਸਦ ਮੈਂਬਰ ਤੇਜਸਵੀ ਸੂਰਿਆ ਨੂੰ ਭਾਜਪਾ ਦੇ ਰਾਸ਼ਟਰੀ ਯੁਵਾ ਵਿੰਗ ਦਾ ਪ੍ਰਧਾਨ ਬਣਾਇਆ।' ਅੱਗ-ਲਾਊ ਅਨਸਰਾਂ ਦੀ ਇਸ ਸੂਚੀ ਵਿਚ ਜੇ ਹੋਰ ਨਾਂ ਸ਼ਾਮਲ ਕਰਨੇ ਹੋਣ ਤਾਂ ਭਾਜਪਾ ਦੇ ਜਨਰਲ ਸਕੱਤਰ ਬੀ.ਐਲ. ਸੰਤੋਸ਼ ਅਤੇ ਨਲਿਨ ਕੁਮਾਰ ਕਤੀਲ ਦੇ ਨਾਂ ਲਏ ਜਾ ਸਕਦੇ ਹਨ ਜੋ ਕ੍ਰਮਵਾਰ ਸੋਸ਼ਲ ਮੀਡੀਆ 'ਤੇ 'ਹਿੰਦੂਤਵ ਦੇ ਮਹਾਂ ਟ੍ਰੋਲ' ਗਿਣੇ ਜਾਂਦੇ ਹਨ ਅਤੇ ਭਾਜਪਾ ਦੀ ਕਰਨਾਟਕ ਇਕਾਈ ਦੇ ਪ੍ਰਧਾਨ ਹਨ।

ਇਨ੍ਹਾਂ ਸਾਰੀਆਂ ਨਿਯੁਕਤੀਆਂ ਪਿੱਛੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਹੈ ਜੋ ਸੂਬੇ ਦੀ ਸਿਆਸਤ ਵਿਚ ਆਪਣੀ ਪੁਜ਼ੀਸ਼ਨ ਤੋਂ ਕਿਤੇ ਵਧ ਕੇ ਸਰਗਰਮ ਭੂਮਿਕਾ ਨਿਭਾ ਰਹੇ ਹਨ। ਇਹ ਅਮਿਤ ਸ਼ਾਹ ਹੀ ਸਨ ਜਿਨ੍ਹਾਂ ਨੇ 2022 ਦੇ ਆਖ਼ਰੀ ਹਫ਼ਤੇ ਵਿਚ ਕਰਨਾਟਕ ਵਿਚ ਪਾਰਟੀ ਦੇ ਚੋਣ ਪ੍ਰਚਾਰ ਦਾ ਰਸਮੀ ਉਦਘਾਟਨ ਕੀਤਾ ਸੀ, ਜਦੋਂ ਉਨ੍ਹਾਂ ਮਾਂਡਿਆ ਵਿਚ ਸਮਾਗਮ ਨੂੰ ਸੰਬੋਧਨ ਕਰਦਿਆਂ ਵੋਟਰਾਂ ਨੂੰ 'ਟੀਪੂ ਸੁਲਤਾਨ ਦਾ ਮਹਿਮਾ ਗਾਨ ਕਰਨ ਵਾਲਿਆਂ' ਅਤੇ 'ਦੇਸ਼ ਭਗਤਾਂ' ਵਿਚੋਂ ਕਿਸੇ ਇਕ ਦੀ ਚੋਣ ਕਰਨ ਦਾ ਸੱਦਾ ਦਿੱਤਾ ਸੀ। ਇੱਥੇ ਟੀਪੂ ਦੇ ਪ੍ਰਸ਼ੰਸਕਾਂ ਦਾ ਸਿੱਧਮ-ਸਿੱਧਾ ਅਰਥ ਮੁਸਲਮਾਨਾਂ ਤੋਂ ਲਿਆ ਜਾਂਦਾ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਇਹ ਇਸ਼ਾਰਾ ਲੈ ਕੇ ਭਾਜਪਾ ਦੀ ਕਰਨਾਟਕ ਇਕਾਈ ਦੇ ਮੁਖੀ ਨੇ ਕੁਝ ਦਿਨਾਂ ਬਾਅਦ ਪਾਰਟੀ ਦੇ ਸਮਰਥਕ ਵੋਟਰਾਂ ਨੂੰ ਸੀਵਰੇਜ ਅਤੇ ਮਾੜੇ ਬੁਨਿਆਦੀ ਢਾਂਚੇ ਜਿਹੇ 'ਛੋਟੇ ਮੋਟੇ' ਮੁੱਦਿਆਂ ਦੀ ਥਾਂ 'ਲਵ ਜਹਾਦ' ਦੇ ਮੁੱਦੇ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ। ਕੁਝ ਸਮਾਂ ਪਹਿਲਾਂ ਹੀ ਨਲਿਨ ਕੁਮਾਰ ਕਤੀਲ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ 'ਟੀਪੂ ਦੇ ਪੈਰੋਕਾਰਾਂ ਨੂੰ ਇਸ ਜ਼ਮੀਨ 'ਤੇ ਨਹੀਂ ਰਹਿਣ ਦਿੱਤਾ ਜਾਣਾ ਚਾਹੀਦਾ ਸਗੋਂ ਰਾਮ ਦੇ ਭਜਨ ਗਾਉਣ ਵਾਲਿਆਂ ਨੂੰ ਹੀ ਰਹਿਣ ਦੇਣਾ ਚਾਹੀਦਾ ਹੈ।'


ਯੋਧੇ ਅਤੇ ਸ਼ਾਸਕ ਦੇ ਤੌਰ 'ਤੇ ਟੀਪੂ ਸੁਲਤਾਨ ਦੀ ਵਿਰਾਸਤ 'ਤੇ ਵਿਵਾਦ ਉੱਠਦੇ ਰਹੇ ਹਨ ਪਰ ਇਹ ਵੀ ਤੱਥ ਹੈ ਕਿ ਉਨ੍ਹਾਂ ਹਿੰਦੂ ਮੰਦਰਾਂ ਨੂੰ ਦਾਨ ਦਿੱਤਾ ਸੀ, ਭਾਵੇਂ ਸ਼ਾਸਕ ਦੇ ਤੌਰ 'ਤੇ ਉਹ ਆਪਣੀ ਮੁਸਲਿਮ ਪਛਾਣ ਨੂੰ ਵੀ ਉਭਾਰਦੇ ਸਨ। ਜੇ ਅਠਾਰਵੀਂ ਸਦੀ ਦੀ ਇਸ ਹਸਤੀ ਬਾਰੇ ਹਿੰਦੂਤਵੀ ਇਤਿਹਾਸਕਾਰਾਂ ਦੇ ਲਗਾਏ ਜਾਂਦੇ ਦੋਸ਼ ਸਹੀ ਵੀ ਹੋਣ ਤਾਂ ਇੱਕੀਵੀਂ ਸਦੀ ਵਿਚ ਇਸ ਦੇਸ਼ ਦੇ ਕਾਨੂੰਨ ਦਾ ਪਾਲਣ ਕਰਨ ਵਾਲੇ ਮੁਸਲਮਾਨਾਂ ਨੂੰ ਸਜ਼ਾ ਕਿਉਂ ਦਿੱਤੀ ਜਾਵੇ? ਅਜਿਹਾ ਕਰਨਾ ਕਿਸੇ ਵੀ ਲਿਹਾਜ਼ ਤੋਂ ਸਭਿਅਕ ਵਿਹਾਰ ਨਹੀਂ ਅਖਵਾ ਸਕਦਾ। ਉਂਝ, ਸਭਿਅਤਾ ਅਤੇ ਸੁਚੱਜ ਤਾਂ ਉਹ ਗੁਣ ਹਨ ਜਿਨ੍ਹਾਂ ਨਾਲ ਸੰਜੇਪੱਖੀਆਂ ਦਾ ਕੋਈ ਲਾਗਾ ਦੇਗਾ ਹੀ ਨਹੀਂ ਹੈ।

ਕਿਤਾਬ ਦੇ ਅੰਗਰੇਜ਼ੀ ਸੰਸਕਰਨ ਦੇ ਮੁੱਖ ਬੰਧ ਵਿਚ ਜੈਕੀ ਅਸਾਯਾਗ ਨੇ ਲਿਖਿਆ ਹੈ ਕਿ ਉਨ੍ਹਾਂ ਦੀ ਖੋਜ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੇ ਵਰਗਾਂ ਦਰਮਿਆਨ ਅਖੌਤੀ ਯੁੱਧ ਦੇ ਨੇਮ ਦੀ ਧਾਰਨਾ ਦਵੈਸ਼ ਅਤੇ ਨਸਲੀ ਰਾਸ਼ਟਰਵਾਦ ਜ਼ਰੀਏ ਇਤਿਹਾਸ ਨੂੰ ਝੂਠ ਦੀ ਪਾਣ ਚਾੜ੍ਹਨ ਦੇ ਅਮਲ 'ਚੋਂ ਉਪਜੀ ਹੈ। ਤ੍ਰਾਸਦੀ ਇਹ ਹੈ ਕਿ ਇਸ ਕਿਤਾਬ ਦੇ ਪ੍ਰਕਾਸ਼ਿਤ ਹੋਣ ਤੋਂ ਇੰਨੇ ਸਾਲਾਂ ਬਾਅਦ ਵੀ ਝੂਠੇ ਅਤੇ ਫਰਜ਼ੀ ਇਤਿਹਾਸ ਦੇ ਨਿਰਮਾਤਾ ਤੇ ਖਰੀਦਦਾਰ ਵਧ ਰਹੇ ਹਨ। ਸਿਆਸੀ ਪੱਧਰ 'ਤੇ ਹਿੰਦੂ ਵੋਟ ਬੈਂਕ ਦੇ ਨਿਰਮਾਣ ਦਾ ਭਾਜਪਾ ਨੂੰ ਅਥਾਹ ਲਾਹਾ ਮਿਲਿਆ ਹੈ। ਰੋਜ਼ਮੱਰਾ ਜੀਵਨ ਦੇ ਪੱਧਰ 'ਤੇ ਇਸ ਨੇ ਵੱਖੋ-ਵੱਖਰੀਆਂ ਧਾਰਮਿਕ ਰਵਾਇਤਾਂ ਨਾਲ ਜੁੜੇ ਭਾਰਤ ਦੇ ਲੋਕਾਂ ਦਰਮਿਆਨ ਵੈਰਭਾਵ ਬਹੁਤ ਵਧਾ ਦਿੱਤਾ ਹੈ।

ਪ੍ਰੋ. ਜੈਕੀ ਅਸਾਯਾਗ ਨੇ ਆਪਣਾ ਫੀਲਡ ਵਰਕ 1980ਵਿਆਂ ਤੇ 1990ਵਿਆਂ ਦੇ ਸ਼ੁਰੂ ਵਿਚ ਕੀਤਾ ਸੀ। ਇਹ ਉਹ ਸਮਾਂ ਸੀ ਜਦੋਂ ਉੱਤਰੀ ਅਤੇ ਪੱਛਮੀ ਭਾਰਤ ਵਿਚ ਹਿੰਦੂ ਮੁਸਲਿਮ ਦੰਗਿਆਂ ਦੀ ਲਹਿਰ ਚੱਲ ਰਹੀ ਸੀ ਜਿਸ ਦਾ ਅਸਰ ਕਰਨਾਟਕ ਵਿਚ ਵੀ ਦੇਖਣ ਨੂੰ ਮਿਲਿਆ ਸੀ। ਭਾਜਪਾ ਤੇਜ਼ੀ ਨਾਲ ਉਭਰਦੀ ਹੋਈ ਸਿਆਸੀ ਤਾਕਤ ਸੀ ਜਿਸ ਨੂੰ ਵੰਡਪਾਊ ਅਤੇ ਖ਼ੂਨ ਖਰਾਬੇ ਵਾਲੇ ਰਾਮ ਜਨਮਭੂਮੀ ਅੰਦੋਲਨ ਤੋਂ ਹੁਲਾਰਾ ਮਿਲਿਆ ਸੀ। ਪ੍ਰੋ. ਜੈਕੀ ਅਸਾਯਾਗ ਲਿਖਦੇ ਹਨ ਕਿ ਹਿੰਦੂਤਵ ਵਿਚਾਰਕ ਨਵੇਂ ਸਿਰਿਓਂ ਭਾਰਤ ਦਾ ਨਕਸ਼ਾ ਵਾਹੁਣਾ ਚਾਹੁੰਦੇ ਸਨ ਜਿਸ ਵਿਚ ਉਹ ਰਾਮਾਇਣ ਵਿਚ ਦਰਸਾਈ ਪਾਵਨ ਭੂਮੀ ਨੂੰ ਲੈ ਕੇ ਭੰਬਲਭੂਸੇ ਵਿਚ ਪਏ ਹੋਏ ਸਨ ਕਿ ਸ੍ਰੀ ਰਾਮ ਨੇ ਜਿਨ੍ਹਾਂ ਅਸੁਰਾਂ ਦਾ ਅੰਤ ਕੀਤਾ ਸੀ, ਉਹ ਇਸ ਸਮੇਂ ਮੁਸਲਮਾਨਾਂ ਦੇ ਰੂਪ ਵਿਚ ਮੌਜੂਦ ਹਨ। ਇਨ੍ਹਾਂ ਵਿਚਾਰਕਾਂ ਦੀ ਇੱਛਾ ਸੀ ਕਿ ਹਿੰਦੂ ਰਾਸ਼ਟਰ ਵਿਚ ਮੁਸਲਮਾਨਾਂ ਨੂੰ ਅਧੀਨਗੀ, ਚਲੇ ਜਾਣ ਜਾਂ ਫਿਰ ਮੁਕੰਮਲ ਖ਼ਾਤਮੇ 'ਚੋਂ ਕੋਈ ਇਕ ਹੀ ਰਾਹ ਚੁਣਨਾ ਪਵੇਗਾ। 1990ਵਿਆਂ ਦੇ ਅੰਤ ਤੱਕ ਕਰਨਾਟਕ ਵਿਚ ਫਿਰਕੂ ਜਨੂਨ ਕਾਫ਼ੀ ਹੱਦ ਤੱਕ ਲੱਥ ਗਿਆ ਸੀ।

ਇਸ ਸਦੀ ਦੇ ਪਹਿਲੇ ਦੋ ਦਹਾਕਿਆਂ ਦੌਰਾਨ ਨਿਸਬਤਨ ਸਮਾਜਿਕ ਸ਼ਾਂਤੀ ਦਾ ਮਾਹੌਲ ਚਲਦਾ ਰਿਹਾ। ਹੁਣ ਇਕ ਵਾਰ ਫਿਰ ਤਣਾਅ ਵਧ ਰਿਹਾ ਹੈ। ਹਾਲਾਂਕਿ ਇਸਲਾਮੀ ਕੱਟੜਪੁਣਾ ਬਿਲਕੁਲ ਵੀ ਨਦਾਰਦ ਨਹੀਂ ਹੈ ਪਰ ਗਿਣਤੀ, ਆਰਥਿਕ ਸ਼ਕਤੀ ਅਤੇ ਕੇਂਦਰ ਵਿਚ ਸਿਆਸੀ ਦਬਦਬੇ ਦੇ ਮੱਦੇਨਜ਼ਰ ਬਹੁਗਿਣਤੀ ਫਿਰਕਾਪ੍ਰਸਤੀ ਸੂਬੇ ਲਈ ਕਿਤੇ ਵੱਡਾ ਖ਼ਤਰਾ ਬਣ ਚੁੱਕੀ ਹੈ। ਪ੍ਰਧਾਨ ਮੰਤਰੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਮੁਖੀ ਵੱਲੋਂ ਕਦੇ ਕਦਾਈਂ ਮੁਸਲਿਮ ਭਾਈਚਾਰੇ ਤੱਕ ਪਹੁੰਚ ਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਗ੍ਰਹਿ ਮੰਤਰੀ, ਕਰਨਾਟਕ ਭਾਜਪਾ ਦੇ ਮੁਖੀ ਅਤੇ ਪਾਰਟੀ ਦੇ ਹੋਰਨਾਂ ਆਗੂਆਂ ਦੀ ਨਿੱਤ ਦੀ ਬਿਆਨਬਾਜ਼ੀ ਤੋਂ ਪਾਰਟੀ ਦੀ ਸਾਰੀ ਚੋਣ ਰਣਨੀਤੀ ਸਪੱਸ਼ਟ ਹੋ ਜਾਂਦੀ ਹੈ ਜਿਸ ਦਾ ਲਬੋ-ਲਬਾਬ ਇਹ ਹੈ ਕਿ ਹਿੰਦੂ ਵੋਟਰ ਹਿੰਦੂਆਂ ਦੇ ਹੱਕ ਵਿਚ ਅਤੇ ਮੁਸਲਮਾਨਾਂ ਦੇ ਵਿਰੁੱਧ ਵੋਟਾਂ ਪਾਉਣ। ਮੈਂ ਇਹ ਦ੍ਰਿੜਾਉਣਾ ਚਾਹੁੰਦਾ ਹਾਂ ਕਿ ਇਹ ਮਹਿਜ਼ ਪੈਂਤੜੇ (ਆਪਣੀ ਮੰਦੀ ਕਾਰਗੁਜ਼ਾਰੀ ਨੂੰ ਛੁਪਾਉਣ) ਦਾ ਸਵਾਲ ਨਹੀਂ ਹੈ ਸਗੋਂ ਵਿਸ਼ਵਾਸ ਦਾ ਮਾਮਲਾ ਹੈ। ਹਿੰਦੂ ਸ੍ਰੇਸ਼ਠਤਾ ਅਤੇ ਮੁਸਲਮਾਨਾਂ ਨੂੰ ਬਦਨਾਮ ਕਰਨਾ ਤੇ ਸ਼ੈਤਾਨ ਵਜੋਂ ਪੇਸ਼ ਕਰਨਾ ਹਿੰਦੂਤਵੀ ਵਿਚਾਰਧਾਰਾ ਦਾ ਮੂਲ ਮੰਤਵ ਹੈ।

ਉੱਤਰ ਪ੍ਰਦੇਸ਼ ਅਤੇ ਅਸਾਮ ਵਾਂਗ ਹੀ ਕਰਨਾਟਕ ਵਿਚ ਵੀ ਭਾਜਪਾ ਫਿਰਕੂ ਧਰੁਵੀਕਰਨ ਦੇ ਆਧਾਰ 'ਤੇ ਇਸ ਅਹਿਮ ਸੂਬੇ ਦੀ ਚੋਣ ਜਿੱਤਣ ਦੀ ਆਸਵੰਦ ਹੈ। ਉਨ੍ਹਾਂ ਦਾ ਗਣਿਤ ਇਹ ਹੈ ਕਿ ਤਿੰਨ ਧਿਰੀ ਮੁਕਾਬਲੇ ਵਿਚ ਜੇ ਅੱਧ ਜਾਂ ਇਸ ਤੋਂ ਵੱਧ ਹਿੰਦੂ ਖ਼ਾਸ ਤੌਰ 'ਤੇ ਸਿਰਫ਼ ਹਿੰਦੂਆਂ ਲਈ ਵੋਟਾਂ ਪਾਉਣ ਤਾਂ ਪਾਰਟੀ ਝੰਡੀ ਲੈ ਜਾਵੇਗੀ। ਜੇ ਇਹ ਰਣਨੀਤੀ ਕਾਮਯਾਬ ਹੋ ਗਈ ਤਾਂ ਇਸ ਨਾਲ ਕਰਨਾਟਕ ਵਿਚ ਅਮਨ ਤੇ ਖੁਸ਼ਹਾਲੀ ਦੇ ਆਸਾਰ ਹੋਰ ਮੱਧਮ ਪੈ ਜਾਣਗੇ।






**ਫਰਾਂਸੀਸੀ ਵਿਦਵਾਨ ਜੈਕੀ ਅਸਾਯਾਗ ਦੀ ਪੁਸਤਕ 'ਐਟ ਦਿ ਕਨਫਲੂਐਂਸ ਆਫ ਟੂ ਰਿਵਰਜ਼: ਮੁਸਲਿਮਜ਼ ਐਂਡ ਹਿੰਦੂਜ਼ ਇਨ ਸਾਊਥ ਇੰਡੀਆ' ਦਾ ਮੁਖੜਾ ਅਤੇ (ਸੱਜੇ) ਬਸਵਾ ਕਲਿਆਣ ਸਥਿਤ ਰਾਜਾ ਬਾਘ ਸਵਾਰ ਦੀ ਦਰਗਾਹ।**

***ਯੋਧੇ ਅਤੇ ਸ਼ਾਸਕ ਦੇ ਤੌਰ 'ਤੇ ਟੀਪੂ ਸੁਲਤਾਨ ਦੀ ਵਿਰਾਸਤ 'ਤੇ ਵਿਵਾਦ ਉੱਠਦੇ ਰਹੇ ਹਨ ਪਰ ਇਹ ਵੀ ਤੱਥ ਹੈ ਕਿ ਉਨ੍ਹਾਂ ਹਿੰਦੂ ਮੰਦਰਾਂ ਨੂੰ ਦਾਨ ਦਿੱਤਾ ਸੀ, ਭਾਵੇਂ ਸ਼ਾਸਕ ਦੇ ਤੌਰ 'ਤੇ ਉਹ ਆਪਣੀ ਮੁਸਲਿਮ ਪਛਾਣ ਨੂੰ ਵੀ ਉਭਾਰਦੇ ਸਨ। ਜੇ ਅਠਾਰਵੀਂ ਸਦੀ ਦੀ ਇਸ ਹਸਤੀ ਬਾਰੇ ਹਿੰਦੂਤਵੀ ਇਤਿਹਾਸਕਾਰਾਂ ਦੇ ਲਗਾਏ ਜਾਂਦੇ ਦੋਸ਼ ਸਹੀ ਵੀ ਹੋਣ ਤਾਂ ਇੱਕੀਵੀਂ ਸਦੀ ਵਿਚ ਇਸ ਦੇਸ਼ ਦੇ ਕਾਨੂੰਨ ਦਾ ਪਾਲਣ ਕਰਨ ਵਾਲੇ ਮੁਸਲਮਾਨਾਂ ਨੂੰ ਸਜ਼ਾ ਕਿਉਂ ਦਿੱਤੀ ਜਾਵੇ?***

# ਮੂਨ ਦੀ ਅੱਖ ਵਿਚ ਛਲਕਿਆ ਪਰਾਇਆ ਹੰਝੂ ਮੋਹਨ ਭੰਡਾਰੀ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਸ਼ੁਰੂਆਤ ਅਸੀਂ ਉਨ੍ਹਾਂ ਦੇ ਗੂੜ੍ਹੇ ਮਿੱਤਰ ਅਤੇ ਉਘੇ ਕਹਾਣੀਕਾਰ (ਮਰਹੂਮ) ਮੋਹਨ ਭੰਡਾਰੀ ਤੋਂ ਕਰ ਰਹੇ ਹਾਂ। ਇਸ ਰਚਨਾ ਦਾ ਕ੍ਰਿਸ਼ਮਈ ਅੰਦਾਜ਼ ਮੱਲੋਮੱਲੀ ਧਿਆਨ ਖਿੱਚਦਾ ਹੈ।***

ਮੋਹਨ ਭੰਡਾਰੀ ਅਜਿਹਾ ਲੇਖਕ ਹੈ ਜਿਸ ਦਾ ਦੋਸਤਾਂ ਦਾ ਘੇਰਾ ਕਾਫ਼ੀ ਮੋਕਲਾ ਹੈ। ਇਸ ਵਿਚ 'ਕੁਨਦ ਹਮ-ਜਿਸਨ ਬਾ ਹਮ-ਜਿਨਸ ਪ੍ਰਵਾਜ਼, ਕਬੂਤਰ ਵਾ ਕਬੂਤਰ, ਬਾਜ਼ ਵਾ ਬਾਜ਼' ਦੇ ਸਿਧਾਂਤ ਅਨੁਸਾਰ ਉਹਦੇ ਹਮ-ਜਿਨਸ, ਅਰਥਾਤ ਸਿੱਧੇ-ਸਾਊ ਤੇ ਮਲੰਗ ਤਾਂ ਸ਼ਾਮਲ ਹਨ ਹੀ, ਪਰ ਜੇ ਕੋਈ ਮਾੜਾ-ਮੋਟਾ ਮਤਾ-ਮੂਜੀ ਵੀ ਪ੍ਰਵੇਸ਼ ਕਰਨਾ ਚਾਹੇ, ਉਹ ਆਖੇਗਾ, 'ਆ ਜਾ, ਬੀਰ, ਤੂੰ ਵੀ ਆ ਜਾ।' ਜੇ ਕਿੰਤੂ ਕੀਤਾ ਜਾਵੇ ਕਿ ਦੋਸਤੀ ਪਾਉਣ-ਨਿਭਾਉਣ ਦਾ ਕੋਈ ਤਾਂ ਛਾਣਨਾ ਹੋਣਾ ਚਾਹੀਦਾ ਹੈ, ਉਹ ਕਹੇਗਾ, 'ਆਪਾਂ, ਬੀਰ, ਇਹਦਾ ਦਿਲ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਕਾਹਨੂੰ ਦੁਖਾਉਣਾ ਹੈ, ਆਪਣੇ ਦੋਸਤੀ ਦੇ ਮਿਆਰਾਂ ਵਿਚੋਂ ਕਿਰਨ ਵਾਲਾ ਹੋਇਆ, ਆਪੇ ਹੌਲੀ-ਹੌਲੀ ਕਿਰ ਜਾਊ।'

ਉਹਦੇ ਇਸੇ ਰਵੱਈਏ ਕਾਰਨ ਮੈਂ ਬਹੁਤ ਪਹਿਲਾਂ ਉਹਦੇ ਘਰ ਦਾ ਨਾਂ 'ਡੇਰਾ ਬਾਬਾ ਮੋਹਨ ਭੰਡਾਰੀ' ਰੱਖ ਦਿੱਤਾ ਸੀ। ਕਹਾਣੀਕਾਰ ਵਜੋਂ ਉਹਦੇ ਵਿਕਾਸ ਦੇ ਅਨੁਕੂਲ ਉਹਦੇ ਘਰ ਦਾ ਨੰਬਰ 1385-ਏ ਤੋਂ ਵਧ ਕੇ 3284/1 ਅਤੇ ਸੈਕਟਰ 20-ਬੀ ਤੋਂ ਵਧ ਕੇ 44-ਡੀ ਹੋ ਗਿਆ, ਪਰ ਉਹਦੀ ਡੇਰਾ-ਬਿਰਤੀ ਵਿਚ ਕੋਈ ਤਬਦੀਲੀ ਨਾ ਆਈ। ਇਸ ਡੇਰੇ ਦੀ ਕਥਾ ਵੀ ਨਿਰਾਲੀ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਸਨ। ਜਿਵੇਂ ਸਭ ਜਾਣਦੇ ਹੀ ਹਨ, ਉਹ ਲੇਖਕਾਂ ਤੇ ਕਲਾਕਾਰਾਂ ਦੇ ਬੜੇ ਮਿਹਰਬਾਨ ਕਦਰਦਾਨ ਸਨ। ਚੰਡੀਗੜ੍ਹ ਸਾਹਿਤ ਅਕਾਦਮੀ ਵਿਚ ਮੋਹਨ ਨੇ ਕਹਾਣੀ ਪੜ੍ਹਨੀ ਸੀ ਤੇ ਰੰਧਾਵਾ ਸਾਹਿਬ ਪ੍ਰਧਾਨਗੀ ਲਈ ਬੁਲਾਏ ਹੋਏ ਸਨ। ਕਹਾਣੀ ਉਨ੍ਹਾਂ ਨੂੰ ਭਾਅ ਗਈ। ਉਨ੍ਹੀਂ ਦਿਨੀਂ ਹੀ ਇਹਦਾ ਕਹਾਣੀ-ਸੰਗ੍ਰਹਿ 'ਤਿਲਚੌਲੀ' ਛਪਿਆ। ਰੰਧਾਵਾ ਸਾਹਿਬ ਦੀ ਨਜ਼ਰੀਂ ਲੰਘਿਆ ਤਾਂ ਉਨ੍ਹਾਂ ਨੂੰ ਲੇਖਕ ਵਿਚ ਦਮ ਲੱਗਣਾ ਹੀ ਸੀ। ਉਨ੍ਹਾਂ ਨੇ ਚੰਡੀਗੜ੍ਹ ਸਾਹਿਤ ਅਕਾਦਮੀ ਤੋਂ 'ਤਿਲਚੌਲੀ' ਨੂੰ ਪਹਿਲਾ ਪੁਰਸਕਾਰ ਦੁਆਇਆ ਤੇ 'ਤਿਲਚੌਲੀ' ਦੇ ਲੇਖਕ ਨੂੰ ਐਗਜ਼ੈਕਟਿਵ ਦਾ ਮੈਂਬਰ ਬਣਵਾਇਆ।

ਫੇਰ ਕਿਤੇ ਮਿਲੇ ਤਾਂ ਰੰਧਾਵਾ ਸਾਹਿਬ ਕਹਿੰਦੇ, 'ਤੇਰੇ ਘਰ ਚੱਲਾਂਗੇ ਕਿਸੇ ਦਿਨ।'

ਇਹਨੇ ਕਿਹਾ, 'ਸੁਆਹ ਘਰ ਐ ਉਹ! ਬਾਰਾਂ ਟਾਈਪ ਦਾ ਅੱਧਾ ਕੁਆਰਟਰ।'

ਉਹ ਝੱਟ ਬੋਲੇ, 'ਲਿਆ ਅਰਜ਼ੀ, ਪੂਰਾ ਕਰ ਦਿਆਂ।'

ਅਰਜ਼ੀ ਉੱਤੇ ਉਨ੍ਹਾਂ ਨੇ ਲਿਖਿਆ, 'ਮੋਹਨ ਭੰਡਾਰੀ ਪੰਜਾਬੀ ਦਾ ਬਹੁਤ ਵਧੀਆ ਕਹਾਣੀਕਾਰ ਹੈ। ਅੱਧੇ ਮਕਾਨ ਵਿਚ ਇਹਦੇ ਲਿਖਣ-ਪੜ੍ਹਨ ਵਿਚ ਵਿਘਨ ਪੈਂਦਾ ਹੈ। ਇਹਨੂੰ ਇਹਦਾ ਬਣਦਾ, ਜਿਸ ਦਾ ਇਹ ਹੱਕਦਾਰ ਹੈ, ਪੂਰਾ ਮਕਾਨ ਅਲਾਟ ਕੀਤਾ ਜਾਵੇ, ਇਹਦੀ ਪਸੰਦ ਦਾ।'

ਇਹਨੇ ਦਫ਼ਤਰ ਵਾਲਿਆਂ ਤੋਂ ਆਪਣੇ ਹੱਕ ਅਨੁਸਾਰ ਗਿਆਰਾਂ ਟਾਈਪ ਦਾ ਗਰਾਊਂਡਫਲੋਰ ਮੰਗਿਆ। ਦਫ਼ਤਰ ਵਾਲਿਆਂ ਨੇ ਇਧਰਲੀਆਂ-ਉਧਰਲੀਆਂ ਮਾਰ ਕੇ ਇਹਨੂੰ ਬਾਰਾਂ ਟਾਈਪ ਦੇ ਫ਼ਸਟ ਫਲੋਰ ਦੀ 'ਹਾਂ' ਕਰਵਾ ਲਈ।


ਇਸ ਕਥਾ ਨਾਲ ਇਕ ਕਥਾ ਹੋਰ ਜੁੜੀ ਹੋਈ ਹੈ। ਇਹ ਆਪਣੀ ਅਰਜ਼ੀ ਲੈ ਕੇ ਜਦੋਂ ਦਫ਼ਤਰ ਦੇ ਸੁਪਰਿਨਟੈਂਡੈਂਟ ਕੋਲ ਗਿਆ, ਉਹਨੇ ਅਰਜ਼ੀ ਫੜ ਕੇ ਰੰਧਾਵਾ ਜੀ ਦਾ ਲੰਮਾ-ਚੌੜਾ ਆਰਡਰ ਗਹੁ ਨਾਲ ਪੜ੍ਹਿਆ ਤੇ ਬੋਲਿਆ, 'ਚੰਗਾ ਕਾਕਾ, ਤੂੰ ਜਾ, ਭੰਡਾਰੀ ਸਾਹਿਬ ਨੂੰ ਭੇਜ।'

ਜਦੋਂ ਰੰਧਾਵਾ ਸਾਹਿਬ ਨੂੰ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦਾ ਵੀਸੀ ਬਣਾਏ ਜਾਣ ਦੀ ਸੋਅ ਮਿਲੀ, ਉਨ੍ਹਾਂ ਨੇ ਜਾਂਦਿਆ-ਜਾਂਦਿਆਂ ਵੀ ਕੁਝ ਲੇਖਕਾਂ ਵਗੈਰਾ ਦਾ ਭਲਾ ਕਰਨ ਬਾਰੇ ਸੋਚਿਆ। ਮੋਹਨ ਭੰਡਾਰੀ ਤੋਂ ਵੀ ਅਰਜ਼ੀ ਮੰਗ ਲਈ ਤੇ ਇਹਨੂੰ 15 ਸੈਕਟਰ ਵਿਚ ਇਕ ਕੋਨੇ ਵਾਲ ਪਲਾਟ ਮਿਲ ਗਿਆ। ਭਾਅ 28 ਰੁਪਏ ਵਰਗ ਗਜ਼। ਇਹਨੇ ਸ਼ਰਤ ਅਨੁਸਾਰ ਸਕਿਉਰਿਟੀ ਦੇ ਪੈਸੇ ਵੀ ਭਰ ਦਿੱਤੇ। ਰੰਧਾਵਾ ਸਾਹਿਬ ਲੁਧਿਆਣੇ ਚਲੇ ਗਏ। ਇਹ ਬਾਕੀ ਪੈਸੇ ਭਰਨ ਗਿਆ ਤਾਂ ਦਫ਼ਤਰੀਏ ਕਹਿੰਦੇ, ਤਾਰੀਖ਼ ਤੋਂ ਇਕ ਹਫ਼ਤਾ ਪਛੜ ਕੇ ਆਏ ਹੋ, 28 ਦੀ ਥਾਂ 39 ਰੁਪਏ ਦੇ ਹਿਸਾਬ ਚੈੱਕ ਲਿਆਓ। ਇਹ ਆਕੜ ਗਿਆ, 'ਗਿਆਰਾਂ ਰੁਪਈਏ ਹੋਰ ਕਾਹਦੇ? ਕਿਉਂ ਦੇਵਾਂ ਮੈਂ ਗਿਆਰਾਂ ਰੁਪਈਏ ਵੱਧ?'

ਕਲਰਕ ਦੇ ਕਾਰਨ ਦੱਸੇ ਤੋਂ ਇਹਨੇ ਮਨ ਹੀ ਮਨ ਤਾਂ ਗਾਲ੍ਹਾਂ ਦਿੱਤੀਆਂ, 'ਸਾਲੇ ਲੁਟੇਰੇ...ਹਰਾਮੀ...ਮੈਨੂੰ ਠੱਗਣ ਨੂੰ ਫਿਰਦੇ ਐ...', ਪਰ ਬੋਲ ਕੇ ਆਖਿਆ, 'ਮੈਂ ਨਹੀਂ ਦੇਣੇ ਗਿਆਰਾਂ ਰੁਪਈਏ ਵੱਧ! ਚੱਕੋ ਆਬਦਾ ਪਲਾਟ ਤੇ ਐਧਰ ਧਰੋ ਮੇਰੀ ਸਕਿਉਰਿਟੀ!' ਜਿਨ੍ਹਾਂ ਕਲਰਕਾਂ ਉੱਤੇ ਲੋਕ ਮਹੀਨਿਆਂ-ਬੱਧੀ ਕੰਮ ਨਾ ਕਰਨ ਦਾ ਦੋਸ਼ ਲਾਉਂਦੇ ਹਨ, ਉਨ੍ਹਾਂ ਨੇ ਐਨੀ ਚੁਸਤੀ ਦਿਖਾਈ ਕਿ ਪੰਜ ਮਿੰਟ ਵਿਚ ਇਹਦੇ ਪੈਸੇ ਇਹਦੀ ਹਥੇਲੀ ਉੱਤੇ ਰੱਖ ਦਿੱਤੇ। ਇਹ ਪੈਸੇ ਮੁੜਵਾ ਕੇ ਖ਼ੁਸ਼ ਤੇ ਦਫ਼ਤਰੀਏ ਇਸ ਕਰਕੇ ਖ਼ੁਸ਼ ਕਿ ਉਸ ਪਲਾਟ ਉੱਤੇ ਇਕ ਰਸੂਖ਼ਵਾਨ ਅਧਿਕਾਰੀ ਦੀ ਅੱਖ ਸੀ ਤੇ ਉਹਨੇ ਦਫ਼ਤਰ ਵਾਲਿਆਂ ਨੂੰ ਕਹਿ ਰੱਖਿਆ ਸੀ ਕਿ ਮੋਹਨ ਭੰਡਾਰੀ ਨਾਂ ਦਾ ਬੰਦਾ ਜੇ ਕਿਸੇ ਕਾਰਨ ਪੈਸੇ ਨਾ ਭਰੇ, ਇਹ ਪਲਾਟ ਮੇਰੇ ਨਾਂ ਕਰ ਦੇਣਾ! ਹੁਣ ਤੁਸੀਂ ਇਸ ਘਟਨਾ ਨੂੰ ਇਹਦਾ ਸਵੈਮਾਣ ਆਖਣਾ ਹੈ ਕਿ ਅਕਲ ਦਾ ਘਾਟਾ, ਇਹ ਤੁਹਾਡੀ ਮਰਜ਼ੀ!

ਪੰਜਾਬੀ ਸਾਹਿਤ ਵਿਚ ਇਹਦੇ ਡੇਰੇ ਦੀ ਮਹਿਮਾ ਦੂਰ-ਦੂਰ ਫੈਲਾਉਣ ਵਿਚ ਇਹਦੀ ਸਾਹਿਤਕਾਰੀ ਤੋਂ ਇਲਾਵਾ ਪੋਸਟ-ਕਾਰਡ ਦੇ ਉਤਲੇ ਸੱਜੇ ਖੂੰਜੇ ਦਾ ਬਹੁਤ ਵੱਡਾ ਹੱਥ ਰਿਹਾ। ਇਹ ਚਿੱਠੀ ਆਮ ਕਰ ਕੇ ਕਾਰਡ ਉੱਤੇ ਲਿਖਦਾ ਅਤੇ ਲਿਖੇ ਭਾਵੇਂ ਕਿਸੇ ਨੂੰ ਵੀ, ਸਭ ਤੋਂ ਪਹਿਲਾਂ ਇਸ ਉਤਲੇ ਸੱਜੇ ਖੂੰਜੇ ਵਿਚ 'ਡੇਰਾ ਬਾਬਾ ਮੋਹਨ ਭੰਡਾਰੀ' ਦਾ ਸਿਰਨਾਵਾਂ ਲਿਖਦਾ। ਸਾਡੇ ਬਚਪਨ ਵਿਚ ਜਦੋਂ ਪਿੰਡਾਂ ਵਿਚ ਅਨਪੜ੍ਹ ਲੋਕ ਮਾਸਟਰ ਜਾਂ ਪਟਵਾਰੀ ਤੋਂ ਚਿੱਠੀ ਲਿਖਵਾਉਣ ਜਾਂਦੇ ਸਨ, ਉਹ ਪਹਿਲਾਂ ਆਪ ਹੀ 'ਜਹਾਂ ਪਰ ਖ਼ੈਰੀਅਤ ਹੈ ਔਰ ਆਪ ਕੀ ਖ਼ੈਰੀਅਤ ਪਰਮਾਤਮਾ ਜੀ ਸੇ ਨੇਕ ਚਾਹਤੇ ਹੈਂ, ਸੂਰਤ ਹਵਾਲ ਯਿਹ ਹੈ ਕਿ' ਲਿਖ ਕੇ ਚਿੱਠੀ ਲਿਖਵਾਉਣ ਆਏ ਮਾਈ-ਭਾਈ ਤੋਂ ਪੁਛਦਾ ਕਿ ਲਿਖਣਾ ਕੀ ਹੈ। ਇਸੇ ਮਾਸਟਰਾਨਾ-ਪਟਵਾਰੀਆਨਾ ਰੀਤ ਨੂੰ ਜੀਵਤ ਰਖਦਿਆਂ ਮੋਹਨ ਚਿੱਠੀ ਲਿਖਣੀ ਸ਼ੁਰੂ ਕਰਨ ਤੋਂ ਪਹਿਲਾਂ ਕਾਰਡ ਦੇ ਉਤਲੇ ਸੱਜੇ ਕੋਨੇ ਵਿਚ 'ਮਕਾਨ ਨੰ: 3284/1, ਅਗਵਾੜ 44 ਡੀ, ਬਾਮਕਾਮ ਚੰਡੀਗੜ੍ਹ, ਡਾਕਖਾਨਾ ਖ਼ਾਸ, ਤਸੀਲ-ਜ਼ਿਲਾ ਚੰਡੀਗੜ੍ਹ' ਲਿਖਣਾ ਨਹੀਂ ਸੀ ਭੁਲਦਾ। ਜਿਨ੍ਹਾਂ ਦੋਸਤਾਂ ਨੂੰ ਇਹਦੇ ਸਿਰਨਾਵੇਂ ਦਾ ਹੀ ਨਹੀਂ, ਇਹਦਾ ਵੀ ਨਹੁੰ-ਨਹੁੰ ਪਤਾ ਹੈ, ਉਨ੍ਹਾਂ ਨੂੰ ਵੀ ਇਹ ਚਿੱਠੀ ਇਉਂ ਹੀ ਲਿਖਦਾ। ਮੇਰਾ ਵਿਸ਼ਵਾਸ ਸੀ ਕਿ ਜੇ ਨਿਰਮਲ ਭਾਬੀ ਕੁਝ ਦਿਨਾਂ ਲਈ ਪੇਕੇ ਚਲੀ ਜਾਂਦੀ ਅਤੇ ਇਹਨੇ 'ਸਾਡਾ ਜੀਅ ਨਹੀਂ ਲਗਦਾ ਕੱਲਿਆਂ ਦਾ' ਦੱਸਣ ਲਈ ਚਿੱਠੀ ਲਿਖਣੀ ਹੁੰਦੀ, ਉਸ ਕਾਰਡ ਦੇ ਉਤਲੇ ਸੱਜੇ ਖੂੰਜੇ ਵਿਚ ਵੀ ਇਹ ਆਪਣਾ ਉਪਰੋਕਤ ਪੂਰਾ ਪਤਾ ਜ਼ਰੂਰ ਲਿਖਦਾ।

ਇਹਦੀ ਕੰਮਕਾਜੀ ਯਾਤਰਾ ਜਨਮ-ਸਥਾਨ ਬਨਭੌਰਾ ਤੋਂ ਨਿਵਾਸ-ਸਥਾਨ ਚੰਡੀਗੜ੍ਹ ਤੱਕ ਦੀ ਹੈ, ਜੋ ਕੁੱਲ ਸਵਾ-ਡੇਢ ਸੌ ਕਿਲੋਮੀਟਰ ਬਣਦੀ ਹੋਵੇਗੀ ਤੇ ਉਨ੍ਹਾਂ ਸਮਿਆਂ ਵਿਚ ਤਿੰਨ-ਚਾਰ ਘੰਟਿਆਂ ਵਿਚ ਪੂਰੀ ਹੋ ਗਈ ਹੋਵੇਗੀ। ਪਰ ਇਹਦੀ ਸਾਹਿਤਕ ਯਾਤਰਾ ਸਿੱਧਾ ਬੰਦਾ ਹੋਣ ਦੇ ਬਾਵਜੂਦ ਨੱਕ ਦੀ ਸੇਧ ਸਿੱਧੀ ਨਹੀਂ ਸੀ। ਇਹਨੇ ਪਹਿਲਾ ਸਾਹਿਤਕ ਕਦਮ 1953 ਵਿਚ ਨੌਵੀਂ ਵਿਚ ਪੜ੍ਹਦਿਆਂ ਲਿਖੀ ਕਹਾਣੀ 'ਅੰਧਵਾਟਾ' ਨਾਲ ਚੁੱਕਿਆ। ਬਹਾਦਰੀ ਇਹ ਕੀਤੀ ਕਿ ਪਿੰਡ ਦੀ ਕੁੜੀ ਦਾ ਨਾਂ ਵੀ ਅਸਲੀ ਲਿਖ ਦਿੱਤਾ ਤੇ ਦੇ ਵੀ ਉਹਨੂੰ ਹੀ ਦਿੱਤੀ। ਇਹਦਾ ਕਹਿਣਾ ਹੈ, 'ਮੈਂ ਸ਼ਹੀਦ ਹੁੰਦਾ-ਹੁੰਦਾ ਬਚਿਆ। ਹੁਣ ਤਾਂ ਉਹ ਕਹਾਣੀ ਵੀ ਕਿਥੇ ਬਚੀ ਹੋਣੀ ਐ। ਲਭਦੀ



ਮੋਹਨ ਭੰਡਾਰੀ

ਹੀ ਨਹੀਂ। ਹੁਣ ਤਾਂ ਕਹਾਣੀ ਦੀ ਨਾਇਕਾ ਵੀ ਬੁੜ੍ਹੀ ਹੋ ਗਈ। ਅਖ਼ਬਾਰ ਵਿਚ ਲੰਮੀ-ਚੌੜੀ ਇਸ਼ਤਿਹਾਰੀ ਟਿੱਪਣੀ ਛਾਪ ਦਿੱਤੀ, 'ਜੇ ਕਿਤੇ ਪੜ੍ਹਦੀ-ਸੁਣਦੀ ਹੋਵੇ ਤਾਂ ਮੇਰੀ ਕਹਾਣੀ ਮੋੜ ਦੇਵੇ।' ਪਰ ਜੀ ਕਿਥੇ!'

ਕਹਾਣੀ 'ਅੰਧਵਾਟਾ' ਨਾਲ 1953 ਦਾ ਤੁਰਿਆ ਆਖ਼ਰੀ ਕਹਾਣੀ-ਸੰਗ੍ਰਹਿ 'ਮੂਨ ਦੀ ਅੱਖ' ਤੱਕ ਇਹ 1993 ਵਿਚ ਪਹੁੰਚਿਆ, ਭਾਵ ਪੂਰੇ 40 ਸਾਲ ਦੀ ਯਾਤਰਾ! ਇਹ ਯਾਤਰਾ ਕਰਦਿਆਂ ਇਹਨੇ ਰਾਹ ਵਿਚ ਸਾਲਾਂ ਦੇ ਸਾਲ ਅਮਰੀਕਾ ਤੇ ਯੂਰਪ ਵਿਚ ਮਾਰਕ ਟਵੇਨ, ਐਚ. ਜੀ. ਵੈਲਜ਼, ਹੈਮਿੰਗਵੇ, ਸਰਮਸੈਟ ਮਾਮਮ, ਓ. ਹੈਨਰੀ, ਮੋਪਾਸਾਂ, ਕਾਮੂ ਅਤੇ ਹੋਰ ਅਨੇਕ ਲੇਖਕਾਂ ਨਾਲ ਬਿਤਾ ਛੱਡੇ। ਰੂਸ ਵਿਚ ਤਾਂ ਇਹ ਘਰ ਪਾ ਕੇ ਹੀ ਬੈਠ ਗਿਆ। ਟਾਲਸਟਾਇ, ਗੋਰਕੀ, ਦੋਸਤੋਵਸਕੀ, ਪਾਸਤੋਵਸਕੀ, ਚੈਖਵ, ਪਾਸਤਰਨਾਕ, ਸ਼ੋਲੋਖੋਵ, ਆਈਤਮਾਤੋਵ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ! ਉਹ ਆਉਣ ਦੇਣ ਤਾਂ ਇਹ ਆਵੇ। ਇਹਦਾ ਆਪਣਾ ਦਿਲ ਆਉਣ ਨੂੰ ਕਰੇ ਤਾਂ ਹੀ ਆਵੇ। ਦੇਸ ਪਰਤਿਆ ਤਾਂ ਬੰਬਈ ਤੇ ਲਾਹੌਰ ਤਾਂ ਰਾਹ ਵਿਚ ਆਉਣੇ ਹੀ ਹੋਏ, ਜਿੱਥੇ ਮੰਟੋ, ਕ੍ਰਿਸ਼ਨ ਚੰਦਰ, ਇਸਮਤ ਚੁਗਤਾਈ, ਰਾਜਿੰਦਰ ਸਿੰਘ ਬੇਦੀ, ਅਹਿਮਦ ਨਦੀਮ ਕਾਸਮੀ, ਬਲਵੰਤ ਸਿੰਘ ਤੇ ਹੋਰ ਕਿੰਨਿਆਂ ਰਹਿਣਾ ਸੀ। ਆਪਣੇ ਵਾਰਿਸ, ਬੁੱਲ੍ਹਾ, ਨਾਨਕ ਸਿੰਘ, ਵਿਰਕ ਆਦਿ ਨਾਲ ਮੁਲਾਕਾਤ ਹੋਣੀ ਤਾਂ ਸੁਭਾਵਿਕ ਹੀ ਸੀ। ਜੇ ਮੋਹਨ ਦੀ ਗਲਪ ਵਿਚ ਪਾਠਕ ਨੂੰ ਮੋਹਣ ਦੀ ਸ਼ਕਤੀ ਹੈ, ਉਹ ਇਨ੍ਹਾਂ ਸਾਰਿਆਂ ਦੀ ਅਸ਼ੀਰਵਾਦ ਤੇ ਸੰਗਤ ਸਦਕਾ ਹੈ। ਇਹਨੇ ਸ਼ਹਿਦ ਦੀ ਮੱਖੀ ਵਾਂਗ ਇਨ੍ਹਾਂ ਸਾਰੇ ਫੁੱਲਾਂ ਦਾ ਰਸ ਕਣੀ-ਕਣੀ ਕਰ ਕੇ ਆਪਣੀਆਂ ਕਹਾਣੀਆਂ ਦੇ ਮਖਿਆਲ ਵਿਚ ਸੰਜੋਇਆ-ਸਮੋਇਆ ਹੋਇਆ ਹੈ।

ਕਹਾਵਤ ਤਾਂ ਹੈ, ਬੁਰੀ ਸੰਗਤ ਦੇ ਬੁਰੇ ਨਤੀਜੇ, ਪਰ ਮੋਹਨ ਵਲੋਂ ਕੀਤੀ ਗਈ ਉਪਰੋਕਤ ਅਤੇ ਹੋਰ ਮਹਾਂਰਥੀਆਂ ਦੀ ਚੰਗੀ ਸੰਗਤ ਦਾ ਵੀ ਇਕ ਨਤੀਜਾ ਬੁਰਾ ਨਿਕਲਿਆ। ਇਹਨੇ ਮੰਚਾਂ ਉੱਤੇ ਅਤੇ ਮਹਿਫ਼ਲਾਂ ਵਿਚ ਮੋਹਨ ਭੰਡਾਰੀ ਨਾਂ ਦੇ ਲੇਖਕ ਦਾ ਬੋਲਣਾ ਹੀ ਬੰਦ ਕਰ ਦਿੱਤਾ। ਜਦੋਂ ਗੱਲ ਕਰਨੀ, ਬੁੱਲ੍ਹੇ ਨੇ ਬੇਦੀ ਨੂੰ ਐਹ ਕਿਹਾ, ਵੈਲਜ਼ ਨੇ ਵਿਰਕ ਨੂੰ ਇਕ ਚਿੱਠੀ ਵਿਚ ਐਹ ਲਿਖਿਆ, ਚੈਖਵ ਤੇ ਗੋਰਕੀ ਦੀ ਐਹ ਵਾਰਤਾਲਾਪ ਹੋਈ। ਇਸ ਸਾਰੀ ਕਿੱਸਾ-ਗੋਈ ਵਿਚਕਾਰ ਦਮ-ਘੁੱਟੇ ਮੋਹਨ ਭੰਡਾਰੀ ਦਾ ਸਾਹ ਸੌਖਾ ਕਰਨ ਲਈ ਆਖ਼ਰ ਮੈਨੂੰ ਇਹ ਡਰਾਵਾ ਦੇਣਾ ਪਿਆ, 'ਦੇਖ ਮੇਰੇ ਭਾਈ, ਜੇ ਤੂੰ ਇਸ ਦੁਨੀਆ-ਭਰ ਦੀ ਬਜ਼ੁਰਗ-ਮੰਡਲੀ ਦੀ ਭੀੜ ਵਿਚ ਬਿਚਾਰੇ ਭੰਡਾਰੀ ਨੂੰ ਬੋਲਣ ਹੀ ਨਹੀਂ ਦੇਣਾ, ਮੇਰਾ ਤੇਰੇ ਨਾਲ ਸਭਾਵਾਂ ਵਿਚ ਤੇ ਮਹਿਫ਼ਲਾਂ ਵਿਚ ਜਾਣਾ ਬੰਦ!'

ਮਹਿਫ਼ਲਾਂ ਤੋਂ ਇਕ ਗੱਲ ਦਾ ਚੇਤਾ ਆ ਗਿਆ। ਮੋਹਨ ਨੂੰ ਦਾਰੂ ਦਾ ਖ਼ਾਸਾ ਸ਼ੌਕ ਰਿਹਾ। ਜਦੋਂ ਇਹ ਪਟਿਆਲੇ ਪੜ੍ਹਦਾ ਸੀ, ਮੁੰਡਿਆਂ ਨੇ ਰਾਤ ਨੂੰ ਮਿਲ-ਬੈਠ ਕੇ ਦਾਰੂ ਪੀਤੀ। ਅਗਲੇ ਦਿਨ ਸੁਰਜੀਤ ਪਾਤਰ ਨੇ ਕਵਿਤਾ ਲਿਖੀ ਜਿਸ ਦਾ ਇਕ ਬੰਦ ਇਉਂ ਸੀ:

ਰਾਤ ਅਸੀਂ ਕੁਝ ਜ਼ਿਆਦਾ ਈ ਪੀ ਗਏ,
ਮੈਂ ਤੇ ਮੋਹਨ ਭੰਡਾਰੀ।
ਬਰਫ਼ ਪਿਘਲ ਕੇ ਪਾਣੀ ਹੋ ਗਈ,
ਦੋਨਾਂ ਦੀ ਮੱਤ ਮਾਰੀ, ਓ ਮੋਹਨ ਭੰਡਾਰੀ!

ਜਦੋਂ ਮੈਂ ਇਹਨੂੰ ਇਸ ਕਵਿਤਾ ਦੇ ਉਤਪਤੀ-ਵਿਗਿਆਨ ਬਾਰੇ ਪੁੱਛਿਆ, ਥੋੜ੍ਹਾ ਜਿਹਾ ਸ਼ਰਮਾ ਕੇ ਕਹਿੰਦਾ, 'ਅਸਲ ਵਿਚ ਦੋ ਘੁੱਟਾਂ ਲੱਗੀਆਂ ਵਿਚ ਮੈਂ ਐਵੇਂ ਹੀ ਕਿਸੇ ਗੱਲੋਂ ਪਾਤਰ ਨਾਲ ਰੁੱਸ ਗਿਆ। ਇਹ ਮਹਾਨ ਕਵਿਤਾ ਉਹਨੇ ਸਵੇਰੇ ਮੈਨੂੰ ਰਾਤ ਦੇ ਰੁੱਸੇ ਨੂੰ ਮਨਾਉਣ ਲਈ ਲਿਖੀ ਸੀ।'

ਦਾਰੂ ਪੀ ਕੇ ਇਹ ਬਿਲਕੁਲ ਵੱਖਰਾ ਮੋਹਨ ਭੰਡਾਰੀ ਬਣ ਜਾਂਦਾ ਹੈ, ਪੂਰੀ ਤਰ੍ਹਾਂ ਨਵਾਂ ਅਵਤਾਰ। ਦੋ ਕੁ ਵਾਰ ਇਹਦੀ ਦਾਰੂ ਦਾ ਤਜਰਬਾ ਮੈਨੂੰ ਵੀ ਹੋਇਆ। ਇਥੇ ਇਕ ਸ਼ਾਮ ਦੀ ਵਾਰਤਾ ਸੁਣਾਉਣੀ ਦਿਲਚਸਪ ਰਹੇਗੀ। ਇਹ ਓਦੋਂ ਦੀ ਗੱਲ ਹੈ ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ। ਫ਼ਾਈਵ ਸਟਾਰ ਟੈਲੀਵਿਜ਼ਨ ਵਾਲਾ ਹੁਕਮ ਸਿੰਘ ਭੱਟੀ ਪੱਕਾ ਪਾਰਟੀਬਾਜ਼ ਸੀ; ਕੋਈ ਬਹਾਨਾ ਮਿਲੇ ਸਹੀ, ਉਹ ਦੋਸਤ-ਮਿੱਤਰ ਇਕੱਠੇ ਕਰ ਲੈਂਦਾ। ਡਾਟ ਖੁਲ੍ਹਦੇ ਤੇ ਬਿਚਾਰੇ ਮੁਰਗਿਆਂ ਦੀਆਂ ਡਾਰਾਂ ਦੀ ਸ਼ਾਮਤ ਆਉਂਦੀ। ਇਕ ਅਜਿਹੇ ਸੁਹਾਵਣੇ ਦਿਨ ਇਹਦਾ ਫੋਨ ਆਇਆ, 'ਪਹਿਲਾਂ ਐਧਰ ਆ ਜਾਈਂ, ਇਥੋਂ ਭੱਟੀ ਦੇ ਘਰ ਚਲੇ ਚੱਲਾਂਗੇ।' ਭੱਟੀ ਦੀ ਕੋਠੀ ਦੇ ਇਹਦੇ ਦੱਸੇ ਇਸ ਰਾਹ ਨੇ ਇਕ ਬਿਲਕੁਲ ਹੀ ਅਣਕਿਆਸੀ ਹਾਲਤ ਪੈਦਾ ਕਰ ਦਿੱਤੀ। ਜਦੋਂ ਅਸੀਂ ਇਹਦੇ ਘਰੋਂ ਤੁਰਨ ਲੱਗੇ, ਨਿਰਮਲ ਭਾਬੀ ਕਹਿੰਦੀ, 'ਭਰਾ ਜੀ, ਹੁਣ ਸਰੀਰ ਬਹੁਤੀ ਦਾਰੂ ਝਲਦਾ ਨਹੀਂ, ਤੁਸੀਂ ਖ਼ਿਆਲ ਰੱਖਿਓ, ਬਹੁਤੀ ਨਾ ਪੀਣ।' ਇਹ ਇਸ ਤਰ੍ਹਾਂ ਸੀ ਜਿਵੇਂ ਕੋਈ ਸ਼ੇਰ ਮੂਹਰੇ ਮਾਸ ਰੱਖ ਕੇ ਆਖੇ, ਇਹਨੂੰ ਖਾਣ ਨਾ ਦੇਈਂ।

ਲੋਕ ਸਹਿਜ-ਭਾਅ ਬਣੀਆਂ ਟੋਲੀਆਂ ਵਿਚ ਬੈਠੇ ਸਨ। ਸਾਡੀ ਟੋਲੀ ਵਿਚ ਸੰਤੋਖ ਸਿੰਘ ਧੀਰ, ਜਸਬੀਰ ਭੁੱਲਰ ਤੇ ਦੋ-ਤਿੰਨ ਹੋਰ ਮੁਹਤਬਰ ਸੱਜਣ ਸਨ। ਪਰੇ ਮੇਜ਼ ਉੱਤੇ ਬੋਤਲਾਂ ਦੀ ਕਤਾਰ ਸਜੀ ਹੋਈ ਸੀ ਤੇ ਸਲੂਣਿਆਂ ਦੇ ਭੱਠਲ ਭਰੇ ਪਏ ਸਨ। ਪਹਿਲੇ ਹਾੜੇ ਮਗਰੋਂ ਜਦੋਂ ਮੈਂ ਇਹਦੇ ਗਲਾਸ ਵਿਚੋਂ ਹਰ ਵਾਰ ਅੱਧੀ ਦਾਰੂ ਕੱਢਣੀ ਸ਼ੁਰੂ ਕੀਤੀ, ਇਹਨੇ ਮੈਨੂੰ ਕੌੜ ਅੱਖਾਂ ਨਾਲ ਦੇਖਿਆ, ਸਾਡੀ ਟੋਲੀ ਵਿਚ ਬੈਠੇ ਹੋਰਾਂ ਉੱਤੇ ਨਜ਼ਰ ਘੁਮਾਈ, ਮਜਬੂਰੀ ਦਾ ਘੁੱਟ ਭਰ ਕੇ ਸਬਰ ਦਾ ਹੌਕਾ ਲਿਆ ਤੇ ਚੁੱਪ ਕਰ ਕੇ ਅੱਧੇ ਹਾੜੇ ਵਾਲਾ ਗਲਾਸ ਚੁੱਕ ਲਿਆ। ਜਿੰਨੀ ਕੁ ਗਲਾਸ ਵਿਚ ਪੱਲੇ ਪੈਂਦੀ, ਚੁੱਕ ਲੈਂਦਾ ਤੇ ਨਾਲ ਹੀ ਜ਼ਹਿਰੀ ਨਜ਼ਰਾਂ ਨਾਲ ਮੇਰੇ ਵੱਲ ਦੇਖਦਾ, ਪਰ ਮੈਂ ਕੋਣੇ ਵਿਚੋਂ ਦੀ ਦੇਖ ਕੇ ਪਹਿਲਾਂ ਹੀ ਮੂੰਹ ਦੂਜੇ ਪਾਸੇ ਕਰ ਲੈਂਦਾ। ਵਾਪਸੀ ਵੇਲੇ ਅਸੀਂ ਦੋਵੇਂ ਜਸਬੀਰ ਨਾਲ ਬੈਠ ਗਏ। ਕੁਝ ਇਹਦੇ ਅੰਦਰ ਰਿੱਝਦਾ ਦਿਸਦਾ ਸੀ ਪਰ ਇਹ ਬੁੱਲ੍ਹਾਂ ਨੂੰ ਨਸਵਾਰ ਵਾਲੀ ਡੱਬੀ ਵਾਂਗੂੰ ਘੁੱਟੀ ਬੈਠਾ ਸੀ। ਮੈਂ ਇਹਦੀ ਚੁੱਪ ਦਾ ਕਾਰਨ ਪੁੱਛ ਕੇ ਪੰਗਾ ਕਾਹਦੇ ਲਈ ਲੈਣਾ ਸੀ! ਜਿਉਂ ਹੀ ਮੈਂ ਉਤਰਿਆ, ਇਹਨੇ ਤਵੇ ਉੱਤੇ ਸੂਈ ਰੱਖ ਦਿੱਤੀ।

ਆਪਣੇ ਘਰ ਤੱਕ ਇਹ ਮੈਨੂੰ, ਖ਼ੈਰ ਗਾਲ੍ਹਾਂ ਤਾਂ ਨਹੀਂ, ਲਗਭਗ-ਗਾਲ੍ਹਾਂ ਦਿੰਦਾ ਗਿਆ, 'ਆਇਐ ਵੱਡਾ ਚੌਧਰੀ! ਮੇਰੀ ਦਾਰੂ 'ਤੇ ਸੈਂਸਰ ਬੋਰਡ ਬਣ ਕੇ ਬੈਠ ਗਿਆ! ਗੋਡੇ ਜਿੱਡੀ ਬੋਤਲ ਸਾਹਮਣੇ ਪਈ ਐ, ਮੋਹਨ ਤੂੰ ਨਾ ਹੋਰ ਪੀ। ਕਿਉਂ ਨਾ ਪੀਵੇ ਮੋਹਨ? ਮੈਨੂੰ ਅਡੀਟਰੀ ਦਿਖਾਉਂਦੈ। ਨਾ, ਤੂੰ ਅਡੀਟਰ ਹੋਵੇਂਗਾ ਤਾਂ ਆਬਦੇ ਦਫ਼ਤਰ ਹੋਵੇਂਗਾ, ਭਾਈ ਸਾਹਿਬ, ਮੈਂ ਨਹੀਂ ਮੰਨਦਾ ਤੇਰੀ ਅਡੀਟਰੀ ਦਾ ਰੁਅਬ! ਪੰਜਾਹ ਕਰ-ਕਰ ਛੱਡੀਆਂ ਨੇ ਮੈਂ ਇਹੋ ਜਿਹੀਆਂ ਅਡੀਟਰੀਆਂ! ਫੇਰ ਕੋਈ ਛੋਟੇ-ਵੱਡੇ ਦੀ ਸ਼ਰਮ ਨਹੀਂ, ਭਲਿਆਮਾਨਸਾ, ਪੂਰੇ ਕੱਤੀ ਦਿਨ ਵੱਡਾ ਹਾਂ ਮੈਂ ਤੈਥੋਂ। ਮੈਂ ਤਾਂ 14 ਫ਼ਰਵਰੀ ਨੂੰ ਹੀ ਜੰਮ ਪਿਆ ਸੀ, ਤੂੰ ਕਿਤੇ ਠਾਰਾਂ ਮਾਰਚ ਨੂੰ ਜਾ ਕੇ ਜੰਮਿਆ। ਜਦੋਂ ਮੇਰੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ, ਮਾਂ' ਬੱਚੇ-ਬੱਚੇ ਦੀ ਜ਼ਬਾਨ ਉੱਤੇ ਸੀ, ਤੈਨੂੰ ਕਹਾਣੀ ਲਿਖਣ ਵਾਸਤੇ ਕਲਮ ਫੜਨੀ ਨਹੀਂ ਸੀ ਆਉਂਦੀ। ਆਇਐ ਵੱਡਾ ਕਹਾਣੀਕਾਰ! ਗੋਡੇ ਜਿੱਡੀ ਬੋਤਲ ਵਿਚ ਦਾਰੂ ਬਚੀ ਛੱਡ ਕੇ ਆ ਗਏ, ਹੈ ਕੋਈ ਅਕਲ ਦੀ ਗੱਲ! ਉਹਨੇ ਤਾਂ ਨਹੀਂ ਸੋਚੀ, ਮੈਂ ਈ ਸਿਆਣਪ ਕਰ ਕੇ ਲੰਮੀ ਸੋਚ ਗਿਆ, ਬਈ ਚੱਲ ਦੋਸਤ ਐ ਆਪਣਾ। ਜੇ ਜੱਫੋ-ਜੱਫੀ ਵੀ ਹੋਣਾ ਹੋਵੇ, ਤੂੰ ਮੈਥੋਂ ਤਕੜਾ ਨਹੀਂ, ਭਾਈ ਸਾਹਿਬ, ਕਿਤੇ ਭੁਲੇਖੇ ਵਿਚ ਹੋਵੇਂ। ਦੱਸ ਦਿਆਂ ਮੈਂ ਤੈਨੂੰ!'

ਜਸਬੀਰ ਹੂੰ-ਹਾਂ ਕਰਦਾ ਰਿਹਾ ਕਿ ਕਿਤੇ ਇਹ ਇਤਰਾਜ਼ ਨਾ ਕਰੇ ਕਿ ਤੂੰ ਮੇਰੀ ਗੱਲ ਦਾ ਹੁੰਗਾਰਾ ਕਿਉਂ ਨਹੀਂ ਭਰਦਾ! ਸ਼ੁਕਰ-ਸ਼ੁਕਰ ਕਰ ਕੇ ਉਹਨੂੰ 44 ਸੈਕਟਰ ਆਇਆ। ਮੋਹਨ ਨੇ ਉਤਰ ਕੇ ਉਹਦੇ ਨਾਲ ਹੱਥ ਮਿਲਾਇਆ ਤੇ ਤੁਰਨ ਲੱਗੇ ਨੇ, ਪਤਾ ਨਹੀਂ ਆਪਣੇ ਆਪ ਨੂੰ ਕਿ ਜਸਬੀਰ ਨੂੰ ਸੁਣਾ ਕੇ ਬੁੜਬੁੜ ਕੀਤੀ, 'ਗੋਡੇ ਜਿੱਡੀ ਬੋਤਲ, ਓਵੇਂ ਦਿੱਸੀ ਜਾਂਦੀ ਐ, ਮੇਜ਼ 'ਤੇ ਪਈ। ਆਇਐ ਵੱਡਾ...'

ਦਾਰੂ ਨਾਲ ਗੱਲ ਤਾਂ ਇਸ਼ਕ ਦੀ ਵੀ ਜੁੜਦੀ ਹੈ, ਪਰ ਇਹ ਪੱਲਾ ਨਹੀਂ ਫੜਾਉਂਦਾ। ਇਕ ਵਾਰ ਇਹਨੇ ਕਿਤੇ ਲਿਖਿਆ, 'ਮੇਰੀ ਸ਼ੁਰੂ ਤੋਂ ਇਕੋ ਹੀ ਨੌਕਰੀ ਰਹੀ ਹੈ ਤੇ ਇਕੋ ਹੀ ਤੀਵੀਂ।' ਜਦੋਂ ਮੈਂ ਕਿਹਾ ਕਿ ਤੇਰੇ ਇਸ ਕਥਨ ਵਿਚੋਂ ਝੋਰਾ, ਪਛਤਾਵਾ, ਵਿਗੋਚਾ ਤੇ ਤਰਸੇਵਾਂ ਝਲਕਦੇ ਨੇ, ਝੱਟ ਨਵੇਂ ਅਰਥ ਕੱਢ ਦਿੱਤੇ, 'ਮੇਰਾ ਮਤਲਬ ਸੀ ਤੇ ਹੈ ਕਿ ਮੈਂ ਸਬਰ-ਸੰਤੋਖ ਵਾਲਾ ਬੰਦਾ ਹਾਂ, ਕਾਮਨਾ-ਗ੍ਰਸਤ ਨਹੀਂ!' ਮੈਂ ਆਖਿਆ, 'ਫੇਰ ਤੂੰ ਵੱਡੇ ਸੰਤੋਖੀ ਨੇ ਇਕ ਇੰਟਰਵਿਊ ਵਿਚ ਇਹ ਕਿਉਂ ਕਿਹਾ ਸੀ, 'ਬਾਹਰ ਜਿੰਨੇ ਮਰਜ਼ੀ ਚੁਹਲ-ਮੁਹਲ ਰੱਖੋ, ਆਖ਼ਰ ਆਉਣਾ ਤਾਂ ਘਰ ਹੀ ਹੈ'।' ਉਹ ਜ਼ੋਰ ਦੀ ਹੱਸਿਆ ਤੇ ਫਲਸਫਾ ਘੋਟਣ ਲੱਗਿਆ, 'ਓ ਭਾਈ ਸਾਹਿਬ, ਉਹ ਤਾਂ ਹੱਸਣ-ਖੇਡਣ ਮਨ ਕਾ ਚਾਉ ਵਾਲੀ ਬਾਤ ਹੈ। ਘਰ, ਦਰ ਤੇ ਡਰ ਜਿਥੇ ਸਾਨੂੰ ਘੇਰੀਂ ਰਖਦੇ ਨੇ, ਉਥੇ ਨਿੱਘੀ ਪਨਾਹ ਵੀ ਦਿੰਦੇ ਨੇ। ਮੀਆਂ-ਬੀਵੀ ਦੇ ਆਪਸੀ ਵਿਸ਼ਵਾਸ ਸਾਹਮਣੇ ਇਹੋ ਜਿਹੇ ਸਵਾਲਾਂ ਤੇ ਇਕਬਾਲਾਂ ਦੀ ਕੀ ਵੱਟੀਦੀ ਐ! ਨਾਲੇ ਮਾਸ਼ੂਕ ਦਾ ਘਰ ਮਿਲਣਾ ਏਨਾ ਸੌਖਾ ਨਹੀਂ ਭਾਈ। ਮੈਂ ਤਾਂ ਇਹ ਸੱਚ ਪੰਜਾਹ ਸਾਲ ਪਹਿਲਾਂ ਹੀ, ਜਦੋਂ ਦਾਸ ਕਵਿਤਾ ਲਿਖਦਾ ਹੁੰਦਾ ਸੀ, ਇਕ ਕਵਿਤਾ ਵਿਚ ਉਚਰ ਦਿੱਤਾ ਸੀ:

ਭਾਲ ਥੱਕੇ ਹਾਂ ਬੜਾ, ਤੇਰਾ ਘਰ ਨਹੀਂ ਮਿਲਦਾ।
ਤੇਰਾ ਘਰ ਮਿਲਦਾ ਹੈ, ਤਾਂ ਤੂੰ ਘਰ ਨਹੀਂ ਮਿਲਦਾ।
ਜੀਹਨੂੰ ਮਿਲਦੈਂ ਤੂੰ ਬੱਸ ਐਵੇਂ ਹੀ ਮਿਲ ਜਾਨੈਂ,
ਜੀਹਨੂੰ ਨਹੀਂ ਮਿਲਦਾ, ਉਮਰ ਭਰ ਨਹੀਂ ਮਿਲਦਾ!'

ਫੇਰ ਇਹਨੇ ਸ਼ਰਾਫ਼ਤ ਦੇ ਉਹ ਸਰਟੀਫ਼ਿਕੇਟ ਦਿਖਾਉਣੇ ਸ਼ੁਰੂ ਕਰ ਦਿੱਤੇ ਜੋ ਲੇਖਿਕਾਵਾਂ ਨੇ ਦਿੱਤੇ ਸਨ, 'ਇਕ ਲੇਖਿਕਾ ਦਾ ਕਥਨ ਤਾਂ ਤੂੰ ਵੀ ਜਾਣਦਾ ਹੈਂ। ਤੂੰ ਉਹਦੇ ਬਾਰੇ ਓਦੋਂ ਵੀ ਮੈਥੋਂ ਸਫ਼ਾਈ ਮੰਗੀ ਸੀ। ਉਸ ਮਿਹਰਬਾਨ ਨੇ ਵਰਨਣ ਕੀਤਾ ਸੀ ਕਿ 'ਮੋਹਨ ਭੰਡਾਰੀ ਏਨਾ ਸਾਊ, ਕੂਲਾ, ਮਾਸੂਮ,

ਹਲੀਮ ਤੇ ਮਿੱਠ-ਬੋਲੜਾ ਹੈ ਕਿ ਇਹਦਾ ਨਾਂ ਤਾਂ ਭੋਲਾ ਭੰਡਾਰੀ ਹੋਣਾ ਚਾਹੀਦਾ ਸੀ।' ਇਕ ਹੋਰ ਲੇਖਿਕਾ ਦਾ ਈਮਾਨਦਾਰ ਮੱਤ ਸੀ, 'ਮੋਹਨ ਭੰਡਾਰੀ ਥਰੀ ਇਨ ਵਨ ਹੈ, ਚੰਚਲ ਪ੍ਰਕਿਰਤੀ, ਸਾਧੂ ਬਿਰਤੀ ਤੇ ਹੱਥਾਂ ਦਾ ਕਿਰਤੀ!' ਏਨੇ ਕੀਮਤੀ ਸਰਟੀਫ਼ਿਕੇਟ ਐਵੇਂ ਨਹੀਂ ਮਿਲਦੇ, ਭਾਈ, ਸ਼ਰੀਫ਼-ਸਾਊ ਬਣਨਾ ਪੈਂਦਾ ਹੈ, ਜੇ ਨਾ ਬਣਿਆ ਜਾਵੇ, ਘੱਟੋ-ਘੱਟ ਸ਼ਰੀਫ਼-ਸਾਊ ਦਿੱਸਣਾ ਤਾਂ ਪੈਂਦਾ ਹੀ ਹੈ।'

ਇਹ ਜ਼ਿੰਦਗੀ ਦੇ ਵਿਸ਼ਾਲ ਪਿੜ ਵਿਚੋਂ ਛਾਂਟ-ਛਾਂਟ ਕੇ ਵਿਸ਼ੇ ਚੁਣਨ ਦਾ ਉਸਤਾਦ ਹੈ। ਇਨ੍ਹਾਂ ਵਿਸ਼ਿਆਂ ਨੂੰ ਇਹ ਸਰਲ ਜ਼ਬਾਨ, ਦਿਲਚਸਪ ਬਿਆਨ, ਸੁਭਾਵਿਕ ਮੋੜਾਂ ਅਤੇ ਸਫਲ ਨਿਭਾਅ ਨਾਲ ਪੇਸ਼ ਕਰਦਾ ਹੈ। ਇਹਦੇ ਬਹੁਤੇ ਪਾਤਰ, ਇਸਤਰੀਆਂ ਵੀ ਅਤੇ ਪੁਰਸ਼ ਵੀ, ਸਮੇਂ ਅਤੇ ਸਮਾਜ ਦੇ ਦਰੜੇ ਹੋਏ ਹਨ। ਇਹ ਉਹ ਲੋਕ ਹਨ ਜੋ ਨਾਲੀ ਦੇ ਕੀੜਿਆਂ ਵਰਗੀ ਆਪਣੀ ਜ਼ਿੰਦਗੀ ਉਤੇ ਝਾਤ ਪਾਉਂਦੇ ਹਨ, ਤਾਂ ਉਨ੍ਹਾਂ ਦੀਆਂ ਆਪਣੀਆਂ ਛੱਤਾਂ ਵਿਚੋਂ ਹੀ ਮਿੱਟੀ ਡਿੱਗ-ਡਿੱਗ ਕੇ ਉਨ੍ਹਾਂ ਦੇ ਸਿਰ ਭਰਦੀ ਰਹਿੰਦੀ ਹੈ। ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਮਰਿਆਂ ਪੰਦਰਾਂ-ਪੰਦਰਾਂ ਸਾਲ ਹੋ ਗਏ ਹਨ, ਪਰ ਜਿਨ੍ਹਾਂ ਦੇ ਸਿਵੇ ਅਜੇ ਤੱਕ ਨਹੀਂ ਬਲੇ। ਇਹ ਉਹ ਲੋਕ ਹਨ ਜਿਨ੍ਹਾਂ ਦੀ ਬੱਸ ਇਕੋ ਤਾਂਘ ਹੈ ਕਿ ਕੋਈ ਤਾਂ ਉਨ੍ਹਾਂ ਨੂੰ ਪਛਾਣੇ। ਤੇ ਜਦੋਂ ਉਹ ਵੇਖਦੇ ਹਨ ਕਿ ਉਨ੍ਹਾਂ ਨੂੰ ਜਿਉਂਦੇ-ਜੀਅ ਪਛਾਣਨ ਵਾਲਾ ਕੋਈ ਨਹੀਂ ਮਿਲਣ ਲੱਗਿਆ ਤਾਂ ਉਨ੍ਹਾਂ ਦੀ ਸੱਧਰ ਇਉਂ ਪਰਗਟ ਹੁੰਦੀ ਹੈ: 'ਮੈਂ ਸੜਕ ਉਤੇ ਮਰਨਾ ਪਸੰਦ ਕਰਦਾ ਹਾਂ। ਹਨੇਰੇ 'ਚ ਮੇਰੀ ਲਾਸ਼ ਪਈ ਹੋਵੇ। ਲੋਕ ਮੇਰੇ ਮੂੰਹ ਉਤੇ ਬੈਟਰੀਆਂ ਦਾ ਚਾਨਣ ਸੁੱਟਣ ਤੇ ਪਛਾਣਨ ਦੀ ਕੋਸ਼ਿਸ਼ ਕਰਨ...ਮਰਨ ਤੋਂ ਪਿਛੋਂ ਤਾਂ ਪਛਾਣਨਗੇ ਹੀ ਨਾ!'

ਇਹਦੀ ਸਾਰੀ ਉਮਰ ਡੀ. ਪੀ. ਆਈ. ਦੇ ਦਫ਼ਤਰ ਵਿਚ ਨੌਕਰੀ ਕਰਦਿਆਂ ਲੰਘੀ ਜਿਥੇ ਇਹਦਾ ਵਾਹ ਦੀਨ-ਦੁਖਿਆਰੇ ਅਧਿਆਪਕਾਂ ਤੇ ਕਲਰਕਾਂ ਨਾਲ ਪੈਂਦਾ। ਇਸੇ ਕਰਕੇ ਇਹਨੇ ਆਪਣੀ ਰਚਨਾ ਵਿਚ ਗੱਲ ਹਮੇਸ਼ਾ ਦੱਬਿਆਂ-ਕੁਚਲਿਆਂ ਦੀ ਕੀਤੀ। ਪਰ ਸਿਰਫ਼ ਲੋਕ-ਹਿਤੈਸ਼ੀ ਸਾਹਿਤ ਨੂੰ ਸਮਰਪਿਤ ਰਹਿੰਦਿਆਂ ਸਰਗਰਮ ਰਾਜਨੀਤੀ ਤੋਂ ਇਹ ਕੋਹਾਂ ਦੂਰ ਰਿਹਾ। ਇਕ ਵਾਰ ਇਕ ਸੱਜਨ ਨੇ ਪੁੱਛਿਆ, 'ਭੰਡਾਰੀ ਜੀ, ਤੁਸੀਂ ਕਾਂਗਰਸ ਵਿਚ ਹੋ ਜਾਂ ਜਨਤਾ ਪਾਰਟੀ ਵਿਚ? ਸੀ.ਪੀ.ਐਮ. ਵਿਚ ਹੋ ਕਿ ਸੀ.ਪੀ.ਆਈ. ਵਿਚ?' ਇਹਦਾ ਉੱਤਰ ਸੀ, 'ਡੀ.ਪੀ.ਆਈ. ਵਿਚ!'

ਜੇ ਉਹਨੂੰ ਕਿਸੇ ਚਾਪਲੂਸ ਸਾਹਿਤਕ ਥਾਂ ਲਿਜਾਣ ਲਈ ਕੋਈ ਆਦਮੀ ਹੈਲੀਕਾਪਟਰ ਵੀ ਲਿਆਵੇ, ਇਹ ਦੇਹਲੀ ਨਾਲ ਅੱਡੀ ਅੜਾ ਲੈਂਦਾ ਹੈ, ਪਰ ਜਿਥੇ ਜਾਣਾ ਪੁਗਦਾ ਹੋਵੇ, ਇਹ ਸੜਕ ਦੇ ਕਿਨਾਰੇ-ਕਿਨਾਰੇ ਕਈ-ਕਈ ਕੋਹ ਪੈਦਲ ਤੁਰ ਪੈਂਦਾ ਹੈ, ਜਾਂ ਬਾਹਰਲੀ ਸੜਕ ਉਤੇ ਆ ਕੇ ਰਿਕਸ਼ੇ ਵਿਚ ਬੈਠਦਾ ਹੈ ਅਤੇ ਆਦੇਸ਼ ਦਿੰਦਾ ਹੈ, 'ਚੱਲ ਬਈ ਮਿੱਤਰਾ!' ਇਹ ਇਸ ਲਈ ਕਿਉਂਕਿ ਇਹ ਸਕੂਟਰ-ਕਾਰ ਚਲਾਉਣ ਵਾਲੇ ਆਦਮੀ ਨੂੰ ਦੁਨੀਆ ਦਾ ਸਭ ਤੋਂ ਵੱਡਾ ਹੁਨਰਮੰਦ ਵਿਅਕਤੀ ਮੰਨਦਾ ਹੈ ਅਤੇ ਹਉਕਾ ਲੈ ਕੇ ਪੁਛਦਾ ਹੈ: 'ਜਾਰ, ਕੋਈ ਸਵਾਰੀ ਲੈ ਤਾਂ ਲੈਂਦੇ ਪਰ ਰੱਬ ਨੇ ਮੈਨੂੰ ਇਹ ਚਲਾਉਣ ਦਾ ਹੁਨਰ ਚੁਟਕੀ-ਭਰ ਵੀ ਕਾਹਤੋਂ ਨਹੀਂ ਦਿੱਤਾ?' ਕਦੇ ਜਵਾਨੀ ਵਿਚ ਇਹਨੇ ਹੋਰ ਇੱਲਤਾਂ ਵਾਂਗ ਸਾਈਕਲ ਚਲਾਉਣਾ ਸਿੱਖਿਆ ਸੀ, ਜਵਾਨੀ ਢਲਦਿਆਂ ਹੀ ਦੂਜੀਆਂ ਇੱਲਤਾਂ ਵਾਂਗ ਉਹ ਵੀ ਭੁੱਲ ਗਿਆ।

ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਕਰਨ ਵਾਲੀ ਇਹਦੀ ਪੁਸਤਕ 'ਮੂਨ ਦੀ ਅੱਖ' ਨੂੰ ਪੰਜਾਬੀ ਦੇ ਇਕ ਅਖ਼ਬਾਰ ਨੇ ਇਹ ਖ਼ਬਰ ਛਾਪਣ ਸਮੇਂ 'ਮਨ ਦੀ ਅੱਖ' ਛਾਪ ਦਿੱਤਾ। ਪੜ੍ਹ ਕੇ ਲੱਗਿਆ, ਅਖ਼ਬਾਰ ਦੀ ਇਹ ਗ਼ਲਤੀ ਕਿੰਨੀ ਸਹੀ ਹੈ। ਮੋਹਨ ਉਹੋ ਲਿਖਦਾ ਹੈ ਜੋ ਉਹਦੀ ਮਨ ਦੀ ਅੱਖ ਦੇਖਦੀ ਅਤੇ ਦਸਦੀ ਹੈ। ਇਹਨੇ ਕਦੀ ਕੇਵਲ ਬਾਹਰਲੀਆਂ ਅੱਖਾਂ ਨਾਲ ਦੇਖਿਆ ਹੋਇਆ ਨਹੀਂ ਲਿਖਿਆ। ਇਹਦਾ ਸਾਹਿਤ-ਗੀਤ 'ਮਨ ਕੀ ਆਂਖੇਂ ਖੋਲ੍ਹ, ਬਾਬਾ, ਮਨ ਕੀ ਆਂਖੇਂ ਖੋਲ੍ਹ' ਹੈ। ਤੇ ਇਕ ਵਾਰ ਮਨ ਦੀਆਂ ਅੱਖਾਂ ਸਾਹਮਣੇ ਕੁਝ ਵਾਪਰ ਜਾਵੇ ਤਾਂ ਚਮੇਲੀ ਦੀਆਂ ਕਲੀਆਂ ਦੀ ਚੰਗੇਰ ਲੈ ਕੇ ਬੈਠੀ ਮਾਲਣ ਦੇ ਹਾਰ ਗੁੰਦਣ ਵਾਂਗ ਇਹ ਛੋਟੇ-ਛੋਟੇ, ਸਰਲ-ਸਵਾਹਰੇ ਵਾਕ ਜੋੜ-ਜੋੜ ਕੇ ਕਹਾਣੀ ਸਿਰਜਦਾ ਹੈ। ਕੋਈ ਕਾਹਲ ਨਹੀਂ, ਕੋਈ ਚਲਾਊ ਕੰਮ ਨਹੀਂ। ਇਕ ਕਹਾਣੀ ਨੂੰ ਨਿੰਮਣ ਤੋਂ ਲੈ ਕੇ ਜੰਮਣ ਤੱਕ ਹਫ਼ਤੇ ਵੀ ਲੱਗ ਸਕਦੇ ਹਨ, ਮਹੀਨੇ ਵੀ ਤੇ ਵਰ੍ਹੇ ਵੀ। ਜੇ ਪੂਰਾ ਹੋਣਾ ਉਡੀਕਦੀ ਕਹਾਣੀ ਦਾ ਜਾਣਕਾਰ ਕੋਈ ਸਾਹਿਤਕਾਰ ਦੋਸਤ ਜਾਂ ਕੋਈ ਸੰਪਾਦਕ ਉਹਨੂੰ ਛੇਤੀ ਸਿਰੇ ਲਾਉਣ ਲਈ ਜ਼ੋਰ ਪਾਵੇ, ਇਹ ਬਹੁਤ ਠਰ੍ਹੰਮੇ ਨਾਲ ਪੁੱਛੇਗਾ, 'ਕਿਉਂ, ਬੀਰ, ਅੱਜ ਪਰਲੋ ਆਉਣ ਵਾਲੀ ਐ ਬਈ ਭਲਕੇ ਦਾ ਦਿਨ ਨਹੀਂ ਚੜ੍ਹਨਾ।'

ਇਉਂ ਮਠਾਰ-ਮਠਾਰ ਕੇ ਲਿਖੀ ਹੋਈ ਕਹਾਣੀ ਉੱਤੇ ਇਹਨੂੰ ਵਾਜਬ ਮਾਣ ਹੁੰਦਾ ਹੈ। ਆਖਰ ਇਹ ਅਨੇਕ ਭਾਸ਼ਾਵਾਂ ਦੇ ਵੱਡੇ-ਵੱਡੇ ਕਹਾਣੀਕਾਰਾਂ ਦਾ ਵਾਰਸ ਜੋ ਆਪਣੇ ਆਪ ਨੂੰ ਸਮਝਦਾ ਹੈ। ਇਹ ਚੰਗਾ ਲਿਖਣ ਵਾਲਿਆਂ ਨੂੰ ਤਾਂ ਸਲਾਮ ਕਰਨ ਲਈ ਤਿਆਰ ਹੀ ਨਹੀਂ, ਉਤਾਵਲਾ ਵੀ ਹੋਇਆ ਰਹਿੰਦਾ ਹੈ, ਪਰ ਕਿਸੇ ਸਭਾ ਜਾਂ ਮਹਿਫ਼ਲ ਵਿਚ ਕਿਸੇ ਲੰਡੂ ਕਹਾਣੀਕਾਰ ਦੀ ਫੋਕੀ ਵਡਿਆਈ ਸੁਣ ਕੇ ਪੁੱਛੇਗਾ, 'ਇਹ ਕੌਣ ਹੋਇਆ, ਬੀਰ, ਇਹ ਕਦੋਂ ਜੰਮ ਪਿਆ?' ਪਰ ਦੂਜੇ ਪਾਸੇ ਸਨਿਮਰ! ਸਨਿਮਰ ਕਾਹਦਾ, ਭੋਲਾ-ਭੰਡਾਰੀ ਕਹੀਏ! ਜਦੋਂ ਪੁਸਤਕ 'ਮੂਨ ਦੀ ਅੱਖ' ਛਪਣੀ ਸੀ ਜਿਸ ਨੂੰ ਅੱਗੇ ਚੱਲ ਕੇ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ, ਮੈਨੂੰ ਚਿੱਠੀ ਆਈ, 'ਆਰਸੀ ਪਬਲਿਸ਼ਰਜ਼ ਵਾਲੇ ਤੈਨੂੰ ਮੇਰੇ ਨਵੇਂ ਛਪ ਰਹੇ ਕਹਾਣੀ-ਸੰਗ੍ਰਹਿ ਦੇ ਫਰਮੇ ਭੇਜ ਦੇਣਗੇ। ਮੇਰੇ ਬਾਰੇ ਜਾਣਕਾਰੀ ਦਾ ਇਕ-ਅੱਧ ਸਫ਼ਾ ਤੂੰ ਲਿਖ ਦੇਵੀਂ। ਮੈਂ ਆਪਣੇ ਵਲੋਂ ਪੁਸਤਕ ਵਿਚ, ਕਹਾਣੀਆਂ ਤੋਂ ਬਿਨਾਂ, ਕੁਝ ਨਹੀਂ ਛਾਪਣਾ। ਤੂੰ ਲਿਖੇਂਗਾ ਤਾਂ ਉਸੇ ਵਿਚ ਸਭ ਕੁਝ ਆ ਜਾਵੇਗਾ।'

ਜਾਣਕਾਰੀ ਕਰਵਾਏ ਜਾਣ ਦੀ ਇਹਦੀ ਇੱਛਾ ਉਤੇ ਮੈਂ ਅੰਦਰ ਹੀ ਅੰਦਰ ਹੱਸਿਆ। ਇਹ ਉਮਰ ਦੇ ਪੱਖੋਂ ਮੇਰਾ ਹਾਣੀ, ਕਹਾਣੀ ਦੇ ਪੱਖੋਂ ਸਮਕਾਲੀ ਅਤੇ ਰਿਸ਼ਤੇ ਦੇ ਪੱਖੋਂ ਦੋਸਤ ਹੈ। ਇਸ ਪ੍ਰਸੰਗ ਵਿਚ ਛੋਟੇ-ਵੱਡੇ ਵਾਲੀ ਗੱਲ ਨਾ ਕੋਈ ਹੈ, ਨਾ ਅਸੀਂ ਕਦੇ ਸੋਚੀ ਹੈ। ਜਾਣਕਾਰੀ ਤਾਂ ਕਿਸੇ ਛੋਟੇ ਲੇਖਕ ਬਾਰੇ ਕੋਈ ਵੱਡਾ ਲੇਖਕ ਦਿੰਦਾ ਹੈ। ਪਰ ਮੇਰੀ ਝਿਜਕ ਦੇ ਟਾਕਰੇ ਦੀ ਹੀ ਉਹਦੀ ਜ਼ਿਦ ਸੀ। ਆਖ਼ਰ ਉਹਦੀ ਨਿਆਣਿਆਂ ਵਾਲੀ ਰਿਹਾੜ ਅੱਗੇ ਮਜਬੂਰ ਹੋ ਕੇ ਮੈਂ ਜੋ ਦੋ ਪੰਨੇ ਲਿਖੇ, ਉਨ੍ਹਾਂ ਵਿਚ ਉਹਦੇ ਬਾਰੇ ਇਹ ਵੀ ਆਖਿਆ, 'ਜੇ ਪੰਜਾਬੀ ਸਾਹਿਤ ਨੂੰ ਇਕ ਫੁਲਵਾੜੀ ਨਾਲ ਤੁਲਨਾ ਦੇਣੀ ਹੋਵੇ, ਮੋਹਨ ਤਾਂ ਉਹਦੀ ਗਲਪ-ਕਿਆਰੀ ਦਾ ਇਕ ਇਕੋਤਰ ਸੌ ਪੱਤੀਆ ਗੁਲਾਬ ਹੈ।'

ਮੋਹਨ ਨੇ ਸਾਰੀ ਜ਼ਿੰਦਗੀ ਕਹਾਣੀਆਂ ਤੋਂ ਬਿਨਾਂ ਮੌਲਕ ਹੋਰ ਕੁਝ ਨਹੀਂ ਲਿਖਿਆ, ਕਦੇ ਕਿਤੇ ਬਹੁਤੇ ਉਛਾਲੇ ਵਿਚ ਆ ਕੇ ਜਾਂ ਕਿਸੇ ਮਜਬੂਰੀ ਵਿਚ ਫਸ ਦੇ ਇੱਕਾ-ਦੁੱਕਾ ਕਲਮੀ ਚਿੱਤਰ ਭਾਵੇਂ ਲਿਖ ਦਿੱਤੇ ਹੋਣ। ਮੇਰੇ ਨਿੱਜੀ ਘੇਰੇ ਵਿਚਲੇ ਕੁਝ ਲੇਖਕਾਂ ਦੇ ਕਲਮੀ ਚਿਤਰਾਂ ਦੀ ਮੇਰੀ ਪੁਸਤਕ 'ਨੇੜੇ ਨੇੜੇ' ਛਪੀ ਤਾਂ ਇਹਨੂੰ ਕੁਝ ਵਧੇਰੇ ਹੀ ਚਾਅ ਚੜ੍ਹ ਗਿਆ। ਚਿੱਠੀ ਵਿਚ ਕਹਿੰਦਾ, ਇਹਦੇ ਬਾਰੇ ਇਕ ਰਸਾਲੇ ਵਿਚ ਮੈਂ ਲਿਖੂੰ। ਤੇ ਫੇਰ ਇਹ ਚਿੱਠੀਆਂ ਵਿਚ ਲਿਖਣ ਬਾਰੇ ਸੋਚ ਰਹੇ ਹੋਣ, ਵਿਉਂਤ ਬਣਾ ਰਹੇ ਹੋਣ, ਤਿਆਰੀ ਕਰ ਰਹੇ ਹੋਣ, ਵਿਚਾਰ ਬੀੜ ਰਹੇ ਹੋਣ ਦੀਆਂ ਸੂਚਨਾਵਾਂ ਭੇਜਦਾ ਰਿਹਾ। ਚਿੱਠੀ ਪੜ੍ਹ ਕੇ ਮੇਰੇ ਉਹ ਮਰਾਸੀ ਯਾਦ ਆ ਜਾਂਦਾ ਜੋ ਝਖੇੜੇ ਨਾਲ ਬੁਰੀ ਤਰ੍ਹਾਂ ਉਲਝੇ ਹੋਏ ਗੁਆਰੇ ਦੇ ਖੇਤ ਦੇ ਦੁਆਲੇ ਸਾਰਾ ਦਿਨ ਦਾਤੀ ਹੱਥ ਵਿਚ ਫੜ ਕੇ ਗੇੜੇ ਕਢਦਾ ਰਿਹਾ ਸੀ ਤੇ ਉਹਨੂੰ ਇਹ ਨਹੀਂ ਸੀ ਸੁੱਝ ਰਿਹਾ ਕਿ ਪਹਿਲੀ ਦਾਤੀ ਕਿੱਥੇ ਪਾਵੇ! ਮੈਂ ਇਹਦੀ ਬਾਕੀ ਦੀ ਚਿੱਠੀ ਦਾ ਜਵਾਬ ਦੇ ਦਿੰਦਾ ਅਤੇ ਇਸ ਗੱਲ ਉਤੇ ਹੱਸ ਛਡਦਾ।

ਇਕ ਵਾਰ ਮੈਂ ਮਿਲਣ ਗਿਆ ਤਾਂ ਨਿਰਮਲ ਭਾਬੀ ਬੋਲੀ, 'ਭਰਾ ਜੀ, ਇਨ੍ਹਾਂ ਦੀ ਬਾਂਹ ਪੱਥਰ ਹੇਠੋਂ ਕੱਢੋ।...ਗੱਤੇ ਉਤੇ ਕਾਗਜ਼ ਲਾ ਕੇ ਪੈਨ ਰੱਖ ਕੇ ਥੋਡੀ ਕਿਤਾਬ ਲੈ ਕੇ ਬੈਠ ਜਾਂਦੇ ਨੇ। ਮੈਥੋਂ ਬਿੰਦੇ-ਝੱਟੇ ਚਾਹ ਕਰਵਾਉਂਦੇ ਰਹਿੰਦੇ ਨੇ ਤੇ ਸਿਗਰਟਾਂ ਫੂਕਦੇ ਰਹਿੰਦੇ ਨੇ। 'ਨੇੜੇ ਨੇੜੇ' ਬਾਰੇ ਲਿਖਦੇ ਕੁਛ ਨਹੀਂ ਤੇ ਕਹਿੰਦੇ ਨੇ, ਜਿੰਨਾ ਚਿਰ ਗੁਰਬਚਨ ਦੀ ਕਿਤਾਬ ਬਾਰੇ ਨਹੀਂ ਲਿਖ ਲੈਂਦਾ, ਹੋਰ ਕੁਛ ਨਹੀਂ ਲਿਖਣਾ। ਹੁਣ ਤਾਂ ਚਿੱਠੀਆਂ ਵੀ ਨਹੀਂ ਲਿਖਦੇ।'

ਮੈਨੂੰ ਉਹਦੀ ਦਰਦਨਾਕ ਸੰਕਟੀ ਹਾਲਤ ਉਤੇ ਤਰਸ ਆਇਆ ਤੇ ਮੈਂ ਆਖਿਆ, 'ਮੋਹਨ ਭੰਡਾਰੀ, ਜਾਹ ਮੈਂ ਤੈਨੂੰ ਤੇਰੇ ਹੀ ਵਚਨ ਤੋਂ ਮੁਕਤ ਕੀਤਾ।'

ਮੈਂ 'ਪੰਜਾਬੀ ਟ੍ਰਿਬਿਊਨ' ਵਿਚ ਪਹੁੰਚਿਆ ਤਾਂ ਪਹਿਲੀ ਮਿਲਣੀ ਵਿਚ ਹੀ ਜ਼ੋਰ ਪਾਇਆ, 'ਮੋਹਨ, ਹੁਣ ਤੂੰ ਮੇਰੇ ਲਈ ਲਿਖਣੈਂ, ਲਗਾਤਾਰ। ਕੀ ਲਿਖਣੈਂ, ਇਹ ਤੂੰ ਆਪੇ ਸੋਚ।'


ਉਹ ਅੱਖਾਂ ਵਿਚ ਅਤੇ ਬੁੱਲ੍ਹਾਂ ਵਿਚ ਸ਼ਰਾਰਤ ਲਿਆ ਕੇ ਬੋਲਿਆ, 'ਇਹ ਤੂੰ ਕਹਿਨੈਂ, ਬੀਰ? ਯਾਦ ਐ, ਉਹ ਗੱਲ, 'ਨੇੜੇ ਨੇੜੇ' ਵਾਲੀ!'

ਚਾਹ ਫੜਾਉਂਦੀ ਨਿਰਮਲ ਭਾਬੀ ਪ੍ਰੇਸ਼ਾਨ ਹੋ ਉੱਠੀ, 'ਭਰਾ ਜੀ, ਫੇਰ ਇਨ੍ਹਾਂ ਦੀ ਬਾਂਹ ਪੱਥਰ ਹੇਠ ਦੇਣ ਲੱਗੇ ਹੋ!'

ਪਰ ਇਸ ਵਾਰ ਮੋਹਨ ਨੇ ਪੱਥਰ ਨੂੰ ਪੈਰ ਨਾਲ ਪਰ੍ਹੇ ਧੱਕ ਕੇ ਬਾਂਹ ਬਚਾ ਲਈ ਅਤੇ ਅਜਿਹਾ ਕਲਮ-ਕਸਾ ਕੀਤਾ ਕਿ ਖੱਟਰ ਵਹਿੜਕੇ ਵਾਂਗ ਨੱਥ ਖਿੱਚ-ਖਿੱਚ ਕੇ ਬੁਚਕਾਰਨਾ ਪੈਂਦਾ, 'ਮੋਹਨ, ਬੱਸ, ਸਾਢੇ ਤਿੰਨ ਪੰਨੇ ਹੋਣ।'

ਉਹ ਹਸਦਾ, 'ਬੀਰ, ਮਹਿੰਗੇ ਭਾਅ ਦਾ ਕਾਗਜ਼, ਸਾਢ ਪਾ ਕੇ ਅੱਧਾ ਖਾਲੀ ਕਿਉਂ ਛੱਡਣੈਂ, ਚਾਰੇ ਭਰਾਂਗੇ। ਸਗੋਂ ਇਕ ਪੰਨਾ ਹੋਰ, ਕੁੱਲ ਬੱਸ ਪੰਜ ਸਲਿੱਪਾਂ।' ਉਹ ਕਾਗ਼ਜ਼ ਨੂੰ ਛੋਟਾ ਦਿਖਾਉਣ ਲਈ ਸਲਿੱਪ ਆਖਣ ਦੀ ਹੁਸ਼ਿਆਰੀ ਵਰਤਦਾ।

ਜਦੋਂ ਮੈਂ ਪੰਜਵੇਂ ਪੰਨੇ ਤੋਂ ਵਰਜਦਾ, ਉਹ ਸਭਿਆਚਾਰ ਦਾ ਗਵਾਹ ਭੁਗਤਾ ਦਿੰਦਾ, 'ਚਾਰ ਮਾੜੇ ਹੁੰਦੇ ਐ, ਬੀਰ, ਚਾਰਾਂ ਦੀ ਤਾਂ ਚੰਡਾਲ-ਚੌਕੜੀ ਹੁੰਦੀ ਐ। ਪੰਜ ਪਿਆਰੇ ਹੁੰਦੇ ਐ!' ਫੇਰ ਉਹ ਪੰਜ ਪੰਨਿਆਂ ਵਿਚ ਵੀ ਆਪਣੀ ਸਾਧਾਰਨ ਲਿਖਾਈ ਨਾਲੋਂ ਛੋਟੇ ਅੱਖਰ ਪਾਉਣ ਦੀ ਚਲਾਕੀ ਵਰਤਦਾ। ਮੇਰੀ ਸੰਪਾਦਕੀ ਮਜਬੂਰੀ ਆਖਦੀ, 'ਜਾਂ ਤਾਂ ਇਹ ਰੱਬ ਦਾ ਬੰਦਾ ਕੁਛ ਲਿਖਦਾ ਨਹੀਂ ਸੀ, ਹੁਣ ਲਿਖਣ ਲੱਗਿਐ ਤਾਂ ਰੁਕਦਾ ਨਹੀਂ। ਇਹਦਾ ਕੜ ਪਾਟ ਗਿਐ।'




***ਮੋਹਨ ਭੰਡਾਰੀ ਦੀਆਂ ਕਿਤਾਬਾਂ 'ਮਨੁੱਖ ਦੀ ਪੈੜ' ਅਤੇ 'ਤਿਲਚੌਲ਼ੀ' ਦੇ ਸਰਵਰਕ***

ਆਪਣੀ ਕਲਾ-ਕੌਸ਼ਲਤਾ ਨੂੰ ਨਿਖਾਰਦੇ ਰਹਿਣ ਦੇ ਯਤਨ ਅਤੇ ਮਹਾਂ-ਕਲਮੀਆਂ ਤੋਂ ਮਿਲੀ ਸੋਝੀ ਦੇ ਇਹਦੇ ਸੁਮੇਲ ਦਾ ਹੀ ਫਲ ਹੈ ਕਿ ਪਹਿਲੇ ਕਹਾਣੀ-ਸੰਗ੍ਰਹਿ ਤੋਂ ਸਾਹਿਤ ਅਕਾਦਮੀ ਪੁਰਸਕਾਰ ਜਿੱਤਣ ਵਾਲੇ ਪੰਜਵੇਂ ਤੱਕ ਇਹਦੀ ਕਲਮੀ ਯਾਤਰਾ ਵਿਕਾਸ-ਯਾਤਰਾ ਹੈ। ਪਹਿਲੇ ਸੰਗ੍ਰਹਿ 'ਤਿਲਚੌਲ਼ੀ' ਨਾਲ ਮਨੁੱਖੀ ਸਮਾਜ ਦੀ ਵੰਨਸੁਵੰਨਤਾ, ਉਹਦੀ ਸਾਂਝ ਅਤੇ ਇਸ ਸਾਂਝ ਦੇ ਬਾਵਜੂਦ ਉਹਦੇ ਵਖਰੇਵੇਂ ਇਹਦੀ ਰਚਨਾ ਵਿਚ ਉਜਾਗਰ ਹੋਏ। ਇਹਨੇ ਸਮਾਜਕ ਤਿਲਚੌਲ਼ੀ ਦੇ ਤਿਲਾਂ ਨੂੰ ਵੀ ਦੇਖਿਆ-ਦਿਖਾਇਆ, ਚੌਲਾਂ ਨੂੰ ਵੀ ਅਤੇ ਉਨ੍ਹਾਂ ਵਿਚ ਰਲੇ ਹੋਏ ਰੋੜਾਂ-ਕੰਕਰਾਂ ਨੂੰ ਵੀ। ਇਸ ਪਹਿਲੇ ਕਹਾਣੀ-ਸੰਗ੍ਰਹਿ ਦੀ ਪਕਿਆਈ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਉਸ ਵਿਚਲੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ, ਮਾਂ' ਇਹਦੇ ਪੰਜਵੇਂ ਕਹਾਣੀ-ਸੰਗ੍ਰਹਿ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਮਗਰੋਂ ਵੀ ਅਨੇਕ ਲੋਕਾਂ ਦੇ ਦਿਲ ਵਿਚ ਇਹਦੀ ਪ੍ਰਤੀਨਿਧ ਕਹਾਣੀ ਬਣੀ ਰਹੀ। ਉਸ ਕਹਾਣੀ ਦੀ ਸਫਲਤਾ ਦਾ ਇਕ ਕਿੱਸਾ ਹੋਰ ਸੁਣ ਲਵੋ। ਇਸ ਕਹਾਣੀ ਵਾਲੇ ਘੁਮਿਆਰਾਂ ਦੇ ਮੁੰਡੇ ਦਾ ਪਾਤਰ-ਚਿਤਰਨ ਦੇਖ-ਪੜ੍ਹ ਕੇ ਸੰਤ ਸਿੰਘ ਸੇਖੋਂ ਹੈਰਾਨ ਰਹਿ ਗਏ ਤੇ ਜਦੋਂ ਅਗਲੀ ਵਾਰ ਕਿਤੇ ਮਿਲੇ, ਇਹਨੂੰ ਸਵਾਲ ਕੀਤਾ, 'ਭੰਡਾਰੀ ਤੂੰ ਘੁਮਿਆਰ ਹੁੰਨੈਂ?' ਮੈਂ ਨਹੀਂ ਸਮਝਦਾ, ਉਸ ਕਹਾਣੀ ਦੀ ਇਸ ਤੋਂ ਵੱਧ ਕੋਈ ਹੋਰ ਪ੍ਰਸੰਸਾ ਹੋ ਸਕਦੀ ਹੈ!

ਦੂਜੇ ਸੰਗ੍ਰਹਿ 'ਮਨੁੱਖ ਦੀ ਪੈੜ' ਨਾਲ ਇਹਨੇ ਇਸ ਪੈੜ ਦੇ ਦੂਰ ਅਤੀਤ ਤੱਕ ਫੈਲੇ ਹੋਏ ਨਿਸ਼ਾਨ ਦੇਖੇ ਵੀ ਤੇ ਦਿਖਾਏ ਵੀ ਕਿ ਮਨੁੱਖ ਕਿੱਥੋਂ ਤੁਰਿਆ, ਕਿਧਰ ਨੂੰ ਤੁਰਿਆ, ਕਿਤੇ ਪਹੁੰਚਿਆ ਅਤੇ ਹੁਣ ਇਹਦੀ ਪੈੜ ਦੀ ਸੇਧ ਕਿਧਰ ਨੂੰ ਹੈ। ਤੀਜੇ ਸੰਗ੍ਰਹਿ 'ਕਾਠ ਦੀ ਲੱਤ' ਵਿਚੋਂ ਇਹਦੀ ਇਹ ਸੋਝੀ ਸਾਹਮਣੇ ਆਈ ਕਿ ਮਨੁੱਖੀ ਸਮਾਜ ਇੱਛਤ ਵਿਕਾਸ ਕਿਵੇਂ ਕਰੇ ਤੇ ਅੱਗੇ ਕਿਵੇਂ ਵਧੇ, ਜਦੋਂ ਸਾਰੇ ਫਲਸਫਿਆਂ, ਸਾਰੇ ਸਿਧਾਂਤਾਂ, ਸਾਰੇ ਗਿਆਨਾਂ ਤੇ ਸਾਰੇ ਵਿਗਿਆਨਾਂ ਦੇ ਬਾਵਜੂਦ ਇਹਦੀ ਬਹੁਭਾਂਤੀ ਮਤਭੇਦਾਂ, ਟਕਰਾਵਾਂ ਤੇ ਵਾਦ-ਵਿਵਾਦਾਂ ਦੀ ਕਾਠ ਦੀ ਲੱਤ ਇਹਦੀ ਪੇਸ਼ ਨਹੀਂ ਜਾਣ ਦਿੰਦੀ।

ਇਹ ਸੋਝੀ ਉਹਦੀ ਕਹਾਣੀ-ਕਲਾ ਵਿਚ ਇਕ ਮੋੜ ਬਣੀ। ਉਸ ਸਮੇਂ ਇਹਦੀ ਇਸ ਤੀਜੀ ਪੁਸਤਕ ਬਾਰੇ ਲਿਖਦਿਆਂ ਮੈਂ ਕਿਹਾ ਸੀ: 'ਮੋਹਨ ਭੰਡਾਰੀ ਸਾਡੇ ਉਨ੍ਹਾਂ ਜਾਣੇ-ਪਛਾਣੇ ਕਹਾਣੀਕਾਰਾਂ ਵਿਚੋਂ ਹੈ, ਜਿਨ੍ਹਾਂ ਦੇ ਪੈਰ ਭਲਕੇ ਮੂਹਰਲੀ ਕਤਾਰ ਵਿਚ ਥਾਂ ਮੱਲਣ ਲਈ ਅੱਗੇ ਵਧੇ ਹੋਏ ਹਨ। ਉਹਨੇ ਆਪਣੀ ਥਾਂ ਪਹਿਲੇ ਸੰਗ੍ਰਹਿ 'ਤਿਲਚੌਲ਼ੀ' ਨਾਲ ਹੀ ਬਣਾ ਲਈ ਸੀ ਅਤੇ ਦੂਜੇ ਸੰਗ੍ਰਹਿ 'ਮਨੁੱਖ ਦੀ ਪੈੜ' ਨਾਲ ਉਹ ਹੋਰ ਪੱਕੇ ਪੈਰੀਂ ਹੋ ਗਿਆ ਸੀ। ਹੁਣ ਉਹਦਾ ਤੀਜਾ ਸੰਗ੍ਰਹਿ 'ਕਾਠ ਦੀ ਲੱਤ' ਸਾਡੇ ਸਾਹਮਣੇ ਹੈ, ਜੋ ਨਿਰਸੰਦੇਹ ਉਹਦੇ ਨਿਰੰਤਰ ਵਿਕਾਸ ਦਾ ਲਖਾਇਕ ਹੈ।'

ਮੋਹਨ ਭੰਡਾਰੀ ਦੇ ਬਹੁਤੇ ਪਾਤਰ ਇਹਦੀ ਕਹਾਣੀ 'ਦੋਸ਼ੀ' ਵਾਲੇ ਮੁੰਡੇ ਵਾਂਗ ਅਜਿਹੇ ਹਨ, ਜਿਨ੍ਹਾਂ ਦੇ ਹਿੱਸੇ ਧੁੱਪ-ਛਾਂ ਦੀ ਖੇਡ ਵਿਚ ਸਦਾ ਧੁੱਪ ਹੀ ਆਉਂਦੀ ਹੈ ਤੇ ਉਹ ਧੁੱਪੇ ਬੈਠੇ ਰੜ੍ਹਦੇ ਰਹਿੰਦੇ ਹਨ। ਪਰ ਉਸ ਮੁੰਡੇ ਨੂੰ ਤਾਂ ਕਹਾਣੀ ਵਿਚਲੀ ਕੁੜੀ, ਜੀਹਦੇ ਹਿੱਸੇ ਹਮੇਸ਼ਾ ਛਾਂ ਹੀ ਆਉਂਦੀ ਸੀ, ਤਰਸ ਖਾ ਕੇ ਅਤੇ ਪਿਆਰ ਨਾਲ ਗੱਲ੍ਹ ਉਤੇ ਚੂੰਢੀ ਭਰਦਿਆਂ ਖਿੜ-ਖਿੜ ਹਸਦੀ ਹੋਈ ਆਖ ਦਿੰਦੀ ਹੈ, 'ਵੇ ਆ ਜਾ ਕਮਲਿਆ, ਮੇਰੇ ਕੋਲ ਛਾਂਵੇਂ...।' ਇਹਦੇ ਉਲਟ ਇਹਦੇ ਬਹੁਤੇ ਪਾਤਰਾਂ ਨੂੰ ਜ਼ਿੰਦਗੀ ਕੋਈ ਅਜਿਹਾ ਮਿੱਠਾ ਸੱਦਾ ਨਹੀਂ ਦਿੰਦੀ। ਉਹ ਧੁੱਪੇ ਬੈਠੇ ਰੜ੍ਹਦੇ ਰਹਿੰਦੇ ਹਨ। ਭੰਡਾਰੀ ਦੀ ਸਫ਼ਲਤਾ ਇਸ ਗੱਲ ਵਿਚ ਹੈ ਕਿ ਇਹ ਉਨ੍ਹਾਂ ਪਾਤਰਾਂ ਦੀ ਧੁਰ-ਅੰਦਰ ਦੀ ਪੀੜ ਪਾਠਕ ਸਾਹਮਣੇ ਢੇਰੀ ਕਰ ਦਿੰਦਾ ਹੈ। ਇਹ ਉਨ੍ਹਾਂ ਦੇ ਦਿਲਾਂ ਉਤੇ ਪਿਆ ਹੋਇਆ ਕੋਈ ਅੱਟਣ ਅਤੇ ਪੈਰਾਂ ਉਤੇ ਪਈ ਹੋਈ ਕੋਈ ਬਿਆਈ ਪਾਠਕ ਦੀਆਂ ਨਜ਼ਰਾਂ ਤੋਂ ਓਹਲੇ ਨਹੀਂ ਰਹਿਣ ਦਿੰਦਾ।

ਚੌਥੇ ਸੰਗ੍ਰਹਿ 'ਪਛਾਣ' ਨਾਲ ਵਿਅਕਤੀਆਂ ਤੇ ਉਨ੍ਹਾਂ ਦੀਆਂ ਕਹਿਣੀਆਂ-ਕਰਨੀਆਂ ਦੀ ਅਤੇ ਹਾਲਤਾਂ ਤੇ ਘਟਨਾਵਾਂ ਦੇ ਪਿਛੋਕੜਾਂ, ਆਧਾਰਾਂ ਤੇ ਕਾਰਨਾਂ ਦੀ ਇਹਦੀ ਪਛਾਣ ਪੱਕੀ ਵੀ ਹੋ ਗਈ ਤੇ ਸਪੱਸ਼ਟ ਵੀ। ਤੇ ਆਪਣੇ ਪੰਜਵੇਂ ਸੰਗ੍ਰਹਿ 'ਮੂਨ ਦੀ ਅੱਖ' ਨਾਲ ਇਹਨੇ ਇਹ ਗੱਲ ਸਥਾਪਤ ਕੀਤੀ ਕਿ ਸਾਹਿਤਕਾਰ ਦੀ ਅੱਖ ਮੂਨ ਦੀ ਅੱਖ ਵਾਂਗ ਹਰ ਹੀਲੇ, ਸੁੱਤੇ ਹੋਇਆਂ ਵੀ ਖੁੱਲ੍ਹੀ ਰਹਿਣੀ ਚਾਹੀਦੀ ਹੈ ਅਤੇ ਉਸ ਵਿਚ ਇਕ ਹੰਝੂ ਅਜਿਹਾ ਹੋਣਾ ਹੀ ਚਾਹੀਦਾ ਹੈ ਜਿਸ ਵਿਚ ਸਾਰੀ ਲੋਕਾਈ ਦਾ ਦਰਦ ਘੁਲਿਆ ਹੋਇਆ ਹੋਵੇ। ਇਹਦੀ ਇਸ ਪੁਸਤਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ। ਇਹ ਪੁਰਸਕਾਰ ਐਲਾਨੇ ਜਾਣ ਤੋਂ ਬਹੁਤ ਪਹਿਲਾਂ ਮੈਂ ਲਿਖਿਆ ਸੀ :

'ਮੋਹਨ ਭੰਡਾਰੀ ਇਸ ਸਮੇਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਕਾਰਜਸ਼ੀਲ ਕੁਝ ਇਕ ਗਿਣਨਯੋਗ ਨਾਂਵਾਂ ਵਿਚੋਂ ਇਕ ਹੈ। 'ਮੂਨ ਦੀ ਅੱਖ' ਵਿਚ ਉਹਦੀਆਂ ਪਿਛਲੇ ਕੁਝ ਸਾਲਾਂ ਵਿਚ ਲਿਖੀਆਂ ਉਹ ਸੱਤ ਕਹਾਣੀਆਂ ਸ਼ਾਮਲ ਹਨ ਜੋ ਸਿੱਧੇ-ਅਸਿੱਧੇ ਤੌਰ ਉਤੇ ਕਥਿਤ 'ਪੰਜਾਬ ਸਮੱਸਿਆ' ਨਾਲ ਜੁੜੀਆਂ ਹੋਈਆਂ ਹਨ। ਪਿਛਲੇ ਡੇਢ ਦਹਾਕੇ ਵਿਚ ਪੰਜਾਬ ਜਿਸ ਭਿਆਨਕ ਦੌਰ ਵਿਚੋਂ ਲੰਘਿਆ ਹੈ, ਉਸ ਸੰਬੰਧੀ ਥੱਬਿਆਂ ਦੇ ਥੱਬੇ ਕਾਵਿ ਅਤੇ ਗਲਪ ਰਚਨਾਵਾਂ ਹੋਈਆਂ ਹਨ। ਪਰ ਇਸ ਵਿਚੋਂ ਬਹੁਤਾ ਕੁਝ ਬਹੁਤ ਪੇਤਲੇ ਢੰਗ ਨਾਲ ਅਤੇ ਸਤਹੀ ਕਿਸਮ ਦਾ ਲਿਖਿਆ ਗਿਆ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਜਿਨ੍ਹਾਂ ਕੁਝ ਇਕ ਗਲਪਕਾਰਾਂ ਨੇ ਇਨ੍ਹਾਂ ਸੀਮਾਵਾਂ ਤੋਂ ਪਾਰ ਜਾ ਕੇ ਇਸ ਘੁੰਮਣ-ਘੇਰੀ ਵਿਚ ਉਲਝੇ ਹੋਏ ਪਾਤਰਾਂ ਦੀ ਮਾਨਸਿਕਤਾ ਵਿਚ ਝਾਕਣ ਦਾ ਯਤਨ ਕੀਤਾ ਹੈ, ਮੋਹਨ ਭੰਡਾਰੀ ਉਨ੍ਹਾਂ ਵਿਚੋਂ ਹੈ। ਪੰਜਾਬੀਆਂ ਦੀਆਂ ਉਹ ਪੀੜ੍ਹੀਆਂ ਅਜੇ ਜੀਵਤ ਹਨ ਜਿਨ੍ਹਾਂ ਨੇ ਸੰਤਾਲੀ ਦਾ ਕਹਿਰ ਝੱਲਿਆ ਜਾਂ ਵੇਖਿਆ ਸੀ। ਉਸ ਤੋਂ ਲਗਭਗ ਤਿੰਨ ਦਹਾਕੇ ਪਿਛੋਂ ਹੀ ਆਈ ਇਸ ਨਵੀਂ ਮੁਸੀਬਤ ਸਮੇਂ ਭੈਭੀਤ ਹੋਏ ਲੋਕਾਂ ਦਾ ਦੇਸ ਦੀ ਵੰਡ ਸਮੇਂ ਦੀਆਂ ਅਨਹੋਣੀਆਂ ਨੂੰ ਚੇਤੇ ਕਰ ਕੇ ਕੰਬਣਾ ਸੁਭਾਵਿਕ ਸੀ। ਪੰਜਾਬ ਦੇ ਦੁਖਾਂਤ ਦੀ ਸਤਹਾ ਤੋਂ ਹੇਠਾਂ ਝਾਤ ਪਾਉਣ ਵਿਚ 'ਮੂਨ ਦੀ ਅੱਖ' ਦਾ ਪਾਠ ਸਹਾਈ ਹੋਵੇਗਾ।'

ਪੰਜਾਂ ਕਹਾਣੀ-ਸੰਗ੍ਰਹਿਆਂ ਦੀ ਮੌਲਕ ਰਚਨਾ ਤੋਂ ਇਲਾਵਾ ਇਹਨੇ ਕੁਝ ਪੁਸਤਕਾਂ ਪੰਜਾਬੀ ਵਿਚ ਅਨੁਵਾਦ ਵੀ ਕੀਤੀਆਂ ਹਨ ਤੇ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਇਹਦੀਆਂ ਆਪਣੀਆਂ ਕਹਾਣੀਆਂ ਦੇ ਅਨੁਵਾਦ ਦੀਆਂ ਹਿੰਦੀ ਵਿਚ ਦੋ ਪੁਸਤਕਾਂ ਛਪੀਆਂ ਹਨ। ਮਾਣ-ਸਨਮਾਨ ਵੀ ਖਾਸੇ ਮਿਲੇ ਹਨ।

ਸਾਹਿਤ ਅਕਾਦਮੀ ਦੇ ਇਨਾਮ ਦਾ ਐਲਾਨ ਪੰਜਾਬੀ ਸਾਹਿਤ ਵਿਚ ਇਕ ਖਾਸੀ ਵੱਡੀ ਘਟਨਾ ਹੁੰਦਾ ਹੈ। ਨਾਂ ਦਾ ਪਤਾ ਲਗਦਿਆਂ ਹੀ ਸਾਹਿਤਕਾਰ ਉਸ ਦੇ ਸਹੀ ਜਾਂ ਬੇਸਹੀ ਹੋਣ ਬਾਰੇ ਨਿਰਣਾ ਦੇਣ ਲਗਦੇ ਹਨ। ਬੇਸਹੀ ਹੋਣ ਦੀ ਸੂਰਤ ਵਿਚ ਨਾਲ ਹੀ ਇਹ ਖੋਜ ਹੱਥ ਲੈ ਲਈ ਜਾਂਦੀ ਹੈ ਕਿ ਇਨਾਮੀ ਲੇਖਕ/ਲੇਖਿਕਾ ਨੇ ਇਹ ਕਿਸ-ਵਿਧ ਪ੍ਰਾਪਤ ਕੀਤਾ ਹੈ, ਉਹਨੇ ਕੀਹਦੇ ਨਾਲ ਸਿੱਧੀ ਜਾਂ ਕੀਹਦੇ ਰਾਹੀਂ ਕਦੋਂ ਤੇ ਕਿੱਥੇ ਮੁਲਾਕਾਤ ਕੀਤੀ ਹੈ, ਉਹਨੇ ਦਿੱਲੀ ਕੀਹਦੇ ਕੋਲ ਕਦੋਂ ਤੇ ਕਿੰਨਾ ਲੰਮਾ ਨਿਵਾਸ ਕੀਤਾ ਹੈ, ਵਗੈਰਾ ਵਗੈਰਾ। ਪਰ ਇਹਨੂੰ ਇਨਾਮ ਮਿਲਿਆ ਤਾਂ ਪਹਿਲਾਂ ਦਿੱਤੇ ਗਏ ਸਹੀ ਇਨਾਮਾਂ ਵਾਂਗ ਸਾਰੀ ਸਾਹਿਤਕ ਸਾਧ-ਸੰਗਤ ਨੇ ਦੋਵੇਂ ਬਾਂਹਾਂ ਖੜ੍ਹੀਆਂ ਕਰ ਕੇ ਉਚਾਰਿਆ, 'ਸਹੀ !' ਤੇ ਕਿਸੇ ਨੂੰ ਵੀ ਇਸ ਇਨਾਮ ਦਾ 'ਕਿਵੇਂ' ਜਾਣਨ ਲਈ ਖੋਜ ਹੱਥ ਲੈਣ ਦੀ ਲੋੜ ਨਹੀਂ ਪਈ।

ਸਭ ਨੂੰ ਪਤਾ ਹੈ ਕਿ 'ਡੇਰਾ ਬਾਬਾ ਮੋਹਨ ਭੰਡਾਰੀ' ਵਿਚੋਂ ਇਹ ਘੱਟ ਹੀ ਬਾਹਰ ਨਿੱਕਲਦਾ ਹੈ; ਇਨਾਮਾਂ-ਸਨਮਾਨਾਂ ਵਰਗੇ ਕਿਸੇ ਕੰਮ ਲਈ ਤਾਂ ਨਿੱਕਲਦਾ ਹੀ ਨਹੀਂ। ਮੰਨ ਲਵੋ, ਕਿਸੇ ਨੇ ਕਦੀ ਕਿਹਾ ਹੁੰਦਾ, 'ਭੰਡਾਰੀ ਜੀ, ਤੁਸੀਂ ਜੇ ਅਮਕੇ ਬੰਦੇ ਨੂੰ ਮਿਲ ਲਵੋਂ, ਸਾਹਿਤ ਅਕਾਦਮੀ ਦੇ ਇਨਾਮ ਦਾ ਚੱਕਰ ਚੱਲ ਸਕਦਾ ਹੈ।'

ਇਹਦਾ ਜਵਾਬ ਅੱਗੋਂ ਸਵਾਲ ਦੇ ਰੂਪ ਵਿਚ ਹੋਣਾ ਸੀ, 'ਕਿਹੜੀ ਸਾਹਿਤ ਅਕਾਦਮੀ, ਬੀਰ, ਤੇ ਕੌਣ ਅਮਕਾ?' ਤੇ ਫੇਰ ਇਹਨੇ ਦੱਸ ਪਾਉਣ ਵਾਲੇ ਨੂੰ ਪੁੱਛਣਾ ਸੀ, 'ਬੀਰ, ਇਹ ਇਨਾਮ ਹੁੰਦਾ ਕਿੰਨੇ ਦਾ ਐ?' ਤੇ ਇਨਾਮ ਦੀ ਰਕਮ ਦੱਸੇ ਜਾਣ ਉਤੇ ਇਹਨੇ ਹੱਥ ਉਤੇ ਹੱਥ ਮਾਰ ਕੇ ਜ਼ੋਰ ਨਾਲ ਹੱਸਣਾ ਸੀ, 'ਕੁੱਲ ਐਨੀ ਰਕਮ? ਬੱਸ? ਬੀਰ, ਮੈਂ ਏਨੇ ਪੈਸਿਆਂ ਪਿੱਛੇ ਅਮਕੇ ਕੋਲ ਜਾਵਾਂ ਤੇ ਆਬਦੀ ਇੱਜ਼ਤ ਗੁਆਵਾਂ? ਕਮਲਿਆ, ਕਰੋੜੀਂ ਹੱਥ ਨਾ ਆਉਂਦੀ, ਦਾਨਸ਼ਮੰਦਾਂ ਦੀ ਪਤ!' ਤੇ ਫੇਰ ਇਹਨੇ ਅਗਲੇ ਨੂੰ ਇਹ ਦੱਸਣ ਲੱਗ ਪੈਣਾ ਸੀ ਕਿ ਗੋਗੋਲ, ਪੁਸ਼ਕਿਨ, ਗੋਰਕੀ, ਮੰਟੋ, ਰਾਜਿੰਦਰ ਸਿੰਘ ਬੇਦੀ, ਵਗੈਰਾ ਵਗੈਰਾ ਨੇ ਸਾਹਿਤਕ ਇਨਾਮਾਂ ਬਾਰੇ ਕੀ ਕਿਹਾ ਸੀ।

ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਤਾਂ ਮੈਂ ਕਿਹਾ, 'ਮੋਹਨ, ਇਹ ਅੱਧਾ ਇਨਾਮ ਨਿਰਮਲ ਭਾਬੀ ਦਾ, ਜੀਹਨੇ ਤੇਰੇ ਵਰਗੇ ਬੰਦੇ ਨੂੰ ਸਾਰੀ ਉਮਰ ਓਟਿਆ-ਸਾਂਭਿਆ ਤੇ ਲਿਖਣ ਲਈ ਪ੍ਰੇਰਦੀ ਰਹੀ।'

ਉਹ ਗੰਭੀਰ ਹੋ ਕੇ ਬੋਲਿਆ, 'ਕੋਈ ਸ਼ੱਕ ਐ!'

ਮੈਂ ਮੁਸਕਰਾਇਆ, 'ਜਿਵੇਂ ਅਣਖੀ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਵੇਲੇ ਮੈਂ ਮਖੌਲ ਕੀਤਾ ਸੀ ਬਈ ਅੱਧਾ ਇਨਾਮ 'ਕੋਠੇ ਖੜਕ ਸਿੰਘ' ਨਾਵਲ ਦਾ ਤੇ ਅੱਧਾ ਮੇਰੇ ਲਿਖੇ ਹੋਏ ਮੁਖਬੰਦ ਦਾ ਜਿਸ ਸਦਕਾ ਇਹ ਇਨਾਮ ਮਿਲਿਆ ਹੈ, ਓਵੇਂ ਅੱਧਾ ਇਨਾਮ 'ਮੂਨ ਦੀ ਅੱਖ' ਦੀ ਮੇਰੀ ਆਦਿਕਾ ਦਾ।'

ਉਹਨੇ ਮੇਰਾ ਹੱਥ ਘੁੱਟਿਆ, 'ਸ਼ੱਕ ਈ ਕੋਈ ਨ੍ਹੀਂ!'

ਮੈਂ ਹੱਸਿਆ, 'ਤਿੰਨ ਅੱਧੇ ਕਰਨੇ ਪੈਣਗੇ! ਅੱਧਾ ਇਨਾਮ 'ਪੰਜਾਬੀ ਟ੍ਰਿਬਿਊਨ' ਦਾ ਜੀਹਨੇ ਤੇਰਾ ਸਾਹਿਤਕ ਕਾਲਮ ਲਗਾਤਾਰ ਛਾਪ ਕੇ ਤੈਨੂੰ 'ਪ੍ਰਸਿੱਧ' ਕੀਤਾ।'

ਉਹਨੇ ਜੱਫੀ ਪਾ ਲਈ, 'ਇਹਦੇ ਵਿਚ ਵੀ ਕੋਈ ਸ਼ੱਕ ਨ੍ਹੀਂ!' ਤੇ ਉਹਦੀਆਂ ਅੱਖਾਂ ਮੋਹ ਨਾਲ ਗਿੱਲੀਆਂ ਹੋ ਗਈਆਂ।

ਮੋਹਨ ਜਜ਼ਬਾਤੀ ਬੰਦਾ ਹੈ ਜਿਵੇਂ ਹਰੇਕ ਚੰਗਾ ਲੇਖਕ ਹੁੰਦਾ ਹੈ। ਆਦਮੀ ਕੋਈ ਵੀ ਹੋਵੇ, ਉਹਦੇ ਦੁਖ-ਦਰਦ ਨਾਲ ਇਹਦੀ ਅੱਖ ਵਿਚ ਉਹ ਹੰਝੂ ਆ ਲਿਸ਼ਕਦਾ ਹੈ ਜੋ ਇਹਦੀ ਕਹਾਣੀ ਵਾਲੀ ਮੂਨ ਦੀ ਅੱਖ ਵਿਚ ਅਟਕਿਆ ਹੋਇਆ ਸੀ। ਅਸਲ ਵਿਚ ਇਹਦੀ ਅੱਖ ਉਸ ਮੂਨ ਦੀ ਅੱਖ ਹੀ ਹੈ ਜਿਸ ਕਰ ਕੇ ਇਹ ਕੇਵਲ 'ਮੂਨ ਦੀ ਅੱਖ' ਪੁਸਤਕ ਵਾਲਾ ਮੋਹਨ ਭੰਡਾਰੀ ਹੀ ਨਹੀਂ, ਮਨੁੱਖ ਵਜੋਂ ਵੀ ਮੂਨ ਦੀ ਅੱਖ ਵਾਲਾ ਮੋਹਨ ਭੰਡਾਰੀ ਹੈ!

ਆਪਣਾ ਬਾਰਾਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ 'ਤਣ-ਪੱਤਣ' ਮੈਨੂੰ ਭੇਟ ਕਰਦਿਆਂ ਇਹਨੇ ਲਿਖਿਆ: 'ਦੋਸਤੀ ਦੇ ਉਸ ਪੜਾਅ ਦੇ ਨਾਂ ਜਿਥੇ ਵਿਸ਼ੇਸ਼ਣਾਂ ਦੀ ਮੁਥਾਜੀ ਨਹੀਂ ਹੁੰਦੀ! ਗੁਰਬਚਨ ਸਿੰਘ ਭੁੱਲਰ ਨੂੰ!' ਮੋਹਨ ਦੀ ਵਿਸ਼ੇਸ਼ਣਾਂ ਤੋਂ ਉੱਚੀ ਦੋਸਤੀ ਨੂੰ ਸਲਾਮ!

ਕਹਾਣੀ

# ਗੁੰਮ ਪੰਨੇ

***ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ ਨੇ ਪਰਵਾਸੀ ਜੀਵਨ ਬਾਰੇ ਯਾਦਗਾਰੀ ਰਚਨਾਵਾਂ ਲਿਖੀਆਂ ਹਨ। ਉਸ ਦੇ ਤਿੰਨ ਕਹਾਣੀ ਸੰਗ੍ਰਹਿ- 'ਬੀ ਜੀ ਮੁਸਕਰਾ ਪਏ', 'ਬਾਰਾਂ ਬੂਹੇ' ਤੇ 'ਪ੍ਰਿਜ਼ਮ', ਨਾਵਲ 'ਹਨੇਰੇ ਰਾਹ'ਅਤੇ ਵਾਰਤਕ ਕਿਤਾਬ 'ਟੈਕਸੀਨਾਮਾ' ਤੋਂ ਇਲਾਵਾ ਅਨੁਵਾਦ ਕਿਤਾਬ 'ਕਿਲ੍ਹੇ ਦੇ ਮਤੀ' ਛਪ ਚੁੱਕੀਆਂ ਹਨ। 'ਗੁੰਮ ਪੰਨੇ' ਕਹਾਣੀ ਵਿਚ ਉਸ ਨੇ ਬਾਲ-ਮਨ ਦੀ ਬਾਤ ਪਾਈ ਹੈ। ਇਸ ਬਾਤ ਵਿਚ ਵੱਖ-ਵੱਖ ਰਿਸ਼ਤਿਆਂ ਨਾਲ ਜੁੜੀਆਂ ਬਾਤਾਂ ਵੀ ਪਰੋਈਆਂ ਹੋਈਆਂ ਹਨ।***

ਅਰਜਨ ਸਕੂਲੋਂ ਮੁੜਨ ਸਾਰ ਆਮ ਵਾਂਗ ਸਿੱਧਾ ਰਸੋਈ 'ਚ 'ਸਨੈਕ' ਵਾਲੀ ਅਲਮਾਰੀ ਵੱਲ ਜਾਂਦਾ ਹੈ। ਉੱਥੇ ਉਸਦੇ ਚਿਪਸ ਨਹੀਂ ਹਨ। ਉਹ ਹੈਰਾਨੀ ਨਾਲ ਮੇਰੇ ਵੱਲ ਦੇਖਦਾ ਹੈ। "ਚੱਲ ਬੈਠ, ਮੈਂ ਲਿਆ ਦਿੰਨੀ ਆਂ ਓਤੇ।" ਮੈਂ ਟੀ.ਵੀ. ਵੱਲ ਇਸ਼ਾਰਾ ਕਰਦੀ ਹਾਂ। ਉਹ ਫੈਮਿਲੀ ਰੂਮ ਵੱਲ ਚਲਾ ਜਾਂਦਾ ਹੈ। ਆਮ ਵਾਂਗ ਉਹ ਪਹਿਲਾਂ ਟੀ.ਵੀ. ਦਾ ਰਿਮੋਟ ਕੰਟਰੋਲ ਚੁੱਕ ਕੇ ਟੀ.ਵੀ. ਚਲਾਉਂਦਾ ਹੈ ਤੇ ਫੇਰ ਆਪਣਾ ਬਸਤਾ ਮੋਢਿਆਂ ਤੋਂ ਲਾਹੁੰਦਾ ਹੈ। ਫਿਰ ਅੱਧ ਲੇਟ ਕੇ ਟੀ.ਵੀ. ਦੇਖਣ ਲੱਗਦਾ ਹੈ। ਮੈਂ ਚੌਲਾਂ ਵਿਚ ਦਹੀਂ ਰਲਾ ਕੇ ਪਲੇਟ ਉਸਦੀ ਬੁੱਕਲ ਵਿਚ ਜਾ ਰੱਖਦੀ ਹਾਂ। ਉਹ ਹੈਰਾਨੀ ਨਾਲ ਮੇਰੇ ਵੱਲ ਦੇਖ ਕੇ ਬੋਲਦਾ ਹੈ, "ਨਾਅਨੀ, ਮੇਰੀਆਂ ਚਿੱਪਸ ਦਿਓ। ਮੈ ਨ੍ਹੀਂ ਹੁਣੇ ਖਾਣਾ ਡਿਨਰ।"

"ਚੌਲ ਖਾ ਲੈ। ਸਕੂਲੋਂ ਆ ਕੇ ਤੂੰ ਚਿੱਪਸਾਂ ਨਾਲ ਢਿੱਡ ਭਰ ਲੈਨਾਂ, ਫੇਰ ਡਿਨਰ ਚੱਜ ਨਾਲ ਖਾਂਦਾ ਨ੍ਹੀਂ।"

ਮੇਰੀ ਗੱਲ ਦਾ ਜਵਾਬ ਦਿੱਤੇ ਬਿਨਾ ਹੀ ਅਰਜਨ ਚੌਲਾਂ ਵਾਲੀ ਪਲੇਟ ਕੌਫੀ ਟੇਬਲ 'ਤੇ ਰੱਖ ਦਿੰਦਾ ਹੈ।



"ਚੱਲ ਦੇ ਦੇ ਚਿੱਪਸ। ਕਿਓਂ ਜਵਾਕ ਨੂੰ ਤਰਸਾਉਣੀ ਐਂ।"

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਸਿੰਮੀ ਦੇ ਡੈਡੀ ਆਖਦੇ ਹਨ।

"ਮੇਰੇ ਨਾਲ ਨਿੱਕੀ ਆ ਕੇ ਲੜੂਗੀ। ਦੇਖੀ ਨਹੀਂ ਸੀ ਕੱਲ੍ਹ, ਕਿਵੇਂ ਚਿੱਪਸਾਂ ਨਾਲ ਭਰੀ ਕਬਰਡ ਦੇਖ ਕੇ ਭੜਕ ਪਈ ਸੀ? ਉਸੇ ਨੇ ਕੱਢ ਕੇ ਸੁੱਟੀਆਂ ਚਿੱਪਸਾਂ ਸਾਰੀਆਂ। ਕਹਿੰਦੀ ਜੇ ਜਵਾਕ ਨੂੰ ਜੰਕ ਨਾਲ ਢਿੱਡ ਭਰਨ ਦਿਓਂਗੇ ਤਾਂ ਹੈਲਥੀ ਖਾਣਾ ਕਿਵੇਂ ਖਾਵੇਗਾ।"

"ਚੰਗਾ", ਆਖ ਕੇ ਸਿੰਮੀ ਦੇ ਡੈਡੀ ਚੁੱਪ ਕਰ ਜਾਂਦੇ ਹਨ। ਮੈਂ ਉਨ੍ਹਾਂ ਦੇ ਨਾਲ ਸੋਫੇ 'ਤੇ ਬੈਠ ਜਾਂਦੀ ਹਾਂ। ਅਰਜਨ ਟੀ.ਵੀ. 'ਤੇ ਅੱਖਾਂ ਗੱਡ ਲੈਂਦਾ ਹੈ। ਮੇਰੇ ਚਿੱਤ 'ਚ ਆਉਂਦੀ ਹੈ ਕਿ ਲਕੋ ਕੇ ਰੱਖੇ ਦੋ ਬੈਗਾਂ 'ਚੋਂ ਇਕ ਲਿਆ ਕੇ ਇਸ ਨੂੰ ਦੇ ਦੇਵਾਂ। ਏਹਦੀ ਆਦਤ ਇਕਦਮ ਕਿਵੇਂ ਬਦਲ ਜਾਵੇਗੀ। ਫਿਰ ਨਿੱਕੀ ਦੀ ਗੱਲ ਯਾਦ ਕਰਕੇ ਮੈਂ ਆਪਣੇ ਆਪ ਨੂੰ ਰੋਕ ਲੈਂਦੀ ਹਾਂ। ਨਿੱਕੀ, ਸਾਡੀ ਛੋਟੀ ਧੀ, ਆਪਣੇ ਪਰਿਵਾਰ ਨਾਲ ਆਸਟਰੇਲੀਆ ਦੇ ਮੈਲਬੌਰਨ ਸ਼ਹਿਰ ਰਹਿੰਦੀ ਹੈ। ਆਪਣੇ ਬੱਚਿਆਂ ਸਮੇਤ ਪਰਸੋਂ ਆਈ ਹੈ ਕ੍ਰਿਸਮਸ ਦੀਆਂ ਛੁੱਟੀਆਂ ਮਨਾਉਣ। ਤਿੰਨਾਂ ਸਾਲਾਂ ਬਾਅਦ ਉਸਦਾ ਗੇੜਾ ਵੱਜਿਆ ਹੈ। ਠਹਿਰੇ ਇਹ ਨਿੱਕੀ ਦੇ ਸਹੁਰੇ ਪਰਿਵਾਰ ਕੋਲ ਹਨ। ਕੱਲ੍ਹ ਸਾਨੂੰ ਇਕੱਲੀ ਹੀ ਮਿਲਣ ਆਈ ਸੀ। ਨਾਲੇ ਜਵਾਕਾਂ ਤੋਂ ਓਹਲੇ ਨਾਲ ਕ੍ਰਿਸਮਸ ਦੇ ਤੋਹਫਿਆਂ ਵਾਲੇ ਡੱਬੇ ਰੱਖ ਗਈ। ਜਾਂਦੀ ਹੋਈ ਉਹ ਕਈ ਨਸੀਹਤਾਂ ਕਰ ਗਈ।

ਮੇਰੇ ਚਿੱਤ ਵਿਚ ਖੋਹ ਪੈਂਦੀ ਹੈ ਕਿ ਜਵਾਕ ਸਾਰੇ ਦਿਨ ਦਾ ਭੁੱਖਾ ਹੋਵੇਗਾ। ਮੈਂ ਆਖਦੀ ਹਾਂ, "ਅਰਜਨ, ਖਾ ਲੈ ਮੇਰਾ ਪੁੱਤ। ਭੁੱਖ ਲੱਗੀ ਹੋਊ।"

ਉਹ ਕੋਈ ਜਵਾਬ ਨਹੀਂ ਦਿੰਦਾ। ਟੀ.ਵੀ. ਦੇਖਦਿਆਂ ਇਸ ਨੂੰ ਕੁਝ ਸੁਣਾਈ ਨਹੀਂ ਦਿੰਦਾ। ਜਦੋਂ ਤੱਕ ਇਸਦੇ ਹੱਥੋਂ ਰਿਮੋਟ ਕੰਟਰੋਲ ਫੜ ਕੇ ਟੀ.ਵੀ. ਬੰਦ ਨਾ ਕਰ ਦੇਈਏ, ਇਹ ਕੋਈ ਜਵਾਬ ਨਹੀਂ ਦਿੰਦਾ। ਇਹੀ ਕਰਨ ਲਈ ਮੈਂ ਉੱਠਦੀ ਹਾਂ। ਮੇਰੇ ਸੱਜੇ ਪੈਰ ਵਿਚੋਂ ਤਿੱਖੀ ਚੀਸ ਨਿਕਲਦੀ ਹੈ। 'ਮਾਰ ਲਿਆ ਜੋੜਾਂ ਦੇ ਦਰਦਾਂ ਨੇ। ਇਹ ਉਮਰ ਕਿਤੇ ਜਵਾਕ ਸੰਭਾਲਣ ਦੀ ਹੈ', ਮੇਰੇ ਚਿੱਤ 'ਚ ਆਉਂਦੀ ਹੈ। ਦਿਲ ਕਰਦਾ ਹੈ ਕਿ ਵਾਪਸ ਸੋਫੇ 'ਤੇ ਬੈਠ ਜਾਵਾਂ ਤੇ ਅਰਜਨ ਨੂੰ ਆਖ ਦਿਆਂ ਕਿ ਚਿੱਪਸ ਚੁੱਕ ਲਿਆਵੇ ਪਰ ਮੈਂ ਬੈਠਦੀ ਨਹੀਂ। ਸੋਫੇ ਦਾ ਸਹਾਰਾ ਲੈ ਕੇ ਪੈਰ ਨੂੰ ਥੋੜ੍ਹਾ ਉਗਾਸਦੀ ਹਾਂ ਤੇ ਫੇਰ ਅਰਜਨ ਦੇ ਸੋਫੇ ਕੋਲ ਜਾ ਕੇ ਉਸਦਾ ਮੋਢਾ ਹਲੂਣ ਕੇ ਉਸ ਨੂੰ ਚੌਲ ਖਾਣ ਲਈ ਆਖਦੀ ਹਾਂ।

ਟੀ.ਵੀ. 'ਚ ਅੱਖਾਂ ਗੱਡੀ ਹੀ ਉਹ ਆਖਦਾ ਹੈ, "ਭੁੱਖ ਨਹੀਂ, ਨਾਨੀ।"

"ਲੈ, ਭੁੱਖ ਕਿਓਂ ਨਹੀਂ", ਆਖਦੀ ਮੈਂ ਕੌਫੀ ਟੇਬਲ 'ਤੇ ਬੈਠ ਕੇ ਚੌਲਾਂ ਵਾਲੀ ਪਲੇਟ ਚੁੱਕ ਲੈਂਦੀ ਹਾਂ ਤੇ ਚਮਚਾ ਭਰ ਕੇ ਅਰਜਨ ਦੇ ਮੂੰਹ ਕੋਲ ਕਰ ਦਿੰਦੀ ਹਾਂ। ਉਹ ਮੂੰਹ ਟੱਡ ਦਿੰਦਾ ਹੈ ਤੇ ਮੈਂ ਚਮਚਾ ਉਸਦੇ ਮੂੰਹ 'ਚ ਪਾ ਦਿੰਦੀ ਹਾਂ। ਉਦੋਂ ਹੀ ਬਾਹਰ ਦਰਵਾਜ਼ੇ ਦੀ ਘੰਟੀ ਖੜਕਦੀ ਹੈ। ਸਿੰਮੀ ਦੇ ਡੈਡੀ ਦਰਵਾਜ਼ਾ ਖੋਲ੍ਹਣ ਉੱਠਦੇ ਹਨ। ਨਿੱਕੀ ਅਤੇ ਉਸਦੇ ਦੋਨੋ ਨਿਆਣੇ ਰਾਇਨ ਤੇ ਨਿਧੀ ਹਨ। ਮੈਨੂੰ ਇਸ ਤਰ੍ਹਾਂ ਅਰਜਨ ਦੇ ਮੂੰਹ 'ਚ ਚਮਚਾ ਪਾਉਂਦੀ ਦੇਖ ਨਿੱਕੀ ਆਖਦੀ ਹੈ, "ਮਾਂ, ਯੂ ਆਰ ਗੋਇੰਗ ਟੂ ਸਪੌਇਲ ਹਿਮ। ਹੀ ਇਜ਼ ਨਾਟ ਏ ਬੇਬੀ ਨਾਓ। ਹੀ ਇਜ਼ ਸੈਵਨ। ਐਂਡ ਲਿਮਟ ਹਿਜ਼ ਟੀ.ਵੀ. ਟਾਈਮ (ਮਾਂ ਤੂੰ ਇਸ ਨੂੰ ਵਿਗਾੜ ਦੇਣਾ ਹੈ। ਇਹ ਹੁਣ ਜਵਾਕ ਨਹੀਂ।ਸੱਤ ਸਾਲਾਂ ਦਾ ਹੈ। ਤੇ ਏਹਦਾ ਟੀ.ਵੀ. ਦੇਖਣ 'ਤੇ ਵੀ ਸਮੇਂ ਦੀ ਪਾਬੰਦੀ ਲਾਓ)।"

ਆਪਣੀ ਮਾਸੀ ਦੀ ਤਿੱਖੀ ਆਵਾਜ਼ ਸੁਣ ਕੇ ਅਰਜਨ ਦਾ ਚਿਹਰਾ ਮਸੋਸਿਆ ਜਾਂਦਾ ਹੈ। ਉਸ ਨੂੰ ਦੇਖ ਮੇਰੇ ਮੂੰਹੋਂ ਆਪ ਹੀ ਨਿਕਲ ਜਾਂਦਾ ਹੈ, "ਤੁਸੀਂ ਤਾਂ ਵਿਗੜੀਆਂ ਨਹੀਂ। ਰੋਟੀ ਦੀਆਂ ਬੁਰਕੀਆਂ ਲੈ ਲੈ ਮੈਂ ਥੋਡੇ ਮਗਰ ਫਿਰਦੀ ਹੁੰਦੀ ਸੀ।"

"ਓਦੋਂ ਅਸੀਂ ਸੱਤਾਂ ਸਾਲਾਂ ਦੀਆਂ ਨਹੀਂ ਸੀ ਹੁੰਦੀਆਂ।"

"ਤੇ ਟੀ.ਵੀ. ਨੂੰ ਕਿਹੜਾ ਸਾਰਾ ਦਿਨ ਸਾਹ ਲੈਣ ਦਿੰਦੀਆਂ ਸੀ।" ਸਿੰਮੀ ਦੇ ਡੈਡੀ ਆਖਦੇ ਹਨ।

ਸਿਰ ਮਾਰ ਕੇ ਉਹ ਕ੍ਰਿਸਮਸ ਟ੍ਰੀ ਕੋਲ ਜਾ ਖੜ੍ਹਦੀ ਹੈ ਜਿਵੇਂ ਆਖਦੀ ਹੋਵੇ ਕਿ ਤੁਸੀਂ ਨਹੀਂ ਬਦਲੋਗੇ। ਮੈਨੂੰ ਲੱਗਦਾ ਹੈ ਕਿ ਉਸ ਨੂੰ ਬੱਚਿਆਂ ਸਾਹਮਣੇ ਉਸਦੇ ਬਚਪਨ ਬਾਰੇ ਯਾਦ ਕਰਵਾਉਣਾ ਚੰਗਾ ਨਹੀਂ ਲੱਗਾ। ਉਹ ਆਖਦੀ ਹੈ, "ਅਰਜਨ, ਡਾਈਨਿੰਗ ਟੇਬਲ 'ਤੇ ਸਹੀ ਤਰੀਕੇ ਨਾਲ ਬੈਠ ਕੇ ਖਾਇਆ ਕਰ। ਲੇਟ ਕੇ ਖਾਣਾ ਤੇਰੀ ਸਿਹਤ ਲਈ ਠੀਕ ਨਹੀਂ। ਉੱਠ, ਮੇਰਾ ਚੰਗਾ ਪੁੱਤ।" ਅਰਜਨ ਅਣਮੰਨੇ ਮਨ ਨਾਲ ਉੱਠ ਕੇ ਖਾਣੇ ਵਾਲੇ ਮੇਜ਼ 'ਤੇ ਚਲਿਆ ਜਾਂਦਾ ਹੈ। ਰਾਇਨ ਤੇ ਨਿਧੀ ਵੀ ਉਸ ਨਾਲ ਬੈਠ ਜਾਂਦੇ ਹਨ। ਨਿੱਕੀ ਕ੍ਰਿਸਮਸ ਟ੍ਰੀ ਉੱਪਰ ਟੰਗੀਆਂ ਲੜੀਆਂ ਵੱਲ ਦੇਖਣ ਲੱਗਦੀ ਹੈ।

ਇਹ ਕ੍ਰਿਸਮਸ ਟ੍ਰੀ ਕੁਝ ਦਿਨ ਪਹਿਲਾਂ ਸਿੰਮੀ ਦੇ ਡੈਡੀ ਤੇ ਅਰਜਨ ਨੇ ਜੋੜ ਦਿੱਤਾ ਸੀ। ਤੇ ਫਿਰ ਸਜਾਵਟੀ ਬਲਬਾਂ ਤੇ ਲੜੀਆਂ ਨਾਲ ਸ਼ਿੰਗਾਰ ਦਿੱਤਾ ਸੀ। ਇਹ ਟ੍ਰੀ ਸਿੰਮੀ ਪੰਦਰਾਂ-ਸੋਲਾਂ ਸਾਲ ਪਹਿਲਾਂ ਬੌਕਸਿੰਗ ਡੇਅ ਦੀ ਸੇਲ ਤੋਂ ਲੈ ਕੇ ਆਈ ਸੀ। ਕ੍ਰਿਸਮਸ ਤੋਂ ਅਗਲੇ ਦਿਨ ਲਗਦੀਆਂ ਸੇਲਾਂ ਤੋਂ ਇਹ ਸਸਤੇ ਮਿਲ ਜਾਂਦੇ ਹਨ। ਸਿੰਮੀ ਪੂਰੀ ਹਿਸਾਬੀ ਸੀ। ਸੋਚ ਸੋਚ ਕੇ ਖਰਚ ਕਰਦੀ ਸੀ। ਇਹ ਟ੍ਰੀ ਵੀ ਉਮਰ ਭਰ ਦਾ ਗਹਿਣਾ ਬਣ ਗਿਆ ਹੈ। ਇਸ ਨੂੰ ਕ੍ਰਿਸਮਸ ਤੋਂ ਦਸ-ਪੰਦਰਾਂ ਦਿਨ ਪਹਿਲਾਂ ਜੋੜ ਕੇ ਫੈਮਿਲੀ ਰੂਮ ਦੇ ਕੋਨੇ ਵਿਚ ਰੱਖ ਦਿੰਦੇ ਹਾਂ। ਫਿਰ ਨਵੇਂ ਸਾਲ ਵਾਲੇ ਦਿਨ ਤੋਂ ਬਾਅਦ ਡੱਬੇ ਚ ਬੰਦ ਕਰਕੇ ਗੈਰਾਜ 'ਚ ਰੱਖ ਦਿੰਦੇ ਹਾਂ। ਪਹਿਲਾਂ ਇਹ ਕੰਮ ਸਿੰਮੀ ਤੇ ਨਿੱਕੀ ਕਰਦੀਆਂ ਸਨ। ਉਨ੍ਹਾਂ ਦੇ ਵਿਆਹਾਂ ਤੋਂ ਬਾਅਦ ਕੁਝ ਸਾਲ ਇਹ ਗੈਰਾਜ 'ਚ ਅਣ-ਖੋਲ੍ਹਿਆ ਹੀ ਪਿਆ ਰਿਹਾ ਸੀ। ਹੁਣ ਪੰਜ ਕੁ ਸਾਲਾਂ ਤੋਂ ਜਦੋਂ ਦਾ ਅਰਜਨ ਸਾਡੇ ਨਾਲ ਰਹਿਣ ਲੱਗਾ ਹੈ, ਇਹ ਕੰਮ ਸਿੰਮੀ ਦੇ ਡੈਡੀ ਕਰਨ ਲੱਗ ਪਏ ਹਨ।

"ਮੰਮ, ਇਹ ਸਾਰੇ ਔਰਨਾਮੈਂਟਲ ਉਹੀ ਪੁਰਾਣੇ ਈ ਆ ਨਾ?" ਮੈਨੂੰ ਨਿੱਕੀ ਦੀ ਆਵਾਜ਼ ਸੁਣਦੀ ਹੈ।

"ਹੋਰ ਏਨ੍ਹਾਂ ਦਾ ਕੀ ਘਸ ਜਾਣੈ। ਓਵੇਂ ਹੀ ਪਏ ਆ ਨਵਿਆਂ ਵਰਗੇ।"

"ਆਪਾਂ ਬਦਲ ਦਿੰਨੇ ਆਂ।"

ਫਿਰ ਨਿੱਕੀ ਬੱਚਿਆਂ ਵੱਲ ਦੇਖ ਕੇ ਆਖਦੀ ਹੈ, "ਚਲੋ ਬੱਚਿਓ, ਆਪਾਂ ਮਾਲ ਚੱਲੀਏ। ਉੱਥੇ ਹੀ ਖਾਣਾ ਖਾਵਾਂਗੇ।"

"ਬਦਲਣ ਨੂੰ ਕੀ ਐ, ਨਿੱਕੀ। ਚੱਲੀ ਜਾਂਦੈ।" ਸਿੰਮੀ ਦੇ ਡੈਡੀ ਕਹਿੰਦੇ ਹਨ ਪਰ ਨਿੱਕੀ ਨੇ ਸ਼ਾਇਦ ਇਹ ਸੁਣਿਆ ਨਹੀਂ ਹੈ। ਉਸਦਾ ਧਿਆਨ ਬੱਚਿਆਂ ਵੱਲ ਹੈ। ਨਿਧੀ ਤੇ ਰਾਇਨ "ਯੇਅਅ" ਕਹਿੰਦੇ ਬੁੜ੍ਹਕ ਕੇ ਕੁਰਸੀਆਂ ਤੋਂ ਉੱਠਦੇ ਹਨ। ਅਰਜਨ ਉਵੇਂ ਹੀ ਬੈਠਾ ਰਹਿੰਦਾ ਹੈ। ਨਿੱਕੀ ਉਸ ਨੂੰ ਆਖਦੀ ਹੈ, "ਚੱਲ ਉੱਠ, ਅਰਜਨ।"

ਅਰਜਨ ਨੇ ਮੇਰੇ ਵੱਲ ਦੇਖਿਆ ਹੈ। ਮੈਂ ਕਿਹਾ, "ਜਾਹ, ਚਲਾ ਜਾਹ ਤੂੰ ਵੀ।"

ਅਰਜਨ ਉੱਠ ਕੇ ਰਇਨ ਤੇ ਨਿਧੀ ਦੇ ਮਗਰ ਤੁਰ ਪੈਂਦਾ ਹੈ।

ਮੈਨੂੰ ਲਗਦਾ ਹੈ ਕਿ ਇਸ ਸਾਲ ਅਰਜਨ ਦੀ ਕ੍ਰਿਸਮਸ ਚੰਗੀ ਲੰਘ ਜਾਵੇਗੀ। ਪਿਛਲੇ ਸਾਲ ਇਸਦਾ ਡੈਡੀ ਨੀਨਾ ਨਾਲ ਹਨੀਮੂਨ 'ਤੇ ਹਵਾਈ ਗਿਆ ਹੋਇਆ ਸੀ। ਸਾਨੂੰ ਦੋਹਾਂ ਜੀਆਂ ਨੂੰ ਬਹੁਤਾ ਲੱਲ ਨਹੀਂ। ਅਸੀਂ ਅਰਜਨ ਨੂੰ ਇਕ ਦੋ ਖਿਡਾਉਣੇ ਲਿਆ ਦਿੱਤੇ ਤੇ ਕ੍ਰਿਸਮਸ ਤੋਂ ਪਹਿਲੀ ਸ਼ਾਮ ਉਸ ਨੂੰ ਕਾਰ 'ਚ ਬਿਠਾ ਕੇ ਬਾਹਰ ਜਗਦੀਆਂ ਬੱਤੀਆਂ ਦਿਖਾ ਲਿਆਏ। ਸਿੰਮੀ ਹੁੰਦੀ ਤਾਂ ਹੋਰ ਗੱਲ ਸੀ। ਮੇਰੇ ਮਨ ਵਿਚ ਵੈਰਾਗ ਭਰ ਜਾਂਦਾ ਹੈ। ਮੇਰੀ ਭੁੱਬ ਨਿਕਲ ਜਾਂਦੀ ਹੈ। ਅਰਜਨ ਦੀ ਹਾਜ਼ਰੀ 'ਚ ਆਪਣੇ



ਆਪ ਨੂੰ ਘੁੱਟ ਘੁੱਟ ਕੇ ਰੱਖਦੇ ਹਾਂ। ਉਸ ਦੀ ਗੈਰ-ਹਾਜ਼ਰੀ ਵਿਚ ਮੈਂ ਰੱਜ ਕੇ ਆਪਣਾ ਚਿੱਤ ਹੌਲਾ ਕਰ ਲੈਂਦੀ ਹਾਂ। ਸਿੰਮੀ ਦੇ ਡੈਡੀ ਮੈਨੂੰ ਚੁੱਪ ਨਹੀਂ ਕਰਵਾਉਂਦੇ। ਉਹ ਚੁੱਪ ਕਰਕੇ ਬੈਡਰੂਮ ਵਿਚ ਚਲੇ ਜਾਂਦੇ ਹਨ। ਫਿਰ ਕੁਝ ਦੇਰ ਬਾਅਦ ਵਾਪਸ ਫੈਮਿਲੀ ਰੂਮ 'ਚ ਆ ਕੇ ਕਹਿੰਦੇ ਹਨ, "ਸੰਭਾਲ ਆਪਣੇ ਆਪ ਨੂੰ। ਅਰਜਨ ਆਉਣ ਵਾਲਾ ਹੋਣੈ।"

ਅਰਜਨ ਹੋਰਾਂ ਦੇ ਮੁੜਨ ਤੱਕ ਮੈਂ ਆਪਣੇ ਆਪ ਨੂੰ ਸੰਭਾਲ ਲੈਂਦੀ ਹਾਂ। ਅਰਜਨ ਵੀ ਟਹਿਕਦਾ ਲਗਦਾ ਹੈ। ਜਿਓਂ ਹੀ ਸਿੰਮੀ ਦੇ ਡੈਡੀ ਉਨ੍ਹਾਂ ਲਈ ਬਾਹਰਲਾ ਦਰਵਾਜ਼ਾ ਖੋਲ੍ਹਦੇ ਹਨ, ਜਵਾਕ ਦੌੜ ਕੇ ਮੇਰੇ ਵੱਲ ਆਉਂਦੇ ਹਨ; ਜਿਵੇਂ ਉਨ੍ਹਾਂ ਨੇ ਮੈਨੂੰ ਪਹਿਲਾਂ ਛੋਹਣ ਦੀ ਸ਼ਰਤ ਲਾਈ ਹੋਵੇ। ਅਰਜਨ ਮੇਰੇ ਤੱਕ ਪਹਿਲਾਂ ਪਹੁੰਚ ਜਾਂਦਾ ਹੈ। ਉਹ ਮੇਰੀ ਬੁੱਕਲ ਵਿਚ ਵੜ ਜਾਂਦਾ ਹੈ। "ਮੇਰੀ ਨਾਨੀ ਐ", ਆਖ ਕੇ ਉਹ ਮੇਰੇ ਨਾਲ ਚੁੰਬੜ ਜਾਂਦਾ ਹੈ। ਮੈਂ ਉਸ ਨੂੰ ਆਪਣੇ ਨਾਲ ਘੁੱਟ ਲੈਂਦੀ ਹਾਂ। ਕੋਲ ਖੜ੍ਹੀ ਨਿਧੀ ਵੱਲ ਮੇਰਾ ਧਿਆਨ ਨਹੀਂ ਜਾਂਦਾ। ਉਹ ਬੈਗ ਚੁੱਕੀ ਆਉਂਦੀ ਨਿੱਕੀ ਦੇ ਨਾਲ ਲੱਗ ਕੇ ਬੋਲਦੀ ਹੈ, "ਮੇਰੀ ਮੰਮੀ ਹੈ।" ਫਿਰ ਰਾਇਨ ਵੀ ਉਸ ਨਾਲ ਲੱਗ ਕੇ ਖੜ੍ਹ ਜਾਂਦਾ ਹੈ। ਨਿੱਕੀ ਬੈਗ ਰੱਖਦੀ ਬੋਲਦੀ ਹੈ, "ਆਓ ਬੱਚਿਓ, ਕ੍ਰਿਸਮਸ ਟ੍ਰੀ ਸਜਾਈਏ।" ਰਾਇਨ ਤੇ ਨਿਧੀ ਲਿਫਾਫੇ ਫਰੋਲਣ ਲਗਦੇ ਹਨ। ਅਰਜਨ ਮੇਰੀ ਗੋਦੀ ਵਿਚ ਹੀ ਬੈਠਾ ਰਹਿੰਦਾ ਹੈ। ਨਿੱਕੀ ਉਸ ਵੱਲ ਦੇਖ ਕੇ ਆਖਦੀ ਹੈ, "ਅਰਜਨ, ਤੂੰ ਨਹੀਂ ਸਾਡੀ ਮਦਦ ਕਰੇਂਗਾ? ਥੱਕ ਗਿਆ?" ਅਰਜਨ ਉੱਠ ਕੇ ਆਪਣੀ ਮਾਸੀ ਕੋਲ ਚਲਾ ਜਾਂਦਾ ਹੈ।

ਨਿੱਕੀ ਉਸ ਨੂੰ ਟ੍ਰੀ ਤੋਂ ਪੁਰਾਣੀਆਂ ਲੜੀਆਂ ਤੇ ਬਲਬ ਵਗੈਰਾ ਉਤਾਰਨ ਦੇ ਆਹਰ ਲਾ ਲੈਂਦੀ ਹੈ। ਫਿਰ ਨਵੀਆਂ ਲੜੀਆਂ, ਬਲਬਾਂ ਤੇ ਹੋਰ ਨਿੱਕ-ਸੁੱਕ ਵਾਲੇ ਲਿਫਾਫੇ ਆਪਣੇ ਨੇੜੇ ਕਰ ਲੈਂਦੀ ਹੈ। ਲਿਫਾਫੇ ਵਿਚੋਂ ਲਾਲ ਰੰਗ ਦਾ ਬਲਬ ਕੱਢਦੀ ਹੈ ਤੇ ਉਸ ਨੂੰ ਉੱਪਰ ਚੁੱਕ ਕੇ ਪੁੱਛਦੀ ਹੈ, "ਇਹ ਕਿੱਥੇ ਲੱਗੇਗਾ? ਖੱਬੇ ਪਾਸੇ? ਸੱਜੇ ਪਾਸੇ? ਉੱਪਰ ਕਿ ਹੇਠ?"

ਨਿਧੀ ਛੇਤੀ ਨਾਲ ਇਕ ਟਾਹਣੀ ਨੂੰ ਹੱਥ ਲਾ ਕੇ ਕਹਿੰਦੀ ਹੈ, "ਐਥੇ।" ਨਿੱਕੀ ਉਸ ਨੂੰ ਬਲਬ ਫੜਾਉਣ ਲਗਦੀ ਹੈ ਪਰ ਅਰਜਨ ਝਪਟ ਕੇ ਵਿਚੋਂ ਹੀ ਫੜ ਲੈਂਦਾ ਹੈ ਤੇ ਖਿੜ-ਖਿੜਾਕੇ ਹੱਸ ਪੈਂਦਾ ਹੈ। ਨਿਧੀ ਮੂੰਹ ਸੁਜਾ ਲੈਂਦੀ ਹੈ। "ਅਰਜਨ, ਇਹ ਗਲਤ ਗੱਲ ਐ। ਆਪਣੀ ਵਾਰੀ ਦੀ ਉਡੀਕ ਕਰ ਤੇ ਇਹ ਬਲਬ ਨਿਧੀ ਨੂੰ ਦੇਹ", ਨਿੱਕੀ ਆਖਦੀ ਹੈ। ਅਰਜਨ ਉਵੇਂ ਹੀ ਖੜ੍ਹਾ ਰਹਿੰਦਾ ਹੈ। "ਸੁਣਿਆ ਮੈਂ ਕੀ ਕਿਹਾ", ਨਿੱਕੀ ਆਖਦੀ ਹੈ। ਅਰਜਨ ਮੇਰੀ ਗੋਦੀ ਵਿਚ ਆਣ ਬੈਠਦਾ ਹੈ। ਨਿੱਕੀ ਕੁਝ ਦੇਰ ਉਸ ਵੱਲ ਦੇਖਦੀ ਰਹਿੰਦੀ ਹੈ, ਫਿਰ ਉਸ ਨੂੰ ਮੇਰੀ ਬੁੱਕਲ ਵਿਚੋਂ ਕੱਢ ਕੇ ਆਪਣੇ ਨਾਲ ਘੁੱਟ ਲੈਂਦੀ ਹੈ ਤੇ ਆਖਦੀ ਹੈ, "ਤੂੰ ਮਾਸੀ ਦਾ ਪਿਆਰਾ ਪਿਆਰਾ ਬੱਚਾ ਹੈਂ। ਆਪਾਂ ਇਹ ਖੇਡ ਇਸ ਲਈ ਖੇਡਦੇ ਹਾਂ ਕਿ ਸਾਰਿਆਂ ਨੂੰ ਮਜ਼ਾ ਆਵੇ। ਹਣਾ? ਇਹ ਫੇਰ ਹੀ ਆਵੇਗਾ ਜੇ ਅਸੀਂ ਸਾਰੇ ਰਲਕੇ ਖੇਡਾਂਗੇ। ਚੱਲ ਆ ਟ੍ਰੀ ਸਜਾਈਏ।" ਅਰਜਨ ਬਲਬ ਨਿਧੀ ਨੂੰ ਫੜਾ ਦਿੰਦਾ ਹੈ ਤੇ ਉਹ ਟਾਹਣੀ ਨਾਲ ਟੰਗ ਦਿੰਦੀ ਹੈ। ਹੌਲੀ-ਹੌਲੀ ਅਰਜਨ ਵੀ ਇਸ ਖੇਡ ਵਿਚ ਹਿੱਸਾ ਲੈਣ ਲੱਗਦਾ ਹੈ। ਉਹ ਇਸ ਖੇਡ ਵਿਚ ਘੰਟੇ ਤੋਂ ਵੱਧ ਸਮਾਂ ਲਾ ਦਿੰਦੇ ਹਨ। ਸਾਥੋਂ ਇਹ ਲੱਲ ਕਿੱਥੇ ਹੁੰਦੇ ਆ। ਸਿੰਮੀ ਦੇ ਡੈਡੀ ਤਾਂ ਪੰਜਾਂ ਮਿੰਟਾਂ 'ਚ ਸਾਰੀ ਸਜਾਵਟ ਦਾ ਸਮਾਨ ਟੰਗ ਦਿੰਦੇ ਹਨ।

ਫਿਰ ਖੜ੍ਹੀ ਹੁੰਦੀ ਨਿੱਕੀ ਆਖਦੀ ਹੈ, "ਚੱਲੋ ਬੱਚਿਓ, ਚੱਲੀਏ। ਕੱਲ੍ਹ ਨੂੰ ਅਰਜਨ ਨੇ ਸਕੂਲ ਵੀ ਜਾਣਾ ਹੈ। ਏਹਨੂੰ ਆਪਾਂ ਸੌਣ ਦੇਈਏ।"

ਨਿਧੀ ਤੇ ਰਾਇਨ ਆਪਣੀਆਂ ਜੈਕਟਾਂ ਪਾਉਣ ਲਗਦੇ ਹਨ। ਅਰਜਨ ਉਨ੍ਹਾਂ ਤੋਂ ਪੁੱਛਦਾ ਹੈ, "ਤੁਸੀਂ ਅੱਜ ਇੱਥੇ ਨਹੀਂ ਸੌਂ ਸਕਦੇ?"

ਨਿਧੀ ਹੱਥ ਦਾ ਓਹਲਾ ਬਣਾਕੇ ਉਸ ਦੇ ਕੰਨ ਕੋਲ ਮੂੰਹ ਕਰਕੇ ਆਖਦੀ ਹੈ, "ਮੇਰੀ ਮਾਂ ਨੂੰ ਪੁੱਛ ਲੈ।" ਇਹ ਗੱਲ ਮੈਨੂੰ ਵੀ ਸੁਣ ਜਾਂਦੀ ਹੈ। ਅਰਜਨ ਆਪਣੀ ਮਾਸੀ ਵੱਲ ਦੇਖਦਾ ਹੈ ਪਰ ਮੂੰਹੋਂ ਕੁਝ ਨਹੀਂ ਬੋਲਦਾ। ਨਿੱਕੀ ਹੀ ਆਖਦੀ ਹੈ, "ਅਸੀਂ ਕ੍ਰਿਸਮਸ ਈਵ ਵਾਲੀ ਰਾਤ ਇੱਥੇ ਰਹਾਂਗੇ। ਫਿਰ ਕ੍ਰਿਸਮਸ ਵਾਲੇ ਦਿਨ ਸਾਰੇ ਰਲ ਮਿਲਕੇ ਤੋਹਫੇ ਖੋਲ੍ਹਾਂਗੇ। ਠੀਕ ਐ?" ਫਿਰ ਅਰਜਨ ਨੂੰ ਆਪਣੇ ਨਾਲ ਘੁੱਟਦੀ ਆਖਦੀ ਹੈ, "ਕੱਲ੍ਹ ਨੂੰ ਤੇਰੇ ਸਕੂਲ ਕ੍ਰਿਸਮਸ ਕਨਸਰਟ 'ਤੇ ਆਵਾਂਗੇ। ਠੀਕ ਹੈ? ਚੇਤੇ ਐ ਕਿ ਕੱਲ੍ਹ ਤੋਂ ਸੋਫੇ 'ਤੇ ਬੈਠ ਕੇ ਟੀ.ਵੀ. ਦੇਖਦਿਆਂ ਖਾਣਾ ਨਹੀਂ ਖਾਣਾ।"

ਅਰਜਨ ਇਸਦਾ ਜਵਾਬ "ਓ.ਕੇ." ਆਖ ਕੇ ਦਿੰਦਾ ਹੈ।

ਅਗਲੀ ਸਵੇਰ ਉਹ ਸੱਚ-ਮੁੱਚ ਹੀ ਸਕੂਲ ਜਾਣ ਤੋਂ ਪਹਿਲਾਂ ਖਾਣੇ ਵਾਲੇ ਮੇਜ਼ ਦੁਆਲੇ ਡੱਠੀ ਕੁਰਸੀ 'ਤੇ ਬੈਠਕੇ ਆਖਦਾ ਹੈ,"ਨਾਨੀ, ਮੇਰੇ ਸੀਰੀਅਲ ਇੱਥੇ ਲਿਆ ਦਿਓਗੇ?"

ਤੇ ਸਕੂਲੋਂ ਵਾਪਸ ਮੁੜ ਕੇ ਵੀ ਉੱਥੇ ਹੀ ਬੈਠ ਜਾਂਦਾ ਹੈ।

"ਲੈ ਬਈ ਏਹਨੂੰ ਦੁੱਧ ਦੇ ਨਾਲ ਕੁੱਕੀਆਂ ਦੇ। ਰਾਹ 'ਚ ਮੈਨੂੰ ਕਹਿੰਦਾ ਕਿ ਇਹ ਅੱਜ ਤੋਂ ਸਕੂਲੋਂ ਮੁੜਨ ਸਾਰ ਪਹਿਲਾਂ ਦੁੱਧ ਨਾਲ ਕੁੱਕੀਆਂ ਖਾਇਆ ਕਰੇਗਾ, ਫਿਰ ਟੀ.ਵੀ. 'ਤੇ ਸਿਰਫ ਦੋ ਸ਼ੋਅ ਹੀ ਦੇਖਿਆ ਕਰੇਗਾ।" ਅਰਜਨ ਦੇ ਮਗਰ ਮਗਰ ਆਉਂਦੇ ਸਿੰਮੀ ਦੇ ਡੈਡੀ ਆਖਦੇ ਹਨ। ਅਰਜਨ ਨੂੰ ਸਕੂਲ ਛੱਡਣ ਤੇ ਲਿਆਉਣ ਦਾ ਕੰਮ ਉਨ੍ਹਾਂ ਦਾ ਹੈ।

ਅਰਜਨ ਹਾਲੇ ਦੁੱਧ ਦਾ ਗਿਲਾਸ ਖਾਲੀ ਕਰਦਾ ਹੀ ਹੈ ਕਿ ਨਿੱਕੀ ਤੇ ਉਸਦੇ ਨਿਆਣੇ ਆ ਜਾਂਦੇ ਹਨ। ਆਉਂਦਿਆਂ ਹੀ ਅਰਜਨ ਤੋਂ ਨਿੱਕੀ ਪੁੱਛਦੀ ਹੈ, "ਤੈਨੂੰ ਕ੍ਰਿਸਮਸ ਪਾਰਟੀ ਦਾ ਚਾਅ ਹੈ?"

"ਹਾਂ ਜੀ।" ਅਰਜਨ ਜਵਾਬ ਦਿੰਦਾ ਹੈ।

ਪਿਛਲੇ ਸਾਲ ਅਰਜਨ ਕ੍ਰਿਸਮਸ ਪਾਰਟੀ 'ਤੇ ਗਿਆ ਹੀ ਨਹੀਂ ਸੀ। ਨਾ ਜਾਣ ਲਈ ਵੀਹਰ ਗਿਆ ਸੀ। ਸਿੰਮੀ ਦੇ ਡੈਡੀ ਕਹਿੰਦੇ, "ਦਫਾ ਕਰ ਜੇ ਨਹੀਂ ਜਾਂਦਾ ਤਾਂ ਨਾ ਸਹੀ।" ਇਸ ਸਾਲ ਵੀ ਕਹਿੰਦਾ ਸੀ ਕਿ ਨਹੀਂ ਜਾਣਾ ਪਰ ਕ੍ਰਿਸਮਸ ਟ੍ਰੀ ਲਈ ਸਜਾਵਟ ਦਾ ਸਮਾਨ ਲੈਣ ਗਿਆਂ ਤੋਂ ਨਿੱਕੀ ਨੇ ਪਤਾ ਨਹੀਂ ਕੀ ਸਮਝਾਇਆ ਕਿ ਮੰਨ ਗਿਆ। ਨਿੱਕੀ ਇਸ ਲਈ ਨਵੇਂ ਕੱਪੜੇ ਵੀ ਲੈ ਆਈ ਸੀ। ਨਿੱਕੀ ਇਸ ਨੂੰ ਤਿਆਰ ਕਰ ਕੇ ਸਿਰ 'ਤੇ ਲਾਲ ਰੰਗ ਦੀ ਟੂਕ ਦੇ ਦਿੰਦੀ ਹੈ। ਅਰਜਨ ਦੇ ਖਿੜੇ ਚਿਹਰੇ ਨੂੰ ਦੇਖ ਕੇ ਮੇਰੇ ਅੰਦਰੋਂ ਹੂਕ ਨਿਕਲਦੀ ਹੈ। ਸਿੰਮੀ ਮੇਰੀਆਂ ਅੱਖਾਂ ਅੱਗੇ ਘੁੰਮਣ ਲਗਦੀ ਹੈ। ਮੇਰੀਆਂ ਅੱਖਾਂ ਨਮ ਹੋਣ ਲਗਦੀਆਂ ਹਨ। ਮੈਂ ਰਸੋਈ ਵੱਲ ਚਲੀ ਜਾਂਦੀ ਹਾਂ।

ਸਕੂਲ ਦੇ ਜਿੰਮ ਵਿਚ ਕ੍ਰਿਸਮਸ ਪਾਰਟੀ ਰੱਖੀ ਹੋਈ ਹੈ। ਪਹਿਲਾਂ ਕੱਚੀ ਤੇ ਫੇਰ ਪਹਿਲੀ ਜਮਾਤ ਦੇ ਜਵਾਕ ਇਕ ਸੁਰ ਚ ਗੀਤ ਗਾਉਂਦੇ ਹਨ। "ਕੱਠੇ ਗਾਉਂਦੇ ਜਵਾਕ ਕਿੰਨੇ ਸੋਹਣੇ ਲਗਦੇ ਆ", ਸਿੰਮੀ ਦੇ ਡੈਡੀ ਆਖਦੇ ਹਨ। ਇਹ ਸਿੰਮੀ ਅਤੇ ਨਿੱਕੀ ਦੇ ਸਕੂਲੀ ਦਿਨਾਂ ਵੇਲੇ ਕਦੇ ਵੀ ਸਕੂਲ ਨਹੀਂ ਸੀ ਗਏ। ਆਪਣੇ ਕੰਮ 'ਚ ਹੀ ਰੁੱਝੇ ਰਹਿੰਦੇ। ਮੈਂ ਕਈ ਵਾਰੀ ਚਲੀ ਜਾਂਦੀ। ਸਟੇਜ 'ਤੇ ਗਾਉਂਦੇ ਜਵਾਕਾਂ ਵਿਚੋਂ ਇਕ ਮੂਹਰੇ ਖੜ੍ਹੀ ਕੁੜੀ ਵੱਲ ਦੇਖਕੇ ਮੈਨੂੰ ਸਿੰਮੀ ਦਾ ਝਾਉਲਾ ਪੈਂਦਾ ਹੈ। ਉਹ ਵੀ ਹਰ ਕੰਮ 'ਚ ਮੂਹਰੇ ਹੁੰਦੀ। ਸੰਗਦੀ ਨਹੀਂ ਸੀ। ਮੇਰੀ ਬਾਂਹ ਝੰਜੋੜ ਕੇ ਨਾਲ ਬੈਠੀ ਨਿਧੀ ਮੈਨੂੰ ਸੋਚਾਂ 'ਚੋਂ ਕੱਢਦੀ ਹੈ। "ਨਾਨੀ, ਓਹ ਦੇਖੋ ਅਰਜਨ ਕਿਸੇ ਕੁੜੀ ਨੂੰ ਤੰਗ ਕਰੀ ਜਾਂਦੈ।" ਮੈਂ ਸਟੇਜ ਵੱਲ ਦੇਖਦੀ ਹਾਂ। ਅਰਜਨ ਸਾਰਿਆਂ ਨਾਲੋਂ ਪਿਛਲੀ ਕਤਾਰ ਵਿਚ ਖੜ੍ਹਾ ਹੈ। ਉਹ ਆਪਣੇ ਮੂਹਰਲੀ ਲਾਈਨ ਵਿਚ ਖੜ੍ਹੀ ਕੁੜੀ ਦੀ ਗੁੱਤ ਨੂੰ ਛੇੜ ਰਿਹਾ ਹੈ। ਕੁੜੀ ਆਪਣੀ ਗੁੱਤ ਅੱਗੇ ਕਰ ਲੈਂਦੀ ਹੈ। ਬੱਚੇ ਗਾਉਣ ਲਗਦੇ ਹਨ:

ਜਿੰਗਲ ਬੈੱਲਜ਼, ਜਿੰਗਲ ਬੈੱਲਜ਼, ਜਿੰਗਲ ਆਲ ਦਾ ਵੇਅ...

ਇਹ ਲਾਈਨਾਂ ਤਾਂ ਮੈਨੂੰ ਵੀ ਯਾਦ ਹੋ ਗਈਆਂ ਹਨ। ਸਿੰਮੀ ਤੇ ਨਿੱਕੀ ਵੀ ਛੋਟੀਆਂ ਹੁੰਦੀਆਂ ਆਮ ਹੀ ਗਾਉਂਦੀਆਂ ਹੁੰਦੀਆਂ ਸੀ।

ਮੇਰੀ ਨਿਗ੍ਹਾ ਅਰਜਨ 'ਤੇ ਹੈ। ਉਸਦਾ ਧਿਆਨ ਗਾਉਣ ਵੱਲ ਨਹੀਂ ਹੈ। ਉਹ ਵੀਡੀਓ ਬਣਾ ਰਹੀ ਨਿੱਕੀ ਨੂੰ ਸੈਨਤਾਂ ਕਰ ਰਿਹਾ ਹੈ।

ਨਿੱਕੀ ਵਾਪਸੀ ਵੇਲੇ ਅਰਜਨ ਨੂੰ ਆਖਦੀ ਹੈ, "ਅਰਜਨ, ਦੂਜਿਆਂ ਨੂੰ ਤੰਗ ਨਾ ਕਰਿਆ ਕਰ। ਟੀਚਰ ਦੀ ਗੱਲ ਸੁਣਿਆ ਕਰ।" ਫਿਰ ਉਹ ਇਕ ਕਦਮ ਅੱਗੇ ਤੁਰ ਰਹੇ ਆਪਣੇ ਡੈਡੀ ਨੂੰ ਆਖਦੀ ਹੈ, "ਡੈਡ, ਇਸ ਨੂੰ ਸਾਕਰ ਵਗੈਰਾ ਦੀ ਟੀਮ 'ਚ ਪਾਓ। ਦੂਜਿਆਂ ਨਾਲ ਰਲ ਕੇ ਰਹਿਣਾ ਸਿੱਖੇਗਾ।"

"ਕੋਈ ਨਹੀਂ ਵੱਡਾ ਹੋ ਕੇ ਸਿੱਖ ਜਾਵੇਗਾ, ਜਵਾਕ ਚੌੜ ਕਰਦੇ ਈ ਹੁੰਦੇ ਆ", ਉਸਦੇ ਡੈਡੀ ਜਵਾਬ ਦਿੰਦੇ ਹਨ। ਮੈਨੂੰ ਵੀ ਇਵੇਂ ਹੀ ਲਗਦਾ ਹੈ। ਅਰਜਨ ਦੀ ਟੀਚਰ ਨੇ ਵੀ ਕਈ ਵਾਰੀ ਉਲਾਂਭਾ ਦਿੱਤੈ ਕਿ ਇਹ ਇਲਤਾਂ ਕਰਦੈ। ਚੁੱਪ ਕਰਕੇ ਨਹੀਂ ਬੈਠਦਾ। ਇਕ ਵਾਰੀ ਚਿੱਤ 'ਚ ਆਈ ਕਿ ਅਰਜਨ ਦੇ ਡੈਡੀ ਨੂੰ ਆਖ ਦਿਆਂ ਕਿ ਇਕ ਦਿਨ ਸਕੂਲ ਜਾ ਆਵੇ, ਫਿਰ ਸੋਚਿਆ ਕਿ ਐਵੇਂ ਜਵਾਕ ਨੂੰ ਝਿੜਕੇ ਨਾ। ਉਨ੍ਹਾਂ ਦਾ ਘਰ ਤਾਂ ਬਹੁਤਾ ਦੂਰ ਨਹੀਂ

***(ਬਾਕੀ ਅਗਲੇ ਸਫੇ 'ਤੇ)***

# ਸੰਦਲੀ ਪੌਣਾਂ ਦੇ ਪੈਰੀਂ ਪੰਜੇਬਾਂ ਪਾਉਣ ਵਾਲ਼ੀ ਕਿੱਟੀ ਬੱਲ

ਪਿਛਲੇ ਦਿਨੀਂ ਮਰਹੂਮ ਸਰਦਾਰ ਸ਼ਿਵਚਰਨ ਸਿੰਘ ਗਿੱਲ ਹੋਰਾਂ ਦਾ ਸਮਾਗਮ ਉਨ੍ਹਾਂ ਦੀ ਸਲੱਗ ਬੇਟੀ ਸ਼ਿਵਦੀਪ ਕੌਰ ਢੇਸੀ ਅਤੇ ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਲੰਡਨ ਵੱਲੋਂ ਕਰਵਾਇਆ ਗਿਆ, ਜਿੱਥੇ ਮੈਨੂੰ ਕਈ ਮਾਣ ਮੱਤੀਆਂ ਸ਼ਖ਼ਸੀਅਤਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ, ਜਿਨ੍ਹਾਂ ਵਿਚ ਪੰਜਾਬੀ ਦੀ ਚਰਚਿਤ ਅਤੇ ਮਕਬੂਲ ਕਵਿੱਤਰੀ ਕਿੱਟੀ ਬੱਲ ਵੀ ਸੀ। ਮੈਨੂੰ ਉਨ੍ਹਾਂ ਨੇ ਆਪਣੀਆਂ ਦੋ ਕਿਤਾਬਾਂ 'ਬੰਦ



**ਸ਼ਿਵਚਰਨ ਜੱਗੀ ਕੁੱਸਾ**
**ਫੋਨ: 44 78533-17891**

ਬੂਹੇ' ਅਤੇ 'ਤੇਜ਼ ਚੱਲਣ ਹਨ੍ਹੇਰੀਆਂ' ਅਰਪਣ ਕੀਤੀਆਂ। ਕਿੱਟੀ ਬੱਲ ਦੀ ਕਿਤਾਬ 'ਬੰਦ ਬੂਹੇ' ਮੈਂ ਇੱਕੋ ਬੈਠਕ ਵਿਚ ਹੀ ਪੜ੍ਹ ਦਿੱਤੀ। ਮਨ ਵਿਚ ਆਇਆ ਕਿ ਇਸ ਬਹੁਮੁੱਲੀ ਕਿਤਾਬ ਬਾਰੇ ਜ਼ਰੂਰ ਕੁਝ ਲਿਖਣਾ ਚਾਹੀਦਾ ਹੈ।

ਉਸ ਦੀ ਇਕ ਰਚਨਾ ਪੜ੍ਹ ਕੇ ਮੈਨੂੰ ਬੈਂਜਾਮਿਨ ਬੁਰੰਬੋ ਦਾ ਕਥਨ ਯਾਦ ਆ ਜਾਂਦਾ ਹੈ। ਅਫ਼ਰੀਕਾ ਦਾ ਬੈਂਜਾਮਿਨ ਬੁਰੰਬੋ ਲਿਖਦਾ ਹੈ ਕਿ ਜਦੋਂ ਵੀ ਮੈਂ ਆਪਣੇ ਲੋਕਾਂ ਦੇ ਹੱਕਾਂ ਲਈ ਲੜਦਾ ਹਾਂ, ਤਾਂ ਮੈਂ ਇਕ ਹੱਥ ਨਾਲ਼ ਲੜਦਾ ਹਾਂ, ਕਿਉਂਕਿ ਮੈਂ ਆਪਣਾ ਦੂਜਾ ਹੱਥ ਮੇਰੇ ਆਪਣੇ ਉਨ੍ਹਾਂ ਲੋਕਾਂ ਨੂੰ ਪਰ੍ਹੇ ਰੱਖਣ ਲਈ ਵਰਤਣਾ ਹੁੰਦਾ ਹੈ, ਜੋ ਮੇਰੇ ਹੀ ਵਿਰੋਧ 'ਚ ਹੁੰਦੇ ਨੇ। ਤਕਰੀਬਨ ਉਸੇ ਤਰ੍ਹਾਂ ਆਪਣੀ ਰਚਨਾ 'ਮੈਂ ਬੋਲੀ ਨਾ' ਵਿਚ ਕਿੱਟੀ ਬੱਲ ਲਿਖਦੀ ਹੈ:

ਮੈਨੂੰ ਵਾਂਗ ਕਸਾਈਆਂ ਧੂਹਿਆ
ਵੇ ਮੈਂ ਬੋਲੀ ਨਾ
ਸੁਣ ਤੂੰ ਕੀ ਮੈਨੂੰ ਮਾਰੇਂਗਾ?
ਮੈਂ ਤਾਂ ਰੋਜ਼ ਹੀ ਮਰਦੀ ਸੀ
ਆਪੇ ਨਾਲ਼ ਲੜਦੀ ਸੀ ਵਿਚ
ਭੁੱਖੇ ਢਿੱਡ ਵੀ ਭਰਦੀ ਸੀ
ਪਰ ਮੈਂ ਬੋਲੀ ਨਾ...

ਬਰਨਾਰਡ ਸ਼ਾਅ 'ਕ੍ਰਾਂਤੀ ਦੇ ਸਿਧਾਂਤ' ਲਿਖਦਾ ਹੈ; ਜਦੋਂ ਆਦਮੀ ਸ਼ੇਰ ਨੂੰ ਮਾਰਦਾ ਹੈ, ਤਾਂ ਇਸ ਨੂੰ 'ਸ਼ਿਕਾਰ ਖੇਡਣਾ' ਆਖਦਾ ਹੈ। ਪਰ ਜਦੋਂ ਇੱਕ ਸ਼ੇਰ ਆਦਮੀ ਨੂੰ ਮਾਰਨਾ ਚਾਹੁੰਦਾ ਹੈ, ਤਾਂ ਉਹ ਇਸ ਨੂੰ 'ਵਹਿਸ਼ੀਪੁਣਾ' ਕਹਿੰਦਾ ਹੈ। ਕੁਝ ਅਜਿਹਾ ਹੀ ਬਿਰਤਾਂਤ ਕਿੱਟੀ ਬੱਲ ਆਪਣੀ ਰਚਨਾ 'ਰਿਸ਼ਤੇ ਦਾ ਘਾਣ' ਵਿਚ ਕਰਦੀ ਹੈ:

ਲੁੱਟ ਅਯਾਸ਼ੀ ਜਿਸਮ ਲੀਰੋ ਲੀਰ ਕਰ ਗਿਆ
ਕਰ ਕਲੰਕਤ, ਕਲੰਕ ਮੱਥੇ ਮੜ੍ਹ ਗਿਆ
ਵੱਸ ਚੱਲਦਾ ਜਾਨੋਂ ਹੀ ਮਾਰ ਮੁਕਾ ਦਿੰਦਾ
ਹਵਸ 'ਚ ਵਹਿਸ਼ੀਪੁਣੇ ਦੀ ਹੱਦ ਪਾਰ ਕਰ ਗਿਆ

ਜਿਵੇਂ ਐਡਮੰਡ ਬਰਕ ਦਾ ਇਕ ਕਥਨ ਹੈ; ਪਾਖੰਡੀ ਸ਼ਾਨਦਾਰ ਲਾਰੇ ਲਾ ਸਕਦਾ ਹੈ। ਇਹ ਕਦੇ ਇਕਰਾਰ ਤੋਂ ਅੱਗੇ ਕੋਈ ਕਦਮ ਨਹੀਂ ਪੁੱਟਦਾ, ਕਿਉਂਕਿ ਇਸ 'ਤੇ ਕੋਈ ਖਰਚ ਨਹੀਂ ਹੁੰਦਾ। ਉਸੇ ਤਰ੍ਹਾਂ ਕਿੱਟੀ ਬੱਲ ਦੀ ਰਚਨਾ ਵਿਚ ਮੈਨੂੰ ਮਹਿਸੂਸ ਹੁੰਦਾ ਹੈ। ਉਹ ਲਿਖਦੀ ਹੈ:

ਡੋਰ ਤੂੰ ਦੇਣਾ ਚਾਹਵੇਂ ਅਡਾਨੀ ਅੰਬਾਨੀ ਨੂੰ
ਵਿਕਣ ਨਾ ਦੇਵੇ ਜੱਟ ਪੁੱਤ ਦੀ ਨਿਸ਼ਾਨੀ ਨੂੰ
ਹੱਥ ਨਾ ਪਾਵੀਂ 'ਕੱਠ ਮਸਾਂ ਸਮਝਾਇਆ ਏ
ਠਹਿਰ ਜਾ ਦਿੱਲੀਏ, ਪੁੱਤ ਜੱਟ ਦਾ ਆਇਆ ਏ...

ਜਿਵੇਂ ਜੋਨ 'ਆਖਰੀ ਭੋਜ' ਵਿਚ ਲਿਖਦਾ ਹੈ; ਮੈਂ ਸਭ ਵੱਲ ਸੰਕੇਤ ਨਹੀਂ ਕਰ ਰਿਹਾ। ਮੈਂ ਆਪਣੇ ਚੁਣੇ ਹੋਏ ਲੋਕਾਂ ਨੂੰ ਜਾਣਦਾ ਹਾਂ, ਪ੍ਰੰਤੂ ਇਹ ਤਾਂ ਪਵਿੱਤਰ ਗ੍ਰੰਥਾਂ ਦੇ ਸ਼ਬਦਾਂ ਨੂੰ ਪੂਰਾ ਕਰਨਾ ਹੈ, ਜੋ ਮੇਰਾ ਖਾਣਾ ਮੇਰੇ ਨਾਲ਼ ਖਾਏਗਾ, ਉਹੋ ਹੀ ਮੇਰੇ ਵਿਰੁੱਧ ਉਠੇਗਾ। ਉਸੇ ਤਰ੍ਹਾਂ ਕਿੱਟੀ ਬੱਲ ਲਿਖਦੀ ਹੈ:




ਕੋਈ ਖਿਚੜੀ ਹੈ ਪੱਕਦੀ ਜੁਮਲੇ ਦੀ
ਤਾਹੀਓਂ ਪਰਦੇ ਪਿੱਛੇ ਬੈਠਾ ਕੁਝ ਘੋਲ਼ ਰਿਹਾ।
ਵੋਟਾਂ ਦੇ ਨਾਲ਼ ਚੁਣਿਆ ਰਾਜਾ, ਦੇਸ਼ ਸੰਵਾਰਨ ਲਈ
'ਦੀਪ' ਉਹ ਵੇਚਣ ਲਈ ਗਾਹਕੀ ਟੋਲ਼ ਰਿਹਾ।

ਮੈਂ 'ਸਾਡੀ ਵੀ ਕੋਈ ਮਾਂ ਹੁੰਦੀ ਸੀ' ਵਿਚ ਲਿਖਿਆ ਸੀ; ਮਾਂ ਜ਼ਿੰਦਗੀ ਦਾ ਉਹ ਅਨਮੋਲ ਤੋਹਫ਼ਾ ਹੈ, ਜਿਹੜਾ ਇਨਸਾਨ ਨੂੰ ਜ਼ਿੰਦਗੀ ਵਿਚ ਸਿਰਫ਼ ਇਕ ਵਾਰ ਹੀ ਨਸੀਬ ਹੁੰਦਾ ਹੈ। ਕੁਦਰਤ ਦੀ ਮਹਿਮਾ ਅਪਰ-ਅਪਾਰ ਹੈ। ਜਿੱਥੇ ਅੰਡਜ, ਜੇਰਜ, ਸੇਤਜ ਦੀ ਚਰਚਾ ਹੈ, ਉਥੇ ਮਾਂ ਦਾ ਰਿਸ਼ਤਾ ਅਟੁੱਟ ਹੈ, ਅਭੁਰ ਹੈ, ਅਖੁਰ ਹੈ ਅਤੇ ਪਰਬਤ ਵਾਂਗ ਸਥਿਰ ਹੈ। ਪਰ ਜਦ ਮਾਂ ਦਾ ਰਿਸ਼ਤਾ ਟੁੱਟਦਾ, ਖੁਰਦਾ ਜਾਂ ਭੁਰਦਾ ਹੈ ਤਾਂ ਉਥੇ ਬੰਜਰ ਉਜਾੜਾਂ ਅਤੇ ਰੋਹੀ-ਬੀਆਬਾਨ ਵਰਗੀ ਸਥਿਤੀ ਹੁੰਦੀ ਹੈ। ਜਿਵੇਂ ਛਾਂ ਰੁੱਖ ਤੋਂ ਜੁਦਾ ਨਹੀਂ ਹੋ ਸਕਦੀ, ਰੁੱਖ ਛਾਂ ਤੋਂ ਨਹੀਂ। ਉਸੇ ਤਰ੍ਹਾਂ ਹੀ ਬੱਚੇ ਮਾਂ ਅਤੇ ਮਾਂ ਬੱਚੇ ਦਾ ਰਿਸ਼ਤਾ ਵੱਖ ਨਹੀਂ ਹੋ ਸਕਦਾ। ਮਾਂ ਦਾ ਰਿਸ਼ਤਾ ਨਿਰਲੇਪ, ਨਿਰਛਲ, ਨਿਰਕਪਟ, ਨਿਰਾਕਾਰ ਅਤੇ ਸੁਖਦਾਈ ਹੈ।

ਮਾਂ ਦਾ ਨਾਂ ਸੁਣ ਕੇ ਹੀ ਪ੍ਰਵਾਸ ਭੋਗਦੇ ਪ੍ਰਵਾਸੀ ਦੇ ਦਿਲੋਂ ਵਿਛੋੜੇ ਦੀ ਐਸੀ ਹੂਕ ਨਿਕਲਦੀ ਹੈ ਕਿ ਆਤਮਾ ਕਸੀਸ ਵੱਟ ਕੇ ਰਹਿ ਜਾਂਦੀ ਹੈ! ਮਾਂ ਸ਼ਬਦ ਹੀ ਮੋਹ ਨਾਲ ਲਬਰੇਜ਼ ਅਤੇ ਸ਼ਹਿਦ ਵਰਗਾ ਮਾਖਿਓਂ ਮਿੱਠਾ ਸ਼ਬਦ ਹੈ। ਵੈਸੇ ਮੇਰੀ ਨਜ਼ਰ ਵਿਚ ਮਾਂ ਦਾ ਰਿਸ਼ਤਾ ਸਿਰਫ਼ ਮੌਤ-ਵਿਛੋੜੇ ਨਾਲ ਸਰੀਰਕ ਤੌਰ 'ਤੇ ਹੀ ਸਮਾਪਤ ਹੁੰਦਾ ਹੈ, ਪਰ ਖ਼ਤਮ ਫਿਰ ਵੀ ਨਹੀਂ ਹੁੰਦਾ! ਜਿਸ ਤਰ੍ਹਾਂ ਮਰਨ ਨਾਲ ਸਰੀਰ ਜ਼ਰੂਰ ਮਿਟ ਜਾਂਦਾ ਹੈ, ਪਰ ਰੂਹ ਅਰਥਾਤ ਆਤਮਾ ਅਮਿਟ, ਬਰਕਰਾਰ ਅਤੇ ਅਮਰ ਰਹਿੰਦੀ ਹੈ। ਮਾਂ ਦਾ ਰਿਸ਼ਤਾ ਸਦੀਵੀ ਅਤੇ ਅਟੁੱਟ ਹੈ। ਸਰੀਰਕ ਪੱਖੋਂ ਤਾਂ ਚਾਹੇ ਮਾਂ ਵਿਛੜ ਜਾਂਦੀ ਹੈ, ਪਰ ਉਸ ਦੀਆਂ ਘਾਲੀਆਂ ਘਾਲਣਾਵਾਂ, ਕੀਤਾ ਪਾਲਣ ਪੋਸ਼ਣ ਧੀ-ਪੁੱਤ ਦੇ ਦਿਲ 'ਤੇ ਸਦਾ ਸ਼ਿਲਾਲੇਖ ਵਾਂਗ ਉੱਕਰਿਆ ਰਹਿੰਦਾ ਹੈ। ਤਾਂ ਹੀ ਤਾਂ ਧੀ-ਪੁੱਤ ਜੁਆਨ ਹੋ ਕੇ ਵੀ ਮਾਂ ਦੀ ਦਿੱਤੀ ਗੁੜ੍ਹਤੀ, ਦਿੱਤੀਆਂ ਦੁਆਵਾਂ ਅਤੇ ਮੱਥੇ 'ਤੇ ਦਿੱਤਾ ਪਹਿਲਾ ਚੁੰਮਣ ਨਹੀਂ ਭੁੱਲਦਾ। ਮਾਂ ਦੀ ਗੁਣਵਾਣ-ਦੇਣ ਬਿਰਹੋਂ, ਮੋਹ, ਦੁੱਖ-ਦਰਦ ਅਤੇ ਪ੍ਰੇਮ ਸਿਰਜਣ ਵਿਚ ਹਰ ਥਾਂ ਸੋਲ੍ਹਾਂ ਕਲਾ ਸੰਪੂਰਨ ਹੋ ਕੇ ਨਿੱਤਰਦੀ ਹੈ। ਕਿੱਟੀ ਬੱਲ ਵੀ ਇਸੇ ਵੇਗ ਵਿਚ ਵਹਿ ਕੇ ਸਿਰਜਣਾ ਕਰਦੀ ਹੈ:

ਮਾਂ ਹਮੇਸ਼ਾ ਮੇਰੇ ਦਿਲ ਵਿਚ ਰਹਿੰਦੀ ਐ।
ਪਰ ਨਿੱਘ ਲਈ ਰੂਹ ਤੜਫ਼ਦੀ ਰਹਿੰਦੀ ਐ।
ਸਦੀਆਂ ਹੋ ਗਈਆਂ ਮਾਂ ਨੂੰ ਦੇਖੇ,
ਇੱਕ ਝਲਕ ਲਈ ਅੱਖ ਤਰਸਦੀ ਰਹਿੰਦੀ ਐ।

ਮੇਰੀ ਨਜ਼ਰ ਵਿਚ ਉਹ ਲੇਖਕ ਹੀ ਜ਼ਿਆਦਾ ਪ੍ਰਵਾਨ ਚੜ੍ਹੇ ਨੇ, ਜਿਨ੍ਹਾਂ ਨੇ ਆਮ ਲੋਕਾਂ ਦੀ ਸਰਲ ਅਤੇ ਰਵਾਇਤੀ ਭਾਸ਼ਾ ਲਿਖੀ। ਪੰਜਾਬ ਦੇ ਪਿੰਡਾਂ ਦੀ ਠੇਠ ਪੰਜਾਬੀ ਅਤੇ ਪੰਜਾਬ ਦੇ ਪੇਂਡੂ ਮਾਹੌਲ ਦਾ ਚਿਤਰਨ ਕਰ ਕੇ ਕਿੱਟੀ ਬੱਲ ਨੇ ਬੇਹੱਦ ਮਾਅਰਕੇ ਦਾ ਕਾਰਜ ਕੀਤਾ ਹੈ। ਉਸ ਦੀਆਂ ਲਿਖਤਾਂ ਵਿਚ ਘੁਲ੍ਹਾੜੀ ਦੇ ਤੱਤੇ ਗੁੜ ਜਿਹੀ ਮਹਿਕ ਅਤੇ ਕਿਸੇ ਨਦੀ ਦੇ ਵਗਦੇ ਨਿਰਮਲ ਜਲ ਵਰਗਾ ਸਹਿਜ ਅਤੇ ਰਵਾਨਗੀ ਹੈ। ਉਸ ਦੀਆਂ ਲਿਖਤਾਂ ਵਿਚ ਪੋਨੇ ਗੰਨੇ ਵਰਗਾ ਰਸ ਅਤੇ ਮਧੁਰ ਸੰਗੀਤ ਵਰਗਾ ਸਰੂਰ ਹੈ। ਉਸ ਦੀ ਕਲਪਨਾ ਵਿਚ ਕਿਤੇ ਅੰਬੀਆਂ ਉਪਰ ਬੈਠੀ ਕੋਇਲ ਕੂਕਦੀ ਹੈ ਅਤੇ ਕਿਤੇ ਕੱਚੇ ਘੜੇ 'ਤੇ ਸੋਹਣੀ ਝਨਾਵਾਂ ਤਰਦੀ ਹੈ। ਉਸ ਦੀ ਸੋਚ ਦੀ ਪ੍ਰਵਾਜ਼ ਇਤਨੀ ਪ੍ਰਬਲ ਹੈ ਕਿ ਅੰਬਰੀਂ ਉੱਡਦੀਆਂ ਕੂੰਜਾਂ ਨੂੰ ਕਲਾਵਾ ਜਾ ਮਾਰਦੀ ਹੈ। 'ਬੰਦ ਬੂਹੇ' ਵਿਚ ਉਸ ਨੇ ਹਰ ਰਚਨਾ ਦੇ ਨਾਲ਼ ਪੂਰਾ-ਪੂਰਾ ਇਨਸਾਫ਼ ਕੀਤਾ ਹੈ। ਜਿਵੇਂ ਬਾਜ ਜਿੰਨਾ ਮਰਜ਼ੀ ਉਪਰ ਆਸਮਾਨ ਦੀਆਂ ਉਚਾਈਆਂ ਵਿਚ ਚਲਿਆ ਜਾਵੇ, ਪਰ ਉਸ ਦੀ ਅੱਖ ਦੀ ਸ਼ਿਸ਼ਤ ਧਰਤੀ ਉਪਰ ਹੀ ਟਿਕੀ ਰਹਿੰਦੀ ਹੈ, ਓਸੇ ਤਰ੍ਹਾਂ ਕਿੱਟੀ ਬੱਲ ਆਪਣੀ ਬਿਰਤੀ ਅਤੇ ਇਕਾਗਰਤਾ ਨੂੰ ਬਿਖਰਨ ਨਹੀਂ ਦਿੰਦੀ। ਉਸ ਨੂੰ ਸੰਦਲੀ ਪੌਣਾਂ ਨੂੰ ਪੰਜੇਬਾਂ ਪਾਉਣੀਆਂ ਬਾਖ਼ੂਬ ਆਉਂਦੀਆਂ ਨੇ। ਮੈਂ ਉਸ ਦੀ ਇਸ ਕਿਤਾਬ 'ਬੰਦ ਬੂਹੇ' ਨੂੰ 'ਜੀ ਆਇਆਂ' ਆਖਦਾ ਹੋਇਆ ਉਸ ਤੋਂ ਹੋਰ ਰਚਨਾਵਾਂ ਦੀ ਬੇਸਬਰੀ ਨਾਲ਼ ਉਡੀਕ ਕਰੂੰਗਾ।

---

*(ਪਿਛਲੇ ਸਫੇ ਦਾ ਬਾਕੀ)*

ਪਰ ਉਸਦਾ ਕੰਮ ਹੀ ਅਜਿਹਾ ਹੈ ਕਿ ਉਸ ਨੂੰ ਵਿਹਲ ਹੀ ਨਹੀਂ ਮਿਲਦੀ। ਟੂਰਾਂ 'ਤੇ ਰਹਿੰਦਾ ਹੈ। ਮੈਂ ਆਪ ਸਕੂਲ ਜਾ ਆਈ। ਆਖ ਆਈ ਕਿ ਅਗਾਂਹ ਤੋਂ ਨਹੀਂ ਕਰਦਾ ਕਿਸੇ ਨੂੰ ਤੰਗ। ਪੁੱਛਣ ਵਾਲਾ ਹੋਵੇ ਬਈ ਤੁਸੀਂ ਕਾਹਦੀ ਤਨਖਾਹ ਲੈਨੀਆਂ ਜੇ ਜਵਾਕਾਂ ਨੂੰ ਚੁੱਪ ਕਰਕੇ ਬਿਠਾਉਣ ਲਈ ਮਾਪੇ ਹੀ ਸਕੂਲ ਆਉਣ।

ਨਿੱਕੀ ਜਵਾਕਾਂ ਵੱਲ ਮੂੰਹ ਕਰਕੇ ਆਖਦੀ ਹੈ, "ਚਲੋ ਬੱਚਿਓ, ਆਪਾਂ ਆਈਸ ਰੈਂਕ ਸਕੇਟਿੰਗ ਕਰਨ ਚਲਦੇ ਹਾਂ। ਕੱਲ੍ਹ ਨੂੰ ਤਾਂ ਅਰਜਨ ਨੇ ਵੀ ਸਕੂਲ ਨਹੀਂ ਜਾਣਾ।"

"ਹੁਣ ਲੇਟ ਨਹੀਂ?" ਮੈਂ ਪੁੱਛਦੀ ਹਾਂ।

"ਕੋਈ ਲੇਟ ਨਹੀਂ। ਆਈਸ ਰੈਂਕ ਦਸ ਵਜੇ ਤੱਕ ਖੁੱਲ੍ਹੇ ਹੁੰਦੇ ਆ। ਹਾਲੇ ਤਾਂ ਅੱਠ ਹੀ ਵੱਜੇ ਆ।" ਨਿੱਕੀ ਦੱਸਦੀ ਹੈ।

ਰਾਇਨ ਤੇ ਨਿਧੀ ਟੱਪਣ ਲੱਗਦੇ ਹਨ। "ਚਲੋ, ਚੱਲੀਏ। ਚਲੋ ਚੱਲੀਏ।" ਨਿੱਕੀ ਤਿੰਨਾਂ ਜਵਾਕਾਂ ਨੂੰ ਲੈ ਕੇ ਚਲੀ ਜਾਂਦੀ ਹੈ। ਫਿਰ ਰਾਤ ਨੂੰ ਅਰਜਨ ਨੂੰ ਛੱਡ ਕੇ ਆਪਣੇ ਸਹੁਰਿਆਂ ਦੇ ਘਰ ਚਲੀ ਜਾਂਦੀ ਹੈ।

ਅਗਲੀ ਸਵੇਰ ਮੈਂ ਦਾਲਾਂ ਸਬਜ਼ੀਆਂ ਬਣਾਉਣ ਵਿਚ ਰੁੱਝ ਜਾਂਦੀ ਹਾਂ। ਸਵੇਰੇ ਉੱਠਣ ਸਾਰ ਹੀ ਜੋੜਾਂ ਦੇ ਦਰਦ ਤੋਂ ਦਵਾਈ ਲੈ ਲੈਂਦੀ ਹਾਂ। ਨਿੱਕੀ ਚਾਹੁੰਦੀ ਹੈ ਕਿ ਉਹ ਆਪਣੇ ਸਹੁਰੇ-ਪੇਕੇ ਸਾਰੇ ਪਰਿਵਾਰਾਂ ਨਾਲ ਇਕੱਠੀ ਹੀ ਕ੍ਰਿਸਮਸ ਮਨਾਵੇ। ਪੇਕੇ 'ਚੋਂ ਤਾਂ ਅਸੀਂ ਹੀ ਹਾਂ ਜਾਂ ਅਰਜਨ ਦਾ ਡੈਡੀ ਤੇ ਨੀਨਾ ਆਉਣਗੇ। ਨਿੱਕੀ ਦੇ ਸਹੁਰਿਆਂ 'ਚੋਂ ਕਈ ਪਰਿਵਾਰ ਹਨ; ਦਰਾਣੀ, ਜਠਾਣੀ ਤੇ ਦੋ ਨਣਾਨਾਂ ਦੇ ਪਰਿਵਾਰ। ਕਿੰਨੇ ਸਾਲਾਂ ਬਾਅਦ ਘਰ ਵਿਚ ਕੋਈ ਪਾਰਟੀ ਰੱਖੀ ਹੈ। ਮੈਂ ਖਿੱਚ-ਧੂਹ ਕਰਕੇ ਦੋ ਸਬਜ਼ੀਆਂ ਤੇ ਦਾਲ ਬਣਾ ਲੈਂਦੀ ਹਾਂ। ਅਰਜਨ ਦੇਰ ਨਾਲ ਉੱਠਦਾ ਹੈ। ਸੀਰੀਅਲ ਖਾਂਦਾ ਹੈ। ਫਿਰ ਕੁਝ ਦੇਰ ਟੀ.ਵੀ. ਦੇਖਦਾ ਹੈ। ਫਿਰ ਆਪਣੇ ਕਮਰੇ ਵਿਚ ਚਲਿਆ ਜਾਦਾ ਹੈ। ਚਾਰ ਕੁ ਵਜੇ ਨਿੱਕੀ ਆ ਜਾਂਦੀ ਹੈ। ਉਹ ਵੀ ਖਾਣੇ ਲਈ ਕਈ ਕੁਝ ਬਣਾ ਲਿਆਈ ਹੈ। ਪ੍ਰਾਹੁਣੇ ਆਉਣ ਲਗਦੇ ਹਨ। ਜਦੋਂ ਵੀ ਬਾਹਰਲੇ ਦਰਵਾਜ਼ੇ ਦੀ ਘੰਟੀ ਖੜਕਦੀ ਹੈ, ਅਰਜਨ ਭੱਜ ਕੇ ਦਰਵਾਜ਼ਾ ਖੋਲ੍ਹਣ ਜਾਂਦਾ ਹੈ। ਜਦ ਹਰ ਵਾਰ ਦਰਵਾਜ਼ਾ ਖੁੱਲ੍ਹਦਾ ਹੈ, ਮੈਨੂੰ ਲਗਦਾ ਹੈ ਕਿ ਸਿੰਮੀ ਆਪਣੇ ਖਿੜੇ ਚਿਹਰੇ ਨਾਲ ਦੂਰੋਂ ਹੀ ਬਾਹਾਂ ਫੈਲਾਉਂਦੀ ਮੇਰੇ ਵੱਲ ਆਵੇਗੀ ਪਰ ਸਿੰਮੀ ਨੇ ਕਿੱਥੋਂ ਆਉਣਾ ਸੀ! ਮੇਰਾ ਮਨ ਬੁਝ ਜਾਂਦਾ ਹੈ। ਮੈਂ ਅਰਜਨ ਵੱਲ ਦੇਖਦੀ ਹਾਂ, ਉਹ ਆਪਣੇ ਡੈਡੀ ਦੀਆਂ ਬਾਹਾਂ ਵਿਚ ਹੈ। ਉਸਦਾ ਡੈਡੀ ਆਖ ਰਿਹਾ ਹੈ, "ਸੌਰੀ ਬੱਡ, ਮੈਂ ਕੱਲ੍ਹ ਤੇਰੀ ਕ੍ਰਿਸਮਸ ਪਾਰਟੀ 'ਤੇ ਨਹੀਂ ਪਹੁੰਚ ਸਕਿਆ।" ਅਰਜਨ ਉਸ ਵੱਲ ਨਹੀਂ ਦੇਖ ਰਿਹਾ। ਉਹ ਨੀਨਾ ਦੇ ਹੱਥ ਵਿਚ ਫੜੇ ਡੱਬੇ ਵੱਲ ਦੇਖ ਰਿਹਾ ਹੈ। ਨੀਨਾ ਉਸ ਨੂੰ ਡੱਬਾ ਫੜਾ ਕੇ ਉਸ ਦੀ ਗੱਲ੍ਹ ਚੁੰਮ ਲੈਂਦੀ ਹੈ। ਅਰਜਨ ਡੱਬਾ ਲੈ ਕੇ ਆਪਣੇ ਕਮਰੇ ਵੱਲ ਭੱਜ ਜਾਂਦਾ ਹੈ।

ਪ੍ਰਾਹੁਣਿਆਂ ਦੀ ਸੇਵਾ ਦਾ ਕੰਮ ਨਿੱਕੀ ਤੇ ਨੀਨਾ ਸੰਭਾਲ ਲੈਂਦੀਆਂ ਹਨ। ਸਨੈਕ ਖਾਣ ਤੋਂ ਬਾਅਦ ਵੀ ਕੁੜੀਆਂ ਖਾਣੇ ਵਾਲੇ ਮੇਜ਼ ਦੁਆਲੇ ਬੈਠੀਆਂ ਰਹਿੰਦੀਆਂ ਹਨ। ਮੈਂ ਫੈਮਿਲੀ ਰੂਮ ਵਿਚ ਬੈਠ ਜਾਂਦੀ ਹਾਂ। ਸਵੇਰ ਦੀ ਕੰਮ ਕਰਦੀ ਥੱਕ ਗਈ ਹਾਂ। ਬੱਚੇ ਅਰਜਨ ਦੇ ਕਮਰੇ ਵਿਚ ਚਲੇ ਗਏ ਹਨ। 'ਅਰਜਨ ਕਿਤੇ ਇੱਲਤਾਂ ਨਾ ਕਰਦਾ ਹੋਵੇ, ਇਕ ਵਾਰ ਜਾ ਕੇ ਦੇਖ ਨਾ ਆਵਾਂ', ਮੇਰੇ ਚਿੱਤ 'ਚ ਆਉਂਦੀ ਹੈ ਪਰ ਉੱਠਣ ਦੀ ਹਿੰਮਤ ਨਹੀਂ ਪੈਂਦੀ। ਮੈਨੂੰ ਕਿਸੇ ਕੁੜੀ ਦੀ ਉੱਚੀ ਹੱਸਣ ਦੀ ਆਵਾਜ਼ ਸੁਣਦੀ ਹੈ। ਮੈਨੂੰ ਲਗਦਾ ਹੈ ਜਿਵੇਂ ਇਹ ਸਿੰਮੀ ਹੋਵੇ। ਮੈਂ ਅਚੇਤ ਹੀ ਹੱਸਣ ਵਾਲੀ ਵੱਲ ਦੇਖਦੀ ਹਾਂ। ਨਿੱਕੀ ਦੀ ਨਣਾਨ ਹੈ। ਸਿੰਮੀ ਵੀ ਏਨਾ ਉੱਚੀ ਹੀ ਖੁੱਲ੍ਹ ਕੇ ਹੱਸਦੀ ਸੀ।ਰੌਣਕ ਲਾ ਦਿੰਦੀ ਸੀ। ਹਾਸੇ ਬਖੇਰ ਦਿੰਦੀ ਸੀ। ਮੇਰੀ ਨਿਗਾਹ ਆਪ ਮੁਹਾਰੇ ਹੀ ਕੰਧ 'ਤੇ ਲਟਕਦੀ ਤਸਵੀਰ 'ਤੇ ਚਲੀ ਜਾਂਦੀ ਹੈ। ਦੋਨਾਂ ਭੈਣਾਂ ਦੀਆਂ ਗਰੈਜੂਏਸ਼ਨ ਵੇਲੇ ਦੀਆਂ ਫੋਟੋਆਂ ਨਾਲ ਨਾਲ ਟੰਗੀਆਂ ਹੋਈਆਂ ਹਨ। ਦੋਨਾਂ ਦੇ ਚਿਹਰੇ ਖਿੜੇ ਹੋਏ ਹਨ। ਜੀਅ ਕਰਦਾ ਹੈ ਕਿ ਇਨ੍ਹਾਂ ਫੋਟੋਆਂ ਵੱਲ ਦੇਖੀ ਜਾਓ। ਇਕ ਦਿਨ ਇਸ ਤਰ੍ਹਾਂ ਦੇਖਦੀ ਨੂੰ ਅਰਜਨ ਕਹਿੰਦਾ ਕਿ ਨਾਨੀ ਮਾਂ ਤੁਸੀਂ ਇਸ ਫੋਟੋ ਵੱਲ ਕਿਓਂ ਦੇਖਦੇ ਰਹਿੰਨੇ ਆਂ। ਮੈਂ ਕੀ ਜਵਾਬ ਦਿੰਦੀ! ਮੈਂ ਆਖ ਦਿੱਤਾ ਕਿ ਪਤਾ ਨਹੀਂ, ਮੇਰੀ ਧੀ ਨੂੰ ਬਾਬਾ ਜੀ ਆਪਣੇ ਕੋਲ ਐਡੀ ਛੇਤੀ ਕਿਓਂ ਲੈ ਗਏ। ਅਰਜਨ ਬੋਲਿਆ, "ਉਸ ਨੂੰ ਕੈਂਸਰ ਸੀ ਨਾਨੀ।" ਮੈਂ ਭੌਂਚੱਕੀ ਰਹਿ ਗਈ। ਇਸ ਨੂੰ ਸਿੰਮੀ ਬਾਰੇ ਅਸੀਂ ਦੋਹੇਂ ਜੀਅ ਤਾਂ 'ਬਾਬਾ ਜੀ ਆਪਣੇ ਕੋਲ ਲੈ ਗਏ' ਦੱਸਦੇ ਰਹੇ ਸੀ। ਸੋਚਦੇ ਸੀ ਕਿ ਨਿਆਣਾ ਹੈ, ਵੱਡਾ ਹੋ ਕੇ ਆਪੇ ਸਮਝ ਜਾਵੇਗਾ ਪਰ ਇਸ ਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ ਸੀ। ਮੇਰੀਆਂ ਅੱਖਾਂ ਭਰ ਆਈਆਂ ਸਨ। ਅਰਜਨ ਬੋਲਿਆ, "ਨਾਨੀ, ਰੋ ਨਾ। ਮੈਂ ਤੇਰੇ ਕੋਲ ਹਾਂ। ਵੱਡਾ ਹੋ ਕੇ ਤੇਰੀ ਲੁੱਕ ਆਫਟਰ ਕਰਿਆ ਕਰੂੰਗਾ।" ਮੈਂ ਅਰਜਨ ਨੂੰ ਆਪਣੀ ਬੁੱਕਲ ਵਿਚ ਘੁੱਟ ਲਿਆ ਸੀ। ਫੋਟੋ ਵੱਲ ਦੇਖਦੀ ਦੀਆਂ ਮੇਰੀਆਂ ਅੱਖਾਂ ਭਰਨ ਲਗਦੀਆਂ ਹਨ। ਮੇਰਾ ਰੋਣ ਨਾ ਨਿਕਲ ਜਾਵੇ, ਇਸ ਲਈ ਆਪਣਾ ਧਿਆਨ ਪਾਸੇ ਲਾਉਣ ਲਈ ਮੈਂ ਉੱਠ ਖੜ੍ਹਦੀ ਹਾਂ। ਰਸੋਈ ਵਿਚ ਚਲੀ ਜਾਂਦੀ ਹਾਂ। ਚਿੱਤ ਕਾਹਲਾ ਪੈਣ ਲਗਦਾ ਹੈ। ਜੀਅ ਕਰਦਾ ਹੈ ਕਿ ਕਿਹੜਾ ਵੇਲਾ ਹੋਵੇ ਤੇ ਪ੍ਰਾਹੁਣੇ ਘਰੋਂ ਤੁਰ ਜਾਣ।

ਆਖਰ ਰੋਟੀ ਖਾ ਕੇ ਪ੍ਰਾਹੁਣੇ ਜਾਣ ਲਗਦੇ ਹਨ। ਨਿੱਕੀ ਅਤੇ ਬੱਚੇ ਰਹਿ ਪੈਂਦੇ ਹਨ। ਕ੍ਰਿਸਮਸ ਟ੍ਰੀ ਦੇ ਨੇੜੇ ਹੀ ਉਨ੍ਹਾਂ ਨੇ ਗਦੈਲੇ ਵਿਛਾਅ ਲਏ ਹਨ। ਨਿੱਕੀ ਜਵਾਕਾਂ ਨਾਲ ਜਵਾਕਾਂ ਵਰਗੀ ਹੋ ਗਈ ਹੈ। ਉਹ ਉੱਚੀ-ਉੱਚੀ ਉਹੀ ਗੀਤ ਗਾਉਣ ਲਗਦੇ ਹਨ ਜਿਹੜੇ ਗੀਤ ਸਕੂਲ ਵਿਚ ਜਵਾਕ ਗਾਉਂਦੇ ਸਨ। ਫਿਰ ਨਿੱਕੀ ਆਖਦੀ ਹੈ, "ਜਿਹੜਾ ਜ਼ਿਆਦਾ ਉੱਚੀ ਗਾਊ, ਸੈਂਟਾ ਕਲਾਜ਼ ਉਸ ਲਈ ਜ਼ਿਆਦਾ ਤੋਹਫੇ ਰੱਖ ਕੇ ਜਾਊ।" ਉਹ ਹੋਰ ਉੱਚੀ ਗਾਉਣ ਲਗਦੇ ਹਨ। ਮੈਂ ਉਨ੍ਹਾਂ ਕੋਲ ਬੈਠੀ ਰਹਿੰਦੀ ਹਾਂ। ਨਿੱਕੀ ਨੇ ਮੇਰੀਡਿਊਟੀ ਲਾਈ ਹੋਈ ਹੈ ਕਿ ਜਦੋਂ ਨਿਆਣੇ ਸੌਂ ਗਏ, ਤੋਹਫਿਆਂ ਵਾਲੇ ਸਾਰੇ ਡੱਬੇ ਲਿਆ ਕੇ ਕ੍ਰਿਸਮਸ ਟ੍ਰੀ ਹੇਠ ਰੱਖਣੇ ਹਨ। ਫਿਰ ਗੀਤ ਗਾਉਣੇ ਰੋਕ ਕੇ ਨਿੱਕੀ ਉੱਠਦੀ ਹੈ ਤੇ ਦੁੱਧ ਦਾ ਗਿਲਾਸ ਤੇ ਕੁਝ ਕੁੱਕੀਆਂ ਪਲੇਟ ਵਿਚ ਰੱਖ ਕੇ ਕ੍ਰਿਸਮਸ ਟ੍ਰੀ ਦੇ ਨਾਲ ਹੀ ਬਣੀ ਹੋਈ ਫਾਇਰ ਪਲੇਸ ਕੋਲ ਰੱਖ ਦਿੰਦੀ ਹੈ ਤੇ ਆਖਦੀ ਹੈ, "ਬੱਚਿਓ, ਹੁਣ ਸੌਂ ਜਾਓ। ਮੈਂ ਸੈਂਟਾ ਵਾਸਤੇ ਦੁੱਧ ਤੇ ਕੁੱਕੀਆਂ ਰੱਖ ਦਿੱਤੀਆਂ। ਜਦੋਂ ਤੁਸੀਂ ਸੌਂ ਗਏ, ਉਹ ਚਿਮਨੀ ਰਾਹੀਂ ਤੁਹਾਡੇ ਲਈ ਤੋਹਫੇ ਲੈ ਕੇ ਆਵੇਗਾ ਤੇ ਕੁੱਕੀਆਂ ਨਾਲ ਦੁੱਧ ਪੀ ਕੇ ਜਾਵੇਗਾ। ਠੀਕ ਹੈ? ਹੁਣ ਸੌਂ ਜਾਵੋ।" ਬੱਚੇ ਅੱਖਾਂ ਮੀਚ ਲੈਂਦੇ ਹਨ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਸੱਚੀਂ ਲਗਦਾ ਹੈ ਕਿ ਸੈਂਟਾ ਕਲਾਜ਼ ਉਨ੍ਹਾਂ ਲਈ ਤੋਹਫੇ ਰੱਖ ਕੇ ਜਾਵੇਗਾ ਜਾਂ ਉਹ ਜਾਣ ਕੇ ਅਣਜਾਣ ਬਣ ਜਾਂਦੇ ਹਨ। ਦੂਜਿਆਂ ਦਾ ਤਾਂ ਮੈਨੂੰ ਨਹੀਂ ਪਤਾ ਪਰ ਅਰਜਨ ਲਈ ਤਾਂ ਹਰ ਸਾਲ ਅਸੀਂ ਉਸਦੇ ਸਾਹਮਣੇ ਹੀ ਤੋਹਫੇ ਰੱਖਦੇ ਹਾਂ। ਬੱਚਿਆਂ ਦੇ ਸੌਣ ਸਾਰ ਹੀ ਮੈਂ ਤੋਹਫੇ ਰੱਖ ਦਿੰਦੀ ਹਾਂ ਤੇ ਦੁੱਧ ਵਾਲਾ ਗਿਲਾਸ ਖਾਲੀ ਕਰ ਦਿੰਦੀ ਹਾਂ। ਪਲੇਟ 'ਚੋਂ ਕੁੱਕੀਆਂ ਚੁੱਕ ਕੇ ਵਾਪਸ ਡੱਬੇ ਵਿਚ ਪਾ ਦਿੰਦੀ ਹਾਂ।

ਸਵੇਰੇ ਜਵਾਕ ਐਨੇ ਡੱਬੇ ਦੇਖ ਕੇ ਰਜ਼ਾਈਆਂ ਵਿਚੋਂ ਛਾਲਾਂ ਮਾਰ ਕੇ ਬਾਹਰ ਨਿਕਲਦੇ ਹਨ। "ਪਹਿਲਾਂ ਨਾਸ਼ਤਾ ਕਰ ਲਵੋ, ਫੇਰ ਤੋਹਫੇ ਖੋਲ੍ਹਾਂਗੇ।" ਨਿੱਕੀ ਆਖਦੀ ਹੈ।

"ਨਾ ਨਾ, ਪਹਿਲਾਂ ਖੋਲ੍ਹਾਂਗੇ।" ਜਵਾਕ ਇਕੱਠੇ ਹੀ ਬੋਲਦੇ ਹਨ।

"ਚੰਗਾ, ਪਹਿਲਾਂ ਦੰਦਾਂ 'ਤੇ ਬੁਰਸ਼ ਕਰ ਆਓ।" ਨਿੱਕੀ ਆਖਦੀ ਹੈ। ਜਵਾਕ ਭੱਜੇ ਅਤੇ ਮਿੰਟਾਂ 'ਚ ਹੀ ਬੁਰਸ਼ ਕਰਕੇ ਵਾਪਸ ਆ ਜਾਂਦੇ ਹਨ। ਨਿੱਕੀ ਡੱਬਿਆਂ ਕੋਲ ਬੈਠ ਜਾਂਦੀ ਹੈ। ਉਹ ਆਖਦੀ ਹੈ, "ਮੈਂ ਡੱਬੇ ਤੋਂ ਨਾਂ ਪੜ੍ਹਾਂਗੀ,ਜਿਸਦਾ ਨਾਂ ਬੋਲਿਆ, ਉਹ ਆ ਕੇ ਆਪਣਾ ਗਿਫਟ ਲੈ ਲਵੇ ਤੇ ਮੁੜ ਆਪਣੀ ਥਾਂ ਬੈਠ ਕੇ ਗਿਫਟ ਖੋਲ੍ਹੇ। ਉਸ ਤੋਂ ਬਾਅਦ ਹੀ ਮੈਂ ਦੂਜਾ ਡੱਬਾ ਚੁੱਕਾਂਗੀ। ਠੀਕ ਐ?"

"ਠੀਕ ਐ।" ਜਵਾਕ ਇਕੱਠੇ ਹੀ ਬੋਲਦੇ ਹਨ। ਨਿੱਕੀ ਇਸ ਨੂੰ ਵੀ ਖੇਡ ਬਣਾ ਲੈਂਦੀ ਹੈ। ਉਨ੍ਹਾਂ ਚਾਰਾਂ ਨੂੰ ਹੱਸਦਿਆਂ ਟੱਪਦਿਆਂ ਦੇਖ ਅਸੀਂ ਦੋਨੋਂ ਵੀ ਖੁਸ਼ ਹੋਣ ਲਗਦੇ ਹਾਂ।

ਨਾਸ਼ਤਾ ਕਰਕੇ ਨਿੱਕੀ ਆਪਣੇ ਜਵਾਕਾਂ ਨੂੰ ਲੈ ਕੇ ਚਲੀ ਜਾਂਦੀ ਹੈ। ਘਰ ਭਾਂ-ਭਾਂ ਕਰਨ ਲਗਦਾ ਹੈ। ਕੱਲ੍ਹ ਸਾਰਾ ਦਿਨ ਕੰਮ ਕਰਦੀ ਰਹੀ ਹੋਣ ਕਰਕੇ ਮੇਰਾ ਵੀ ਜੋੜ-ਜੋੜ ਦਰਦ ਕਰਦਾ ਹੈ। ਮੇਰਾ ਕੁਝ ਵੀ ਕਰਨ ਲਈ ਮਨ ਨਹੀਂ ਕਰਦਾ। ਅਰਜਨ ਆਪਣੇ ਕਮਰੇ ਵਿਚ ਚਲਿਆ ਜਾਂਦਾ ਹੈ। ਮੈਂ ਸੋਫੇ 'ਤੇ ਹੀ ਟੇਢਾ ਹੋਣ ਬਾਰੇ ਸੋਚਦੀ ਹਾਂ। ਫਿਰ ਬੌਕਸਿੰਗ ਡੇਅ ਦੀਆਂ ਸੇਲਾਂ ਵਾਲੇ ਇਸ਼ਤਿਹਾਰਾਂ ਦਾ ਖਿਆਲ ਆਉਂਦਾ ਹੈ। ਕੱਲ੍ਹ ਮੈਂ ਇਹ ਓਪਰੀ ਜਿਹੀ ਨਿਗ੍ਹਾ ਮਾਰ ਕੇ ਇਕੱਠੇ ਕਰਕੇ ਪਾਸੇ ਰੱਖ ਦਿੱਤੇ ਸਨ। ਕ੍ਰਿਸਮਸ ਵਾਂਗ ਇਸ ਦਿਨ ਇਹ ਇਸ਼ਤਿਹਾਰ ਦੇਖਣੇ ਵੀ ਮੇਰੇ ਲਈ ਰਵਾਇਤ ਹੀ ਬਣ ਗਈ ਹੈ। ਖਰੀਦਣਾ ਭਾਵੇਂ ਕੁਝ ਵੀ ਨਾ ਹੋਵੇ। ਇਸ਼ਤਿਹਾਰ ਫਰੋਲਦੀ ਮੈਂ ਬੇਅ ਸਟੋਰ ਦੇ ਇਸ਼ਤਿਹਾਰ ਚੁੱਕ ਲੈਂਦੀ ਹਾਂ। ਉਨ੍ਹਾਂ ਨੇ ਤਾਂ ਇਸ਼ਤਿਹਾਰਾਂ ਦੀ ਪੂਰੀ ਕਿਤਾਬੜੀ ਬਣਾ ਕੇ ਭੇਜ ਦਿੱਤੀ ਹੈ। ਮੈਂ ਉਹ ਖੋਲ੍ਹ ਲੈਂਦੀ ਹਾਂ। ਉਸ ਵਿਚੋਂ ਕੁਝ ਵਰਕੇ ਪਾੜੇ ਹੋਏ ਹਨ। ਮੈਂ ਕਿਤਾਬੜੀ ਨੂੰ ਦੁਬਾਰਾ ਫਰੋਲਦੀ ਹਾਂ। ਔਰਤਾਂ ਦੇ ਕੱਪੜਿਆਂ ਦੀਆਂ ਮਸ਼ਹੂਰੀਆਂ ਕਰਨ ਵਾਲੇ ਕਈ ਪੰਨੇ ਗਾਇਬ ਹਨ। ਮੈਨੂੰ ਯਾਦ ਹੈ, ਕੱਲ੍ਹ ਉਹ ਵਰਕੇ ਇਸ ਵਿਚ ਸਨ। ਇਕ ਕੁੜੀ ਦੇ ਚਿਹਰੇ 'ਤੇ ਮੇਰੀ ਨਿਗ੍ਹਾ ਅਟਕ ਗਈ ਸੀ। ਉਸਦੇ ਖਿੜੇ ਚਿਹਰੇ ਨੂੰ ਦੇਖ ਮੇਰੇ ਅੰਦਰ ਖੋਹ ਪਈ ਸੀ ਤੇ ਮੈਂ ਕਿਤਾਬੜੀ ਬੰਦ ਕਰ ਦਿੱਤੀ।

ਮੈਂ ਦੂਜੇ ਸੋਫੇ 'ਤੇ ਲਿਟੇ ਸਿੰਮੀ ਦੇ ਡੈਡੀ ਵੱਲ ਦੇਖਦੀ ਹਾਂ। ਮੇਰੇ ਮਨ ਵਿਚ ਸ਼ੱਕ ਉੱਠਦੀ ਹੈ। ਮੈਂ ਪੁੱਛਦੀ ਹਾਂ, "ਆਹ ਬੇਅ ਸਟੋਰ ਵਾਲੇ ਕੈਟਾਲਾਗ 'ਚੋਂ ਕਈ ਵਰਕੇ ਗਾਇਬ ਨੇ। ਤੁਸੀਂ ਪਾੜੇ ਆ?"

"ਮੈਂ ਸਿਰ ਮਾਰਨੇ ਸੀ।"

"ਫੇਰ ਕਿੱਧਰ ਗਏ?"

"ਮੈਨੂੰ ਕੀ ਪਤੈ। ਜਵਾਕਾਂ ਨੇ ਖੇਡਦਿਆਂ ਪਾੜ-ਪੂੜ ਦਿੱਤੇ ਹੋਣੇ ਆਂ।"

ਉਨ੍ਹਾਂ ਦੇ ਇਸ ਜਾਵਬ ਤੋਂ ਮੇਰੀ ਤਸੱਲੀ ਨਹੀਂ ਹੁੰਦੀ। ਉਨ੍ਹਾਂ ਵਰਕਿਆਂ 'ਤੇ ਕੁਝ ਤਸਵੀਰਾਂ ਅਧ-ਨੰਗੀਆਂ ਜਵਾਨ ਕੁੜੀਆਂ ਦੀਆਂ ਵੀ ਸਨ। 'ਅਰਜਣ ਤਾਂ ਕੱਲ੍ਹ ਦਾ ਜਵਾਕ ਹੈ, ਉਸ ਨੂੰ ਕੀ ਦਿਲਚਸਪੀ ਹੋ ਸਕਦੀ ਹੈ ਇਹੋ ਜਿਹੀਆਂ ਤਸਵੀਰਾਂ ਵਿਚ?' ਮੇਰੇ ਮਨ 'ਚ ਪ੍ਰਸ਼ਨ ਉੱਠਦਾ ਹੈ। ਮੈਂ ਆਪਣਾ ਸ਼ੱਕ ਦੂਰ ਕਰਨ ਲਈ ਅਰਜਨ ਨੂੰ ਆਵਾਜ਼ ਮਾਰਦੀ ਹਾਂ ਪਰ ਉਹ ਕੋਈ ਹੁੰਗਾਰਾ ਨਹੀਂ ਭਰਦਾ। ਮੈਂ ਉਸਦੇ ਕਮਰੇ ਵਿਚ ਚਲੀ ਜਾਂਦੀ ਹਾਂ। ਉਹ ਆਪਣੇ ਬਿਸਤਰੇ 'ਤੇ ਮੂਧੇ ਮੂੰਹ ਲਿਟਿਆ ਹੋਇਆ ਹੈ। ਬਾਹਾਂ ਫੈਲਾਈਆਂ ਹੋਈਆਂ ਹਨ।

"ਅਰਜਨ, ਬੋਲਦਾ ਨਹੀਂ ਮੈਂ ਆਵਾਜ਼ਾਂ ਮਾਰੀ ਜਾਨੀ ਆਂ।" ਮੈਂ ਆਖਦੀ ਹਾਂ ਪਰ ਉਹ ਅਣਸੁਣੀ ਕਰਕੇ ਉਵੇਂ ਹੀ ਪਿਆ ਰਹਿੰਦਾ ਹੈ। ਮੈਂ ਉਸ ਨੂੰ ਹਲੂਣਦੀ ਹਾਂ ਪਰ ਉਹ ਮੂੰਹ ਸਿੱਧਾ ਨਹੀਂ ਕਰਦਾ। ਉਸ ਨੂੰ ਹਲੂਣਨ ਨਾਲ ਮੈਨੂੰ ਬਿਸਤਰੇ 'ਚੋਂ ਕੜ-ਕੜ ਦੀ ਆਵਾਜ਼ ਆਉਂਦੀ ਹੈ। ਮੈਂ ਚਾਦਰ ਪਾਸੇ ਕਰਕੇ ਦੇਖਦੀ ਹਾਂ, ਹੇਠ ਪਾਟੇ ਹੋਏ ਵਰਕੇ ਵਿਛੇ ਹੋਏ ਹਨ। ਮੈਨੂੰ ਇਸ ਦੀ ਸਮਝ ਨਹੀਂ ਲਗਦੀ। ਮੈਂ ਸਿੰਮੀ ਦੇ ਡੈਡੀ ਨੂੰ ਆਵਾਜ਼ ਮਾਰਦੀ ਹਾਂ, "ਉੱਪਰ ਆਇਓ ਇਕ ਮਿੰਟ।" ਮੇਰੀ ਸ਼ਾਇਦ ਉੱਚੀ ਆਵਾਜ਼ ਸੁਣ ਕੇ ਅਰਜਨ ਪਾਸਾ ਪਰਤਦਾ ਹੈ।ਉਸਦੀਆਂ ਅੱਖਾਂ ਭਰੀਆਂ ਹੋਈਆਂ ਹਨ।ਉਹ ਉੱਠ ਕੇ ਮੈਨੂੰ ਜੱਫੀ ਪਾ ਲੈਂਦਾ ਹੈ।

"ਆਈ ਮਿਸ ਮਾਈ ਮੰਮ।" ਆਖਦੇ ਦੀ ਉਸਦੀ ਲੇਰ ਨਿਕਲ ਜਾਂਦੀ ਹੈ।

# ਚੰਡੀਗੜ੍ਹ ਦੀਆਂ ਮੁਢਲੀਆਂ ਬਾਤਾਂ

*ਅੱਜ ਚੰਡੀਗੜ੍ਹ ਦੀ ਖੂਬਸੂਰਤੀ ਦੀ ਚਰਚਾ ਸੰਸਾਰ ਭਰ ਵਿਚ ਹੁੰਦੀ ਹੈ। ਇਸ ਦਾ ਨਾਂ ਚੰਡੀ ਮਾਤਾ ਦੇ ਮੰਦਰ ਅਤੇ ਇਸ ਨਾਲ ਲੱਗਦੇ ਕਿਲ੍ਹੇ (ਗੜ੍ਹ) ਨੂੰ ਮਿਲਾ ਕੇ ਰੱਖਿਆ ਗਿਆ ਸੀ। 1952 ਵਿਚ ਇਸ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਸ਼ਹਿਰ ਪੁਆਧੀ ਬੋਲਦੇ ਕੋਈ 50 ਪਿੰਡਾਂ ਦੀ ਥਾਂ 'ਤੇ ਉਸਰਿਆ। ਸ਼ਹਿਰ ਦੀ ਯੋਜਨਾ ਸਵਿੱਟਜ਼ਰਲੈਂਡ ਦੇ ਜੰਮਪਲ ਅਤੇ 1930 'ਚ ਫਰਾਂਸ ਦੇ ਨਾਗਰਿਕ ਬਣੇ ਲੀ ਕਾਰਬੂਜ਼ੀਏ ਅਤੇ ਉਸ ਦੀ ਟੀਮ ਨੇ ਤਿਆਰ ਕੀਤੀ ਸੀ। ਚਿੱਤਰਕਾਰ ਪ੍ਰੇਮ ਸਿੰਘ ਨੇ ਚੰਡੀਗੜ੍ਹ ਦੀ ਉਸਾਰੀ ਦੇ ਮੁੱਢਲੇ ਦਿਨਾਂ ਬਾਰੇ ਦਿਲਚਸਪ ਖੁਲਾਸੇ ਆਪਣੇ ਇਸ ਲੇਖ ਵਿਚ ਕੀਤੇ ਹਨ।*

ਪਟਿਆਲਾ ਪੰਜਾਬ ਦੇ ਸੋਹਣੇ ਸ਼ਹਿਰਾਂ ਵਿਚੋਂ ਇਕ ਹੈ। ਮੈਂ ਇਸੇ ਸ਼ਹਿਰ ਦਾ ਜੰਮਪਲ ਹਾਂ। ਸਕੂਲੀ ਵਿਦਿਆ ਪੂਰੀ ਕਰ ਕੇ ਮਹਿੰਦਰਾ ਕਾਲਜ ਤੋਂ ਐਫ.ਏ. ਕੀਤੀ। ਬਾਬਾ ਆਲਾ ਸਿੰਘ (1691-1765) ਦਾ ਵਸਾਇਆ ਇਹ ਸ਼ਹਿਰ ਕਈ ਪੁਸ਼ਤਾਂ ਤੱਕ ਇਸ ਬੰਸ ਦੇ ਅਧੀਨ ਰਿਹਾ। 1947 ਸਮੇਂ ਦੇਸ਼ ਦੇ ਦੋ ਟੋਟੇ ਹੋ ਗਏ- ਹਿੰਦੋਸਤਾਨ ਤੇ ਪਾਕਿਸਤਾਨ। ਹਿੰਦੋਸਤਾਨ ਸੁਤੰਤਰ ਦੇਸ਼ ਵਜੋਂ ਹੋਂਦ ਵਿਚ ਆਇਆ। ਇੱਥੇ ਕੋਈ 150 ਵਰ੍ਹੇ ਬ੍ਰਿਟਿਸ਼ ਸਾਮਰਾਜ ਦਾ ਰਾਜ ਰਿਹਾ।

ਉਸ ਸਮੇਂ ਪੰਜਾਬ ਨਿੱਕੀਆਂ-ਨਿੱਕੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਜਿਸ ਦਾ ਫ਼ਾਇਦਾ ਕਰ ਚੋਰੀ ਕਰਨ ਵਾਲੇ, ਗ਼ੈਰ-ਕਾਨੂੰਨੀ ਢੰਗ ਨਾਲ ਸਾਮਾਨ ਵੇਚਣ ਵਾਲੇ ਅਤੇ ਸਮਾਜ ਵਿਰੋਧੀ ਤੱਤ ਲੈਂਦੇ ਸਨ। ਪੰਜ ਮਈ 1948 ਨੂੰ ਇਨ੍ਹਾਂ ਸਭ ਦੇ ਮੱਦੇਨਜ਼ਰ ਪੈਪਸੂ ਨਾਂ ਦੀ ਨਵੀਂ ਸਟੇਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਉਪ ਪ੍ਰਧਾਨ ਮੰਤਰੀ ਵੱਲਭਭਾਈ ਪਟੇਲ ਨੇ 15 ਜੁਲਾਈ 1948 ਨੂੰ ਇਸ ਸਟੇਟ ਦਾ ਉਦਘਾਟਨ ਕੀਤਾ।

**ਪ੍ਰੇਮ ਸਿੰਘ**
**ਫੋਨ: +91-98110-52271**

ਇਸ ਵਿਚ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ- ਜੀਂਦ, ਨਾਭਾ, ਮਾਲੇਰਕੋਟਲਾ, ਫ਼ਰੀਦਕੋਟ, ਕਲਸੀਆਂ, ਕਪੂਰਥਲਾ ਤੇ ਨਾਲਾਗੜ੍ਹ ਸ਼ਾਮਲ ਸਨ। ਮਹਾਰਾਜਾ ਯਾਦਵਿੰਦਰ ਸਿੰਘ ਨੂੰ ਇਸ ਦਾ ਰਾਜ ਪ੍ਰਮੁੱਖ ਬਣਾਇਆ ਗਿਆ। ਇਹ ਸਟੇਟ ਬਹੁਤਾ ਸਮਾਂ ਹੋਂਦ ਵਿਚ ਨਹੀਂ ਰਹੀ। ਪਹਿਲੀ ਨਵੰਬਰ 1956 ਨੂੰ ਪੈਪਸੂ ਨੂੰ ਪੰਜਾਬ ਵਿਚ ਮਿਲਾ ਦਿੱਤਾ ਗਿਆ।

ਹੋਰਾਂ ਵਾਂਗ ਮੇਰੇ ਪਿਤਾ ਸਰਦਾਰ ਅਰਜਨ ਸਿੰਘ ਦੀਆਂ ਸੇਵਾਵਾਂ ਪੈਪਸੂ ਦੇ ਪੰਜਾਬ 'ਚ ਮਿਲਣ ਨਾਲ ਪੰਜਾਬ ਸਰਕਾਰ ਅਧੀਨ ਹੋ ਗਈਆਂ। ਪੰਜਾਬ ਦੀ ਰਾਜਧਾਨੀ ਲਾਹੌਰ ਵੰਡ ਵੇਲੇ ਨਵੇਂ ਬਣੇ ਮੁਲਕ ਪਾਕਿਸਤਾਨ ਵੱਲ ਚਲੀ ਗਈ। ਪੰਜਾਬ ਦੀ ਨਵੀਂ ਰਾਜਧਾਨੀ ਉਸਾਰਨ ਦੀਆਂ ਤਜਵੀਜ਼ਾਂ ਬਣਨ ਲੱਗੀਆਂ। ਕੁਝ ਸਮੇਂ ਲਈ ਰਾਜਧਾਨੀ ਦਾ ਪ੍ਰਸ਼ਾਸਕੀ ਕੰਮਕਾਜ ਸ਼ਿਮਲੇ ਤੋਂ ਚਲਦਾ ਰਿਹਾ।

ਪੰਜਾਬ ਦੇ ਲੋਕ 'ਹਸਮੁੱਖ, ਦੋਸਤਾਨਾ ਅਤੇ ਮਿਹਨਤੀ' ਹਨ। ਪੰਜਾਬੀਆਂ ਬਾਰੇ ਇਹ ਅਖਾਣ ਵੀ ਹੈ- ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ। ਗੁਰੂਆਂ ਦਾ ਉਪਦੇਸ਼ ਹੈ- ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਇਹ ਸ਼ਬਦ ਪੰਜਾਬੀ ਸੁਭਾਅ ਦੀ ਤਰਜਮਾਨੀ ਕਰਦੇ ਹਨ। ਮਮਤਾ, ਪਿਆਰ, ਭਾਈਚਾਰਾ ਇਸ ਸਾਂਝ ਦੀ ਸ਼ਕਤੀ ਹੈ।

ਲੰਮੇ ਸਮੇਂ ਦੇ ਵਿਚਾਰ-ਵਟਾਂਦਰੇ ਮਗਰੋਂ ਰਾਜਧਾਨੀ ਚੰਡੀਗੜ੍ਹ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦਾ ਨਾਂ ਚੰਡੀ ਮਾਤਾ ਦੇ ਮੰਦਰ ਅਤੇ ਇਸ ਨਾਲ ਲੱਗਦੇ ਕਿਲ੍ਹੇ (ਗੜ੍ਹ) ਨੂੰ ਮਿਲਾ ਕੇ ਰੱਖਿਆ ਗਿਆ। ਸੰਨ 1952 ਵਿਚ ਇਸ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਸ਼ਹਿਰ ਪੁਆਧੀ ਬੋਲਦੇ ਕੋਈ 50 ਪਿੰਡਾਂ ਦੀ ਥਾਂ 'ਤੇ ਉਸਰਿਆ। ਸ਼ਹਿਰ ਦੀ ਯੋਜਨਾ ਲਈ ਸਵਿੱਟਜ਼ਰਲੈਂਡ ਦੇ ਜੰਮਪਲ ਅਤੇ 1930 'ਚ ਫਰਾਂਸ ਦੇ ਨਾਗਰਿਕ ਬਣੇ ਲੀ ਕਾਰਬੂਜ਼ੀਏ ਨੇ ਮੈਕਸਵੈੱਲ ਫਰਾਈ, ਜੇਨ ਡਰਿਊ, ਪੀਅਰ ਜੇਨਰੇਅ ਅਤੇ ਭਾਰਤੀ ਆਰਕੀਟੈਕਟਸ ਤੇ ਨਗਰ ਯੋਜਨਾਕਾਰਾਂ ਨਾਲ ਮਿਲ ਕੇ ਮਾਸਟਰ ਪਲੈਨ ਤਿਆਰ ਕੀਤਾ।

1961 ਵਿਚ ਮੈਂ ਕਾਲਜ ਦੀ ਪੜ੍ਹਾਈ ਖ਼ਤਮ ਕਰ ਕੇ ਚੰਡੀਗੜ੍ਹ ਆ ਗਿਆ। ਮੇਰੇ ਪਿਤਾ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਿਚ ਕੰਮ ਕਰਦੇ ਸਨ। ਸਾਡਾ ਪਰਿਵਾਰ ਹਾਲੇ ਪਟਿਆਲੇ ਹੀ ਰਹਿੰਦਾ ਸੀ। ਮੇਰੇ ਪਿਤਾ ਨੂੰ 20 ਸੈਕਟਰ 'ਚ ਸਰਕਾਰੀ ਕੁਆਰਟਰ ਮਿਲਿਆ ਹੋਇਆ ਸੀ। ਮੈਂ ਉਨ੍ਹਾਂ ਨਾਲ ਹੀ ਰਹਿੰਦਾ ਸੀ। ਮੇਰਾ ਕਲਾ ਦੇ ਰਾਹ 'ਤੇ ਤੁਰਨਾ ਤੈਅ ਹੋ ਚੁੱਕਿਆ ਸੀ। ਇਸ ਦੇ ਚਾਅ ਵਿਚ ਮੈਂ ਕੁਝ ਨਾ ਕੁਝ ਚਿਤਰਦਾ ਰਹਿੰਦਾ। ਖੇਡਣਾ, ਪੜ੍ਹਨਾ ਤੇ ਘੁੰਮਣਾ ਫਿਰਨਾ। ਮੇਰੀ ਪਛਾਣ ਵੀ ਅਜੇ ਸ਼ਹਿਰ ਨਾਲ ਨਹੀਂ ਸੀ ਹੋਈ। ਨਾ ਕੋਈ ਮਿੱਤਰ ਸੀ। ਛੁੱਟੀ ਹੋਣ 'ਤੇ ਕਦੇ-ਕਦੇ ਪਟਿਆਲੇ ਜਾ ਆਉਂਦਾ ਸੀ। ਇਕ ਵਾਰੀ ਤਾਂ ਮੈਂ ਹੌਸਲਾ ਕਰ ਕੇ ਸਾਈਕਲ 'ਤੇ ਪਟਿਆਲੇ ਚਲਾ ਗਿਆ। ਘਰ ਵਾਲੇ ਖੁਸ਼ ਵੀ ਸਨ ਤੇ ਨਾਰਾਜ਼ ਵੀ। ਅੰਬਾਂ ਦਾ ਸ਼ਹਿਰ ਸੀ ਚੰਡੀਗੜ੍ਹ। ਰੁੱਤ ਵੇਲੇ ਗਧਿਆਂ 'ਤੇ ਅੰਬਾਂ ਦੇ ਬੋਰੇ ਲੱਦ ਕੇ ਸੈਕਟਰ-ਸੈਕਟਰ ਜਾ ਕੇ ਫੇਰੀ ਵਾਲੇ ਅੰਬ ਵੇਚਦੇ ਸਨ। ਮੇਰੇ ਤਾਇਆ ਜੀ ਸ. ਝੰਡਾ ਸਿੰਘ ਉਸ ਵੇਲੇ ਲੁਧਿਆਣੇ 'ਚ ਆਪਣਾ ਕਾਰੋਬਾਰ ਕਰਦੇ ਸਨ। ਸਾਡੀ ਤਾਈ ਦਾ ਨਾਂ ਕਰਤਾਰੋ (ਕਰਤਾਰ ਕੌਰ) ਸੀ। ਉਨ੍ਹਾਂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਮੇਰੇ ਨਾਲ ਚੰਗਾ ਪਿਆਰ ਸੀ। ਮੇਰੇ ਪਿਤਾ ਆਪਣੇ ਵੱਡੇ ਭਰਾ ਨੂੰ ਅੰਬ ਚੂਪਣ ਲਈ ਚੰਡੀਗੜ੍ਹ ਬੁਲਾ ਲੈਂਦੇ। ਕਦੇ ਤਾਈ ਤੇ ਤਾਇਆ, ਤੇ ਕਦੇ ਉਹ ਆਪ ਹੀ ਆ ਜਾਂਦੇ।

ਅੰਬਾਂ ਦਾ ਪੂਰੇ ਦਾ ਪੂਰਾ ਗਧੇ 'ਤੇ ਲੱਦਿਆ ਬੋਰਾ ਸੁਟਵਾ ਲੈਂਦੇ ਸਾਂ। ਬਰਫ਼ ਦੀ ਸਿੱਲ ਦਾ ਵੱਡਾ ਟੁਕੜਾ ਲਿਆ ਕੇ ਅੰਬਾਂ ਨਾਲ ਭਰੀ ਬਾਲਟੀ ਵਿਚ ਰੱਖ ਦੇਣਾ। ਸਾਰੇ ਆਲੇ-ਦੁਆਲੇ ਬੈਠ ਮਨ ਭਰ ਕੇ ਅੰਬ ਚੂਪਦੇ। ਪਟਿਆਲੇ ਤੋਂ ਵੀ ਪਰਿਵਾਰ ਚੰਡੀਗੜ੍ਹ ਆ ਗਿਆ ਸੀ। ਮੇਰੀ ਵੱਡੀ ਭੈਣ ਹਰਕ੍ਰਿਸ਼ਨ ਕੌਰ ਹੁਣ ਸਾਡੇ ਪਟਿਆਲੇ ਵਾਲੇ ਘਰ ਵਿਚ ਰਹਿੰਦੀ ਸੀ। ਉਸ ਦਾ ਖਾਵੰਦ ਗੁਰਚਰਨ ਸਿੰਘ ਬਹਾਦਰਗੜ੍ਹ ਸਥਿਤ ਫੈਕਟਰੀ ਵਿਚ ਕੰਮ ਕਰਦਾ ਸੀ। ਘਰ ਦਾ ਕੁਝ ਹਿੱਸਾ ਮੇਰੇ ਬਚਪਨ ਦੇ ਦੋਸਤ ਨੇ ਕਿਰਾਏ 'ਤੇ ਲੈ ਲਿਆ ਸੀ।

1962 ਵਿਚ ਸ਼ਿਮਲੇ ਤੋਂ ਗੌਰਮਿੰਟ ਸਕੂਲ ਆਫ ਆਰਟ ਐਂਡ ਕਰਾਫਟਸ ਪੰਜਾਬ ਦੀ ਨਵੀਂ ਉਸਰ ਰਹੀ ਰਾਜਧਾਨੀ ਵਿਚ ਆ ਗਿਆ। ਮੇਰੇ ਪਿਤਾ ਨੇ ਮੇਰੀ ਕਲਾ ਪ੍ਰਤੀ ਰੁਚੀ ਦੇਖਦਿਆਂ ਮੇਰਾ ਇਸੇ ਆਰਟ ਸਕੂਲ ਵਿਚ ਦਾਖ਼ਲਾ ਕਰਵਾ ਦਿੱਤਾ। ਟੈਸਟ ਵਿਚ 'ਸਟਿਲ ਲਾਈਫ' ਪੈਨਸਿਲ ਨਾਲ ਬਣਾਉਣੀ ਸੀ। ਕਲਾ ਦੇ ਖੇਤਰ ਵਿਚ ਇਹ ਮੇਰੀ ਪਹਿਲੀ ਵੱਡੀ ਚੁਣੌਤੀ ਸੀ। ਆਰਟ ਸਕੂਲ ਨੇ ਮੈਨੂੰ ਪ੍ਰਵਾਨ ਕਰ ਲਿਆ। ਮੈਂ ਹੁਣ ਨਵੇਂ ਸ਼ਹਿਰ ਤੇ ਨਵੀਂ ਦੁਨੀਆ ਵਿਚ ਜਿਉਣਾ ਸੀ। ਪਿਤਾ ਵੱਲੋਂ ਸਿੱਖੀਆਂ ਗੱਲਾਂ ਸਹਾਇਕ ਸਿੱਧ ਹੋਈਆਂ। ਉਸ ਸਮੇਂ ਆਰਟ ਸਕੂਲ ਵਿਚ ਪੰਜਾਬ ਤੋਂ ਇਲਾਵਾ ਦਿੱਲੀ ਦੇ ਵੀ ਕੁਝ ਵਿਦਿਆਰਥੀ ਦਾਖ਼ਲ ਹੋਏ ਸਨ। ਨਵੀਆਂ ਰਾਹਾਂ 'ਤੇ ਤੁਰਦਿਆਂ ਨਵੇਂ ਮਿੱਤਰ ਬਣੇ। ਸ਼ਹਿਰ ਦਾ ਸੈਕਟਰ 22 ਉਸ ਸਮੇਂ ਜਨਤਕ ਸਥਾਨ ਸੀ। ਰਿਕਸ਼ਾ ਅਤੇ ਸਾਈਕਲ ਉਸ ਸਮੇਂ ਆਮ ਸਨ। ਫਿਲਮ ਦੇਖਣ ਦਾ ਬੜਾ ਉਤਸ਼ਾਹ ਸੀ ਸ਼ਹਿਰੀਆਂ 'ਚ। ਕਿਰਨ ਸਿਨੇਮਾ ਕਾਫ਼ੀ ਹਰਮਨ ਪਿਆਰਾ ਸੀ। ਹਫ਼ਤੇ 'ਚ ਹੁੰਦਾ ਵਿਸ਼ੇਸ਼ ਲੇਡੀਜ਼ ਸ਼ੋਅ ਇਸ ਤੋਂ ਵੀ ਹਰਮਨ ਪਿਆਰਾ ਸੀ। ਫਿਲਮ ਦੇ ਸ਼ੁਰੂ ਵਿਚ 'ਭਾਰਤੀ ਸਮਾਚਾਰ ਚਿੱਤਰ' ਦੀ ਰੀਲ ਚਲਦੀ ਸੀ। ਸਰਕਾਰੀ ਤੇ ਗ਼ੈਰ-ਸਰਕਾਰੀ ਇਸ਼ਤਿਹਾਰ ਦਿਖਾਏ ਜਾਂਦੇ ਸਨ। ਇਸ਼ਤਿਹਾਰਾਂ ਵਿਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਸਾਉਣ ਲਈ ਸਰਕਾਰ ਸਸਤੀਆਂ ਕੀਮਤਾਂ 'ਤੇ ਪਲਾਟ ਤੇ ਉਨ੍ਹਾਂ ਨੂੰ ਖ਼ਰੀਦਣ ਲਈ ਲੋੜੀਂਦੀ ਰਕਮ ਦੇਣ ਦਾ ਵਾਅਦਾ ਕਰਦੀ ਸੀ। ਫਿਰ ਵੀ ਉਸ ਸਮੇਂ ਪਲਾਟ ਖਰੀਦਣ ਵਾਲੇ ਨਹੀਂ ਸਨ ਮਿਲਦੇ। ਆਰਟ ਸਕੂਲ ਵਿਚ ਮੇਰਾ ਇਕ ਦੋਸਤ ਸੀ ਰਾਮੇਸ਼ ਚੰਦ ਸਿੰਗਲਾ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਨੇ 22 ਸੈਕਟਰ ਵਿਚ ਪੰਜ ਮਰਲੇ ਦਾ ਪਲਾਟ 2500 ਰੁਪਏ 'ਚ ਖ਼ਰੀਦਿਆ। ਉਸ ਵਿਚ ਅੰਬ ਦੇ ਦੋ ਦਰਖ਼ਤ ਆ ਗਏ। 300/350 ਰੁਪਏ 'ਚ ਉਹ ਵਿਕ ਗਏ। ਇਹ ਸੀ ਉਸ ਸਮੇਂ ਰਾਜਧਾਨੀ ਚੰਡੀਗੜ੍ਹ ਦੀ ਹਾਲਤ। ਬੱਸ ਸਟੈਂਡ ਹੈ ਨਹੀਂ ਸੀ ਤੇ ਰੇਲਵੇ ਸਟੇਸ਼ਨ ਬਾਹਰ ਉਜਾੜ ਵਿਚ ਸੀ। ਬਾਹਰੋਂ ਆਉਣ ਵਾਲੀਆਂ ਬੱਸਾਂ ਪਹਿਲਾਂ ਨਗਲੇ (ਸੈਕਟਰ-27) ਰੁਕਦੀਆਂ ਤੇ ਬਾਅਦ ਵਿਚ 22 ਸੈਕਟਰ ਦੇ ਪਿੱਛੇ ਪੈਂਦੇ ਪਿੰਡ ਬਜਵਾੜੇ।





*ਮਸ਼ਹੂਰ ਆਰਕੀਟੈਕਟ ਲੀ ਕਾਰਬੂਜ਼ੀਏ 1951 ਵਿਚ ਚੰਡੀਗੜ੍ਹ ਲਈ ਥਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਅਤੇ (ਸੱਜੇ) 1960ਵਿਆਂ ਦੇ ਸ਼ੁਰੂ ਵਿਚ ਸੁਖਨਾ ਝੀਲ ਦੀ ਉਸਾਰੀ ਸਮੇਂ ਇਕ ਕਾਮਾ।*

ਚੰਡੀਗੜ੍ਹ ਸ਼ਹਿਰ ਦੀ ਦੁਨੀਆ ਭਰ ਵਿਚ ਚਰਚਾ ਸੀ, ਫਿਰ ਵੀ ਲੋਕਾਂ ਦੇ ਮਨਾਂ 'ਚ ਅਨਿਸ਼ਚਿਤਤਾ ਸੀ। ਇਕ ਪੱਖ ਇਸ ਦੀ ਸ਼ਲਾਘਾ ਕਰ ਰਿਹਾ ਸੀ, ਦੂਸਰਾ ਕਹਿ ਰਿਹਾ ਸੀ ਕਿ ਚੰਡੀਗੜ੍ਹ 'ਚ ਦਾਖ਼ਲ ਹੁੰਦੇ ਹੀ ਇੰਝ ਲੱਗਦਾ ਸੀ ਜਿਵੇਂ ਤੁਸੀਂ ਵਿਦੇਸ਼ ਚਲੇ ਗਏ ਹੋਵੋ। ਸਾਰੀ ਦੀ ਸਾਰੀ ਭਵਨ ਨਿਰਮਾਣ ਕਲਾ ਵਿਲੱਖਣ ਜਾਪਦੀ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਚੰਡੀਗੜ੍ਹ ਨੂੰ ਅਜੋਕੇ ਭਾਰਤ ਦਾ ਪ੍ਰਤੀਕ ਮੰਨਦੇ ਸਨ। ਕਿਸੇ ਸ਼ਹਿਰ ਨੂੰ ਬਣਾਉਣ ਲਈ ਪਹਿਲੀ ਵਾਰ ਇੰਨਾ ਕੰਕਰੀਟ ਤੇ ਸਟੀਲ ਵਰਤੋਂ ਵਿਚ ਲਿਆਂਦਾ ਗਿਆ।

ਸਾਡਾ ਆਰਟ ਸਕੂਲ ਸੈਕਟਰ 10 'ਚ ਸੀ। ਨਾਲ ਦੇ ਦੋ ਮਿਊਜ਼ੀਅਮ ਬਾਅਦ ਵਿਚ ਬਣੇ। ਝਾੜੀਆਂ ਦੇ ਜੰਗਲ ਵਿਚ ਸੀ ਆਰਟ ਸਕੂਲ। ਸੈਕਟਰ 17 ਤੋਂ ਸਕੱਤਰੇਤ ਵੱਲ ਜਾਂਦੀ ਸੜਕ ਵੱਲ ਇਸ ਦਾ ਪ੍ਰਵੇਸ਼ ਦੁਆਰ ਸੀ। ਇਸੇ ਰਸਤੇ ਹੀ ਅਸੀਂ ਬਾਹਰ ਆਉਂਦੇ ਸਾਂ। ਟ੍ਰੈਫਿਕ ਨਿਯਮਾਂ ਪ੍ਰਤੀ ਸਾਨੂੰ ਕੋਈ 500 ਮੀਟਰ ਤਕ ਬੜੀ ਸਾਵਧਾਨੀ ਵਰਤਣੀ ਪੈਂਦੀ ਸੀ। ਮੀਂਹਾਂ ਦੇ ਦਿਨਾਂ ਵਿਚ ਇੰਨਾ ਚਿੱਕੜ ਹੋ ਜਾਂਦਾ ਕਿ ਆਰਟ ਸਕੂਲ 'ਚ ਅੰਦਰ ਜਾਣਾ ਅਤੇ ਬਾਹਰ ਆਉਣਾ ਵੱਡੀ ਚੁਣੌਤੀ ਸੀ। ਕਲਾ ਦੀ ਸਿੱਖਿਆ ਲੈਂਦਿਆਂ ਇੰਝ ਜਾਪਿਆ ਜਿਵੇਂ ਮੈਂ ਹੁਣ ਆਪਣੀ ਦੁਨੀਆ ਵਿਚ ਆ ਗਿਆ ਹਾਂ। ਜਦੋਂ ਪੜ੍ਹਾਈ ਤੋਂ ਵਿਹਲ ਮਿਲਣੀ ਤਾਂ ਅਸੀਂ ਝਾੜੀਆਂ 'ਚ ਉੱਗੀਆਂ ਬੇਰੀਆਂ 'ਤੇ ਲੱਗੇ ਨਿੱਕੇ-ਨਿੱਕੇ ਬੇਰ ਤੋੜ ਕੇ ਖਾਣੇ। ਚੜ੍ਹਦੀ ਜਵਾਨੀ, ਮਨਭਾਉਂਦੀ ਖੁੱਲ੍ਹ ਅਤੇ ਕਲਾ ਦੇ ਮਾਧਿਅਮ ਰਾਹੀਂ ਇਸ ਦਾ ਪ੍ਰਗਟਾਵਾ ਆਨੰਦਮਈ ਸੀ।

ਚੰਡੀਗੜ੍ਹ ਮਿਊਜ਼ੀਅਮ ਦੀ ਉਸਾਰੀ ਵੀ ਹੋ ਰਹੀ ਸੀ ਜੋ 1962 'ਚ ਚੀਨ ਵੱਲੋਂ ਭਾਰਤ 'ਤੇ ਕੀਤੇ ਹਮਲੇ ਦੌਰਾਨ ਰੋਕ ਦਿੱਤੀ ਗਈ ਸੀ। ਕਈ ਵਾਰ ਜ਼ਹਿਰੀਲੇ ਸੱਪ ਵੀ ਘੁੰਮਦੇ ਦਿਖਾਈ ਦਿੰਦੇ ਸਨ। ਆਰਟ ਸਕੂਲ 'ਚ ਸਿੱਖਿਆ ਹਾਸਲ ਕਰਦਿਆਂ ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਦਿਨ ਚੜ੍ਹਿਆ ਹੈ ਤੇ ਕਿਹੜੇ ਵੇਲੇ ਢਲ ਗਿਆ। ਕਲਾ ਨਾਲ ਪਈ ਸਾਂਝ ਤੇ ਇਸ ਤੋਂ ਉਤਪੰਨ ਹੋਏ ਚਿੰਤਨ ਨੇ ਮੇਰੇ ਕੁਦਰਤ ਤੇ ਇਸ ਵਿਚ ਪਨਪ ਰਹੇ ਜੀਵਨ ਪ੍ਰਤੀ ਨਜ਼ਰੀਏ ਨੂੰ ਬਦਲ ਦਿੱਤਾ। ਹੁਣ ਮੈਂ ਦੇਖਣ ਦੇ ਨਾਲ-ਨਾਲ ਇਸ ਨਾਲ ਸੰਵਾਦ ਵੀ ਰਚਾਉਂਦਾ। ਇਸੇ ਅਨੁਭਵ ਨੂੰ ਫਿਰ ਮੈਂ ਲਕੀਰਦਾ ਤੇ ਉਸ ਵਿਚ ਰੰਗ ਭਰਦਾ।

ਸਿਰਜਣਾਤਮਕਤਾ ਦੇ ਪਲਾਂ ਵਿਚ ਮਿਲੇ ਸੁਹਜਾਤਮਕ ਆਨੰਦ ਵਿਚ ਹੀ ਮੈਨੂੰ ਕਲਾਕਾਰ ਪ੍ਰੇਮ ਸਿੰਘ ਲੱਭਿਆ। ਕਲਾ ਦੇ ਸਫ਼ਰ ਅੰਦਰ ਛੁਪੇ ਸੰਘਰਸ਼ ਦਾ ਮੈਨੂੰ ਹਾਲੈਂਡ ਦੇ ਕਲਾਕਾਰ ਵਾਨ ਗੌਗ (1853-1890) ਬਾਰੇ ਪੜ੍ਹ ਕੇ ਪਤਾ ਲੱਗਿਆ ਸੀ।

ਸੁਸ਼ੀਲ ਸਰਕਾਰ ਆਰਟ ਸਕੂਲ ਦਾ ਪ੍ਰਿੰਸੀਪਲ ਸੀ। ਵਾਸ਼ ਪੇਂਟਿੰਗ 'ਚ ਉਸ ਨੂੰ ਚੰਗੀ ਮੁਹਾਰਤ ਹਾਸਲ ਸੀ। ਆਧੁਨਿਕ ਕਲਾ ਦਾ ਵੀ ਉਸ ਨੂੰ ਚਾਅ ਸੀ। ਜਿਨ੍ਹਾਂ ਅਧਿਆਪਕਾਂ ਨਾਲ ਮੇਰੀ ਨੇੜਤਾ ਹੋਈ, ਉਹ ਸਨ ਕੰਵਲ ਨੈਣ, ਬਲਦੇਵ ਰਾਜ ਰਤਨ ਅਤੇ ਸੁਨੀਰਮੱਲ ਚੈਟਰਜੀ। ਇਨ੍ਹਾਂ ਦੀ ਅਗਵਾਈ ਵਿਚ ਬਹੁਤ ਕੁਝ ਸਿੱਖਣ ਲਈ ਮਿਲਿਆ। ਕੰਵਲ ਨੈਣ ਤੋਂ ਦੇਖਣਾ, ਬਲਦੇਵ ਰਾਜ ਰਤਨ ਤੋਂ ਤਕਨੀਕੀ ਪੱਖ ਤੇ ਸੁਨੀਰਮੱਲ ਚੈਟਰਜੀ ਨੇ ਆਧੁਨਿਕ ਸੰਵੇਦਨਸ਼ੀਲਤਾ ਦਾ ਅਹਿਸਾਸ ਕਰਵਾਇਆ।

ਰਾਜਧਾਨੀ ਤੇਜ਼ੀ ਨਾਲ ਉਸਰ ਰਹੀ ਸੀ। ਸ਼ਹਿਰ ਵਿਚ ਨਾ ਕੋਈ ਗੈਲਰੀ ਸੀ ਤੇ ਹੀ ਕੋਈ ਅਜਾਇਬਘਰ। ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਜਾਂ ਟੈਗੋਰ ਥੀਏਟਰ 'ਚ ਕਲਾ ਦੀਆਂ ਵਿਰਲੀਆਂ-ਟਾਵੀਆਂ ਨੁਮਾਇਸ਼ਾਂ ਹੁੰਦੀਆਂ ਸਨ। ਸੁਖਨਾ ਝੀਲ ਸੀ ਜਿੱਥੇ ਲੋਕ ਘੁੰਮਦੇ-ਫਿਰਦੇ ਨਜ਼ਰ ਆਉਂਦੇ ਸਨ। ਸੂਰਜ ਡੁੱਬਣ ਮਗਰੋਂ ਹੁੰਦਾ ਹਨੇਰਾ ਡਰਾਉਣਾ ਹੁੰਦਾ ਸੀ। ਰਾਤ ਅੱਠ ਵਜੇ ਤੋਂ ਬਾਅਦ ਸੜਕ 'ਤੇ ਵਿਰਲਾ ਹੀ ਕੋਈ ਮਿਲਦਾ ਸੀ। ਇਹ ਚੁੱਪ ਮਾਰੂ ਸੀ। ਕਾਰਾਂ ਇੰਨੀਆਂ ਨਹੀਂ ਸਨ। ਬੱਚਿਆਂ ਦੇ ਖੇਡਣ ਤੇ ਵੱਡਿਆਂ ਦੇ ਸੈਰ ਕਰਨ ਲਈ ਥਾਂ ਹੀ ਥਾਂ ਸੀ।

ਸ਼ਹਿਰ ਦੀ ਯੋਜਨਾਬੰਦੀ ਅਤੇ ਇਮਾਰਤਸਾਜ਼ੀ ਭਾਰਤੀ ਪਰੰਪਰਾ ਨਾਲੋਂ ਹਟ ਕੇ ਸੀ। ਸਮਾਜ ਦੇ ਹਰ ਵਰਗ ਲਈ ਬਣਾਏ ਘਰਾਂ ਵਿਚ ਵੇਲ-ਬੂਟੇ ਲਗਾਉਣ ਲਈ ਥਾਂ ਸੀ। ਜਗ੍ਹਾ ਦੀ ਵੰਡ ਸਾਂਝੀ ਵੀ ਸੀ ਤੇ ਵਿਅਕਤੀਗਤ ਵੀ। ਪਾਣੀ ਚੌਵੀ ਘੰਟੇ ਮਿਲਦਾ ਸੀ। ਸ਼ਹਿਰ 'ਚ ਨਿਕਲ ਕੇ ਥੋੜ੍ਹੀ ਦੂਰੀ 'ਤੇ ਖੇਤ ਸ਼ੁਰੂ ਹੋ ਜਾਂਦੇ ਸਨ। ਜਿਉਂ ਹੀ ਸਕੱਤਰੇਤ, ਵਿਧਾਨ ਸਭਾ ਅਤੇ ਹਾਈਕੋਰਟ ਦੀਆਂ ਇਮਾਰਤਾਂ ਦੁਨੀਆ ਦੀ ਨਜ਼ਰ ਵਿਚ ਆਈਆਂ, ਸ਼ਹਿਰ ਚੰਡੀਗੜ੍ਹ ਦੀ ਵਾਹ-ਵਾਹ ਹੋਣ ਲੱਗੀ। ਲੋਕਤੰਤਰ ਦੇ ਤਿੰਨ ਥੰਮ੍ਹ ਹਾਈਕੋਰਟ (1955), ਸਕੱਤਰੇਤ (1958) ਅਤੇ ਵਿਧਾਨ ਸਭਾ (1961) ਇਮਾਰਤਸਾਜ਼ੀ ਦੇ ਇਤਿਹਾਸ ਵਿਚ ਚਾਨਣ ਮੁਨਾਰੇ ਹਨ। ਵੰਡ 'ਚ ਗੁਆਚੀ ਪੰਜਾਬ ਦੀ ਰਾਜਧਾਨੀ ਲਾਹੌਰ ਦਾ ਉਦਰੇਵਾਂ ਸੀ ਅਤੇ ਨਾਲ ਹੀ ਉਸਰ ਰਹੀ ਰਾਜਧਾਨੀ ਨੂੰ ਦੇਖਣ ਦੀ ਖ਼ੁਸ਼ੀ ਤੇ ਉਤਸ਼ਾਹ ਵੀ। ਲਾਹੌਰ ਦਾ ਪਾਕਿਸਤਾਨ ਦੇ ਹਿੱਸੇ ਆਉਣਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਵੱਡਾ ਝਟਕਾ ਸੀ।

ਕਿਰਨ ਸਿਨੇਮਾ ਦੇ ਨੇੜੇ ਕੌਫ਼ੀ ਹਾਊਸ ਸੀ। ਕਲਾਕਾਰ, ਲੇਖਕ, ਕਵੀ, ਸੰਗੀਤਕਾਰ, ਨਾਟਕਕਾਰ, ਪੱਤਰਕਾਰ ਆਦਿ ਇੱਥੇ ਆ ਕੇ ਬੈਠਦੇ ਤੇ ਦੀਨ-ਦੁਨੀਆ ਦੀਆਂ ਗੱਲਾਂ ਕਰਦੇ। ਸ਼ਹਿਰ ਇੱਥੋਂ ਦੇ ਵਾਸੀਆਂ 'ਚ ਆਪਣੀ ਪਛਾਣ ਲੱਭ ਰਿਹਾ ਸੀ ਅਤੇ ਸ਼ਹਿਰ ਵਾਸੀ ਸ਼ਹਿਰ ਵਿਚ। ਰਾਜਧਾਨੀ ਹੋਣ ਕਰ ਕੇ ਪੱਤਰਕਾਰਾਂ ਦੀ ਚੰਗੀ ਸਾਖ਼ ਸੀ। ਟ੍ਰਿਬਿਊਨ ਅਖ਼ਬਾਰ ਅੰਬਾਲੇ ਛਪਦਾ ਸੀ। ਯੂ.ਐਨ.ਆਈ. ਅਤੇ ਪੀ.ਟੀ.ਆਈ. ਵਰਗੀਆਂ ਖ਼ਬਰ ਏਜੰਸੀਆਂ ਦੀ ਚੰਗੀ ਪੁੱਛ ਸੀ।

ਜਿਵੇਂ ਅਸੀਂ ਦੇਖਦੇ ਆਏ ਹਾਂ ਕਿ ਪੁਰਾਣੇ ਸ਼ਹਿਰਾਂ 'ਚ ਬਰੋਟਾ, ਇਮਲੀ, ਨਿੰਮ ਆਦਿ ਮੰਦਿਰ, ਮਸੀਤ, ਗੁਰਦੁਆਰੇ ਆਦਿ ਗਲੀ-ਮੁਹੱਲਿਆਂ ਦੀ ਪਛਾਣ ਸਨ। ਚੰਡੀਗੜ੍ਹ ਵਿਚ ਘਰਾਂ ਨੂੰ ਸਮਾਜ ਦੇ ਵਰਗ ਦੀ ਪਛਾਣ 'ਕੋਡ' ਦੇ ਕੇ ਵੰਡੀ ਗਈ ਜਾਂ ਫਿਰ 5/10 ਮਰਲੇ, ਕਨਾਲ, ਦੋ ਕਨਾਲ, ਚਾਰ ਕਨਾਲ ਕਰ ਕੇ ਘਰਾਂ ਦੀ ਪਛਾਣ ਕੀਤੀ ਜਾਂਦੀ ਹੈ। ਡਿਜ਼ਾਈਨ ਇਕੋ ਜਿਹੇ ਹੋਣ ਕਰ ਕੇ ਕਈ ਵਾਰੀ ਨੰਬਰ ਭੁੱਲਣ 'ਤੇ ਆਪਣਾ ਘਰ ਪਛਾਣਨ ਵਿਚ ਵੀ ਔਖ ਹੁੰਦੀ ਸੀ। ਜੇ ਤੁਸੀਂ ਅੱਧੀ ਰਾਤੀਂ ਕਿਸੇ ਦੇ ਘਰ ਜਾਣਾ ਹੈ ਤੇ ਤੁਹਾਨੂੰ ਨੰਬਰ ਭੁੱਲ ਗਿਆ, ਬਸ ਫਿਰ ਰੱਬ ਹੀ ਰਾਖਾ ਸੀ।

ਸ਼ਹਿਰ ਦੇ ਨਾਲ-ਨਾਲ ਮੈਂ ਵੀ ਜਵਾਨ ਹੋ ਰਿਹਾ ਸਾਂ। ਮੁੜ ਸੁਰਜੀਤ ਹੋਏ ਪੰਜਾਬ ਦਾ ਸੁਪਨਾ 'ਚੰਡੀਗੜ੍ਹ' ਆਧੁਨਿਕ ਭਾਰਤ ਦਾ ਪ੍ਰਤੀਕ ਬਣ ਕੇ ਉੱਭਰ ਰਿਹਾ ਸੀ।

*ਚੰਡੀਗੜ੍ਹ ਸ਼ਹਿਰ ਦੀ ਦੁਨੀਆ ਭਰ ਵਿਚ ਚਰਚਾ ਸੀ, ਫਿਰ ਵੀ ਲੋਕਾਂ ਦੇ ਮਨਾਂ 'ਚ ਅਨਿਸ਼ਚਿਤਤਾ ਸੀ। ਇਕ ਪੱਖ ਇਸ ਦੀ ਸ਼ਲਾਘਾ ਕਰ ਰਿਹਾ ਸੀ, ਦੂਸਰਾ ਕਹਿ ਰਿਹਾ ਸੀ ਕਿ ਚੰਡੀਗੜ੍ਹ 'ਚ ਦਾਖ਼ਲ ਹੁੰਦੇ ਹੀ ਇੰਝ ਲੱਗਦਾ ਸੀ ਜਿਵੇਂ ਤੁਸੀਂ ਵਿਦੇਸ਼ ਚਲੇ ਗਏ ਹੋਵੋ। ਸਾਰੀ ਦੀ ਸਾਰੀ ਭਵਨ ਨਿਰਮਾਣ ਕਲਾ ਵਿਲੱਖਣ ਜਾਪਦੀ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਚੰਡੀਗੜ੍ਹ ਨੂੰ ਅਜੋਕੇ ਭਾਰਤ ਦਾ ਪ੍ਰਤੀਕ ਮੰਨਦੇ ਸਨ। ਕਿਸੇ ਸ਼ਹਿਰ ਨੂੰ ਬਣਾਉਣ ਲਈ ਪਹਿਲੀ ਵਾਰ ਇੰਨਾ ਕੰਕਰੀਟ ਤੇ ਸਟੀਲ ਵਰਤੋਂ ਵਿਚ ਲਿਆਂਦਾ ਗਿਆ।... ਚੰਡੀਗੜ੍ਹ ਮਿਊਜ਼ੀਅਮ ਦੀ ਉਸਾਰੀ ਵੀ ਹੋ ਰਹੀ ਸੀ ਜੋ 1962 'ਚ ਚੀਨ ਵੱਲੋਂ ਭਾਰਤ 'ਤੇ ਕੀਤੇ ਹਮਲੇ ਦੌਰਾਨ ਰੋਕ ਦਿੱਤੀ ਗਈ ਸੀ। ਕਈ ਵਾਰ ਜ਼ਹਿਰੀਲੇ ਸੱਪ ਵੀ ਘੁੰਮਦੇ ਦਿਖਾਈ ਦਿੰਦੇ ਸਨ। ਆਰਟ ਸਕੂਲ 'ਚ ਸਿੱਖਿਆ ਹਾਸਲ ਕਰਦਿਆਂ ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਦਿਨ ਚੜ੍ਹਿਆ ਹੈ ਤੇ ਕਿਹੜੇ ਵੇਲੇ ਢਲ ਗਿਆ। ਕਲਾ ਨਾਲ ਪਈ ਸਾਂਝ ਤੇ ਇਸ ਤੋਂ ਉਤਪੰਨ ਹੋਏ ਚਿੰਤਨ ਨੇ ਮੇਰੇ ਕੁਦਰਤ ਤੇ ਇਸ ਵਿਚ ਪਨਪ ਰਹੇ ਜੀਵਨ ਪ੍ਰਤੀ ਨਜ਼ਰੀਏ ਨੂੰ ਬਦਲ ਦਿੱਤਾ। ਹੁਣ ਮੈਂ ਦੇਖਣ ਦੇ ਨਾਲ-ਨਾਲ ਇਸ ਨਾਲ ਸੰਵਾਦ ਵੀ ਰਚਾਉਂਦਾ। ਇਸੇ ਅਨੁਭਵ ਨੂੰ ਫਿਰ ਮੈਂ ਲਕੀਰਦਾ ਤੇ ਉਸ ਵਿਚ ਰੰਗ ਭਰਦਾ।*

# ਜ਼ਾਇਓਨ ਤੋਂ ਹੋਲਿਸਟਰ: ਮਾਰੂਥਲਾਂ 'ਚੋਂ ਦੀ ਲੰਘਦਿਆਂ

## ਕੈਲੇਫੋਰਨੀਆ ਡਾਇਰੀ

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***

ਜ਼ਾਇਓਨ ਘੁੰਮ ਕੇ, ਇਹਦੇ ਕਿਨਾਰੇ 'ਤੇ ਰੰਗਲੇ ਪਹਾੜਾਂ ਨਾਲ ਘਿਰੇ ਸੋਹਣੇ ਨਿੱਕੇ ਸ਼ਹਿਰ ਸਪਰਿੰਗਡੇਲ, ਜਿੱਥੇ ਅਸੀਂ ਰਾਤ ਲਈ ਰੁਕੇ ਸਾਂ, ਤੋਂ ਆਪਣੇ ਸ਼ਹਿਰ ਹੋਲਿਸਟਰ ਲਈ, ਕਾਰ ਦਾ ਇੰਜਣ ਆਇਲ, ਕੂਲੈਂਟ ਤੇ ਟਾਇਰ ਚੈੱਕ ਕਰ, ਦੁਪਹਿਰ ਪੌਣੇ ਬਾਰਾਂ ਵਜੇ ਤੁਰ ਪਏ ਹਾਂ। ਇਹ ਦਸ ਘੰਟੇ ਲੰਮਾ ਸਫਰ ਮੈਨੂੰ ਥਕਾਉਣ, ਤੇ ਬੇਟੇ ਤੇ ਮੇਰੇ ਦੋਹਾਂ ਵਾਸਤੇ ਫਿਕਰ ਵਾਲਾ ਹੋਣ ਵਾਲਾ ਹੈ।

ਬੇਟਾ ਲੰਮੀਆਂ ਡ੍ਰਾਈਵਜ਼ ਅਰਾਮ ਨਾਲ ਕਰਦਾ ਹੈ, ਥੱਕਦਾ ਬਿਲਕੁਲ ਨਹੀਂ। ਉਂਜ ਵੀ, ਅਮਰੀਕਾ ਵਿਚ ਡ੍ਰਾਈਵ ਕਰਨਾ ਭਾਰਤ 'ਚ ਡ੍ਰਾਈਵ ਕਰਨ ਜਿੰਨਾ ਥਕਾਊ ਨਹੀਂ ਹੁੰਦਾ। ਸਾਨੂੰ ਦੋਹਾਂ ਨੂੰ ਫਿਕਰ ਪਰ ਕਾਰ ਦੇ ਰਾਹ 'ਚ ਕਿਤੇ ਖਰਾਬ ਹੋ



**ਡਾ. ਅੰਬਰੀਸ਼**
**ਫੋਨ: 98143-89522**

ਜਾਣ ਦਾ ਹੈ। ਇਹ ਵਰਤੀ ਹੋਈ ਕਾਰ ਬੇਟੇ ਨੇ ਉਹਦੀ ਪਹਿਲੀ ਕਾਰ ਦੇ ਖਰਾਬ ਹੋ ਜਾਣ ਮਗਰੋਂ ਕੁਝ ਦਿਨ ਪਹਿਲਾਂ ਹੀ ਖਰੀਦੀ ਸੀ ਤੇ ਕਿਸੇ ਲੰਮੇ ਤੇ ਲਗਾਤਾਰ ਸਫਰ 'ਤੇ ਇਹਦੀ ਅਜ਼ਮਾਇਸ਼ ਨਹੀਂ ਹੋਈ ਹੈ। ਬੇਸ਼ੱਕ ਕਾਰ ਵੇਚਣ ਵਾਲੇ ਸੇਲਜ਼ਮੈਨ ਨੇ ਕਿਹਾ ਸੀ ਕਿ ਉਨ੍ਹਾਂ ਇਸ ਕਾਰ ਦਾ 50 ਪੁਆਇੰਟਸ ਤੋਂ ਵੱਧ ਦਾ ਚੈੱਕ ਕੀਤਾ ਹੋਇਆ ਤੇ ਇਹ ਬਿਲਕੁਲ ਭਰੋਸੇਮੰਦ ਹੈ, ਪਰ ਉਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਭਰੋਸੇ ਦੀ ਗੱਲ ਚੱਲੀ ਹੈ ਤਾਂ ਘਅਲਲੁਪ ਫੋਲਲ ਦੇ ਮੁਤਾਬਿਕ, ਅਮਰੀਕਾ ਵਿਚ ਕਾਰ ਸੇਲਜ਼ਮੈਨ ਸਭ ਤੋਂ ਘੱਟ ਭਰੋਸੇਯੋਗ ਪ੍ਰੋਫ਼ੈਸ਼ਨਲ ਨੇ, ਸਿਰਫ 8% ਅਮਰੀਕੀ ਮੰਨਦੇ ਨੇ ਕਿ ਉਨ੍ਹਾਂ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਰਾਜਨੇਤਾ ਵੀ ਭਰੋਸੇ ਦੇ ਮਾਮਲੇ 'ਚ ਉਨ੍ਹਾਂ ਦੇ ਨੇੜੇ-ਤੇੜੇ ਨੇ। ਅਮਰੀਕਾ 'ਚ ਸਭ ਤੋਂ ਵੱਧ ਭਰੋਸੇਮੰਦ ਪ੍ਰੋਫ਼ੈਸ਼ਨਲ, ਪਿਛਲੇ ਲਗਭਗ 2 ਦਹਾਕਿਆਂ ਤੋਂ ਲਗਾਤਾਰ, ਨਰਸਾਂ ਨੇ - 80% ਤੋਂ ਵੱਧ ਅਮਰੀਕੀਆਂ ਨੂੰ ਉਨ੍ਹਾਂ 'ਤੇ ਵਿਸ਼ਵਾਸ ਹੈ।

ਪਿਛਲੀ ਸੁਬ੍ਹਾ ਜਦੋਂ ਅਸੀਂ ਸਾਲਟ ਲੇਕ ਸਿਟੀ ਤੋਂ ਬ੍ਰਾਈਸ ਨੈਸ਼ਨਲ ਪਾਰਕ ਲਈ ਚੱਲੇ ਸਾਂ ਤਾਂ ਤਕਰੀਬਨ ਘੰਟੇ ਮਗਰੋਂ ਹੀ ਇਹਦੀ ਟਾਇਰ-ਪ੍ਰੈਸ਼ਰ ਦੀ ਪੀਲੀ ਵਾਰਨਿੰਗ ਲਾਈਟ ਜਗਣ ਲੱਗੀ ਸੀ। ਕੀ ਇਹ ਹੋਰ, ਵੱਧ ਖਤਰਨਾਕ ਵਾਰਨਿੰਗ ਲਾਈਟਾਂ ਦੀ ਸ਼ੁਰੂਆਤ ਸੀ? ਦਿਲ ਧੱਕ-ਧੱਕ ਕਰਨ ਲੱਗਾ ਸੀ, ਕਿਉਂਕਿ ਅਜੇ ਤਾਂ ਦਿਨ ਵੀ ਨਹੀਂ ਸੀ ਚੜ੍ਹਿਆ, ਸਫਰ ਸ਼ੁਰੂ ਹੀ ਹੋਇਆ ਸੀ ਤੇ ਡਿੱਕੀ 'ਚ ਸਪੇਅਰ ਟਾਇਰ ਵੀ ਨਹੀਂ ਸੀ। ਬੇਟਾ ਕਹਿੰਦਾ, ਪਤਾ ਨਹੀਂ ਕਿਉਂ, ਪਰ ਅਮਰੀਕਾ 'ਚ ਬਹੁਤੀਆਂ ਵਰਤੀਆਂ ਹੋਈਆਂ ਕਾਰਾਂ ਬਿਨਾਂ ਸਪੇਅਰ ਟਾਇਰਾਂ ਦੇ ਹੀ ਵਿਕਦੀਆਂ ਨੇ। ਜ਼ਰਾ ਕਿਆਸ ਕਰੋ: 1500 ਕਿਲੋਮੀਟਰ ਲੰਮਾ ਸਫਰ, ਜਿਸ ਦੌਰਾਨ ਬਹੁਤ ਥਾਂਵਾਂ 'ਤੇ ਸੈਂਕੜੇ ਕਿਲੋਮੀਟਰ ਨਿਰਜਨ, ਮਾਰੂਥਲੀ ਇਲਾਕਿਆਂ 'ਚੋਂ ਗੁਜ਼ਰਨਾ ਹੋਵੇ, ਤੇ ਕਾਰ 'ਚ ਸਪੇਅਰ ਟਾਇਰ ਨਾ ਹੋਵੇ! ਖ਼ੈਰ, ਅਸੀਂ ਗੱਡੀ ਇਕ ਵੀਰਾਨ, ਅਜੇ ਸੁੱਤੇ ਹੋਏ ਪੈਟਰੋਲ-ਪੰਪ 'ਤੇ ਖੜ੍ਹੀ ਕੀਤੀ ਤੇ ਆਟੋਮੈਟਿਕ ਹਵਾ-ਭਰੂ ਮਸ਼ੀਨ 'ਚ ਇਕ ਡਾਲਰ ਪਾ ਹਵਾ ਚੈੱਕ ਕੀਤੀ। ਹਵਾ ਤਾਂ ਚਾਰੇ ਟਾਇਰਾਂ 'ਚ ਪੂਰੀ ਸੀ। ਮੈਂ ਵੀ ਬਾਹਰ ਨਿਕਲ, ਟਰੱਕ-ਡਰਾਈਵਰਾਂ ਵਾਲੇ ਦੇਸੀ ਤਰੀਕੇ ਨਾਲ ਟਾਇਰ ਠਕੋਰ ਕੇ ਵੇਖੇ, ਸਭ ਠੀਕ ਲੱਗਦਾ ਸੀ। ਫ੍ਰੀਵੇਅ 'ਤੇ ਚੜ੍ਹਨ ਤੋਂ ਕੁਝ ਮਿੰਟ ਮਗਰੋਂ ਵਾਰਨਿੰਗ ਲਾਈਟ ਬੰਦ ਹੋ ਗਈ, ਸਾਨੂੰ ਸਾਹ 'ਚ ਸਾਹ ਆਇਆ। (ਇਹ ਲਾਈਟ ਹੋਲਿਸਟਰ ਤਕ 2-3 ਵਾਰ ਮੁੜ ਥੋੜ੍ਹਾ ਚਿਰ ਜਗ, ਸਾਡੇ ਦਿਲਾਂ ਦੀਆਂ ਧੜਕਣਾਂ ਤੇਜ਼ ਕਰ ਬੁੱਝ ਜਾਇਆ ਕਰਨੀ; ਬੇਟੇ ਨੇ ਗੂਗਲ ਕਰ ਵੇਖਣਾ ਤਾਂ ਪਤਾ ਚੱਲਣਾ ਕਿ ਇਹ ਲਾਈਟ ਟਾਇਰ ਪ੍ਰੈਸ਼ਰ ਵਾਲੇ ਸੈਂਸਰ ਦੀ ਬੈਟਰੀ ਕਮਜ਼ੋਰ ਹੋ ਜਾਣ ਕਾਰਨ ਵੀ ਜਗ ਸਕਦੀ ਹੈ।) ਇੰਜ ਦੇ ਲੰਮੇ ਸਫਰਾਂ 'ਚ ਕਾਰ ਦਾ ਖਰਾਬ ਹੋ ਜਾਣਾ ਸਭ ਤੋਂ ਭਿਆਨਕ ਦੁਰਸੁਫਨਿਆਂ 'ਚੋਂ ਹੈ।

ਫਿਕਰਾਂ ਤੇ ਦੁਰਸੁਫਨਿਆਂ ਨੂੰ ਭੁੱਲਣ ਖਾਤਰ ਮੈਂ ਆਪਣਾ ਚਿਰ-ਅਜ਼ਮਾਇਆ ਤਰੀਕਾ ਵਰਤਦਾ ਹਾਂ: ਆਲਾ-ਦੁਆਲਾ ਗਹੁ ਨਾਲ ਵੇਖਣ 'ਤੇ ਧਿਆਨ ਧਰਨਾ। ਜ਼ਾਇਓਨ/ਸਪਰਿੰਗਡੇਲ 'ਚੋਂ ਨਿਕਲਣ ਮਗਰੋਂ ਅੱਧਾ-ਪੌਣਾ ਘੰਟਾ ਜ਼ਾਇਓਨ ਵਾਲਾ ਨਜ਼ਾਰਾ ਹੀ ਨਾਲ ਤੁਰਦਾ ਹੈ। ਪਰ ਹੁਣ ਪਹਾੜ ਨੀਵੇਂ, ਉਨ੍ਹਾਂ ਦੇ ਰੰਗ ਘੱਟ ਗੂੜ੍ਹੇ, ਉਨ੍ਹਾਂ 'ਤੇ ਬਰਫ ਘੱਟ, ਅਤੇ ਬਨਸਪਤੀ ਤੇ ਰੁੱਖ ਵਿਰਲੇ ਹੋ ਗਏ ਨੇ। ਸਗੋਂ ਉਹ ਸੋਹਣੇ ਚੀੜ੍ਹ ਤਾਂ ਹੁਣ ਬਿਲਕੁਲ ਗਾਇਬ ਨੇ। ਮੈਂ ਅੰਦਾਜ਼ਾ ਨਹੀਂ ਲਾ ਪਾਉਂਦਾ ਕਿ ਇਹ ਮਨੁੱਖੀ ਕਾਰਸਤਾਨੀ ਹੈ ਜਾਂ ਭੂਗੋਲ ਤੇ ਮੌਸਮ ਦੇ ਮਿਜਾਜ਼ ਕਾਰਨ ਹੈ। ਮਨੁੱਖੀ ਵਸੇਬੇ ਦੇ ਨਿਸ਼ਾਨ ਵੀ ਵਧੇਰੀ ਮਾਤਰਾ 'ਚ ਦਿਸਣ ਲੱਗੇ ਨੇ: ਫਾਰਮਹਾਊਸ, ਖੇਤ, ਦੁਕਾਨਾਂ, ਘੋੜੇ, ਮਵੇਸ਼ੀ।

ਫਿਰ ਚੋਟੀ, ਪੱਧਰੀ ਤੇ ਵੱਡੇ ਵਲ ਖਾਂਦੀ ਲਗਾਤਾਰ ਹੇਠਾਂ ਉੱਤਰਦੀ ਸੜਕ ਦਾ ਇਕ ਮੋੜ ਮੁੜਦੇ ਹਾਂ ਤਾਂ ਪਰਸੋਂ ਤੋਂ ਵਿਖਾਈ ਦੇਂਦੇ ਆ ਰਹੇ ਗੇਰੂਆ ਤੇ ਭੂਰੇ ਪਹਾੜਾਂ ਤੋਂ ਵੱਖਰਾ ਤੇ ਬਹੁਤ ਉੱਚਾ, ਦੂਰ ਸਾਹਮਣੇ ਤੇ ਸੱਜੇ ਹੱਥ, ਸਫੈਦ ਲਿਸ਼ਕਦੇ ਗਲੇਸ਼ੀਅਰਾਂ 'ਤੇ ਜੰਮੀਆਂ ਧਾਰਾਵਾਂ ਵਾਲਾ ਇਕ ਪਹਾੜ ਦਿਸਦਾ ਹੈ। ਨੀਲਾ। ਧਰਮਸ਼ਾਲਾ ਤੋਂ ਦਿਸਦੇ ਧੌਲਾਧਾਰ ਜਿਹਾ। ਕਦੇ ਕਦੇ ਸੁਫਨਿਆਂ 'ਚ ਦਿਸਦੇ ਪਹਾੜਾਂ ਜਿਹਾ। ਸੜਕ 'ਤੇ ਹੇਠਾਂ ਲਹਿੰਦਿਆਂ, ਵੱਖ ਵੱਖ ਕੋਣਾਂ ਤੋਂ ਇਹ ਪਹਾੜ ਤਕਰੀਬਨ ਇਕ ਘੰਟਾ ਵਿਖਾਈ ਦੇਂਦਾ ਰਹਿੰਦਾ ਹੈ।

ਯੂਟਾਹ 'ਚੋਂ ਨਿਕਲ ਥੋੜ੍ਹਾ ਚਿਰ ਅਸੀਂ ਐਰਿਜ਼ੋਨਾ 'ਚੋਂ ਗੁਜ਼ਰਦੇ ਹਾਂ। ਸੜਕ ਦੇ ਦੋਹੀਂ ਪਾਸੀਂ ਸੁੱਕੀ ਭੁਰੀ ਮਾਰੂਥਲੀ ਧਰਤ। ਰੁੱਖ-ਵਿਹੂਣੀ। ਵਿਚ ਵਿਚ ਭੂਰੀਆਂ ਗੋਲ ਮੱਧਰੀਆਂ ਝਾੜੀਆਂ। ਕਿਤੇ ਕਿਤੇ ਸੜਕ ਉੱਚੇ ਜਾਂ ਨੀਵੇਂ ਪਹਾੜਾਂ 'ਚੋਂ ਦੀ, ਡੂੰਘੀਆਂ ਚੌੜੀਆਂ ਖਾਈਆਂ ਦੇ ਉਪਰੋਂ ਦੀ ਗੁਜ਼ਰਦੀ। ਦੁਆਲੇ ਸਭ ਕੁਝ ਭੂਰਾ, ਸੁੱਕਿਆ। 3-4 ਵਾਰ ਅਸੀਂ ਮੋੜ-ਘੋੜ ਖਾਂਦੇ, ਕਿਤੇ ਬਹੁਤ ਗਹਿਰੇ, ਕਿਤੇ ਚੌੜੇ ਤੇ ਕਿਤੇ ਸੌੜੇ ਦਿਸਦੇ, ਵਰਜਨ ਦਰਿਆ ਤੋਂ ਦੀ ਲੰਘੇ ਹਾਂ। ਸਮੁੰਦਰ ਤਕ ਸਭ ਤੋਂ ਛੋਟਾ ਰਸਤਾ ਲੱਭਦੇ ਇਸ ਦਰਿਆ ਨੇ ਸਾਨੂੰ ਪਿਛਲੇ ਦਿਨ ਦੁਪਹਿਰ ਮਗਰੋਂ ਪਹਿਲੀ ਵਾਰ ਵਿਖਾਈ ਦੇਣ ਮਗਰੋਂ ਕਿੰਨੇ ਰੂਪ ਬਦਲੇ ਨੇ। ਇਕ ਗੈਸ ਸਟੇਸ਼ਨ 'ਤੇ 15-20 ਮਿੰਟ ਰੁਕ ਅਸਾਂ ਪੈਟਰੋਲ ਭਰਵਾਇਆ, ਕੌਫੀ ਲਈ ਤੇ ਮੁੜ ਤੁਰ ਪਏ ਹਾਂ।

ਥੋੜ੍ਹੇ ਚਿਰ ਮਗਰੋਂ ਅਸੀਂ ਨੈਵੇਡਾ ਦੀ ਹੱਦ 'ਚ ਪੁੱਜ ਗਏ ਹਾਂ ਪਰ ਦ੍ਰਿਸ਼ ਨਹੀਂ ਬਦਲਿਆ। ਉਹੀ ਭੂਰਾ, ਬੰਜਰ, ਬੇਜਾਨ ਜਾਪਦਾ ਮਾਰੂਥਲ, ਦੂਰ ਦੂਰ ਤਕ ਘਰਾਂ ਜਾਂ ਕਸਬਿਆਂ ਦੇ ਨਿਸ਼ਾਨ ਨਹੀਂ। ਡੇਢ ਘੰਟਾ ਕਾਰ ਚਲਾਉਣ ਮਗਰੋਂ, ਮਾਰੂਥਲ ਦੇ ਐਨ ਮੱਧ 'ਚ ਜਿਉਂ, ਸੜਕ ਦੇ ਖੱਬੇ ਹੱਥ, ਖਲਾਅ 'ਚੋਂ ਜਿਵੇਂ, ਇਕ ਕਸਬਾ ਉੱਭਰਦਾ ਹੈ। ਬੇਟਾ ਕਹਿੰਦਾ (ਉਹ ਇਹ 1500 ਕਿਲੋਮੀਟਰ ਦਾ ਸਫਰ ਇਸ ਤੋਂ ਪਹਿਲਾਂ 3 ਵਾਰ ਇਕੱਲਾ ਕਰ ਚੁੱਕਿਆ ਹੈ): "ਮੈਂ ਇਸ ਕਸਬੇ ਕੋਲੋਂ ਗੁਜ਼ਰਦਾ ਹਮੇਸ਼ਾ ਸੋਚਦਾ ਹਾਂ ਕਿ ਇਸ ਵੀਰਾਨ ਕਸਬੇ, ਜਿਹਦੇ ਦੋਵੇਂ ਪਾਸੇ, 100-150 ਕਿਲੋਮੀਟਰ ਤਕ ਕੋਈ ਹੋਰ ਸ਼ਹਿਰ ਜਾਂ ਕਸਬਾ ਨਹੀਂ, ਕਿਹੜੇ ਲੋਕ ਰਹਿੰਦੇ ਹੋਣਗੇ, ਉਨ੍ਹਾਂ ਦਾ ਦਿਲ ਕਿੰਜ ਲੱਗਦਾ ਹੋਏਗਾ!" ਮੈਂ ਇਹ ਸੋਚ ਹੈਰਾਨ ਹੁੰਦਾ ਹਾਂ ਕਿ ਮਾਰੂਥਲ 'ਚ ਏਡੀ ਦੂਰ ਇਸ ਕਸਬੇ ਵਾਸਤੇ ਪਾਣੀ ਕਿੱਥੋਂ ਆਉਂਦਾ ਹੋਏਗਾ। ਘਰ ਜਾਂ ਗੂਗਲ ਸਰਚ ਤੋਂ ਪਤਾ ਲੱਗਣਾ ਕਿ ਵੀਹ ਕੁ ਹਜ਼ਾਰ ਅਬਾਦੀ, ਗੋਲਫ ਮੈਦਾਨਾਂ, ਬਾਰਾਂ ਤੇ ਹੋਰ ਸਹੂਲਤਾਂ ਨਾਲ ਲੈਸ ਇਸ ਕਸਬੇ ਮੈਸਕਿਟੇ 'ਚ ਬਹੁਤੇ ਰਿਟਾਇਰਡ ਤੇ ਸੰਪੰਨ ਲੋਕ ਰਹਿੰਦੇ ਨੇ।

ਜ਼ਾਹਰ ਹੈ ਉਹ ਵੱਡੇ ਸ਼ਹਿਰਾਂ ਦੀ ਤੇਜ਼, ਅਤਿਵਿਅਸਤ, ਸ਼ੋਰੀਲੀ ਤੇ ਭੀੜ ਭਰੀ ਜ਼ਿੰਦਗੀ ਤੋਂ ਭੱਜ ਕੇ ਆਏ ਹੋਏ ਲੋਕ ਨੇ। ਨੈਵਿਡਾ ਤੇ ਕੈਲੇਫੋਰਨੀਆ ਮਾਰੂਥਲ ਦੇ ਐਨ ਵਿਚਕਾਰ, ਜਿੱਥੇ ਦੂਰ ਦੂਰ ਤਕ ਖੇਤਾਂ, ਖੇਤੀਬਾੜੀ ਜਾਂ ਪਾਣੀ ਦਾ ਕੋਈ ਨਿਸ਼ਾਨ ਨਹੀਂ, ਸਾਨੂੰ ਸੜਕ ਕੰਢੇ 'ਤੇ ਕਈ ਥਾਂਵਾਂ 'ਤੇ ਨਿੱਕੇ ਨਿੱਕੇ ਹੋਰ ਵਸੇਬੇ ਦਿਸਣਗੇ, ਪਰ ਉਹ ਲੋਕ ਸੰਪੰਨ ਨਹੀਂ ਹੋਣੇ। ਉਹ 'ਟ੍ਰੇਲਰ ਕਮਿਊਨਿਟੀਜ਼' ਨੇ - ਅਮਰੀਕਾ ਦੇ ਸੰਸਾਰ ਪ੍ਰਸਿੱਧ ਸਮਰਿੱਧ ਸਮਾਜ ਦੇ ਹਾਸ਼ੀਏ 'ਤੇ ਧੱਕੇ ਹੋਏ, ਮੁੱਖਧਾਰਾ 'ਚੋਂ ਬਾਹਰ ਕੱਢੇ ਹੋਏ, ਅਣਗੌਲੇ ਤੇ ਅਣਹੋਏ, ਗਰੀਬ ਤੇ ਬੇਘਰੇ ਅਮਰੀਕੀ। ਪਤਾ ਨਹੀਂ ਉਨ੍ਹਾਂ ਦੀ ਗੁਜ਼ਰ-ਬਸਰ ਕਿੰਜ ਹੁੰਦੀ ਹੈ!

ਮੈਸਕਿਟੇ ਤੋਂ ਦੋ ਕੁ ਘੰਟਿਆਂ ਮਗਰੋਂ ਅਸੀਂ ਵਿਸ਼ਾਲ ਮਾਰੂਥਲ ਦੇ ਵਿਚਕਾਰ ਵਸਾਏ ਗਏ ਸ਼ਹਿਰ ਲਾਸ ਵੇਗਸ 'ਚੋਂ ਲੰਘ ਰਹੇ ਹਾਂ। ਸੜਕ 'ਤੇ ਮਹਾਂਨਗਰਾਂ ਵਾਲੀ ਉਹੀ ਭੀੜ ਹੈ ਤੇ ਦੁਆਲੇ ਉਹੀ ਸਟੀਲ-ਸ਼ੀਸ਼ੇ ਦੀਆਂ 'ਅਵਾਂ ਗਾ'ਰਦ' ਸਟਾਈਲ ਦੀਆਂ ਚਮਚਮਾਉਂਦੀਆਂ ਸਕਾਈਸਕਰੇਪਰ'ਜ਼ ਤੇ ਵੱਡੇ ਅੱਖਰਾਂ ਵਾਲੀ ਬਹੁਮੰਜ਼ਲੀ ਇਮਾਰਤ। ਇਹ ਆਮ ਦਿਸਦਾ ਸ਼ਹਿਰ, ਰਾਤ ਦੀਆਂ ਰੰਗ-ਬਿਰੰਗੀਆਂ, ਲੁਭਾਉਂਦੀਆਂ ਤੇ ਚਮਕਦਾਰ ਨਿਓਨ-ਰੋਸ਼ਨੀਆਂ 'ਚ ਜਾਦੂਨਗਰੀ 'ਚ ਤਬਦੀਲ ਹੋ ਜਾਂਦਾ ਹੈ।

ਲਾਸ ਵੇਗਸ ਪਾਰ ਕਰ ਇਕ ਥਾਂ ਕਾਰ 'ਚ ਤੇਲ ਭਰਵਾ ਤੇ ਕੁਝ ਖਾ-ਪੀ ਅਸੀਂ ਫਿਰ ਫ੍ਰੀਵੇਅ 'ਤੇ ਚੜ੍ਹ ਗਏ ਹਾਂ ਤੇ 2 ਕੁ ਘੰਟਿਆਂ ਮਗਰੋਂ ਕੈਲੇਫੋਰਨੀਆ ਦੇ ਮਸ਼ਹੂਰ ਮੋਹਾਵੇ ਮਾਰੂਥਲ 'ਚੋਂ ਲੰਘ ਰਹੇ ਹਾਂ। ਮੈਂ ਇਹਦੇ ਤੇ ਕੈਲੇਫੋਰਨੀਆ ਦੀ ਮਸ਼ਹੂਰ 'ਡੈਥ ਵੈਲਿ' ਬਾਰੇ ਡਿਸਕਵਰੀ 'ਤੇ ਕਿੰਨੀ ਵਾਰ ਪ੍ਰੋਗਰਾਮ ਵੇਖੇ ਹੋਏ ਨੇ। ਕਮਾਲ ਦੀ ਗੱਲ ਇਹ ਕਿ ਇਕ ਮੁਕਾਬਲਤਨ ਲੰਮੇ ਪੁਲ ਤੋਂ ਗੁਜ਼ਰੇ ਹਾਂ ਤਾਂ ਪੁਲ 'ਤੇ ਬੋਰਡ ਲੱਗਾ ਹੈ: ਮੋਹਾਵੇ ਦਰਿਆ। ਦਰਿਆ ਚੌੜਾ ਹੈ, ਪਰ ਬਿਲਕੁਲ ਸੁੱਕਾ। ਜ਼ਾਹਰ ਹੈ ਇਸ 'ਚ ਕਦੇ ਨਾ ਕਦੇ ਪਾਣੀ ਵਹਿੰਦਾ ਰਿਹਾ ਹੋਏਗਾ। ਮੈਨੂੰ ਨਹੀਂ ਸੀ ਪਤਾ ਕਿ ਮਾਰੂਥਲਾਂ 'ਚ ਦਰਿਆ ਵੀ ਹੁੰਦੇ ਨੇ। ਅਸਲ 'ਚ ਮਾਰੂਥਲ ਉਂਜ ਦੇ ਬਿਲਕੁਲ ਨਹੀਂ ਹੁੰਦੇ ਜਿਉਂ ਆਮ ਮਨੁੱਖ ਦੇ ਮਨ 'ਚ ਉਨ੍ਹਾਂ ਦਾ ਅਕਸ ਹੁੰਦਾ ਹੈ। ਉਨ੍ਹਾਂ 'ਚ ਕਮਾਲ ਦੀ ਜਾਨਵਰ ਤੇ ਪੌਦਾਵਿਵਿਧਤਾ ਅਤੇ ਹੈਰਾਨ ਕਰਨ ਵਾਲੀਆਂ ਹੋਰ ਘਟਨਾਵਾਂ ਤੇ ਚੀਜ਼ਾਂ ਹੁੰਦੀਆਂ ਨੇ। ਪਰ ਤੇਜ਼ ਭੱਜਦੀ ਕਾਰ ਵਿਚੋਂ ਇਨ੍ਹਾਂ 'ਚੋਂ ਮੈਂ ਮੋਹਾਵੇ ਮਾਰੂਥਲ ਦੀ ਇਕ ਖਾਸ ਬੋਹਰ ਜੋਸ਼ੂਆ ਟ੍ਰੀ ਨੂੰ ਹੀ ਪਛਾਣ ਸਕਿਆ ਹਾਂ।

ਕੈਲੇਫੋਰਨੀਆ ਰਾਜ 'ਚ ਦਾਖਲ ਹੁੰਦਿਆਂ ਹੀ ਸੱਜੇ ਹੱਥ ਇਕ ਨੀਵੇਂ ਪਹਾੜ ਦੇ ਪੈਰਾਂ 'ਚ ਇਕ ਵੱਡਾ ਸਾਰਾ ਸੋਲਰ ਫਾਰਮ ਵਿਖਾਈ ਦੇਂਦਾ ਹੈ, ਕੁਝ ਸੋਲਰ ਪੈਨਲ ਧੁੱਪ 'ਚ ਚੁੰਧਿਆਉਂਦਾ ਚਮਕਦੇ; ਕੁਝ ਅੱਗੇ ਜਾ ਸੜਕ ਦੇ ਦੋਵੇਂ ਪਾਸੇ ਪਹਾੜੀਆਂ 'ਚ ਵੱਡੀਆਂ-ਛੋਟੀਆਂ ਪੌਣ-ਚੱਕੀਆਂ ਖੜ੍ਹੀਆਂ ਨੇ, ਉਨ੍ਹਾਂ 'ਚੋਂ ਕੁਝ ਹੌਲੀ-ਹੌਲੀ ਘੁੰਮਦੀਆਂ। ਸੂਰਜੀ ਤੇ ਪੌਣ ਊਰਜਾ ਤੇ ਬੈਟਰੀਚਾਲਿਤ ਕਾਰਾਂ, ਅਤੇ ਪਰਿਆਵਰਣ ਬਚਾਓ ਦੇ ਖੇਤਰ 'ਚ ਕੈਲੇਫੋਰਨੀਆ ਅਮਰੀਕਾ ਦੇ ਸਭ ਤੋਂ ਅਗਾਂਹਵਧੂ ਰਾਜਾਂ 'ਚੋਂ ਹੈ।

ਇਕ ਥਾਂ 'ਤੇ ਅਸੀਂ ਨੀਵੇਂ ਪਹਾੜਾਂ 'ਚੋਂ ਗੁਜ਼ਰ ਰਹੇ ਤਾਂ ਬੇਟਾ ਕਹਿੰਦਾ: ਮੈਨੂੰ ਇਨ੍ਹਾਂ ਪਹਾੜਾਂ 'ਚੋਂ ਗੁਜ਼ਰਦਿਆਂ ਬਹੁਤ ਡਰ ਲੱਗਦੈ; ਐਂਜ਼ਾਇਟੀ ਹੋਣ ਲੱਗਦੀ ਹੈ। (ਉਂਜ ਪਹਾੜ ਉਹਨੂੰ ਬਹੁਤ ਪਸੰਦ ਨੇ) ਇਨ੍ਹਾਂ ਦੇ ਆਰ-ਪਾਰ ਦੂਰ ਤਾਈਂ ਏਥੇ ਸੜਕ ਆਮ ਨਾਲੋਂ ਵੀ ਵੱਧ ਵੀਰਾਨ ਹੋ ਜਾਂਦੀ ਹੈ। 'ਕੱਲੇ ਬੰਦੇ ਦੀ ਏਥੇ ਕਾਰ ਖਰਾਬ ਹੋ ਜਾਏ ਤਾਂ ਸੋਚੋ ਜ਼ਰਾ ਉਹਦੇ ਨਾਲ ਕੀ ਬੀਤੇਗੀ! ਸਾਨੂੰ ਰਾਹ 'ਚ ਹੁਣ ਤਕ ਬ੍ਰੇਕਡਾਊਨ ਹੋਈਆਂ 3-4 ਕਾਰਾਂ ਦਿਸੀਆਂ ਵੀ ਨੇ।

ਰਾਤ ਡੂੰਘੀ ਹੋ ਰਹੀ ਹੈ, ਆਸੇ ਪਾਸੇ ਦਿਸਣਾ ਬੰਦ ਹੋ ਗਿਆ ਹੈ, ਮੈਂ ਬਹੁਤ ਥੱਕ ਵੀ ਗਿਆ ਹਾਂ। ਕੈਲੇਫੋਰਨੀਆ ਦੀ ਸੈਂਟਰਲ ਵੈਲਿ 'ਚ ਪੁੱਜ ਕੇ ਲੱਗਦਾ ਹੈ, ਘਰ ਦੀ ਜੂਹ 'ਚ ਪੁੱਜ ਗਏ ਹਾਂ। ਪਰ ਅਜੇ ਦੋ ਢਾਈ ਘੰਟੇ ਸਫਰ ਬਾਕੀ ਹੈ। ਬੇਕਰ'ਜ਼ਫੀਲਡ ਸ਼ਹਿਰ ਪਾਰ ਕਰ ਅਸੀਂ ਸਫਰ ਦੀ ਆਖਰੀ ਗੈਸ-ਭਰਾਈ ਤੇ ਕੌਫੀ-ਪਾਣੀ ਲਈ 15 ਮਿੰਟ ਰੁਕਦੇ ਹਾਂ। ਫ੍ਰੀਵੇਅ 'ਤੇ ਚੜ੍ਹਦੇ ਹਾਂ ਤਾਂ ਨੀਂਦ ਦੇ ਅਰੋਕ ਝੌਂਕੇ ਵਾਰ ਵਾਰ ਮੇਰਾ ਸਿਰ ਡੇਗਦੇ ਨੇ, ਤੇ ਮੈਂ ਓਸੇ ਪਲ ਤ੍ਰਭਕ ਕੇ ਜਾਗ ਪੈਂਦਾ ਹਾਂ। ਰਾਤ ਦੀਆਂ ਸੜਕਾਂ, ਮੇਰੀ ਅਣਜਾਣ ਨਜ਼ਰ ਨੂੰ ਬੌਂਦਲਾਉਂਦੀਆਂ ਭੁੱਲ-ਭੁਲੱਈਆ ਜਾਪਦੀਆਂ ਨੇ। ਹੁਣ ਹਰ ਪਲ ਸਫਰ ਅਣਮੁੱਕ ਜਾਪਦਾ ਹੈ। ਰਾਤ ਦੇ ਦਸ ਵਜੇ ਅਸੀਂ ਘਰ ਪੁੱਜ ਜਾਂਦੇ ਹਾਂ। ਮੈਂ ਗੁਸਲਖਾਨੇ 'ਚ ਜਾ ਹੱਥ-ਮੂੰਹ ਧੋਂਦਾ ਹਾਂ ਤਾਂ ਜਾਪਦਾ ਮੇਰੇ ਪੈਰਾਂ ਥੱਲੜਾ ਫਰਸ਼ ਡੱਕੇ-ਡੋਲੇ ਖਾ ਰਿਹਾ ਹੈ।

# ਮੇਰੇ ਸੰਗੀ ਸਾਥੀ

ਇਸ ਸਰਦ ਰੁਤ ਵਿਚ ਮਾਛੀਵਾੜੇ ਆਪਣੇ ਘਰ ਲਾਗੇ ਲਏ ਖਾਲੀ ਪਲਾਟ ਵਿਚ ਧੁੱਪ ਦਾ ਅਨੰਦ ਮਾਣਿਆ ਜੋ ਇੱਧਰ ਕੈਨੇਡਾ ਵਿਚ ਕਦੇ ਹਾਸਲ ਨਹੀਂ ਸੀ ਹੋਇਆ। ਪਲਾਟ 'ਚ ਕੁਝ ਦਰੱਖ਼ਤ ਸਨ, ਇਕ ਸਫੈਦਾ ਅਤੇ ਦੋ ਤਿੰਨ ਡੇਕਾਂ। ਮਿਸਿਜ਼ ਤਾਂ ਗੁਆਂਢੀਆਂ ਘਰ ਗੱਪਾਂ ਮਾਰ ਆਉਂਦੀ ਪਰ ਮੈਂ ਇਕੱਲ ਨੂੰ ਹੀ ਤਰਜੀਹ ਦਿੰਦਾ। ਮੇਰੀ ਇਸ ਇਕੱਲ ਦੇ ਬੇਅੰਤ ਭਾਈਵਾਲ ਸਨ। ਪਹਿਲਾਂ ਲੰਮਾ ਗੇੜਾ ਕੱਢ ਮੈਂ ਗੇਟਾਂ ਲਾਗਿਓਂ ਅਖ਼ਬਾਰ ਚੁੱਕਦਾ ਤੇ ਮੁੜਦੇ ਹੋਏ ਬਾਜ਼ਾਰ ਵਿਚੋਂ



**ਹਰਜੀਤ ਦਿਓਲ, ਬਰੈਂਪਟਨ**

ਪੇਂਡੂ ਜ਼ਿੰਦਗੀ ਦੀ ਹਲਚਲ ਦਾ ਜਾਇਜ਼ਾ ਲੈਂਦਾ ਹੋਇਆ ਘਰ ਮੁੜਦਾ। ਆਪਣੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਦੇ ਖੁਸ਼ੀਆਂ ਹੰਢਾਉਂਦੇ ਲੋਕ। ਇਨ੍ਹਾਂ ਦੇ ਚਿਹਰਿਆਂ 'ਤੇ ਨਾ ਹਿੰਦੂ ਰਾਸ਼ਟਰ ਦਾ ਖ਼ੌਫ ਅਤੇ ਨਾ ਕਿਸੇ ਖਾਲਸਤਾਨ ਦਾ ਚਾਅ ਦਿਸਦਾ।

ਪਲਾਟ ਵਿਚ ਧੁੱਪੇ ਬੈਠਿਆਂ ਵੀ ਦਰੱਖ਼ਤਾਂ 'ਤੇ ਮੇਰੇ ਕੁਝ ਸੰਗੀ ਮੇਰਾ ਸਾਥ ਨਿਭਾ ਰਹੇ ਹੁੰਦੇ। ਕਾਂ ਬੋਲਦਾ ਤਾਂ ਮੇਰੀ ਜਗਿਆਸਾ ਉਸਲਵੱਟੇ ਲੈਣ ਲੱਗਦੀ। ਇਹ ਕੀ ਕਹਿ ਰਿਹਾ ਹੋਣੈ! ਕਾਸ਼ ਮੈਂ ਜਾਣ ਸਕਦਾ। ਫੇਰ ਕੁਝ ਗੁਟਾਰਾਂ ਚਹਿਚਹਾਉਂਦੀਆਂ ਆ ਰੌਣਕ ਲਾਉਂਦੀਆਂ। ਇੱਕ ਤੋਤਾ ਵੀ ਨਮੋਲੀਆਂ ਕੁਤਰਨ ਆ ਬੈਠਦਾ। ਕਾਟੋ ਦੀਆਂ ਚੁਸਤ ਟਪੂਸੀਆਂ ਤਾਂ ਰੰਗ ਬੰਨ੍ਹ ਦਿੰਦੀਆਂ। ਇਸ ਦੀ ਮੁਲਾਇਮ ਦਿਸਦੀ ਧਾਰੀਦਾਰ ਪਿੱਠ ਪਲੋਸਣ ਨੂੰ ਜੀ ਕਰਦਾ ਪਰ ਇਸ ਦੇ ਨੇੜੇ ਜਾਂਦਿਆਂ ਹੀ ਇਹ ਟਪੂਸੀ ਮਾਰ ਦਰੱਖ਼ਤ 'ਤੇ ਜਾ ਚੜ੍ਹਦੀ। ਮੈਂ ਥੋੜ੍ਹਾ ਹੋਰ ਨੇੜੇ ਹੁੰਦਾ ਤਾਂ ਕਾਟੋ ਹੋਰ ਉੱਚੀ ਟਾਹਣੀ 'ਤੇ ਜਾ ਚੜ੍ਹਦੀ ਤੇ ਮੇਰੇ ਵੱਲ ਦੇਖ ਦੰਦੀਆਂ ਕੱਢ ਮੈਨੂੰ ਚਿੜ੍ਹਾਉਂਦੀ ਜਾਪਦੀ। ਜਿਵੇਂ ਕਹਿ ਰਹੀ ਹੋਵੇ 'ਤੁਮ ਡਾਲ ਡਾਲ ਹਮ ਪਾਤ ਪਾਤ'। ਇਨ੍ਹਾਂ ਦੇ ਕਾਰ-ਵਿਹਾਰ ਦਾ ਭੇਤ ਜਾਣਨ ਅਤੇ ਉਸ 'ਚ ਝਾਤੀ ਮਰਨ ਲਈ ਮੈਂ ਬੜਾ ਤਾਂਘਦਾ। ਸੋਚਦਾ ਸਾਂ ਕਿ ਇਸੇ ਮਾਨਵੀ ਜਿਗਿਆਸਾ ਦੀ ਤ੍ਰਿਪਤੀ ਲਈ ਪੰਛੀ ਵਿਗਿਆਨੀਆਂ ਬੜੀਆਂ ਦਿਲਚਸਪ ਖੋਜਾਂ ਕੀਤੀਆਂ ਹੋਈਆਂ ਹਨ। ਅਚਾਨਕ ਦੇਖਿਆਂ ਕਿ ਸਾਰੇ ਪੰਛੀ ਤਾਂ ਉਡ ਗਏ ਹਨ। ਨੀਝ ਲਾ ਦੇਖਿਆ ਤਾਂ ਕਿਸੇ ਟਾਹਣੀ 'ਤੇ ਕੋਈ ਪੰਛੀ ਨਜ਼ਰ ਨਾ ਆਇਆ। ਇਸ ਸੁੰਨ ਨਾਲ ਮਨ ਉਦਾਸ ਹੋ ਗਿਆ ਪਰ ਜਦ ਪੈਰਾਂ ਵੱਲ ਨਜ਼ਰ ਪਈ ਤਾਂ ਜੀਵਨ ਚੱਕਰ ਦੀ ਇਕ ਹੋਰ ਸਰਗਰਮੀ ਦਿਸੀ। ਇਹ ਸਨ ਕੀੜੀਆਂ ਦੇ ਨਿੱਕੇ ਨਿੱਕੇ ਭੌਣ ਜਿੱਥੇ ਬੜੀ ਜੱਦੋ-ਜਹਿਦ ਹੁੰਦੀ ਨਜ਼ਰੀ ਪਈ। ਵਾਹ ਤਾਂ ਮੈਂ ਇਕੱਲਾ ਨਹੀਂ। ਇੱਥੇ ਤਾਂ ਬੇਅੰਤ ਸਾਥੀ ਹਨ। ਆਉ ਦੇਖਦੇ ਹਾਂ ਇਹ ਕੀ ਪਏ ਕਰਦੇ ਨੇ। ਘਰ ਅੰਦਰ ਜਾ ਮੈਂ ਮੈਗਨੀਫਾਈਂਗ ਗਲਾਸ ਚੁੱਕ ਲਿਆਇਆ ਜੋ ਮੈਂ ਕਿਤੇ ਬਰੀਕ ਛਪਿਆ ਪੜ੍ਹਨ ਲਈ ਲੈ ਰੱਖਿਆ ਸੀ। ਇਨ੍ਹਾਂ ਨਗੂਣੇ ਜੀਵਾਂ ਦੀ ਮੁਸ਼ੱਕਤ ਦੇਖ ਮੈਂ ਦੰਗ ਰਹਿ ਗਿਆ। ਅਣਗਿਣਤ ਕੀੜੀਆਂ ਖੁੱਡ ਵਿਚੋਂ ਮਿੱਟੀ ਦੇ ਕਣ ਬਾਹਰ ਲਿਆ ਲਿਆ ਸੁੱਟ ਰਹੀਆਂ ਸਨ। ਇੱਧਰ ਘਰ ਬਣ ਰਿਹਾ ਸੀ ਦੂਜੇ ਪਾਸੇ ਦਸ ਬਾਰਾਂ ਕੀੜੀਆਂ ਇਕ ਮਰੀ ਹੋਈ ਭਰਿੰਡ ਨੂੰ ਧੂਹੀ ਲਈ ਜਾ ਰਹੀਆਂ ਸਨ। ਖੁੱਡ ਦਾ ਮੂੰਹ ਛੋਟਾ ਸੀ ਅਤੇ ਭਰਿੰਡ ਦਾ ਆਕਾਰ ਵੱਡਾ। ਅੰਦਰ ਕਿਵੇਂ ਵੜੇ। ਕੁਝ ਦੇਰ ਕੀੜੀਆਂ ਭਰਿੰਡ ਦੇ ਸਰੀਰ ਨੂੰ ਗੋਲ ਘੁਮਾਉਂਦੀਆਂ ਰਹੀਆਂ ਕਿ ਸ਼ਾਇਦ ਕਿਸੇ ਪਾਸਿਉਂ ਇਹ ਖੁੱਡ ਅੰਦਰ ਵੜ ਜਾਵੇ। ਪਰ ਕੋਈ ਸਮੱਸਿਆ ਨਹੀਂ। ਕੀੜੀਆਂ ਉਸ ਦੇ ਛੋਟੀ ਹੀ ਟੋਟੇ ਕਰ ਲਏ ਅਤੇ ਭਰਿੰਡ ਦੇਖਦਿਆਂ ਦੇਖਦਿਆਂ ਖੁੱਡ ਵਿਚ ਸਮਾ ਗਈ। ਵਾਹ ਕੁਦਰਤ ਤੇਰੇ ਰੰਗ ਨਿਰਾਲੇ। ਰਾਤ ਨੂੰ ਪੈਗ ਲਾਉਣ ਤੋਂ ਪਹਿਲਾਂ ਦੇ ਲਗਭਗ ਦੋ ਕੁ ਘੰਟਿਆਂ ਦਾ ਮੇਰਾ ਸੰਗੀ ਹੁੰਦਾ ਸੀ ਮੈਕਸਿਮ ਗੋਰਕੀ ਜਿਸ ਦੇ ਬਚਪਨ, ਜਵਾਨੀ ਅਤੇ ਬੁਢਾਪੇ ਦੇ ਤਜਰਬਿਆਂ ਵਿਚਕਾਰ ਦੀ ਮੈਂ ਗੁਜ਼ਰਦਾ ਰਿਹਾ। ਕੁਝ ਦਿਨ ਲਿਓ ਟਾਲਸਟਾਏ ਅਤੇ ਹੋਰ ਹਸਤੀਆਂ ਨੇ ਸਾਥ ਦਿੱਤਾ। ਇੱਕ ਦੁਕਾਨ ਤੋਂ ਮਿਲੇ ਪ੍ਰੀਤਲੜੀਆਂ ਦੇ ਕੁਝ ਅੰਕਾਂ ਵੀ ਮੇਰੀ ਮਾਨਸਿਕ ਭੁੱਖ ਪੂਰੀ ਕਰਨ ਵਿਚ ਮਦਦ ਕੀਤੀ। ਸੋ ਪਾਠਕੋ! ਇਹ ਸਨ ਮੇਰੇ ਸੰਗੀ ਸਾਥੀ ਜਿਨ੍ਹਾਂ ਨਾਲ ਮੈਂ ਆਪਣੀ ਭਾਰਤ ਫੇਰੀ ਦੇ ਕੋਈ ਚਾਰ ਮਹੀਨੇ ਗੁਜ਼ਾਰੇ।

# .ਗ਼ਜ਼ਲ

ਕਦੇ ਪੁੱਛੇ ਤਾਂ ਫਿਰ ਦੱਸਾਂ ਭਲਾਂ ਕੀ ਹਾਲ ਹੈ ਮੇਰਾ।
ਜੁਦਾ ਹੋਇਆ ਹਾਂ ਖ਼ੁਦ ਨਾਲੋਂ ਜਦੋਂ ਦਾ ਹੋ ਗਿਆ ਤੇਰਾ।

ਕਿਵੇਂ ਮਿਲਦੀ ਹਵਾ ਰੁੱਖਾਂ ਨੂੰ ਹੁਣ ਮੈਂ ਵੇਖ ਲੈਂਦਾ ਹਾਂ,
ਅਸਰ ਤੇਰੀ ਮੁਹੱਬਤ ਦਾ ਕੋਈ ਵੀ ਦੋਸ਼ ਨਾ ਮੇਰਾ।

ਅਲਖ ਤੇਰੇ ਦਰਾਂ ਉੱਤੇ ਜਗਾ ਕੇ ਆ ਗਿਆ ਵਾਪਿਸ,
ਪਤਾ ਨਈਂ ਜੋਗੀਆਂ ਵਾਲਾ ਕਦੋਂ ਮੁੜ ਕੇ ਪਵੇ ਫੇਰਾ।

ਭਰੇ ਹੌਕਾ ਉਹ ਤੇਰੀ ਯਾਦ ਵਿੱਚ ਇਹ ਹੋ ਨਹੀਂ ਸਕਦਾ,
ਬੜਾ ਸੀਮਤ ਅਜੇ ਤਨਵੀਰ ਉਸ ਦੀ ਸੋਚ ਦਾ ਘੇਰਾ।

ਉਦੋਂ ਕੁਝ ਬੋਲ ਨਾ ਹੋਵੇ ਜਦੋਂ ਧੀ ਪੁੱਛਦੀ ਮੈਨੂੰ,
ਇਹ ਵਿੱਛੜੀ ਡਾਰ ਨਾਲੋਂ ਕੂੰਝ ਦਾ ਹੈ ਕਿਸ ਗਰਾਂ ਡੇਰਾ।



**ਅਜੇ ਤਨਵੀਰ**

ਬੜੇ ਹੀ ਅਹਿਮ ਭਾਵੇਂ ਹੋਣ ਸਾਰੇ, ਆਪਣੀ ਥਾਂ 'ਤੇ,
ਕਿਸੇ ਰਿਸ਼ਤੇ ਦਾ ਹੋ ਸਕਦਾ ਨਹੀਂ ਪਰ, ਮਾਂ ਜਿਹਾ ਜੇਰਾ।

ਜਿਨ੍ਹਾਂ ਖਾਤਰ ਰਿਹਾ ਬਣਦਾ ਕਦੇ ਪੌੜੀ, ਕਦੇ ਕਿਸ਼ਤੀ,
ਖ਼ਫ਼ਾ ਰਹਿੰਦੇ ਉਹ ਮੇਰੇ ਨਾਲ, ਦੱਸਣ ਦੋਸ਼ ਨਾ ਮੇਰਾ।

*To Advertise with Punjab Times Call:*
*847-359-0746*

# ਮੇਰੀ ਪਾਕਿਸਤਾਨ ਫੇਰੀ- 2

# ਦੂਸਰਾ ਦਿਨ ਲਾਹੌਰ ਸ਼ਹਿਰ ਦੇ ਨਾਂ

**ਡਾ. ਸੁਖਦੇਵ ਸਿੰਘ ਝੰਡ**
**ਫੋਨ:+97798-81084**

**ਸਵੇਰੇ ਹੀ ਹੋਈ ਬਾਬਾ ਨਜ਼ਮੀ ਤੇ ਦੀਪ ਸਈਦਾ ਨਾਲ ਮੁਲਾਕਾਤ**

ਅਸੀਂ ਖੁਸ਼ਕਿਸਮਤ ਸੀ ਕਿ ਲਾਹੌਰ ਵਿਚ ਦੂਸਰੇ ਦਿਨ ਸਵੇਰੇ ਹੀ ਸਾਡੀ ਮੁਲਾਕਾਤ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਿਰਮੌਰ ਕ੍ਰਾਂਤੀਕਾਰੀ ਕਵੀ ਬਾਬਾ ਨਜ਼ਮੀ ਜੀ ਅਤੇ ਪਾਕਿਸਤਾਨ ਵਿਚ ਔਰਤਾਂ ਦੀ ਆਜ਼ਾਦੀ ਲਈ ਅਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਹੀ ਇਨਕਲਾਬੀ ਸ਼ਖ਼ਸੀਅਤ ਦੀਪ ਸਈਦਾ ਹੁਰਾਂ ਨਾਲ ਹੋ ਗਈ। ਇਨ੍ਹਾਂ ਨੇ ਪਾਕਿਸਤਾਨੀ ਪੰਜਾਬ ਵਿਚ ਉਰਦੂ ਦੀ ਬਜਾਏ ਪੰਜਾਬੀ ਮਾਂ-ਬੋਲੀ ਨੂੰ ਸਰਕਾਰੀ ਬੋਲੀ ਵਜੋਂ ਰੁਤਬਾ ਦੇਣ ਅਤੇ ਇਸ ਨੂੰ ਸਕੂਲੀ ਪੱਧਰ 'ਤੇ ਪੜ੍ਹਾਉਣਾ ਆਰੰਭ ਕਰਨ, ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਅਤੇ ਅਜਿਹੇ ਕਈ ਹੋਰ ਅਹਿਮ ਮੁੱਦਿਆਂ ਨੂੰ ਲੈ ਕੇ ਆਪਣੇ ਸਾਥੀਆਂ ਨਾਲ ਮਿਲ ਕੇ ਪਾਕਿਸਤਾਨ ਦੀ ਹਕੂਮਤ ਦੇ ਵਿਰੁੱਧ ਝੰਡਾ ਚੁੱਕਿਆ ਹੋਇਆ ਹੈ। ਦੀਪ ਸਈਦਾ ਏਨੀ ਨਿਡਰ ਅਤੇ ਬਹਾਦਰ ਔਰਤ ਹੈ ਕਿ ਕਈ ਵਾਰ ਉਹ ਇਕੱਲੀ ਵੀ ਮੈਦਾਨ ਵਿਚ ਡਟ ਜਾਂਦੀ ਹੈ। ਸਾਡੇ ਲਈ ਇਹ ਹੋਰ ਵੀ ਤਸੱਲੀ ਵਾਲੀ ਗੱਲ ਸੀ ਕਿ ਇਹ ਮੁਲਾਕਾਤ ਹੋਈ ਵੀ ਓਸੇ ਹੋਟਲ 'ਗਰੈਂਡ ਪਾਮ' ਵਿਚ, ਜਿਸ ਨੂੰ ਅਸੀਂ ਦੋ ਹਫ਼ਤਿਆਂ ਲਈ ਆਪਣਾ 'ਰੈਣ-ਬਸੇਰਾ' ਬਣਾਇਆ ਹੋਇਆ ਸੀ।

ਇਹ ਸਬੱਬ ਵੀ ਇਸ ਕਰਕੇ ਹੀ ਬਣਨਾ ਸੰਭਵ ਹੋ ਸਕਿਆ, ਕਿਉਂਕਿ ਸਾਡੇ ਮੇਜ਼ਬਾਨ ਅਹਿਮਦ ਰਜ਼ਾ ਪੰਜਾਬੀ ਦੀ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਨਾਲ ਗੂੜ੍ਹੀ ਨੇੜਤਾ ਹੈ ਅਤੇ ਉਹ ਖ਼ੁਦ ਇਨ੍ਹਾਂ ਦੋਹਾਂ ਮਹਾਨ ਸ਼ਖ਼ਸੀਅਤਾਂ ਨੂੰ ਸਾਨੂੰ ਮਿਲਾਉਣ ਲਈ ਸਵੇਰੇ ਦਸ ਕੁ ਵਜੇ ਇਸ ਹੋਟਲ ਵਿਚ ਲੈ ਆਏ। ਦਰਅਸਲ, ਇਹ ਤਿੰਨੇ ਸ਼ਖ਼ਸ ਅਤੇ ਇਨ੍ਹਾਂ ਦੇ ਹੋਰ ਸਰਗ਼ਰਮ ਸਾਥੀ ਤਾਰਿਕ ਜਟਾਲਾ, ਅਫ਼ਜ਼ਲ ਸਾਹਿਰ, ਇਕਬਾਲ ਕੈਸਰ, ਏਸਾਨ ਬਾਜਵਾ, ਆਦਿ ਮਿਲ ਕੇ ਲਹਿੰਦੇ ਪੰਜਾਬ ਵਿਚ ਪੰਜਾਬੀ ਨੂੰ ਸਕੂਲ ਪੱਧਰ 'ਤੇ ਪੜ੍ਹਾਉਣਾ ਸ਼ੁਰੂ ਕਰਨ ਅਤੇ ਇਸ ਦੇ ਪ੍ਰਚਾਰ ਤੇ ਪਸਾਰ ਲਈ ਜ਼ੋਰਦਾਰ ਸੰਘਰਸ਼ ਕਰ ਰਹੇ ਹਨ। ਇਸ ਸਿਲਸਿਲੇ ਵਿਚ ਅਹਿਮਦ ਰਜ਼ਾ ਨੇ ਆਪਣੇ ਯੂਟਿਊਬ ਚੈਨਲ ਦਾ ਨਾਂ ਹੀ 'ਪੰਜਾਬੀ ਪ੍ਰਚਾਰ ਟੀ.ਵੀ.' ਰੱਖਿਆ ਹੋਇਆ ਹੈ ਅਤੇ ਉਹ ਇਸ ਮਹਾਨ ਕੰਮ ਲਈ ਸੰਘਰਸ਼ ਕਰ ਰਹੇ ਮੋਹਰੀ ਵਿਅਕਤੀਆਂ ਵਿਚ ਗਿਣਿਆ ਜਾਂਦਾ ਹੈ। ਹੋਰ ਤਾਂ ਹੋਰ, ਉਸ ਨੇ ਆਪਣੇ ਗੋਤਰ 'ਵੱਟੂ' ਨੂੰ ਅਹਿਮੀਅਤ ਦੇਣ ਦੀ ਬਜਾਏ ਆਪਣਾ ਤਖ਼ੱਲਸ ਵੀ 'ਪੰਜਾਬੀ' ਰੱਖਿਆ ਹੋਇਆ ਹੈ। 'ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ' ਅਤੇ 'ਹੈਰੀਟੇਜ ਡੇਅ' ਵਾਲੇ ਦਿਨਾਂ ਕ੍ਰਮਵਾਰ 21 ਫ਼ਰਵਰੀ ਤੇ 14 ਮਾਰਚ ਨੂੰ ਅਤੇ ਕਈ ਹੋਰ ਅਹਿਮ ਦਿਨਾਂ 'ਤੇ ਉਹ ਸਾਰੇ ਮਿਲ ਕੇ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਰੈਲੀਆਂ ਕਰਦੇ ਹਨ ਅਤੇ ਜਲੂਸ ਕੱਢ ਕੇ ਆਪਣੀ ਆਵਾਜ਼ ਆਮ ਲੋਕਾਂ ਅਤੇ ਸਰਕਾਰ ਤੱਕ ਪਹੁੰਚਾਉਣ ਦਾ ਜ਼ੋਰਦਾਰ ਯਤਨ ਕਰਦੇ ਹਨ। ਉਨ੍ਹਾਂ ਦੇ ਇਹ ਯਤਨ ਪਿਛਲੇ ਕਈ ਸਾਲਾਂ ਤੋਂ ਬਾਕਾਇਦਾ ਜਾਰੀ ਹਨ ਪਰ ਪਾਕਿਸਤਾਨੀ ਸਰਕਾਰ ਦੇ ਕੰਨਾਂ 'ਤੇ ਅਜੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਸੁਹਿਰਦ ਯਤਨਾਂ ਤੋਂ ਇੰਜ ਲੱਗਦਾ ਹੈ ਕਿ ਉਹ ਪੰਜਾਬੀ ਦੇ ਇਸ ਮੁਹਾਵਰੇ ਵਾਲੀ ਇਹ "ਜੂੰ" ਸਰਕਾਰ ਦੇ ਕੰਨਾਂ 'ਤੇ ਸਰਕਾ ਕੇ ਹੀ ਦਮ ਲੈਣਗੇ।

'ਕਰੋਨਾ ਕਾਲ' ਤੋਂ ਪਹਿਲਾਂ ਬਾਬਾ ਨਜ਼ਮੀ ਨੂੰ ਬਰੈਂਪਟਨ ਵਿਚਲੀਆਂ ਉਨ੍ਹਾਂ ਦੀਆਂ ਫੇਰੀਆਂ ਦੌਰਾਨ ਭਾਵੇਂ ਦੋ ਵਾਰ ਮੈਂ ਉੱਥੇ ਮਿਲ ਚੁੱਕਾ ਸੀ ਪਰ ਲਾਹੌਰ ਵਿਚ ਉਨ੍ਹਾਂ ਨਾਲ ਮੇਰੀ ਇਹ ਮੋਹ-ਭਿੱਜੀ ਮਿਲਣੀ ਵੱਖਰੀ ਕਿਸਮ ਦੀ ਸੀ। ਹੋਟਲ ਵਿਚ ਪਹੁੰਚਦਿਆਂ ਹੀ ਉਹ ਮੈਨੂੰ ਘੁੱਟ ਕੇ ਜੱਫੀ ਪਾ ਕੇ ਮਿਲੇ ਅਤੇ ਸਾਡੀ ਇਹ ਗਲਵੱਕੜੀ ਕਿੰਨਾ ਈ ਚਿਰ ਇੰਜ ਹੀ ਪਈ ਰਹੀ। ਮੇਰੇ ਬਾਕੀ ਸਾਥੀਆਂ ਨੂੰ ਵੀ ਉਹ ਬੜੇ ਤਪਾਕ ਨਾਲ ਮਿਲੇ। ਦੀਪ ਸਈਦਾ ਜੀ ਨਾਲ ਸਾਡੀ ਸਾਰਿਆਂ ਦੀ ਇਹ ਪਹਿਲੀ ਮੁਲਾਕਾਤ ਸੀ ਪਰ ਪਹਿਲੀ ਮਿਲਣੀ ਵਿਚ ਹੀ ਉਹ ਬੜੇ ਮਿਲਣਸਾਰ ਅਤੇ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਲੱਗੇ। ਅਸੀਂ ਸਾਰਿਆਂ ਨੇ ਮਿ਼ਲ ਕੇ ਹੋਟਲ ਦੇ ਡਾਇਨਿੰਗ-ਹਾਲ ਵਿਚ ਬਰੇਕ-ਫਾਸਟ ਕੀਤਾ ਅਤੇ ਫਿਰ ਬਾਬਾ ਜੀ ਸਾਡੇ ਨਾਲ ਹੋਟਲ ਦੇ ਕਮਰੇ ਵਿਚ ਆ ਗਏ। ਦੀਪ ਜੀ ਨੇ ਉਸ ਦਿਨ ਕਿਸੇ ਜ਼ਰੂਰੀ ਕੰਮ ਲਈ ਲਾਹੌਰ ਤੋਂ ਬਾਹਰ ਜਾਣਾ ਸੀ। ਉਹ ਉਸ ਦਿਨ ਉਚੇਚੇ ਤੌਰ 'ਤੇ ਸਾਨੂੰ ਕੇਵਲ ਮਿਲਣ ਲਈ ਹੀ ਆਏ ਸਨ, ਜਦਕਿ ਬਾਬਾ ਨਜ਼ਮੀ ਜੀ ਨਾਲ ਭੈਣ ਗੁਰਚਰਨ ਥਿੰਦ ਨੇ 'ਪੰਜਾਬੀ ਪ੍ਰਚਾਰ ਟੀ.ਵੀ.' ਅਤੇ 'ਪੰਜਾਬੀ ਨੈਸ਼ਨਲ ਟੀ.ਵੀ.' ਜਿਸ ਲਈ ਉਹ ਇਸ ਦੇ ਕੈਲਗਰੀ ਸਟੂਡੀਓ ਤੋਂ ਕੰਮ ਕਰਦੀ ਹੈ, ਦੋਹਾਂ ਲਈ ਸਾਂਝੀ ਇੰਟਰਵਿਊ ਰਿਕਾਰਡ ਕਰਨੀ ਸੀ।

**ਬਾਬਾ ਨਜ਼ਮੀ ਨਾਲ ਹੋਈ ਦਿਲਚਸਪ ਇੰਟਰਵਿਊ**

'ਗਰੈਂਡ ਪਾਮ ਹੋਟਲ' ਦੇ ਸਾਡੇ ਇਕ ਕਮਰੇ ਦੇ ਪਰਦਿਆਂ ਨੂੰ ਚੰਗੀ ਤਰ੍ਹਾਂ ਠੀਕ-ਠਾਕ ਕਰ ਕੇ ਅਤੇ ਸਾਹਮਣੇ ਵਾਲੇ ਪਾਸੇ ਲਾਈਟਾਂ ਵਗੈਰਾ ਲਗਾ ਕੇ ਇਸ ਨੂੰ ਟੀ.ਵੀ. ਸਟੂਡੀਓ ਦਾ ਰੂਪ ਦੇ ਦਿੱਤਾ ਗਿਆ ਅਤੇ ਬਾਬਾ ਨਜ਼ਮੀ ਨਾਲ ਇੰਟਰਵਿਊ ਆਰੰਭ ਹੋ ਗਈ। ਇੰਟਰਵਿਊ ਦੌਰਾਨ ਗੁਰਚਰਨ ਨੇ ਬਾਬਾ ਜੀ ਨੂੰ ਉਨ੍ਹਾਂ ਦੇ ਜੀਵਨ, ਪੰਜਾਬੀ ਬੋਲੀ ਪ੍ਰਤੀ ਉਨ੍ਹਾਂ ਦੇ ਮੋਹ-ਪਿਆਰ, ਲਹਿੰਦੇ ਪੰਜਾਬ ਵਿਚ ਪੰਜਾਬੀ ਦੀ ਮੌਜੂਦਾ ਸਥਿਤੀ, ਉਨ੍ਹਾਂ ਦੇ ਸੁਹਿਰਦ ਸਾਥੀਆਂ ਵੱਲੋਂ ਇਸ ਦੇ ਪ੍ਰਚਾਰ ਤੇ ਪਸਾਰ ਅਤੇ ਮਾਂ-ਬੋਲੀ ਵਜੋਂ ਇਸ ਨੂੰ ਬਣਦਾ ਲੋੜੀਂਦਾ ਸਥਾਨ ਅਤੇ ਮਾਨਤਾ ਦਿਵਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਬਹੁਤ ਸਾਰੇ ਸੁਆਲ ਕੀਤੇ ਜਿਨ੍ਹਾਂ ਦੇ ਜੁਆਬ ਬਾਬਾ ਜੀ ਨੇ ਬੜੇ ਠਰ੍ਹੰਮੇ ਨਾਲ ਵਿਸਥਾਰ ਸਹਿਤ ਆਪਣੀਆਂ ਕਈ ਹਰਮਨ-ਪਿਆਰੀਆਂ ਕਵਿਤਾਵਾਂ ਦੇ ਹਵਾਲੇ ਨਾਲ ਕਾਵਿ-ਮਈ ਅੰਦਾਜ਼ ਵਿਚ ਦੇ ਕੇ ਇਸ ਇੰਟਰਵਿਊ ਨੂੰ ਬੇਹੱਦ ਦਿਲਚਸਪ ਅਤੇ ਮਾਨਣਯੋਗ ਬਣਾਇਆ। ਇਸ ਗੱਲਬਾਤ ਦੌਰਾਨ ਉਨ੍ਹਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਉਨ੍ਹਾਂ ਦੀ ਪੰਜਾਬੀ ਬੋਲੀ ਨਾਲ ਸਬੰਧਿਤ ਕਵਿਤਾ ਦੇ ਮਸ਼ਹੂਰ ਮਕਬੂਲ ਸ਼ਿਅਰ ਉਨ੍ਹਾਂ ਦੇ ਕਥਨਾਂ ਦੀ ਭਰਪੂਰ ਗਵਾਹੀ ਭਰ ਰਹੇ ਸਨ:

'ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।

ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।

ਜਿਹੜੇ ਆਖਣ ਵਿਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ;

ਪੜ੍ਹ ਕੇ ਵੇਖਣ ਵਾਰਸ, ਬੁੱਲ੍ਹਾ, ਬਾਹੂ, ਲਾਲ ਪੰਜਾਬੀ ਦਾ।'

ਦੋਹਾਂ ਟੀ.ਵੀ. ਚੈਨਲਾਂ ਦੇ ਲਈ ਇਕ ਹੋਰ ਇੰਟਰਵਿਊ ਗੁਰਚਰਨ ਥਿੰਦ ਵੱਲੋਂ ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਲਿਖੀ ਜਾ ਰਹੀ ਕਵਿਤਾ ਬਾਰੇ ਬਾਬਾ ਨਜ਼ਮੀ ਜੀ ਅਤੇ ਮੇਰੇ ਨਾਲ ਸਾਂਝੇ ਤੌਰ 'ਤੇ ਕੀਤੀ ਗਈ। ਬਾਬਾ ਨਜ਼ਮੀ ਜੀ ਨੇ ਇਸ ਦੌਰਾਨ ਜਿੱਥੇ ਲਹਿੰਦੇ ਪੰਜਾਬ ਦੇ ਹੋਰ ਕਈ ਕਵੀਆਂ ਦੇ ਹਵਾਲੇ ਨਾਲ ਆਪਣੀ ਕਾਵਿ-ਸਿਰਜਣਾ ਬਾਰੇ ਵੀ ਵਿਸਥਾਰ ਵਿਚ ਦੱਸਿਆ, ਉੱਥੇ ਮੈਂ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਬਾਰੇ ਸੰਖੇਪ ਜ਼ਿਕਰ ਕਰਨ ਤੋਂ ਬਾਅਦ ਅਜੋਕੇ ਦੌਰ ਦੇ ਸਿਰਮੌਰ ਕਵੀ ਸੁਰਜੀਤ ਪਾਤਰ, ਗੁਰਭਜਨ ਗਿੱਲ, ਓਂਕਾਰਪ੍ਰੀਤ, ਅਮਰ ਸੂਫ਼ੀ, ਸੁਖਵਿੰਦਰ ਅੰਮ੍ਰਿਤ, ਗੁਰਚਰਨ ਕੋਛੜ, ਸੁਰਜੀਤ ਕੌਰ, ਆਦਿ ਵੱਲੋਂ ਲਿਖੀਆਂ ਜਾ ਰਹੀਆਂ ਕਵਿਤਾਵਾਂ ਬਾਰੇ ਗੱਲ ਕੀਤੀ। ਇਸ ਦੌਰਾਨ ਮੈਨੂੰ ਬਾਬਾ ਨਜ਼ਮੀ ਜੀ ਦੇ ਨਾਲ ਵਾਲੀ ਕੁਰਸੀ 'ਤੇ ਬੈਠ ਕੇ ਉਨ੍ਹਾਂ ਨਾਲ ਗੱਲਬਾਤ ਸਾਂਝੀ ਕਰਨ ਵਿਚ ਬੜਾ ਮਾਣ ਮਹਿਸੂਸ ਹੋ ਰਿਹਾ ਸੀ।

**'ਸ਼ਦਮਨ ਚੌਕ ਉਰਫ਼ 'ਸ਼ਹੀਦ ਭਗਤ ਸਿੰਘ ਚੌਕ' ਵਿਚ ਮਹਾਨ ਸ਼ਹੀਦਾਂ ਨੂੰ ਕੀਤਾ ਯਾਦ**

ਬਾਬਾ ਨਜ਼ਮੀ ਹੁਰਾਂ ਨਾਲ ਇੰਟਰਵਿਊ ਤੋਂ ਬਾਅਦ ਬਾਰਾਂ ਕੁ ਵਜੇ ਅਸੀਂ ਲਾਹੌਰ ਦਾ 'ਸ਼ਹੀਦ ਭਗਤ ਸਿੰਘ ਚੌਕ' ਵੇਖਣ ਚੱਲ ਪਏ। ਇਹ ਪੁਰਾਣੀ ਲਾਹੌਰ ਜੇਲ੍ਹ ਦਾ ਉਹ ਹਿੱਸਾ ਹੈ ਜਿੱਥੇ ਭਾਰਤ ਦੀ ਆਜ਼ਾਦੀ ਲਈ ਜੂਝਣ ਵਾਲੇ ਤਿੰਨ ਸੂਰਮਿਆਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 23 ਮਾਰਚ 1930 ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕੀਤਾ ਗਿਆ ਸੀ। ਹੁਣ ਇਹ ਸਥਾਨ ਲਾਹੌਰ ਦੀ ਜੇਲ੍ਹ ਤੋਂ ਬਾਹਰਵਾਰ ਹੈ ਅਤੇ ਇਸ ਸਮੇਂ ਸਰਕਾਰੀ ਰਿਕਾਰਡ ਵਿਚ ਇਸ ਦਾ ਨਾਂ 'ਸ਼ਦਮਨ ਚੌਕ' ਹੈ। ਲਹਿੰਦੇ ਪੰਜਾਬ ਦੇ ਸੰਘਰਸ਼ਸ਼ੀਲ ਪੰਜਾਬੀਆਂ ਵੱਲੋਂ ਇਸ ਚੌਕ ਦਾ ਨਾਂ ਬਦਲ ਕੇ 'ਸ਼ਹੀਦ ਭਗਤ ਸਿੰਘ ਚੌਕ' ਰੱਖਣ ਦੀ ਮੰਗ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਉਠਾਈ ਜਾ ਰਹੀ ਹੈ, ਪਰ ਸਰਕਾਰ ਅਜੇ ਇਸ ਸਬੰਧੀ ਟਾਲ਼-ਮਟੋਲ਼ ਵਾਲੀ ਨੀਤੀ ਅਪਨਾਅ ਰਹੀ ਹੈ। ਅਸੀਂ ਇਸ ਇਤਿਹਾਸਕ ਚੌਕ ਦੇ ਵਿਚਕਾਰ ਬਣੇ ਗੋ਼ਲ ਦਾਇਰੇ ਵਿਚ ਖਲੋ ਕੇ ਤਸਵੀਰਾਂ ਖਿਚਵਾਈਆਂ, ਆਪਸ ਵਿਚ ਅਤੇ ਟੀ.ਵੀ. ਦੇ ਕੈਮਰੇ ਦੇ ਸਾਹਮਣੇ ਖਲੋ ਕੇ ਗੱਲਾਂ-ਬਾਤਾਂ ਸਾਂਝੀਆਂ ਕਰਦਿਆਂ ਹੋਇਆਂ ਤਿੰਨਾਂ ਸ਼ਹੀਦਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਅਤੇ ਪਾਕਿਸਤਾਨ ਦੀ ਸਰਕਾਰ ਤੋਂ ਇਸ ਚੌਕ ਦਾ ਨਾਂ ਬਦਲ ਕੇ 'ਸ਼ਹੀਦ ਭਗਤ ਸਿੰਘ ਚੌਕ' ਕਰਨ ਦੀ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੀ ਮੰਗ ਦਾ ਭਰਪੂਰ ਸਮਰਥਨ ਕੀਤਾ। ਸਾਡੀ ਇਹ ਵੀਡੀਓ ਸੋਸ਼ਲ-ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ।



**ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਸ਼ਹਿਜ਼ਾਦੀ ਬੰਬਾ ਦੀ ਕਬਰ 'ਤੇ**

ਸ਼ਦਮਨ ਚੌਕ, ਉਰਫ਼ 'ਸ਼ਹੀਦ ਭਗਤ ਸਿੰਘ ਚੌਕ' ਦੇ ਵਿਚਕਾਰ ਖਲੋ ਕੇ ਤਸਵੀਰਾਂ ਖਿਚਵਾ ਕੇ ਸ਼ਹੀਦਾਂ ਨੂੰ ਯਾਦ ਕਰਨ ਤੋਂ ਬਾਅਦ ਸਾਡੇ ਮੇਜ਼ਬਾਨ ਅਹਿਮਦ ਰਜ਼ਾ ਨੇ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਅਤੇ ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਵੱਡੀ ਬੇਟੀ ਦੀ 'ਆਖ਼ਰੀ ਆਰਾਮਗਾਹ' (ਕਬਰ) ਵਿਖਾਉਣ ਦਾ ਪ੍ਰੋਗਰਾਮ ਬਣਾਇਆ। ਸ਼ਦਮਨ ਚੌਕ ਤੋਂ ਕਾਰ ਵਿਚ ਕੁਝ ਹੀ ਮਿੰਟ ਚੱਲ ਕੇ ਅਸੀਂ ਲਾਹੌਰ ਵਿਚ ਗੋਰਿਆਂ ਦੇ ਕਬਰਸਤਾਨ ਵਿਚ ਪਹੁੰਚ ਗਏ। ਪਾਠਕਾਂ ਨੂੰ ਭਲੀ-ਭਾਂਤ ਯਾਦ ਹੋਵੇਗਾ ਕਿ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ 6-7 ਸਾਲ ਦੀ ਛੋਟੀ ਉਮਰ ਵਿਚ ਹੀ ਅੰਗਰੇਜ਼ ਆਪਣੀ ਹਿਰਾਸਤ ਵਿਚ ਲੈ ਕੇ ਇੰਗਲੈਂਡ ਲੈ ਗਏ ਸਨ ਅਤੇ ਉੱਥੇ ਉਸ ਨੂੰ ਪ੍ਰੇਰ ਕੇ ਜਾਂ ਪਤਾ ਨਹੀਂ ਡਰਾ ਧਮਕਾ ਕੇ ਈਸਾਈ ਧਰਮ ਗ੍ਰਹਿਣ ਕਰਵਾ ਲਿਆ ਗਿਆ ਸੀ। ਉਸ ਦੀਆਂ ਪੰਜ ਬੇਟੀਆਂ ਸਨ ਜਿਨ੍ਹਾਂ ਦੇ ਨਾਂ ਬੰਬਾ ਸੂਦਰਲੈਂਡ, ਸੋਫੀਆ ਦਲੀਪ ਸਿੰਘ ਅਤੇ ਕੈਥਰੀਨ ਹਿਲਡਾ ਦਲੀਪ ਸਿੰਘ, ਪੌਲੀਨ ਅਲੈਗਜ਼ੈਂਡਰਾ ਦਲੀਪ ਸਿੰਘ ਅਤੇ ਐਡਾ ਇਰੀਨ ਦਲੀਪ ਸਿੰਘ ਸਨ। ਇਨ੍ਹਾਂ ਵਿਚੋਂ ਪਹਿਲੀਆਂ ਤਿੰਨ ਮਹਾਰਾਜਾ ਦਲੀਪ ਸਿੰਘ ਦੀ ਮੌਤ ਤੋਂ ਬਾਅਦ ਇਕ ਵਾਰ ਆਪਣੇ ਬਾਪ ਦੇ ਜੱਦੀ ਸ਼ਹਿਰ ਲਾਹੌਰ ਆਈਆਂ ਸਨ। ਛੋਟੀਆਂ ਦੋਵੇਂ ਤਾਂ ਵਾਪਸ ਇੰਗਲੈਂਡ ਚਲੀਆਂ ਗਈਆਂ ਸਨ ਪਰ ਵੱਡੀ ਬੇਟੀ ਬੰਬਾ ਸੂਦਰਲੈਂਡ ਨੇ ਲਾਹੌਰ ਵਿਚ ਹੀ ਰਹਿਣ ਦੀ ਜ਼ਿਦ ਕੀਤੀ ਅਤੇ ਉਹ ਲਾਹੌਰ ਹੀ ਟਿਕੀ ਰਹੀ। ਉੱਥੇ ਹੀ ਉਸ ਦਾ ਆਖ਼ਰੀ ਸਮਾਂ ਆਇਆ ਅਤੇ ਉਸ ਨੂੰ ਲਾਹੌਰ ਵਿਚ ਗੋਰਿਆਂ ਦੇ ਇਸ ਕਬਰਸਤਾਨ ਵਿਚ ਦਫ਼ਨਾਅ ਦਿੱਤਾ ਗਿਆ। ਮੇਜ਼ਬਾਨ ਅਹਿਮਦ ਰਜ਼ਾ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਸ਼ਹਿਜ਼ਾਦੀ ਬੰਬਾ ਸੂਦਰਲੈਂਡ ਦੀ ਇਸ ਕਬਰ ਦੀ ਹਾਲਤ ਬੜੀ ਖ਼ਸਤਾ ਹੋ ਗਈ ਸੀ ਅਤੇ ਇਹ ਗੋਰਿਆਂ ਦੀਆਂ ਹੋਰ ਕਬਰਾਂ ਦੇ ਵਿਚਕਾਰ ਢੱਠੀ ਜਿਹੀ ਬਦਸੂਰਤ ਲੱਗਦੀ ਸੀ। ਪੰਜ ਕੁ ਸਾਲ ਪਹਿਲਾਂ ਉਨ੍ਹਾਂ ਸਮੇਤ ਸਿੱਖ ਰਾਜ ਦੇ ਕੁਝ ਹੋਰ ਮੁਸਲਿਮ ਹਮਦਰਦਾਂ ਨੇ ਮਿਲ ਕੇ ਇਸ ਨੂੰ ਨਵਾਂ ਸੰਗਮਰਮਰ ਲਗਵਾ ਕੇ ਮੁੜ ਤੋਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਅਤੇ ਅੱਜ ਸ਼ਹਿਜ਼ਾਦੀ ਬੰਬਾ ਸੂਦਰਲੈਂਡ ਦੀ ਇਹ ਕਬਰ ਇਸ ਕਬਰਸਤਾਨ ਵਿਚ ਬੜੀ ਖ਼ੂਬਸੂਰਤ ਹਾਲਤ ਵਿਚ ਮੌਜੂਦ ਹੈ।

ਅਸੀਂ ਬੜੇ ਸਤਿਕਾਰ ਨਾਲ ਇਸ ਦੇ ਕੋਲ ਸਿਰ ਵਾਲੇ ਪਾਸੇ ਖਲੋ ਗਏ ਅਤੇ ਅਹਿਮਦ ਰਜ਼ਾ ਦੇ ਕੈਮਰਾਮੈਨ ਫੈਸਲ ਮੁਹੰਮਦ ਨੇ ਸਾਡੀਆਂ ਇਸ ਸਮੇਂ ਯਾਦਗਾਰੀ ਤਸਵੀਰਾਂ ਖਿੱਚੀਆਂ। ਬੜੇ ਦੁਖੀ ਮਨ ਨਾਲ ਸਿੱਖ ਰਾਜ ਦੇ ਆਖ਼ਰੀ ਮਹਾਰਾਜੇ ਦਲੀਪ ਸਿੰਘ ਦੇ ਅਖੀਰਲੇ ਦੁਖਦਾਇਕ ਦਿਨਾਂ ਨੂੰ ਯਾਦ ਕੀਤਾ। ਆਪਣੀ ਮਾਂ ਮਹਾਰਾਣੀ ਜਿੰਦਾਂ ਤੋਂ ਜ਼ਬਰਦਸਤੀ ਵਿਛੋੜੇ ਗਏ ਉਸ ਛੇ-ਸੱਤ ਸਾਲ ਦੇ ਬਾਲਕ ਨੂੰ ਯਾਦ ਕੀਤਾ ਜਿਸ ਨੂੰ ਅੰਗਰੇਜ਼ ਸ਼ਾਸਕਾਂ ਵੱਲੋਂ ਮੁੜ ਲਾਹੌਰ ਆਉਣ ਦੀ ਆਗਿਆ ਨਹੀਂ ਸੀ ਦਿੱਤੀ ਗਈ ਅਤੇ ਕਲਕੱਤੇ ਵਿਚ ਹੀ ਆਖ਼ਰੀ ਵਾਰ ਉਸ ਨੂੰ ਆਪਣੀ ਮਾਂ ਮਹਾਰਾਣੀ ਜਿੰਦਾਂ ਦੇ ਨਾਲ ਮਿਲਵਾਇਆ ਗਿਆ ਸੀ। ਦਰਦ ਭਰੇ ਮਾਂ-ਪੁੱਤ ਦੇ ਉਸ 'ਵਿਛੋੜੇ' ਨੂੰ ਯਾਦ ਕੀਤਾ ਗਿਆ ਜਿਸ ਦਾ ਬਿਰਤਾਂਤ ਸਿੱਖ ਪੰਥ ਦੇ ਸ਼੍ਰੋਮਣੀ ਢਾਡੀ ਅਤੇ ਇਤਿਹਾਸਕਾਰ ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲ 'ਦੁਖੀਏ ਮਾਂ-ਪੁੱਤ' ਵਿਚ ਬਾਖ਼ੂਬੀ ਕੀਤਾ ਹੈ। ਵਾਪਸੀ 'ਤੇ ਆਉਣ ਲੱਗਿਆਂ ਅਸੀਂ ਉਸ ਕਬਰਸਤਾਨ ਦੇ ਤਿੰਨ ਸੇਵਾਦਾਰਾਂ ਨੂੰ ਕੁਝ ਮਾਇਆ ਭੇਟ ਕੀਤੀ ਅਤੇ ਨਾਲ ਹੀ ਬੇਨਤੀ ਕੀਤੀ ਕਿ ਉਹ ਹੋਰ ਕਬਰਾਂ ਵਾਂਗ ਉਸ ਕਬਰ ਨੂੰ ਵੀ ਸਾਫ਼-ਸੁਥਰੀ ਰੱਖਿਆ ਕਰਨ ਜਿਸ ਨੂੰ ਸਾਡੇ ਉੱਥੇ ਪਹੁੰਚਣ 'ਤੇ ਉਨ੍ਹਾਂ ਵਿੱਚੋਂ ਇਕ ਨੇ ਉਸ ਉੱਪਰ ਪਾਣੀ ਦੀਆਂ ਦੋ ਬਾਲਟੀਆਂ ਪਾ ਕੇ ਉਸ ਨੂੰ ਇਸ਼ਨਾਨ ਕਰਾਇਆ ਸੀ। ਸਾਡੇ ਕਹਿਣ 'ਤੇ ਬੇਸ਼ੱਕ ਉਨ੍ਹਾਂ ਨੇ ਇਸ ਲਈ ਹਾਮੀ ਜ਼ਰੂਰ ਭਰ ਦਿੱਤੀ ਪਰ ਸਾਨੂੰ ਕੋਈ ਉਮੀਦ ਨਹੀਂ ਕਿ ਉਹ ਭਵਿੱਖ ਵਿਚ ਆਪਣੇ ਇਸ ਵਾਅਦੇ 'ਤੇ ਪੂਰੇ ਵੀ ਉੱਤਰਨਗੇ।

**ਰੈਸਟੋਰੈਂਟ ਵਿਚ ਲੰਚ ਕਰਦਿਆਂ 'ਹਲੀਮ' ਦਾ ਅਨੰਦ ਮਾਣਿਆ**

ਏਨੇ ਨੂੰ ਦੁਪਹਿਰ ਦੇ ਲੱਗਭੱਗ ਦੋ ਵੱਜ ਚੁੱਕੇ ਸਨ ਅਤੇ ਭੁੱਖ ਵੀ ਚਮਕ ਪਈ ਸੀ। ਲੰਚ ਲਈ ਸਾਡਾ ਇਕ ਖ਼ਾਸ ਰੈਸਟੋਰੈਂਟ 'ਤੇ ਜਾਣ ਦਾ ਵਿਚਾਰ ਬਣਿਆ ਜਿਸ ਦੀ ਡਿਸ਼ 'ਹਲੀਮ' ਬੜੀ ਮਸ਼ਹੂਰ ਗਿਣੀ ਜਾਂਦੀ ਹੈ। ਅਸੀਂ ਚੌਹਾਂ ਨੇ ਤਾਂ ਇਸ ਦਾ ਨਾਂ ਪਹਿਲੀ ਵਾਰ ਹੀ ਸੁਣਿਆ ਸੀ ਤੇ ਸਾਨੂੰ ਕੋਈ ਪਤਾ ਨਹੀਂ ਸੀ ਕਿ ਇਹ ਕੀ 'ਬਲਾਅ' ਹੈ। ਰੈਸਟੋਰੈਂਟ 'ਤੇ ਪਹੁੰਚ ਕੇ ਜਦੋਂ ਸਾਰੇ ਡਾਇਨਿੰਗ ਟੇਬਲ ਦੁਆਲੇ ਡਿੱਠੀਆਂ ਕੁਰਸੀਆਂ 'ਤੇ ਬੈਠ ਗਏ ਤਾਂ ਅਹਿਮਦ ਰਜ਼ਾ ਦਾ ਸਾਨੂੰ ਸੁਆਲ ਸੀ, "ਦੱਸੋ ਤੁਹਾਡੇ ਅੰਦਾਜ਼ੇ ਅਨੁਸਾਰ ਇਹ 'ਹਲੀਮ' ਕੀ ਚੀਜ਼ ਹੋ ਸਕਦੀ ਹੈ।" ਕਿਸੇ ਨੇ ਕਿਹਾ ਕਿ ਇਹ ਕਿਸੇ ਸਵੀਟ-ਡਿਸ਼ ਦਾ ਨਾਂ ਹੋਵੇਗਾ, ਕਿਸੇ ਨੇ ਇਸ ਨੂੰ ਕੋਈ ਸਬਜ਼ੀ-ਭਾਜੀ ਦਾ ਨਾਂ ਦਿੱਤਾ ਅਤੇ ਕਿਸੇ ਨੇ 'ਕੜ੍ਹੀ' ਵਰਗੀ ਕੋਈ 'ਚੀਜ਼' ਦੱਸਿਆ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ, 'ਇਹ ਜ਼ਰੂਰ ਕਿਸੇ ਖਾਣ ਵਾਲੀ ਚੀਜ਼ ਦਾ ਹੀ ਨਾਂ ਹੈ ਪਰ ਇਸ ਦੇ ਬਾਰੇ ਮੈਂ ਇਹ ਖਾਣ ਤੋਂ ਬਾਅਦ ਹੀ ਦੱਸਾਂਗਾ।' ਮੇਰਾ ਇਹ ਗੋ਼ਲਮੋ਼ਲ ਜੁਆਬ ਸੁਣ ਕੇ ਸਾਰੇ ਖ਼ੂਬ ਹੱਸੇ ਕਿ ਇਹ ਕਿਹੋ ਜਿਹਾ ਸਿਆਸੀ ਕਿਸਮ ਦਾ ਜੁਆਬ ਹੈ।

ਖ਼ੈਰ, ਹਲੀਮ ਬਾਰੇ ਸਾਡੀ ਇਸ ਗੱਲਬਾਤ ਦੇ ਦੌਰਾਨ ਹੀ ਗਰਮਾ-ਗਰਮ ਤੰਦੂਰੀ ਫੁਲਕਿਆਂ, ਸਲਾਦ, 'ਮਾਸ਼ ਦੀ ਦਾਲ਼' (ਧੋਤੇ ਹੋਏ ਸਾਬਤ ਮਾਂਹ ਦੀ ਦਾਲ਼) ਅਤੇ ਇਕ-ਦੋ ਹੋਰ ਆਈਟਮਾਂ ਦੇ ਨਾਲ ਚਿਰਾਂ ਤੋਂ ਉਡੀਕੀ ਜਾ ਰਹੀ ਉਹ 'ਹਲੀਮ' ਵੀ ਆ ਗਈ। ਇਹ ਵੇਖਣ ਨੂੰ ਤਾਂ ਧੋਤੀ ਮੂੰਗੀ-ਮਸਰੀ ਦੀ 'ਪੀਲੀ ਦਾਲ' ਵਰਗੀ ਹੀ ਲੱਗੀ ਪਰ ਇਸ ਦਾ ਰੰਗ ਉਸ ਤੋਂ ਥੋੜ੍ਹਾ ਜਿਹਾ ਗੂੜ੍ਹਾ ਸੀ। ਤੰਦੂਰੀ ਫੁਲਕੇ ਦੀ ਬੁਰਕੀ ਦੇ ਨਾਲ ਥੋੜ੍ਹੀ ਜਿਹੀ ਅਤੇ ਫਿਰ ਇਸ ਨਾਲ ਭਰਿਆ ਹੋਇਆ ਚਮਚਾ ਜਦੋਂ ਗਲੇ ਦੇ ਅੰਦਰ ਗਿਆ ਤਾਂ ਸੁਆਦ ਉਸ ਤੋਂ ਵੱਖਰਾ ਲੱਗਿਆ ਜੋ ਕਰਾਰਾ ਅਤੇ ਉਸਦੇ ਨਾਲੋਂ ਸੁਆਦਲਾ ਵੀ ਸੀ। ਤੰਦੂਰੀ ਫੁਲਕਿਆਂ ਦੇ ਨਾਲ ਖਾਣ ਦਾ ਇਸ ਦਾ ਆਪਣਾ ਹੀ ਮਜ਼ਾ ਸੀ। ਸਾਰਿਆਂ ਵੱਲੋਂ ਹੀ ਇਹ ਕਾਫੀ ਪਸੰਦ ਕੀਤੀ। ਜਦੋਂ ਇਸ ਨੂੰ ਬਣਾਉਣ ਬਾਰੇ ਰਜ਼ਾ ਤੇ ਉਸ ਦੇ ਸਾਥੀਆਂ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਛੋਲਿਆਂ ਦੀ ਦਾਲ ਨੂੰ ਮੱਠੀ-ਮੱਠੀ ਅੱਗ 'ਤੇ ਤੌੜੀ ਵਿਚ ਚੰਗੀ ਤਰ੍ਹਾਂ ਰਿੰਨ੍ਹ ਕੇ ਅਤੇ ਫਿਰ ਉਸ ਨੂੰ ਪੂਰੀ ਤਰ੍ਹਾਂ ਘੋਟ ਕੇ ਬਣਾਈ ਜਾਂਦੀ ਹੈ ਅਤੇ ਇਸ ਨੂੰ ਬਣਾਉਣ ਲਈ ਕਈ ਵਿਸ਼ੇਸ਼ ਮਸਾਲਿਆਂ ਦਾ ਵੀ ਇਸਤੇਮਾਲ ਕੀਤਾ ਜਾਂਦਾ ਹੈ। ਵਾਕਿਆ ਈ, ਇਹ ਇਸ ਰੈਸਟੋਰੈਂਟ ਦੀ ਖ਼ਾਸ ਡਿਸ਼ ਸੀ ਜੋ ਸਾਨੂੰ ਸਾਰਿਆਂ ਨੂੰ ਕਾਫੀ ਪਸੰਦ ਆਈ। ਖਾਣੇ ਤੋਂ ਬਾਅਦ ਗੁੜ ਦੀ 'ਕੜਕ ਚਾਹ' ਦਾ ਅਨੰਦ ਲਿਆ ਅਤੇ ਫਿਰ ਅਨਾਰਕਲੀ ਬਾਜ਼ਾਰ ਵੇਖਣ ਅਤੇ ਉੱਥੋਂ ਕੁਝ ਖਰੀਦਣ ਲਈ ਚੱਲ ਪਏ।

**ਅਨਾਰਕਲੀ ਬਾਜ਼ਾਰ ਵਿਚ ਘੁੰਮਦਿਆਂ**

ਅਨਾਰਕਲੀ ਬਾਜ਼ਾਰ, ਦਰਅਸਲ, ਬੀਬੀਆਂ ਦਾ ਬਾਜ਼ਾਰ ਹੈ। ਲੇਡੀਜ਼ ਸੂਟ ਅਤੇ ਬਣਾਉਟੀ ਗਹਿਣਿਆਂ, ਆਦਿ ਦੀਆਂ ਉੱਥੇ ਬੜੀਆਂ ਵੱਡੀਆਂ-ਵੱਡੀਆਂ ਦੁਕਾਨਾਂ ਅਤੇ ਸ਼ੋਅਰੂਮ ਹਨ। ਸਾਡੇ ਨਾਲ ਦੀਆਂ ਬੀਬੀਆਂ ਨੇ ਉੱਥੇ ਆਪਣੇ ਲਈ ਅਤੇ ਧੀਆਂ/ਭੈਣਾਂ ਲਈ ਕੁਝ ਸੂਟਾਂ ਦੀ ਖ਼ਰੀਦ ਕਰਨੀ ਸੀ। ਉਂਜ ਵੀ, ਅਨਾਰਕਲੀ ਬਾਜ਼ਾਰ ਦਾ ਮਸ਼ਹੂਰ ਨਾਂ ਸਾਰਿਆਂ ਨੇ ਪਹਿਲਾਂ ਕਈ ਵਾਰ ਸੁਣਿਆ ਹੋਇਆ ਸੀ ਅਤੇ ਇਹ ਵੇਖਣ ਦੀ ਤਮੰਨਾ ਸਾਡੇ ਸਾਰਿਆਂ ਦੇ ਦਿਲਾਂ 'ਚ ਸੀ। ਵੀਹਵੀਂ ਸਦੀ ਦੇ ਪੰਜਾਹਵਿਆਂ ਦੇ ਬਹੁ-ਚਰਚਿਤ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਕੇ.ਆਸਿਫ਼ ਦੀ ਉਸ ਸਮੇਂ ਦੀ ਮਸ਼ਹੂਰ ਬਲੈਕ ਐਂਡ ਵ੍ਹਾਈਟ ਫਿਲਮ 'ਮੁਗ਼ਲੇ-ਆਜ਼ਮ' ਜਿਸ ਦਾ ਕੇਵਲ ਇਕ ਗਾਣਾ 'ਜਬ ਪਿਆਰ ਕੀਆ ਤੋ ਡਰਨਾ ਕਿਆ' ਰੰਗਦਾਰ ਸੀ (ਬਾਅਦ ਵਿਚ ਇਹ ਪੂਰੀ ਫਿਲਮ ਰੰਗਦਾਰ ਵੀ ਬਣੀ ਸੀ), ਦੀ ਖ਼ੂਬਸੂਰਤ ਹੀਰੋਇਨ ਮਧੂਬਾਲਾ ਜਿਸ ਨੇ ਇਸ ਫਿਲਮ ਵਿਚ ਅਨਾਰਕਲੀ ਦੀ ਇਤਿਹਾਸਕ ਭੂਮਿਕਾ ਬਾਖ਼ੂਬੀ ਨਿਭਾਈ ਸੀ, ਦਾ ਖ਼ੂਬਸੂਰਤ ਚਿਹਰਾ ਵੀ ਕੁਝ ਪਲਾਂ ਲਈ ਅੱਖਾਂ ਦੇ ਸਾਹਮਣੇ ਆ ਗਿਆ। ਫਿਰ ਅਨਾਰਕਲੀ ਬਾਜ਼ਾਰ ਨੂੰ ਵੇਖਣ ਦੀ ਉਤਸੁਕਤਾ ਹੋਣੀ ਤਾਂ ਸੁਭਾਵਿਕ ਹੀ ਸੀ। ਅਨਾਰਕਲੀ ਬਾਜ਼ਾਰ ਦੇ ਬਾਹਰ ਪਾਰਕਿੰਗ ਵਿਚ ਗੱਡੀ ਖੜ੍ਹੀ ਕਰ ਕੇ ਅਸੀਂ ਸੱਤੇ ਜਣੇ (ਚਾਰ ਅਸੀਂ ਅਤੇ ਤਿੰਨ ਸਾਡੇ ਮੇਜ਼ਬਾਨ) ਅਨਾਰਕਲੀ ਬਾਜ਼ਾਰ ਵੱਲ ਪੈਦਲ ਚੱਲ ਪਏ। ਮੁੱਖ-ਮੇਜ਼ਬਾਨ ਅਹਿਮਦ ਰਜ਼ਾ ਪੰਜਾਬੀ ਜਿੱਥੇ ਸਾਡੇ ਗਾਈਡ ਦੀ ਅਹਿਮ ਭੂਮਿਕਾ ਨਿਭਾਉਂਦੇ ਸਨ, ਉੱਥੇ ਉਨ੍ਹਾਂ ਦੇ ਦੋਵੇਂ ਸਾਥੀ ਗੱਡੀ ਦਾ ਡਰਾਈਵਰ ਸੁਹੇਲ ਮਮੂਕਾ ਅਤੇ ਕੈਮਰਾਮੈਨ ਫੈਸਲ ਮੁਹੰਮਦ ਬਾਡੀਗਾਰਡਾਂ ਵਾਂਗ ਸਾਡੇ ਅੱਗੇ ਅਤੇ ਪਿੱਛੇ ਚੱਲਦੇ ਸਨ। ਇਨ੍ਹਾਂ ਤਿੰਨਾਂ ਦੇ ਹੁੰਦਿਆਂ ਸਾਨੂੰ ਕਿਸੇ ਕਿਸਮ ਦੀ ਚਿੰਤਾ ਜਾਂ ਡਰ ਦੀ ਕੋਈ ਗੁੰਜਾਇਸ਼ ਨਹੀਂ ਸੀ। ਅਸੀਂ ਪੂਰੀ ਆਜ਼ਾਦੀ ਨਾਲ ਲਹਿੰਦੇ ਪੰਜਾਬ ਦੇ ਕਈ ਸ਼ਹਿਰਾਂ ਅਤੇ ਪਿੰਡਾਂ ਵਿਚ ਦੋ ਹਫ਼ਤੇ ਬਿਨਾਂ ਕਿਸੇ ਰੋਕ-ਟੋਕ ਅਤੇ ਬਗੈਰ ਕਿਸੇ ਡਰ/ਖ਼ੌਫ਼ ਦੇ ਘੁੰਮਦੇ ਰਹੇ।

ਸ਼ੁਰੂ-ਸ਼ੁਰੂ ਵਿਚ ਤਾਂ ਇਹ ਅਨਾਰਕਲੀ ਬਾਜ਼ਾਰ ਸਾਨੂੰ ਕਾਫੀ ਖੁੱਲ੍ਹਾ ਜਿਹਾ ਲੱਗਿਆ ਪਰ ਜਿਉਂ ਜਿਉਂ ਅੱਗੇ ਵਧਦੇ ਗਏ, ਇਹ ਭੀੜਾ ਹੋਣਾ ਆਰੰਭ ਹੋ ਗਿਆ। ਹੋਰ ਅੱਗੇ ਜਾ ਕੇ ਤਾਂ ਇੰਜ ਲੱਗਦਾ ਸੀ ਜਿਵੇਂ ਅਸੀਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਨੇੜਲੇ 'ਮਾਈ ਸੇਵਾਂ ਬਾਜ਼ਾਰ' ਜਾਂ 'ਗੁਰੂ ਬਾਜ਼ਾਰ' ਵਿਚ ਹੀ ਜਾ ਰਹੇ ਹੋਈਏ। ਅੰਮ੍ਰਿਤਸਰ ਦੇ ਇਨ੍ਹਾਂ ਬਾਜ਼ਾਰਾਂ ਵਾਂਗ ਹੀ ਲਾਹੌਰੀਆਂ ਨੇ ਆਪਣੀਆਂ ਦੁਕਾਨਾਂ ਦੇ ਅੱਗੇ ਬਾਜ਼ਾਰ ਵਿਚ ਲੱਕੜੀ ਦੇ ਮੇਜ਼ ਤੇ ਬੈਂਚ ਲਗਾ ਕੇ ਇਨ੍ਹਾਂ ਨੂੰ ਹੋਰ ਵਧਾਇਆ ਹੋਇਆ ਸੀ। ਆਖ਼ਰ ਹੈਨ ਤਾਂ ਦੋਵੇਂ 'ਇੱਕੋ ਹੀ ਮਿੱਟੀ' ਦੇ ਬਣੇ ਹੋਏ ਅਤੇ ਸੁਭਾਅ ਫਿਰ ਕਿਵੇਂ ਵੱਖਰੇ ਹੋ ਸਕਦੇ ਹਨ? ਅਸੀਂ ਕੱਪੜੇ ਦੀਆਂ ਤਿੰਨ-ਚਾਰ ਦੁਕਾਨਾਂ 'ਤੇ ਗਏ। ਬੀਬੀਆਂ ਨੇ ਇੱਥੋਂ ਸੂਟਾਂ ਦੀ ਖ਼ਰੀਦ ਕੀਤੀ। ਬਣਾਉਟੀ ਗਹਿਣਿਆਂ ਦੀ ਇਕ ਦੁਕਾਨ ਤੋਂ ਬੀਬੀਆਂ ਨੇ ਕੁਝ ਨਕਲੀ ਗਹਿਣੇ ਵੀ ਖ਼ਰੀਦੇ। ਦਰਅਸਲ, ਦੋਹਾਂ ਪੰਜਾਬਾਂ ਦੀ ਮਿੱਟੀ ਦੀ ਤਾਸੀਰ ਇਕ ਹੀ ਹੈ ਅਤੇ ਅੰਮ੍ਰਿਤਸਰ ਤੇ ਲਾਹੌਰ ਕੋਈ ਵੱਖਰੇ ਨਹੀਂ ਹਨ। ਇਸ ਦੇ ਨਾਲ ਹੀ ਬਾਜ਼ਾਰ ਵਿੱਚੋਂ ਲੰਘਦਿਆਂ ਕਈਆਂ ਨੇ ਸਾਨੂੰ 'ਸਤਿ ਸ੍ਰੀ ਅਕਾਲ ਬੁਲਾਈ ਅਤੇ ਸਾਡੇ ਨਾਲ ਹੱਥ ਮਿਲਾਏ। ਉਨ੍ਹਾਂ ਵਿਚੋਂ ਕਈਆਂ ਨੇ ਸਾਨੂੰ ਚਾਹ ਦੀ ਸੁਲਾਹ ਵੀ ਮਾਰੀ ਜੋ ਬਣਾਉਟੀ ਨਹੀਂ, ਸਗੋਂ ਸੱਚੇ ਦਿਲੋਂ ਸੀ। ਇਸ ਲਈ ਹੱਥ ਜੋੜ ਕੇ ਬੱਸ ਉਨ੍ਹਾਂ ਦਾ ਧੰਨਵਾਦ ਹੀ ਕੀਤਾ ਗਿਆ। ਰਾਤ ਦੇ ਨੌਂ ਵੱਜ ਰਹੇ ਸਨ। ਸੋ ਜਲਦੀ ਹੀ ਵਾਪਸੀ ਕੀਤੀ। ਰਸਤੇ ਵਿਚ ਇਕ ਰੈਸਟੋਰੈਂਟ 'ਤੇ ਸਾਰਿਆਂ ਨੇ ਇਕੱਠਿਆਂ ਡਿਨਰ ਕੀਤਾ ਅਤੇ ਰਾਤ ਦੇ ਗਿਆਰਾਂ ਕੁ ਵਜੇ ਵਾਪਸ ਹੋਟਲ ਪਹੁੰਚੇ।

# ਬੰਦਿਨੀ: ਭੁਰ-ਭੁਰ ਕੇ ਜੁੜਦੀ ਜ਼ਿੰਦਗੀ ਦੀ ਕਹਾਣੀ

*ਫਿਲਮਸਾਜ਼ ਬਿਮਲ ਰਾਏ ਸਾਰਥਕ ਸਿਨੇਮਾ ਦੀਆਂ ਉਹਨਾਂ ਹਸਤੀਆਂ ਵਿਚੋਂ ਸਭ ਤੋਂ ਅਗਾਂਹ ਸਨ ਜਿਹਨਾਂ ਨੇ ਭਾਰਤੀ ਸਿਨੇਮਾ ਨੂੰ ਖੂਬਸੂਰਤ ਨਾਇਕ ਦੇ ਮਹਿਮਾ-ਮੰਡਨ ਤੋਂ ਕੱਢ ਕੇ ਦੱਸਿਆ ਕਿ ਰਿਕਸ਼ਾ ਚਲਾਉਣ ਵਾਲਾ ਵੀ ਫਿਲਮ ਦਾ ਨਾਇਕ ਹੋ ਸਕਦਾ ਹੈ। ਫਿਲਮ ਸੀ 'ਦੋ ਬੀਘਾ ਜ਼ਮੀਨ'। ਤਰਸੇਮ ਬਸ਼ਰ ਨੇ ਉਨ੍ਹਾਂ ਦੀ ਇਕ ਹੋਰ ਅਹਿਮ ਫਿਲਮ 'ਬੰਦਿਨੀ' ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ 'ਚ ਕੀਤੀ ਹੈ।*

ਕੁਝ ਲੋਕ ਹੁੰਦੇ ਨੇ ਜਿਹਨਾਂ ਨੂੰ ਸਿਰਫ ਇਨਸਾਨੀ ਖਾਕੇ ਤੱਕ ਮਹਿਦੂਦ ਕਰ ਕੇ ਦੇਖਣਾ ਉਹਨਾਂ ਦੀ ਸਮੁੱਚੀ ਸ਼ਖਸੀਅਤ ਨਾਲ ਬੇਇਨਸਾਫ਼ੀ ਹੁੰਦੀ ਹੈ। ਬਿਮਲ ਰਾਏ ਉਹਨਾਂ ਵਿਚੋਂ ਇੱਕ ਹਨ। ਸਾਰਥਕ ਸਿਨੇਮਾ ਦੀ ਸਭ ਤੋਂ ਵੱਡੀ ਹਸਤੀ ਜਿਸ ਨੇ ਭਾਰਤੀ ਸਿਨੇਮਾ ਨੂੰ ਖੂਬਸੂਰਤ ਨਾਇਕ ਦੇ ਮਹਿਮਾ-ਮੰਡਨ ਤੋਂ ਕੱਢ ਕੇ ਦੱਸਿਆ ਕਿ ਰਿਕਸ਼ਾ ਚਲਾਉਣ ਵਾਲਾ ਵੀ ਫਿਲਮ ਦਾ ਨਾਇਕ ਹੋ ਸਕਦਾ ਹੈ। ਫਿਲਮ ਸੀ 'ਦੋ ਬੀਘਾ ਜ਼ਮੀਨ'।



ਤਰਸੇਮ ਬਸ਼ਰ

ਬਿਮਲ ਰਾਏ ਖੁਦ ਲੇਖਕ ਸਨ ਅਤੇ ਉਹਨਾਂ ਸਾਹਿਤਕ ਕਹਾਣੀਆਂ 'ਤੇ ਫਿਲਮਾਂ ਬਣਾਉਣ ਦੀ ਪਿਰਤ ਵੀ ਪਾਈ। ਉਹਨਾਂ ਦੇ ਕਿਰਦਾਰ ਆਮ ਸਮਾਜ ਦੇ ਆਮ ਲੋਕ ਸਨ ਜੋ ਉਹਨਾਂ ਦੀ ਜਾਦੂਈ ਛੂਹ ਨਾਲ ਪਰਦੇ 'ਤੇ ਆ ਕੇ ਖਾਸ ਹੋ ਗਏ, ਅਮਰ ਹੋ ਗਏ। ਇਸ ਲੇਖ ਵਿਚ ਉਹਨਾਂ ਦੀ ਫਿਲਮ 'ਬੰਦਿਨੀ' (1963) ਦੀ ਗੱਲ ਕਰਾਂਗੇ ਨਾਇਕਾ ਪ੍ਰਧਾਨ ਫਿਲਮ ਹੈ। ਫਿਲਮ ਦੀ ਨਾਇਕਾ ਕੈਦੀ ਹੈ ਤੇ ਕਤਲ ਦੇ ਇਲਜ਼ਾਮ 'ਚ ਸਜ਼ਾ-ਯਾਫ਼ਤਾ ਹੈ।

ਫਿਲਮ ਦੀ ਕਹਾਣੀ ਚਾਰੂਚੰਦਰ ਚੱਕਰਬਰਤੀ ਦੇ ਛੋਟੇ ਜਿਹੇ ਨਾਵਲ 'ਤਾਮਸੀ' ਤੋਂ ਲਈ ਗਈ ਹੈ। ਉਹ ਕਈ ਸਾਲ ਜੇਲ੍ਹ ਮੁਖੀ ਵਜੋਂ ਤਾਇਨਾਤ ਰਹੇ ਸਨ ਅਤੇ ਜੇਲ੍ਹ ਵਿਚ ਮਿਲੇ ਕਿਰਦਾਰ ਅਤੇ ਕਹਾਣੀਆਂ ਨੂੰ ਕਲਾਤਮਕ ਤਰੀਕੇ ਨਾਲ ਲਿਖਦੇ ਰਹੇ ਸਨ। ਉਹਨਾਂ ਬਤੌਰ ਲੇਖਕ ਆਪਣੀ ਵੱਖਰੀ ਪਛਾਣ ਲਈ ਆਪਣਾ ਨਾਮ 'ਜਰਾਸੰਧ' ਰੱਖ ਲਿਆ ਸੀ।

'ਬੰਦਿਨੀ' ਆਜ਼ਾਦੀ ਤੋਂ ਕੁਝ ਵਰ੍ਹੇ ਪਹਿਲਾਂ 1938 ਦੇ ਨੇੜੇ-ਤੇੜੇ ਬੰਗਾਲ ਦੀ ਕਹਾਣੀ ਹੈ ਅਤੇ ਕਲਿਆਣੀ (ਨੂਤਨ) ਦੇ ਦੁਖਾਂਤ ਨਾਲ ਵਾਬਸਤਾ ਹੈ। ਕਹਾਣੀ ਅੰਦਰ ਕਈ ਪੜਾਅ ਹਨ ਜੋ ਦਰਸ਼ਕ ਦੀ ਜਿਗਿਆਸਾ ਬਣਾਈ ਰੱਖਦੇ ਹਨ। ਫਿਲਮ ਦੀ ਕਹਾਣੀ ਨੂੰ ਤਿੰਨ ਹਿੱਸਿਆਂ 'ਚ ਵੰਡ ਕੇ ਦੇਖਿਆ ਜਾ ਸਕਦਾ ਹੈ। ਜੇਲ੍ਹ ਵਿਚ ਵਾਪਰਿਆ ਹਿੱਸਾ, ਕਲਿਆਣੀ ਦੇ ਪਿਛੋਕੜ ਦੀ ਕਹਾਣੀ ਅਤੇ ਜੇਲ੍ਹ ਤੋਂ ਕਲਿਆਣੀ ਦੀ ਰਿਹਾਈ ਤੋਂ ਬਾਅਦ ਦਾ ਸਮਾਂ।

ਕਹਾਣੀ ਦਾ ਆਰੰਭ ਜੇਲ੍ਹ ਵਿਚ ਆਏ ਨਵੇਂ ਕੈਦੀਆਂ ਦੀ ਆਮਦ ਨਾਲ ਸ਼ੁਰੂ ਹੁੰਦਾ ਹੈ। ਔਰਤ ਕੈਦੀਆਂ 'ਚ ਕਲਿਆਣੀ ਨਾਮ ਦੀ ਔਰਤ ਵੀ ਆਈ ਹੈ। ਉਸ ਉਤੇ ਕਤਲ ਦਾ ਇਲਜ਼ਾਮ ਹੈ। ਸਾਹਿਤਕ ਕਿਰਤਾਂ 'ਚ ਬਹੁਤ ਕੁਝ ਖਾਸ ਹੁੰਦਾ ਹੈ, ਲੇਖਕ ਤਤਕਾਲੀ ਹਾਲਾਤ ਅਤੇ ਨਿਜ਼ਾਮ ਨੂੰ ਬਾਖੂਬੀ ਦਰਸਾਉਂਦਾ ਹੈ। ਕਹਾਣੀ ਦੇ ਇਸ ਹਿੱਸੇ 'ਚ ਤੁਸੀਂ ਅੰਗਰੇਜ਼ਾਂ ਦੇ ਸਮੇਂ ਦਾ ਜੇਲ੍ਹ ਪ੍ਰਬੰਧ ਵੀ ਦੇਖਦੇ ਹੋ ਅਤੇ ਇਹ ਵੀ ਸਮਝਦੇ ਹੋ ਕਿ ਪ੍ਰਬੰਧ ਸੀ ਤੇ ਕਾਇਦੇ 'ਚ ਸੀ।

ਜੇਲ੍ਹ ਵਿਚ ਕਲਿਆਣੀ ਤੋਂ ਇਲਾਵਾ ਹੋਰ ਮਹਿਲਾ ਕੈਦੀ ਵੀ ਹਨ ਪਰ ਕਲਿਆਣੀ ਦਾ ਵਿਹਾਰ ਚ ਸਭ ਤੋਂ ਵੱਧ ਨਿਮਰਤਾ ਅਤੇ ਹਲੀਮੀ ਵਾਲਾ ਹੈ। ਜਦੋਂ ਇੱਕ ਹੋਰ ਮਹਿਲਾ ਕੈਦੀ ਨੂੰ ਤਪਦਿਕ ਹੋ ਜਾਂਦੀ ਹੈ ਤੇ ਜੇਲ੍ਹ ਦੇ ਡਾਕਟਰ ਦਵੇਂਦਰ (ਧਰਮਿੰਦਰ) ਅਨੁਸਾਰ ਇਹ ਖਤਰਨਾਕ ਬਿਮਾਰੀ ਹੈ ਤੇ ਇਸ ਮਹਿਲਾ ਨੂੰ ਵੱਖਰਾ ਬਿਸਤਰ ਦਿੱਤਾ ਜਾਵੇਗਾ। ਡਾਕਟਰ ਅਨੁਸਾਰ ਕੋਈ ਮਹਿਲਾ ਉਸ ਦੀ ਦੇਖਭਾਲ ਲਈ ਵੀ ਚਾਹੀਦੀ ਹੋਵੇਗੀ। ਖਤਰਨਾਕ ਬਿਮਾਰੀ ਕਰ ਕੇ ਕੋਈ ਮਹਿਲਾ ਤਿਆਰ ਨਹੀਂ ਹੁੰਦੀ ਤਾਂ ਕਲਿਆਣੀ ਪੇਸ਼ਕਸ਼ ਕਰਦੀ ਹੈ। ਉਹ ਡਾਕਟਰ ਨੂੰ ਦੱਸਦੀ ਹੈ ਕਿ ਉਸ ਨੂੰ ਕੋਈ ਡਰ ਨਹੀਂ ਕਿਉਂਕਿ ਉਸ ਦਾ ਕੋਈ ਨਹੀਂ ਹੈ, ਸਭ ਕੁਝ ਖਤਮ ਹੋ ਚੁੱਕਾ ਹੈ। ਡਾਕਟਰ ਸਹਿਮਤੀ ਦੇ ਦਿੰਦਾ ਹੈ ਪਰ ਨਾਲ ਹੀ ਉਹ ਕਲਿਆਣੀ ਤੋਂ ਬਹੁਤ ਪ੍ਰਭਾਵਿਤ ਵੀ ਹੁੰਦਾ ਹੈ। ਪਹਿਲਾਂ ਪਹਿਲ ਉਸ ਨੂੰ ਕਲਿਆਣੀ ਨਾਲ ਹਮਦਰਦੀ ਹੁੰਦੀ ਹੈ ਜੋ ਬਾਅਦ ਵਿਚ ਮੁਹੱਬਤ 'ਚ ਤਬਦੀਲ ਹੋ ਜਾਂਦੀ ਹੈ।

ਦਿਨ ਬੀਤਦੇ ਹਨ ਤਾਂ ਡਾਕਟਰ ਦਵੇਂਦਰ ਮਹਿਸੂਸ ਕਰਦਾ ਹੈ ਕਿ ਕਲਿਆਣੀ ਪ੍ਰਤੀ ਪਤਾ ਨਹੀਂ ਕਿਉਂ, ਉਸ ਅੰਦਰ ਨਾ ਟਲਣ ਵਾਲਾ ਅਕਰਸ਼ਨ ਹੈ। ਉਹ ਇਸ ਦਾ ਇਜ਼ਹਾਰ ਵੀ ਕਰਦਾ ਹੈ ਪਰ ਕਲਿਆਣੀ ਆਪਣੀ ਹੈਸੀਅਤ ਕੈਦੀ ਅਤੇ ਮੁਜਰਿਮ ਵਜੋਂ ਦੇਖਦਿਆਂ ਕੋਈ ਹੁੰਗਾਰਾ ਨਹੀਂ ਭਰਦੀ।







*ਫਿਲਮ 'ਬੰਦਿਨੀ' ਦਾ ਪੋਸਟਰ ਅਤੇ (ਸੱਜੇ) ਫਿਲਮ ਦੇ ਇਕ ਦ੍ਰਿਸ਼ ਵਿਚ ਅਦਾਕਾਰ ਧਰਮਿੰਦਰ ਤੇ ਅਦਾਕਾਰਾ ਨੂਤਨ।*

ਜੇਲ ਮੁਖੀ ਵਧੀਆ ਇਨਸਾਨ ਹਨ। ਉਹ ਡਾਕਟਰ ਦੀ ਭਾਵਨਾ ਨੂੰ ਸਮਝਦੇ ਹਨ। ਜਾਣਦੇ ਹਨ ਕਿ ਡਾਕਟਰ ਆਦਰਸ਼ਵਾਦੀ ਨੌਜਵਾਨ ਹੈ। ਫਿਰ ਉਹ ਦੋਵੇਂ ਚੰਗੇ ਵਿਹਾਰ ਦੇ ਆਧਾਰ 'ਤੇ ਕਲਿਆਣੀ ਦੀ ਸਜ਼ਾ ਵੀ ਮੁਆਫ ਕਰਵਾਉਣ ਦੀ ਸੋਚਦੇ ਹਨ ਤੇ ਚਹੁੰਦੇ ਹਨ ਕਿ ਕਲਿਆਣੀ ਜੋ ਚੰਗੇ ਪਰਿਵਾਰ ਤੋਂ ਹੈ, ਹਾਲਾਤ ਦੀ ਸ਼ਿਕਾਰ ਹੈ, ਰਿਹਾਈ ਤੋਂ ਬਾਅਦ ਡਾਕਟਰ ਨਾਲ ਸ਼ਾਦੀ ਕਰ ਲਵੇ। ਉਹ ਕਲਿਆਣੀ ਨਾਲ ਗੱਲ ਕਰਦੇ ਹਨ ਤਾਂ ਕਲਿਆਣੀ ਕਹਿੰਦੀ ਹੈ ਕਿ ਉਹ ਉਸ ਦੇ ਪਿਛੋਕੜ ਦੀ ਕਹਾਣੀ ਨਹੀਂ ਜਾਣਦੇ, ਉਸ ਦੇ ਦਾਮਨ 'ਤੇ ਬੜੇ ਦਾਗ਼ ਹਨ, ਉਹ ਡਾਕਟਰ ਸਾਹਿਬ ਦੇ ਲਾਇਕ ਨਹੀਂ। ਉਹ ਇਸ ਰਿਸ਼ਤੇ ਲਈ ਹਾਮੀ ਨਹੀਂ ਭਰਦੀ ਅਤੇ ਆਪਣੇ ਪਿਛੋਕੜ ਦੀ ਕਹਾਣੀ ਜੇਲ੍ਹਰ ਨੂੰ ਲਿਖ ਲੈ ਕੇ ਭੇਜਦੀ ਹੈ ਪਰ ਉਦੋਂ ਤੱਕ ਨਿਰਾਸ਼ ਡਾਕਟਰ ਨੌਕਰੀ ਛੱਡ ਕੇ ਜਾ ਚੁੱਕਾ ਹੈ।

ਜੇਲ੍ਹ ਆਉਣ ਤੋਂ ਪਹਿਲਾਂ ਦੀ ਕਹਾਣੀ ਬੜੀ ਮਾਰਮਿਕ ਹੈ। ਬੰਗਾਲ ਵਿਚ ਆਜ਼ਾਦੀ ਦੇ ਅੰਦੋਲਨ ਦਾ ਅਸਰ ਹੈ। ਨੌਜਵਾਨ ਇਸ ਵਿਚ ਸ਼ਾਮਲ ਹੋ ਰਹੇ ਹਨ। ਕਲਿਆਣੀ ਦੇ ਪਿਤਾ ਪੋਸਟ ਮਾਸਟਰ ਹਨ। ਕਲਿਆਣੀ ਦਾ ਭਰਾ ਨਾਲ ਦੇ ਪਿੰਡ ਵਿਚ ਸਮਾਜ ਸੇਵਾ ਕਰਦਿਆਂ ਸ਼ਹੀਦ ਹੋ ਚੁੱਕਿਆ ਹੈ। ਪੋਸਟ ਮਾਸਟਰ ਵੀ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਹਮਦਰਦੀ ਰੱਖਦੇ ਹਨ। ਉਨ੍ਹਾਂ ਦੀ ਮੁਲਾਕਾਤ ਬਿਕਾਸ ਚੱਕਰਬਰਤੀ (ਅਸ਼ੋਕ ਕੁਮਾਰ) ਨਾਲ ਹੁੰਦੀ ਹੈ ਜੋ ਇਸ ਅੰਦੋਲਨ ਦਾ ਹਿੱਸਾ ਹੈ। ਕਲਿਆਣੀ ਕਿਉਂਕਿ ਖੁਦ ਦੇਸ਼ ਭਗਤੀ ਦੀ ਭਾਵਨਾ ਰੱਖਦੀ ਹੈ, ਉਹ ਬਿਕਾਸ ਪ੍ਰਤੀ ਆਕਰਸ਼ਿਤ ਹੋ ਜਾਂਦੀ ਹੈ। ਮਾਸਟਰ ਜੀ ਕੋਲ ਬਿਕਾਸ ਦਾ ਆਉਣ-ਜਾਣ ਹੈ ਪਰ ਪਿੰਡ ਦੇ ਲੋਕ ਇਸ ਨੂੰ ਚੰਗਾ ਨਹੀਂ ਸਮਝਦੇ। ਉਹ ਕਲਿਆਣੀ ਅਤੇ ਬਿਕਾਸ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਬਣਾਉਂਦੇ ਰਹਿੰਦੇ ਹਨ।

ਕਲਿਆਣੀ ਅਤੇ ਬਿਕਾਸ ਭਾਵੇਂ ਅਣਕਹੀ ਮੁਹੱਬਤ ਵਿਚ ਬੰਨ੍ਹੇ ਹੋਏ ਹਨ ਪਰ ਇਹ ਮੁਹੱਬਤ ਨਿਰਮਲ ਅਤੇ ਪਵਿੱਤਰ ਹੈ। ਇੱਕ ਸ਼ਾਮ ਜਦੋਂ ਬਿਕਾਸ ਕਿਤੇ ਜਾ ਰਿਹਾ ਸੀ ਤਾਂ ਅਚਾਨਕ ਮੀਂਹ ਸ਼ੁਰੂ ਹੋ ਜਾਂਦਾ ਹੈ। ਕਲਿਆਣੀ ਉਸ ਨੂੰ ਮੀਂਹ ਵਿਚ ਜਾਣ ਤੋਂ ਰੋਕਦੀ ਹੈ ਤਾਂ ਉਹ ਰੁਕ ਜਾਂਦਾ ਹੈ ਪਰ ਕੁਝ ਪਿੰਡ ਵਾਲੇ ਰਲ ਕੇ ਇਸ ਮਾਮਲੇ ਨੂੰ ਮੁੱਦਾ ਬਣਾ ਲੈਂਦੇ ਹਨ। ਕਲਿਆਣੀ ਦੀ ਅਸਮਿਤਾ 'ਤੇ ਸਵਾਲ ਉੱਠਣ ਕਾਰਨ ਬਿਕਾਸ ਉਸ ਸਮੇਂ ਕਲਿਆਣੀ ਨੂੰ ਆਪਣੀ ਪਤਨੀ ਦੱਸਦਾ ਹੋਇਆ ਕਹਿੰਦਾ ਹੈ ਕਿ ਉਹ ਆਪਣੀ ਪਤਨੀ ਦਾ ਅਪਮਾਨ ਬਰਦਾਸ਼ਤ ਨਹੀਂ ਕਰੇਗਾ।

ਇਉਂ, ਇਹ ਘਟਨਾਕ੍ਰਮ ਉਹਨਾਂ ਦੋਹਾਂ ਨੂੰ ਹੋਰ ਨੇੜੇ ਲਿਆਉਂਦਾ ਹੈ। ਬਿਕਾਸ ਕਲਿਆਣੀ ਦੇ ਪਿਤਾ ਤੋਂ ਵੀ ਵਿਆਹ ਦੀ ਆਗਿਆ ਮੰਗਦਾ ਹੈ। ਆਗਿਆ ਮਿਲ ਜਾਂਦੀ ਹੈ ਤਾਂ ਇਲਾਕੇ ਵਿਚ ਇਸ ਸ਼ਾਦੀ ਦੀ ਚਰਚਾ ਆਰੰਭ ਹੋ ਜਾਂਦੀ ਹੈ। ਬਿਕਾਸ ਵਾਪਸ ਆਉਣ 'ਤੇ ਸ਼ਾਦੀ ਕਰਨ ਦੀ ਗੱਲ ਕਹਿ ਕੇ ਕਲਕੱਤੇ ਵਾਪਸ ਚਲਾ ਜਾਂਦਾ ਹੈ।

ਸਭ ਕੁਝ ਠੀਕ ਚੱਲਦਾ ਹੈ ਪਰ ਅਚਾਨਕ ਕਲਿਆਣੀ ਨੂੰ ਪਤਾ ਲੱਗਦਾ ਹੈ ਕਿ ਬਿਕਾਸ ਨੇ ਕਲਕੱਤੇ ਜਾ ਕੇ ਸ਼ਾਦੀ ਕਰ ਲਈ ਹੈ। ਉਸ ਉਤੇ ਦੁੱਖਾਂ ਦਾ ਪਹਾੜ ਟੁੱਟ ਪੈਂਦਾ ਹੈ। ਪਿੰਡ ਦੇ ਲੋਕ ਉਨ੍ਹਾਂ ਉਤੇ ਹੱਸਦੇ ਹਨ। ਕਲਿਆਣੀ ਅਤੇ ਉਸ ਦੇ ਪਿਤਾ ਦਾ ਥਾਂ-ਥਾਂ ਅਪਮਾਨ ਕੀਤਾ ਜਾਂਦਾ ਹੈ। ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਇੱਕ ਰਾਤ ਕਲਿਆਣੀ ਆਪਣੇ ਪਿਤਾ ਨੂੰ ਚਿੱਠੀ ਲਿਖ ਕੇ ਉਥੋਂ ਸਦਾ ਲਈ ਰਵਾਨਾ ਹੋ ਜਾਂਦੀ ਹੈ। ਉਹ ਪਿੰਡ ਦੀ ਹੀ ਇਕ ਸਹੇਲੀ ਜੋ ਸ਼ਹਿਰ ਵਿਚ ਵਿਆਹੀ ਹੋਈ ਹੈ, ਕੋਲ ਜਾਂਦੀ ਹੈ। ਸਹੇਲੀ ਅਤੇ ਉਸ ਦੇ ਖਾਵੰਦ ਦੀ ਮਦਦ ਨਾਲ ਉਸ ਨੂੰ ਕਿਸੇ ਹਸਪਤਾਲ ਵਿਚ ਨੌਕਰਾਣੀ ਦਾ ਕੰਮ ਮਿਲ ਜਾਂਦਾ ਹੈ। ਆਪਣੇ ਮਿੱਠੇ ਸੁਭਾਅ ਕਰ ਕੇ ਉਹ ਜਲਦੀ ਹੀ ਹਸਪਤਾਲ ਵਿਚ ਹਰਮਨਪਿਆਰੀ ਹੋ ਜਾਂਦੀ ਹੈ।

ਇਥੇ ਕਹਾਣੀ ਅਹਿਮ ਮੋੜ ਕੱਟਦੀ ਹੈ। ਉਸ ਦੀ ਸਲਾਹੀਅਤ ਦੇਖ ਕੇ ਡਾਕਟਰ ਉਸ ਨੂੰ ਅਜਿਹੀ ਔਰਤ ਨਾਲ ਕੰਮ ਕਰਨ ਲਈ ਕਹਿੰਦੇ ਹਨ ਜੋ ਬਹੁਤ ਔਖਤ ਹੈ ਅਤੇ ਉਹ ਨਰਸਾਂ ਨੂੰ ਹਰ ਤਰੀਕੇ ਤੰਗ ਕਰਦੀ ਹੈ। ਕਲਿਆਣੀ ਇਸ ਕੰਮ ਲਈ ਵੀ ਤਿਆਰ ਹੋ ਜਾਂਦੀ ਹੈ। ਉਹ ਔਰਤ ਉਸ ਨਾਲ ਵੀ ਬੁਰਾ ਸਲੂਕ ਕਰਦੀ ਹੈ ਪਰ ਕਲਿਆਣੀ ਸਭ ਕੁਝ ਸਹਿੰਦੀ ਹੈ। ਫਿਰ ਇੱਕ ਸ਼ਾਮ ਅਜਿਹੀ ਆਉਂਦੀ ਹੈ ਜਿਸ ਦੀ ਕਿਸੇ ਨੂੰ ਕਲਪਨਾ ਵੀ ਨਹੀਂ ਸੀ। ਕਲਿਆਣੀ ਦੀ ਸਹੇਲੀ ਆ ਕੇ ਦੱਸਦੀ ਹੈ ਕਿ ਉਸ ਦੇ ਪਿਤਾ ਉਸ ਨੂੰ ਲੱਭਦੇ-ਲੱਭਦੇ ਸ਼ਹਿਰ ਆਏ ਸਨ ਅਤੇ ਹਾਦਸੇ ਦਾ ਸ਼ਿਕਾਰ ਹੋ ਗਏ। ਕਲਿਆਣੀ ਦੇ ਹਸਪਤਾਲ ਪਹੁੰਚਣ ਤੱਕ ਪਿਤਾ ਦੀ ਮੌਤ ਹੋ ਜਾਂਦੀ ਹੈ। ਕਲਿਆਣੀ ਨੂੰ ਵੱਡਾ ਸਦਮਾ ਲੱਗਦਾ ਹੈ।



*ਫਿਲਮ 'ਬੰਦਿਨੀ' ਦੇ ਨਿਰਦੇਸ਼ਕ ਬਿਮਲ ਰਾਏ।*

ਉਸੇ ਹੀ ਸ਼ਾਮ ਉਹ ਹਸਪਤਾਲ ਵਾਪਸ ਪਹੁੰਚਦੀ ਹੈ ਤਾਂ ਉਹ ਅਖੜ ਔਰਤ ਉਸ ਨੂੰ ਬੁਲਾ ਕੇ ਦੋ ਕੱਪ ਚਾਹ ਲਿਆਉਣ ਲਈ ਕਹਿੰਦੀ ਹੈ, ਉਸ ਦਾ ਪਤੀ ਉਸ ਨੂੰ ਮਿਲਣ ਆ ਰਿਹਾ ਸੀ। ਪਿਤਾ ਦੀ ਮੌਤ ਨੂੰ ਅਜੇ ਕੁਝ ਘੰਟੇ ਹੀ ਹੋਏ ਹਨ, ਫਿਰ ਵੀ ਉਹ ਚਾਹ ਲੈ ਕੇ ਆਉਂਦੀ ਹੈ ਪਰ ਇਹ ਦੇਖ ਕੇ ਦੰਗ ਰਹਿ ਜਾਂਦੀ ਹੈ ਕਿ ਉਸ ਔਰਤ ਦਾ ਪਤੀ ਬਿਕਾਸ ਹੈ; ਉਹੀ ਬਿਕਾਸ ਜੋ ਉਹਨਾਂ ਨੂੰ ਦੁੱਖਾਂ ਦੀ ਭੱਠੀ ਵਿਚ ਝੋਕਣ ਲਈ ਜ਼ਿੰਮੇਵਾਰ ਸੀ। ਉਸ ਨੇ ਬਿਕਾਸ ਨੂੰ ਦੇਖ ਲਿਆ ਸੀ ਪਰ ਬਿਕਾਸ ਉਸ ਨੂੰ ਨਹੀਂ ਸੀ ਦੇਖਿਆ... ਸਦਮੇ-ਦਰ-ਸਦਮੇ ਕਾਰਨ ਚਾਹ ਉਸ ਦੇ ਹੱਥੋਂ ਛੁੱਟ ਜਾਂਦੀ ਹੈ ਅਤੇ ਉਹ ਆਪਣੇ ਹੋਸ਼ੋ-ਹਵਾਸ ਗੁਆ ਬੈਠਦੀ ਹੈ।

ਸਵੇਰੇ ਉਹ ਔਰਤ ਮਰੀ ਪਈ ਮਿਲਦੀ ਹੈ। ਜਾਂਚ ਕਰਨ 'ਤੇ ਪਤਾ ਲੱਗਦਾ ਹੈ ਕਿ ਉਸ ਰਾਤ ਕਲਿਆਣੀ ਨੇ ਹੋਸ਼ੋ-ਹਵਾਸ ਨਾ ਰਹਿੰਦਿਆਂ ਉਸ ਨੂੰ ਜ਼ਹਿਰ ਦੇ ਦਿੱਤਾ ਸੀ। ਜਾਂਚ ਦੌਰਾਨ ਕਲਿਆਣੀ ਨੂੰ ਦੇਖ ਕੇ ਬਿਕਾਸ ਹੈਰਾਨ ਹੋ ਜਾਂਦਾ ਹੈ ਅਤੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਵੀ ਕਰਦਾ ਹੈ। ... ਅਦਾਲਤ ਕਲਿਆਣੀ ਨੂੰ ਸਜ਼ਾ ਸੁਣਾ ਦਿੰਦੀ ਹੈ।

ਜੇਲ੍ਹਰ ਕਲਿਆਣੀ ਦੀ ਇਹ ਕਹਾਣੀ ਪੜ੍ਹ ਕੇ ਉਸ ਨਾਲ ਹੋਰ ਹਮਦਰਦੀ ਰੱਖਣ ਲੱਗਦਾ ਹੈ। ਉਹ ਡਾਕਟਰ ਦਵੇਂਦਰ ਦੀ ਮਾਤਾ ਨੂੰ ਮਿਲ ਕੇ ਕਲਿਆਣੀ ਨੂੰ ਅਪਨਾਉਣ ਲਈ ਰਾਜ਼ੀ ਕਰ ਲੈਂਦਾ ਹੈ।

ਕਹਾਣੀ ਵਿਚ ਅਜੇ ਇਕ ਹੋਰ ਅਹਿਮ ਘਟਨਾ ਬਾਕੀ ਹੈ... ਕਲਿਆਣੀ ਦੀ ਰਿਹਾਈ ਦਾ ਦਿਨ ਆ ਜਾਂਦਾ ਹੈ। ਜੇਲ੍ਹਰ ਚਾਹੁੰਦਾ ਹੈ ਕਿ ਹੁਣ ਜਦੋਂ ਦਵੇਂਦਰ ਦੀ ਮਾਤਾ ਸ਼ਾਦੀ ਵਾਸਤੇ ਰਾਜ਼ੀ ਹੈ ਤਾਂ ਉਹ ਸਿੱਧਾ ਉਹਨਾਂ ਦੇ ਘਰ ਚਲੀ ਜਾਵੇ। ਖੁਦ ਨੂੰ ਛੁੱਟੀ ਨਾ ਮਿਲਣ ਕਾਰਨ ਉਹ ਜੇਲ੍ਹ ਦੀ ਮਹਿਲਾ ਵਾਰਡਨ ਨੂੰ ਕਲਿਆਣੀ ਨਾਲ ਭੇਜਦਾ ਹੈ ਤਾਂ ਕਿ ਉਹਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵਾਸਤੇ ਡਾਕਟਰ ਦਵੇਂਦਰ ਦੇ ਘਰ ਛੱਡ ਆਵੇ। ਇੱਥੇ ਕਹਾਣੀ ਦਾ ਸਭ ਤੋਂ ਦਿਲਚਸਪ ਅਤੇ ਅਹਿਮ ਮੋੜ ਆਉਂਦਾ ਹੈ। ਇਸ ਮੋੜ ਦੇ ਅਸਰ ਨੂੰ ਸਿਖਰ ਤੱਕ ਲਿਜਾਣ ਲਈ ਮਹਾਨ ਸੰਗੀਤਕਾਰ ਸਚਿਨ ਦੇਵ ਬਰਮਨ ਦੀ ਆਵਾਜ਼ ਵਿਚ ਗਾਇਆ ਗੀਤ ਸੁਣਨ ਨੂੰ ਮਿਲਦਾ ਹੈ: ਹੋ ਰੇ ਮਾਝੀ... ਮੇਰੇ ਸਾਜਨ ਹੈਂ ਉਸ ਪਾਰ'। ਕਮਾਲ ਦੀ ਆਵਾਜ਼ ਤੇ ਪੂਰਬ ਦੇ ਲੋਕਗੀਤ ਦੇ ਅਸਰ ਨਾਲ ਦ੍ਰਿਸ਼ਾਂ ਨੂੰ ਜੀਵੰਤ ਕਰਦਾ ਗੀਤ...।

ਕਲਿਆਣੀ ਅਤੇ ਵਾਰਡਨ ਰੇਲ ਗੱਡੀ ਦੇ ਜਿਸ ਡੱਬੇ ਵਿਚ ਹਨ, ਉਸ ਦੀ ਇੱਕ ਸੀਟ 'ਤੇ ਬਿਕਾਸ ਵੀ ਲੇਟਿਆ ਹੋਇਆ ਹੈ। ਉਹ ਬਿਮਾਰ ਹੈ। ਕਲਿਆਣੀ ਮਦਦ ਲਈ ਜਾਂਦੀ ਹੈ ਤਾਂ ਬਿਕਾਸ ਨੂੰ ਦੇਖ ਕੇ ਪ੍ਰੇਸ਼ਾਨ ਹੋ ਜਾਂਦੀ ਹੈ। ਵਾਰਡਨ ਜਦੋਂ ਖਾਣਾ ਲੈਣ ਬਾਹਰ ਜਾਂਦੀ ਹੈ ਤਾਂ ਬਿਕਾਸ ਕਲਿਆਣੀ ਤੋਂ ਮੁਆਫ਼ੀ ਮੰਗਦਾ ਹੈ। ਕਲਿਆਣੀ ਕੁਝ ਨਹੀਂ ਕਹਿੰਦੀ ਅਤੇ ਬਾਹਰ ਆ ਜਾਂਦੀ ਹੈ।

ਉਹ ਬਾਹਰ ਬੈਠੀ ਹਾਲਾਤ ਦੀ ਇਸ ਕਰਵਟ ਬਾਰੇ ਸੋਚ ਰਹੀ ਹੈ ਕਿ ਬਿਕਾਸ ਨਾਲ ਜਾ ਰਿਹਾ ਬੰਦਾ ਉਸ ਕੋਲ ਆ ਕੇ ਕਹਿੰਦਾ ਹੈ ਕਿ ਉਹ ਹੱਥ ਧੋ ਲਵੇ, ਬਿਕਾਸ ਨੂੰ ਛੂਤ ਦੀ ਬਿਮਾਰੀ ਹੈ। ਉਹ ਦੱਸਦਾ ਹੈ ਕਿ ਬਾਬੂ ਨੇ ਜ਼ਿੰਦਗੀ ਵਿਚ ਬਹੁਤ ਦੁੱਖ ਭੋਗੇ ਹਨ। ਦੇਸ਼ ਭਗਤੀ ਦੀ ਕੀਮਤ ਉਸ ਨੇ ਆਪਣੀ ਜ਼ਿੰਦਗੀ ਵਾਰ ਕੇ ਚੁਕਾਈ ਹੈ। ਉਸ ਨੇ ਪਾਰਟੀ ਦੇ ਕਹਿਣ 'ਤੇ ਸ਼ਾਦੀ ਕੀਤੀ ਸੀ ਕਿਉਂਕਿ ਪਾਰਟੀ ਨੂੰ ਲੱਗਿਆ ਸੀ ਕਿ ਇਸ ਸ਼ਾਦੀ ਨਾਲ ਆਜ਼ਾਦੀ ਸੰਗਰਾਮ ਵਿਚ ਸਹਾਇਤਾ ਮਿਲੇਗੀ ਭਾਵੇਂ ਬਿਕਾਸ ਇਸ ਸ਼ਾਦੀ ਲਈ ਤਿਆਰ ਨਹੀਂ ਸੀ; ਉਹ ਤਾਂ ਕਿਸੇ ਕਲਿਆਣੀ ਨਾਂ ਦੀ ਕੁੜੀ ਨਾਲ ਮੁਹੱਬਤ ਕਰਦਾ ਸੀ!

ਕਲਿਆਣੀ ਇਹ ਸਭ ਸੁਣ ਕੇ ਭਾਵੁਕ ਹੋ ਜਾਂਦੀ ਹੈ।... ਬਹੁਤ ਭਰਮ ਟੁੱਟਦੇ ਹਨ, ਤਸਵੀਰ ਸਾਫ ਹੋ ਜਾਂਦੀ ਹੈ।

ਰੇਲ ਚੱਲਣ ਵਾਲੀ ਹੈ। ਇਕ ਰੇਲ ਗੱਡੀ ਕਲਿਆਣੀ ਨੂੰ ਨਵੀਂ ਜ਼ਿੰਦਗੀ ਵੱਲ ਲਿਜਾ ਰਹੀ ਹੈ ਜਿੱਥੇ ਦੁਨਿਆਵੀ ਸੁੱਖ ਉਸ ਦਾ ਇੰਤਜ਼ਾਰ ਕਰ ਰਹੇ ਹਨ।... ਵਾਰਡਨ ਟਰੇਨ 'ਚੋਂ ਕਲਿਆਣੀ ਨੂੰ ਆਵਾਜ਼ਾਂ ਮਾਰ ਰਹੀ ਹੈ।... ਕਲਿਆਣੀ ਦੀ ਇਸ ਕਸ਼ਮਕਸ਼ ਨੂੰ ਬਿਮਲ ਰਾਏ ਨੇ ਜਿਸ ਤਰ੍ਹਾਂ ਪੇਸ਼ ਕੀਤਾ ਹੈ, ਉਹ ਬਾਕਮਾਲ ਹੈ।

ਕਲਿਆਣੀ ਨਵੀਂ ਜ਼ਿੰਦਗੀ ਵੱਲ ਜਾਣ ਵਾਲੀ ਟਰੇਨ ਛੱਡ ਕੇ ਉਸ ਰਾਹ ਤੁਰ ਪੈਂਦੀ ਹੈ ਜਿਧਰ ਬਿਕਾਸ ਜਾ ਰਿਹਾ ਹੈ। ਉਹ ਭੱਜ ਕੇ ਉਸ ਬੇੜੇ 'ਚ ਵਿਚ ਸਵਾਰ ਹੋ ਜਾਂਦੀ ਹੈ ਜਿਸ ਦੇ ਇੱਕ ਕੋਨੇ ਵਿਚ ਬਿਕਾਸ ਇਕੱਲਾ ਤੇ ਨਿਰਾਸ਼ ਖੜ੍ਹਾ ਹੈ।

ਬੇੜੇ 'ਚ ਸਵਾਰ ਹੋਣਾ ਵੀ ਬਿਮਲ ਰਾਏ ਦੀ ਵਰਤੀ ਕਮਾਲ ਦੀ ਸੰਕੇਤਕ ਅਤੇ ਕਲਾਤਮਕ ਜੁਗਤ ਹੈ। ਫਿਲਮ ਦਾ ਅੰਤ ਰਵਾਇਤੀ ਫਿਲਮਾਂ ਤੋਂ ਬਹੁਤ ਵੱਖਰਾ ਹੈ। ਅਸਲ ਵਿਚ ਫਿਲਮ ਦੀ ਪੂਰੀ ਕਹਾਣੀ ਹੀ ਵੱਖਰੀ ਹੈ।

ਕਈ ਦ੍ਰਿਸ਼ ਦੇਖਣ ਵੇਲੇ ਬੜੇ ਸਹਿਜ ਪ੍ਰਤੀਤ ਹੁੰਦੇ ਹਨ ਪਰ ਹੁੰਦੇ ਨਹੀਂ; ਉਹਨਾਂ ਦਾ ਮਨ 'ਤੇ ਗਹਿਰਾ ਅਸਰ ਪੈਂਦਾ ਹੈ। ਜਿਵੇਂ ਜੇਲ੍ਹ ਦਾ ਸੰਤਰੀ ਦਿਨ 'ਚ ਮਚਾਨ ਤੋਂ ਕਈ ਵਾਰ ਹੋਕਾ ਦਿੰਦਾ ਹੈ- ਸਭ ਠੀਕ ਹੈ।... ਇੱਕ ਦਿਨ ਜੇਲ੍ਹ ਵਿਚ ਇੱਕ ਦੇਸ਼ ਭਗਤ ਕੈਦੀ ਨੂੰ ਫਾਂਸੀ ਲੱਗਣੀ ਹੈ, ਉਸ ਦੇ ਘਰ ਵਾਲੇ ਜੇਲ੍ਹ ਆ ਚੁੱਕੇ ਹਨ, ਫਾਂਸੀ ਹੋ ਜਾਂਦੀ ਹੈ, ਜੇਲ੍ਹ ਅੰਦਰ ਮਾਂ ਦੀ ਚੀਕ ਗੂੰਜ ਉੱਠਦੀ ਹੈ।... ਕੁਝ ਸਮੇਂ ਬਾਅਦ ਹੀ ਸਿਪਾਹੀ ਉਸੇ ਮਚਾਨ 'ਤੇ ਆਉਂਦਾ ਹੈ ਤੇ ਹਮੇਸ਼ਾ ਵਾਂਗ ਕਹਿੰਦਾ ਹੈ- ਸਭ ਠੀਕ ਹੈ। ਸਿਪਾਹੀ ਦੀ ਇਹ ਆਵਾਜ਼ ਤੁਹਾਨੂੰ ਚੰਗੀ ਨਹੀਂ ਲਗਦੀ। ਤੁਸੀਂ ਸੋਚਦੇ ਹੋ- ਸਭ ਠੀਕ ਕਿੱਥੇ ਹੈ?

'ਬੰਦਿਨੀ' ਨੂੰ ਉਸ ਸਾਲ ਦਾ ਕੌਮੀ ਪੁਰਸਕਾਰ ਮਿਲਿਆ ਸੀ ਅਤੇ ਛੇ ਫਿਲਮਫੇਅਰ ਇਨਾਮ ਵੀ। ਫਿਲਮ ਨਾਲ ਜ਼ਹੀਨ ਲੋਕ ਜੁੜੇ ਹੋਏ ਸਨ। ਫਿਲਮ ਦਾ ਸਕਰੀਨਪਲੇ ਨਬੇਂਦੂ ਘੋਸ਼ ਨੇ ਲਿਖਿਆ ਸੀ ਅਤੇ ਫਿਲਮ ਦੇ ਸੰਪਾਦਕ ਰਿਸ਼ੀਕੇਸ਼ ਮੁਖਰਜੀ ਸਨ। ਬੇਸ਼ੱਕ, ਇਹ ਨੂਤਨ ਦੇ ਕਰੀਅਰ ਦੀ ਸਭ ਤੋਂ ਅਹਿਮ ਫਿਲਮ ਵੀ ਸੀ। ਇਹ ਫਿਲਮ ਗੁਲਜ਼ਾਰ ਦੀ ਪਹਿਲੀ ਫਿਲਮ ਦੇ ਤੌਰ 'ਤੇ ਵੀ ਜਾਣੀ ਜਾਂਦੀ ਹੈ, ਇਸ ਫਿਲਮ ਲਈ ਉਨ੍ਹਾਂ ਇੱਕ ਗੀਤ ਲਿਖਿਆ ਸੀ ਅਤੇ ਉਨ੍ਹਾਂ ਦਾ ਨਾਂ ਸਹਾਇਕ ਨਿਰਦੇਸ਼ਕ ਦੇ ਤੌਰ 'ਤੇ ਲਿਖਿਆ ਗਿਆ ਸੀ।

ਇਹ ਸਿਰਜਣਾਤਮਕ ਲੋਕ ਵੀ ਕਿੰਨੇ ਮਹਾਨ ਹੁੰਦੇ ਹਨ; ਕਿੰਨੇ ਕਿਰਦਾਰ ਜੀਅ ਲੈਂਦੇ ਹਨ!... ਇਨਸਾਨੀ ਕਦਰਾਂ-ਕੀਮਤਾਂ ਦੀ ਬਾਤ ਪਾਉਂਦੀ, ਨੈਤਿਕ ਬਲ ਨੂੰ ਜ਼ੁਬਾਨ ਬਖ਼ਸ਼ਦੀ ਇਹ ਰਚਨਾ ਅੱਜ ਵੀ ਓਨੀ ਹੀ ਪ੍ਰਸੰਗਕ ਹੈ।

# ਗੁਰਦੁਆਰਾ ਬਰੁੱਕਫੀਲਡ (ਵਿਸਕਾਨਸਿਨ)

**ਖਾਲਸਾ ਅਕਾਲ ਪੁਰਖ ਕੀ ਫੌਜ॥**
**ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥**

## ਸੰਮਤ ਨਾਨਕਸ਼ਾਹੀ 555 ਅਨੁਸਾਰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਵਿਸਾਖੀ ਦੀ ਗੁਰਦੁਆਰਾ ਬਰੁੱਕਫੀਲਡ (ਵਿਸਕਾਨਸਿਨ) ਦੇ ਸੇਵਾਦਾਰਾਂ ਵਲੋਂ ਸਮੂਹ ਸੰਗਤ ਨੂੰ ਕੋਟਾਨਿ ਕੋਟਿ ਵਧਾਈ



**ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ ਅਤੇ ਸਮੂਹ ਸਿੱਖ ਸੰਗਤ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਪੁਰਬ ਮਨਾਇਆ ਜਾ ਰਿਹਾ ਹੈ।**

### ਪ੍ਰੋਗਰਾਮ ਦਾ ਵੇਰਵਾ

*ਅਰੰਭ ਸ੍ਰੀ ਅਖੰਡ ਪਾਠ ਸਾਹਿਬ*
*14 ਅਪਰੈਲ, 2023*
*ਦਿਨ ਸ਼ੁਕਰਵਾਰ*
*ਭੋਗ ਸ੍ਰੀ ਅਖੰਡ ਪਾਠ ਸਾਹਿਬ*
*16 ਅਪਰੈਲ, 2023*
*ਦਿਨ ਐਤਵਾਰ*
*ਅੰਮ੍ਰਿਤ ਸੰਚਾਰ*
*23 ਅਪਰੈਲ, 2023*
*ਦਿਨ ਐਤਵਾਰ*







*ਸਮਾਗਮ ਦੌਰਾਨ ਭਾਈ ਹਰਸਿਮਰਨ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਅਰਸ਼ਦੀਪ ਸਿੰਘ, ਕਥਾਵਾਚਕ ਭਾਈ ਲਖਵਿੰਦਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਕਥਾ-ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।*

---

### ਮੁੱਖ ਬੁਲਾਰੇ



*ਜਸਬੀਰ ਕੌਰ*

*ਜਸਬੀਰ ਕੌਰ (ਅਮਰੀਕਨ ਸਿੱਖ ਕੌਂਸਲ ਦੇ ਪ੍ਰਧਾਨ)*
*ਗੁਰੂ ਗ੍ਰੰਥ ਸਾਹਿਬ ਅਤੇ ਮੂਲ ਨਾਨਕਸ਼ਾਹੀ ਕੈਲੰਡਰ 'ਤੇ ਗੁਰਬਾਣੀ ਵਿਚਾਰ ਕਰਨਗੇ।*
*ਕਵਨੀਤ ਸਿੰਘ (ਚੀਫ ਰੀਸੋਰਸ ਅਤੇ ਐਡਵੋਕੇਸੀ ਅਫਸਰ, ਅਮਰੀਕਨ ਸਿੱਖ ਕੌਂਸਲ)*
*ਏ.ਐਸ.ਸੀ. ਦੀ ਕੌਮੀ ਪਹਿਲਕਦਮੀ ਬਾਰੇ ਵਿਚਾਰ ਪੇਸ਼ ਕਰਨਗੇ।*



*ਕਵਨੀਤ ਸਿੰਘ*

GURDUARA BROOKFIELD WI

# Sikh Religious Society of Wisconsin

## DBA Gurduara Brookfield, Wisconsin

3675 N Calhoun Rd, Brookfield WI 53005 Ph: 262-790-1600